Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-428-2300

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 47, November 21, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਪਿਉ ਮੁਆਫੀ ਤੇ ਪੁੱਤ ਟਕਰਾਅ ਦੇ ਰਾਹ

## ਬਾਦਲ ਹੁਣ ਸਿਆਸੀ ਪਿੜ ਵਿਚ ਪੈਰ ਟਿਕਾਉਣ ਲਈ ਜੁਟੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਡੇਰਾ ਸਿਰਸਾ ਮੁਖੀ ਨੂੰ ਮੁਆਫੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿਛੋਂ ਸਿੱਖ ਰੋਹ ਦਾ ਸ਼ਿਕਾਰ ਹੋਈ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਫਿਲਹਾਲ ਕਿਤੋਂ ਢੋਈ ਨਹੀਂ ਮਿਲ ਰਹੀ। ਦਲ ਦੀ ਆਪਣੀ ਲੀਡਰਸ਼ਿਪ ਹੀ ਪਾਰਟੀ ਲਈ ਮੁਸੀਬਤ ਬਣੀ ਹੋਈ ਹੈ। ਇਥੋਂ ਤੱਕ ਕਿ ਸੀਨੀਅਰ ਆਗੂ ਵੀ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਿਥੇ ਪੰਜਾਬ ਵਿਚ ਮੌਜੂਦਾ ਹਾਲਾਤ ਦੀ ਜ਼ਿੰਮੇਵਾਰੀ ਲੈਂਦਿਆਂ ਸੂਬੇ ਦੇ ਲੋਕਾਂ ਤੋਂ ਮੁਆਫੀ ਮੰਗੀ ਹੈ, ਉਥੇ ਪਾਰਟੀ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਰਕਾਰ ਨੂੰ ਬੇਕਸੂਰ ਦੱਸਦਿਆਂ ਆਖ ਰਹੇ ਹਨ ਕਿ ਇਹ ਸਭ ਪਾਕਿਸਤਾਨ ਤੇ ਜਰਮਨੀ ਵਿਚ ਬੈਠੇ ਖਾੜਕੂਆਂ ਦਾ ਕੀਤਾ ਕਰਾਇਆ ਹੈ।

ਮੰਨਿਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਹਾਲਾਤ ਨਾਲ ਨਜਿੱਠਣ ਲਈ ਕੋਰ ਕਮੇਟੀ ਦੇ ਸੁਝਾਵਾਂ ਦੀ ਥਾਂ ਆਪਣੀ ਰਣਨੀਤੀ 'ਤੇ ਚੱਲ ਰਹੇ ਹਨ। ਦੂਰੋਂ ਸਲਾਮ ਕਬੂਲਣ ਵਾਲੇ ਸੁਖਬੀਰ

(ਬਾਕੀ ਸਫਾ 6 'ਤੇ)



## ਸਰਬੱਤ ਖਾਲਸਾ ਬਾਰੇ ਦਾਅਵੇ ਕਾਂਗਰਸ ਨੂੰ ਆਏ ਰਾਸ

**ਪਟਿਆਲਾ:** ਹਾਕਮ ਧਿਰ ਵੱਲੋਂ ਕੁਝ ਕਾਂਗਰਸੀ ਆਗੂਆਂ ਦੇ ਫੋਨ ਟੈਪ ਕਰ ਕੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਰਬੱਤ ਖਾਲਸਾ ਵਿਚ ਇੰਨਾ ਵੱਡਾ ਇਕੱਠ ਕਾਂਗਰਸ ਦੇ ਕਹਿਣ 'ਤੇ ਹੋਇਆ ਹੈ। ਕਾਂਗਰਸ ਭਾਵੇਂ ਓਪਰੇ ਮਨ ਨਾਲ ਅਕਾਲੀਆਂ ਦੇ ਦਾਅਵੇ ਨੂੰ ਨਾਕਾਰ ਰਹੀ ਹੈ, ਪਰ ਅੰਦਰਖਾਤੇ ਅਗਾਮੀ ਚੋਣਾਂ ਸਿਰ 'ਤੇ ਹੋਣ ਕਾਰਨ ਸਿੱਖਾਂ ਦੀਆਂ ਵੋਟਾਂ ਆਪਣੇ ਪਾਲੇ ਵਿਚ ਵੇਖਦਿਆਂ ਖੁਸ਼ੀ ਵਿਚ ਖੀਵੀ ਹੋ ਰਹੀ ਹੈ। ਕਾਂਗਰਸੀ ਆਗੂਆਂ ਦਾ ਦਾਅਵਾ ਹੈ ਕਿ ਇਹ ਇਕੱਠ ਸਿੱਖਾਂ ਦਾ ਅਕਾਲੀਆਂ ਤੋਂ ਰੋਸੇ ਦਾ ਤਰਜਮਾਨੀ ਸੀ, ਪਰ ਜੇ ਇਸ ਨੂੰ ਕਾਂਗਰਸ ਦੇ ਖਾਤੇ ਪਾਇਆ ਜਾਂਦਾ ਹੈ ਤਾਂ ਇਹ 2017 ਦੀਆਂ ਚੋਣਾਂ ਲਈ ਵਰਦਾਨ ਸਾਬਤ ਹੋ ਸਕਦਾ ਹੈ।

# ਭਾਰਤ ਵਿਚ ਨਵੀਂ ਸਿਆਸੀ ਸਫ਼ਬੰਦੀ

**ਲਖਨਊ:** ਬਿਹਾਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਦੇਸ਼ ਵਿਚ ਸਿਆਸੀ ਸਮੀਕਰਨ ਬਦਲਣ ਦੇ ਆਸਾਰ ਬਣ ਗਏ ਹਨ। ਬਿਹਾਰ ਚੋਣਾਂ ਵਿਚ ਮਹਾਗੱਠਜੋੜ ਨੂੰ ਮਿਲੀ ਭਾਰੀ ਸਫਲਤਾ ਤੋਂ ਬਾਅਦ ਇਹ ਤਜਰਬਾ ਹੋਰ ਸੂਬਿਆਂ ਵਿਚ ਕਰਨ ਦੀਆਂ ਤਿਆਰੀਆਂ ਨੇ ਜ਼ੋਰ ਫੜ ਲਿਆ ਹੈ। ਅਜਿਹੇ ਗੱਠਜੋੜ ਲਈ ਭਾਜਪਾ ਵਿਰੋਧੀ ਸਾਰੀਆਂ ਸਿਆਸੀ ਧਿਰਾਂ ਦੀਆਂ ਨਜ਼ਰਾਂ ਉਤਰ ਪ੍ਰਦੇਸ਼ ਤੇ ਪੰਜਾਬ ਵੱਲ ਹਨ। ਜਨਤਾ ਦਲ (ਯੂ) ਨੇ ਨਰੇਂਦਰ ਮੋਦੀ ਸਰਕਾਰ ਖਿਲਾਫ ਵਿਰੋਧੀ ਪਾਰਟੀਆਂ ਵਿਚ ਏਕੇ ਦੇ ਸੁਰ ਅਲਾਪੇ ਹਨ। ਜਨਤਾ ਦਲ (ਯੂ) ਦਾ ਕਹਿਣਾ ਹੈ ਕਿ ਬਿਹਾਰ ਚੋਣਾਂ ਵਿਚ ਜਿੱਤ ਤੋਂ ਬਾਅਦ ਸਾਬਤ ਹੋ ਗਿਆ ਹੈ ਕਿ ਦੇਸ਼ ਵਿਚ ਹੁਣ ਗੈਰ ਭਾਜਪਾਈ ਸਿਆਸਤ ਦਾ ਸਮਾਂ ਆ ਗਿਆ ਹੈ। ਪਾਰਟੀ ਵੱਲੋਂ ਨਿਤੀਸ਼ ਕੁਮਾਰ ਨੂੰ ਸ੍ਰੀ ਮੋਦੀ ਦੇ ਮੁਕਾਬਲੇ ਆਗੂ ਵਜੋਂ ਪ੍ਰਚਾਰਨ ਦੀ ਮੰਗ ਕੀਤੀ ਗਈ। ਉਤਰ ਪ੍ਰਦੇਸ਼ ਵਿਚ ਹਾਕਮ ਧਿਰ ਸਮਾਜਵਾਦੀ ਪਾਰਟੀ ਨੇ ਇਸ ਪਾਸੇ ਕੋਸ਼ਿਸ਼ਾਂ ਵਿੱਢ ਦਿੱਤੀਆਂ ਹਨ। ਬੀ.ਐਸ.ਪੀ. ਸੁਪਰੀਮੋ ਮਾਇਆਵਤੀ ਨੇ ਭਾਵੇਂ ਇਨ੍ਹਾਂ ਅਟਕਲਾਂ ਉਤੇ ਰੋਕ ਲਾ ਦਿੱਤੀ ਹੈ, ਫਿਰ ਵੀ ਸਿਆਸੀ ਗਲਿਆਰਿਆਂ ਵਿਚ ਇਹ ਚਰਚਾ ਜ਼ੋਰ ਫੜ ਰਹੀ ਹੈ।



ਪੰਜਾਬ ਦੀਆਂ ਸਿਆਸੀ ਧਿਰਾਂ ਵੱਲੋਂ ਸੂਬੇ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਇਸ ਦੀ ਭਾਈਵਾਲ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਲਈ ਬਿਹਾਰ ਵਾਲਾ ਫਾਰਮੂਲਾ ਵਰਤਨ

(ਬਾਕੀ ਸਫਾ 6 'ਤੇ)

## 'ਆਪ' ਵੱਲੋਂ ਪੰਜਾਬ ਫਤਿਹ ਲਈ ਕਮਰ ਕੱਸੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਕਮਰ ਕੱਸੇ ਕਰ ਲਏ ਹਨ। ਪਾਰਟੀ ਨੇ ਸੂਬੇ ਵਿਚ ਆਪਣਾ ਜਥੇਬੰਦਕ ਢਾਂਚਾ ਮੁਕੰਮਲ ਕਰਨ ਦਾ ਦਾਅਵਾ ਕੀਤਾ ਹੈ। ਵਿਜ਼ਨ-2017 ਤਿਆਰ ਕਰਨ ਵਾਲੀ ਟੀਮ ਵਿਚ ਪੰਜਾਬ ਤੇ ਦਿੱਲੀ ਦੇ ਤਕਰੀਬਨ 50 ਆਗੂਆਂ ਦੀ ਟੀਮ ਸ਼ਾਮਲ ਹੈ। ਇਸ ਟੀਮ ਨੇ ਅਪਰੈਲ ਤੋਂ ਪਰਦੇ ਪਿਛੇ ਰਹਿ ਕੇ ਕੰਮ ਕੀਤਾ ਤੇ ਜਥੇਬੰਦਕ ਢਾਂਚੇ ਨੂੰ ਰੂਪ ਦਿੱਤਾ। ਟੀਮ ਦੀ ਅਗਵਾਈ ਦੁਰਗੇਸ਼ ਪਾਠਕ (27) ਵੱਲੋਂ ਕੀਤੀ ਜਾ ਰਹੀ ਹੈ, ਜਿਹੜੇ ਦਿੱਲੀ ਵਾਂਗ ਪਾਰਟੀ ਨੂੰ ਜਿੱਤ ਦਿਵਾਉਣ ਲਈ ਰਣਨੀਤੀ ਘੜ ਰਹੇ ਹਨ। ਪਾਰਟੀ ਨੇ ਫੰਡ ਇਕੱਤਰ ਕਰਨ ਲਈ ਪਿਛਲੇ ਹਫਤੇ ਮੋਬਾਈਲ ਫੋਨ ਐਪ 'ਆਪ ਕਾ ਦਾਨ' ਵੀ ਸ਼ੁਰੂ ਕਰ ਦਿੱਤਾ ਹੈ। ਮਹਿਲਾ ਵਿੰਗ ਦਾ ਗਠਨ ਬਲਜਿੰਦਰ ਕੌਰ ਦੀ ਅਗਵਾਈ ਹੇਠ ਕੀਤਾ ਗਿਆ ਹੈ।

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਪੰਥਕ ਜਥੇਬੰਦੀਆਂ ਵਲੋਂ ਕਈ ਅਹਿਮ ਮਤੇ ਪਾਸ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਵਿਖੇ 13 ਅਤੇ 14 ਨਵੰਬਰ ਨੂੰ ਅਮੈਰੀਕਨ ਸਿੱਖ ਕੌਂਸਲ ਦੇ ਉਦਮ ਨਾਲ ਹੋਈ ਅਮਰੀਕਾ ਵਿਚਲੀਆਂ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਵਿਚ ਸਿੱਖ ਪੰਥ ਨੂੰ ਦਰਪੇਸ਼ ਮਾਮਲਿਆਂ ਉਤੇ ਕਈ ਅਹਿਮ ਮਤੇ ਪਾਸ ਕੀਤੇ ਗਏ। ਇਹ ਮੀਟਿੰਗ ਕੋਈ 70 ਪੰਥਕ ਜਥੇਬੰਦੀਆਂ ਤੇ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰਦੀ ਅਮੈਰੀਕਨ ਸਿੱਖ ਕੌਂਸਲ ਵਲੋਂ ਪੰਜਾਬ ਵਿਚ ਹਾਲ ਹੀ ਵਿਚ ਹੋਈਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਸਿੱਖ ਪੰਥ ਨੂੰ ਦਰਪੇਸ਼ ਮਾਮਲਿਆਂ 'ਤੇ ਵਿਚਾਰ ਕਰਨ ਲਈ ਬੁਲਾਈ ਗਈ ਸੀ। ਇਸ ਮੀਟਿੰਗ ਵਿਚ ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ ਜੋ ਕੌਂਸਲ ਦੇ ਮੈਂਬਰ ਨਹੀਂ ਹਨ। ਨੈਸ਼ਨਲ ਪੱਧਰ ਦੀ ਇਸ ਮੀਟਿੰਗ ਦਾ ਮੁਖ ਮਨੋਰਥ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ 'ਤੇ ਇਕ ਸਾਂਝੀ ਰਾਏ ਬਣਾਉਣਾ ਸੀ। ਇਸ ਮੌਕੇ 13 ਮਤੇ ਪਾਸ ਕੀਤੇ ਗਏ।

ਮੀਟਿੰਗ ਵਿਚ ਇਹ ਸਰਬਸੰਮਤੀ ਰਾਏ ਬਣੀ ਕਿ ਕਿਉਂਕਿ ਸਿੱਖ ਕੌਮ ਦੁਨੀਆਂ ਭਰ ਵਿਚ ਫੈਲੀ ਹੋਈ ਹੈ, ਸਰਬੱਤ ਖਾਲਸਾ ਵਲੋਂ ਫੈਸਲੇ ਲਏ ਜਾਣ ਦਾ ਅਮਲ ਸੰਗਤ ਦੀ ਰਾਏ ਉਤੇ ਆਧਾਰਤ ਹੋਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਗੁਰਦੁਆਰੇ ਆਪਣੇ ਵਿਚਾਰ ਦੇਣ ਲਈ ਕੌਮੀ ਪੱਧਰ ਦੀ ਜਥੇਬੰਦੀ ਨੂੰ ਆਪਣੇ ਨੁਮਾਇੰਦੇ ਭੇਜਣ ਜੋ ਅਗੋਂ ਆਪਣੇ ਨੁਮਾਇੰਦੇ ਵਿਸ਼ਵ ਪੱਧਰ ਦੀ ਜਥੇਬੰਦੀ ਨੂੰ ਭੇਜੇ, ਜਿਥੇ ਪੰਥਕ ਪੱਧਰ ਉਤੇ ਫੈਸਲੇ ਲਏ ਜਾਣ। ਇਸ ਤੱਥ ਨੂੰ ਧਿਆਨ ਵਿਚ ਰਖਦਿਆਂ ਕਿ ਸਿੱਖ ਕੌਮ ਦੁਨੀਆਂ ਭਰ ਵਿਚ ਫੈਲੀ ਹੋਈ ਹੈ, ਸਰਬੱਤ ਖਾਲਸਾ ਕਿਤੇ ਵੀ ਬੁਲਾਇਆ ਜਾ ਸਕਦਾ ਹੈ।

ਮੀਟਿੰਗ ਵਿਚ ਮੰਗ ਕੀਤੀ ਗਈ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਬੀ ਵਿਚ ਸੋਧ ਕਰਕੇ ਸਿੱਖ ਧਰਮ ਨੂੰ ਇਕ ਵਖਰੇ ਸੁਤੰਤਰ ਧਰਮ ਵਜੋਂ ਮਾਨਤਾ ਦਿਤੀ ਜਾਵੇ ਅਤੇ ਸਿੱਖ ਧਰਮ 'ਤੇ ਆਧਾਰਤ ਮਾਨਤਾਵਾਂ ਨੂੰ ਪ੍ਰਵਾਨ ਕੀਤਾ ਜਾਵੇ।

ਇਕ ਹੋਰ ਮਤੇ ਰਾਹੀਂ ਮੰਗ ਕੀਤੀ ਗਈ ਕਿ ਭਾਰਤ ਦੇ ਸਾਰੇ ਰਾਜ ਅਤੇ ਕੇਂਦਰ ਸਰਕਾਰ ਸਿੱਖ ਧਰਮ ਦੇ ਮਾਮਲਿਆਂ ਵਿਚ ਦਖਲ ਦੇਣਾ ਬੰਦ ਕਰਨ।

ਮੀਟਿੰਗ ਵਿਚ ਸਭ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਬੇਨਤੀ ਕੀਤੀ ਗਈ ਕਿ ਭਾਰਤ ਦੀਆਂ ਸਭ ਸਿੱਖ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਮਰੀਕਾ ਵਿਚ ਗੁਰਦੁਆਰਾ ਸਾਹਿਬਾਨ ਦੇ ਮੰਚ ਨੂੰ ਆਪਣੇ ਹਿਤਾਂ ਲਈ ਵਰਤਣ ਨਾ ਦਿਤਾ ਜਾਵੇ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮਾਲੀ ਮਦਦ ਨਾ ਦਿਤੀ ਜਾਵੇ। ਇਨ੍ਹਾਂ ਪੰਥ ਵਿਰੋਧੀਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਯੁਕਤ ਕੀਤੇ ਮੁਲਾਜ਼ਮ




ਵੀ ਸ਼ਾਮਲ ਹਨ।

ਇਹ ਵੀ ਫੈਸਲਾ ਕੀਤਾ ਗਿਆ ਕਿ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਅਤੇ ਬਾਦਲ ਨਾਲ ਸਬੰਧਤ ਜਾਂ ਉਸ ਦੀ ਮਾਲਕੀ ਵਾਲੇ ਕਾਰੋਬਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਵਿਤੀ ਮਦਦ ਨਾ ਦਿਤੀ ਜਾਵੇ। ਬਾਦਲਾਂ ਦੀ ਮਾਲਕੀ ਵਾਲੇ ਪੀ ਟੀ ਸੀ ਚੈਨਲ ਦੇ ਬਾਈਕਾਟ ਦਾ ਸੱਦਾ ਵੀ ਦਿਤਾ ਗਿਆ।

ਇਹ ਵੀ ਫੈਸਲਾ ਲਿਆ ਗਿਆ ਕਿ ਭਾਰਤੀ ਨਿਜ਼ਾਮ ਵਲੋਂ ਪੰਜਾਬ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਕਤਲ ਕੀਤੇ ਗਏ ਜਾਂ ਜੁਲਮ ਦਾ ਸ਼ਿਕਾਰ ਬਣਾਏ ਗਏ ਹਜਾਰਾਂ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਇਹ ਮਾਮਲਾ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ, ਹਿਊਮਨ ਰਾਈਟਸ ਵਾਚ, ਅਮਨੈਸਟੀ ਇੰਟਰਨੈਸ਼ਨਲ ਅਤੇ ਅਮਰੀਕੀ ਗ੍ਰਹਿ ਵਿਭਾਗ ਪਾਸ ਉਠਾਇਆ ਜਾਵੇ।

ਇਕ ਹੋਰ ਮਤੇ ਰਾਹੀਂ ਪਾਲ ਸਿੰਘ ਪੁਰੇਵਾਲ ਵਲੋਂ ਬਣਾਏ ਗਏ ਅਤੇ 2003 ਵਿਚ ਬਿਕਰਮੀ ਕੈਲੰਡਰ ਅਨੁਸਾਰ ਬਦਲੀਆਂ ਗਈਆਂ ਤਿੰਨ ਤਰੀਕਾਂ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਵਲੋਂ ਇਕ ਮਤੇ ਰਾਹੀਂ ਪ੍ਰਵਾਨ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇਣ ਦਾ ਫੈਸਲਾ ਲਿਆ ਗਿਆ।

ਮੀਟਿੰਗ ਵਿਚ 10 ਨਵੰਬਰ ਦੇ ਸਰਬੱਤ ਖਾਲਸਾ ਉਪਰੰਤ ਗ੍ਰਿਫਤਾਰ ਕੀਤੇ ਗਏ ਜਥੇਦਾਰਾਂ ਅਤੇ ਅਮਨਮਈ ਮੁਜਾਹਰਾ ਕਰ ਰਹੇ ਸਿੱਖਾਂ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਵਲੋਂ ਸਰਬੱਤ ਖਾਲਸਾ ਉਪਰੰਤ ਇਸ ਦੇ ਪ੍ਰਬੰਧਕਾਂ ਅਤੇ ਜਥੇਦਾਰਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਵਿਰੁਧ ਦੇਸ਼ਧ੍ਰੋਹੀ ਦੇ ਕੇਸ ਦਰਜ ਕੀਤੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ।

ਮੀਟਿੰਗ ਵਿਚ ਸਜਾ ਭੁਗਤ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਬਾਪੂ ਸੂਰਤ ਸਿੰਘ ਵਲੋਂ ਕੀਤੀ ਜਾ ਰਹੀ ਜਦੋਜਹਿਦ ਦੀ ਮੁਕੰਮਲ ਹਮਾਇਤ ਕੀਤੀ ਗਈ।

ਆਰ ਐਸ ਐਸ ਅਤੇ ਹੋਰ ਬਾਹਰਲੀਆਂ ਤਾਕਤਾਂ ਵਲੋਂ ਸਿੱਖ ਸੰਸਥਾਵਾਂ ਵਿਚ ਕੀਤੀ ਜਾ ਰਹੀ ਘੁਸਪੈਠ ਅਤੇ ਸਿੱਖ ਮਾਮਲਿਆਂ ਵਿਚ ਦਿਤੇ ਜਾ ਰਹੇ ਦਖਲ ਨੂੰ ਹਰ ਅਮਨਮਈ ਤਰੀਕੇ ਨਾਲ ਰੋਕਣ ਦਾ ਤਹੱਈਆ ਵੀ ਕੀਤਾ ਗਿਆ।

ਮੀਟਿੰਗ ਵਿਚ ਸ਼ਾਮਲ ਨੁਮਾਇੰਦਿਆਂ ਵਲੋਂ ਅਮੈਰੀਕਨ ਸਿੱਖ ਕੌਂਸਲ ਨੂੰ ਦਿਤੇ ਗਏ ਸੁਝਾਵਾਂ ਵਿਚ ਸਭ ਤੋਂ ਅਹਿਮ ਸੁਝਾਅ ਅਮਰੀਕਾ ਵਿਚ ਸਿੱਖਾਂ ਦੀ ਇਕ ਸਾਂਝੀ ਨੁਮਾਇੰਦਾ ਆਵਾਜ਼ ਬਣਾਉਣ ਲਈ ਹਰ ਸੰਭਵ ਯਤਨ ਕਰਨਾ ਸੀ।

ਅਮੈਰੀਕਨ ਸਿੱਖ ਕੌਂਸਲ ਦੇ ਪ੍ਰਧਾਨ ਨੇ ਇਹ ਜਿੰਮੇਵਾਰੀ ਪ੍ਰਵਾਨ ਕਰ ਲਈ ਕਿ 30 ਨਵੰਬਰ ਤੋਂ ਪਹਿਲਾਂ ਵਖ ਵਖ ਖੇਤਰੀ ਪੰਥਕ ਮੀਟਿੰਗਾਂ ਕਰਕੇ ਸਰਬੱਤ ਖਾਲਸਾ ਦੇ ਸੁਝਾਅ ਅਨੁਸਾਰ ਇੰਟਰਨੈਸ਼ਨਲ ਸਿੱਖ ਪਾਰਲੀਮੈਂਟ ਲਈ ਲੋਕ ਰਾਏ ਇਕੱਤਰ ਕਰਨ ਦਾ ਉਪਰਾਲਾ ਕੀਤਾ ਜਾਵੇ ਤਾਂ ਜੋ ਵਿਉਂਤ ਨੂੰ 2016 ਦੀ ਵਿਸਾਖੀ ਤਕ ਪ੍ਰਵਾਨਗੀ ਦਿਤੀ ਜਾ ਸਕੇ।

## ਸਪੈਨਿਸ਼ ਅਖ਼ਬਾਰ ਦੀ ਗ਼ਲਤੀ ਤੋਂ ਸਿੱਖ ਭਾਈਚਾਰੇ 'ਚ ਰੋਸ

**ਟੋਰਾਂਟੋ :** ਸਪੇਨ ਦੇ ਅਖ਼ਬਾਰ 'ਲਾਅ ਰੇਜ਼ਾਂ' ਨੇ ਕੈਨੇਡਾ ਦੇ ਇੱਕ ਸਿੱਖ ਨੂੰ ਗ਼ਲਤੀ ਨਾਲ ਪੈਰਿਸ ਹਮਲਿਆਂ ਵਿਚ ਸ਼ਾਮਲ ਅਤਿਵਾਦੀ ਦੱਸ ਦਿੱਤਾ। ਅਖ਼ਬਾਰ ਵੱਲੋਂ ਸਿੱਖ ਨੌਜਵਾਨ ਦੀ ਤਸਵੀਰ ਵੀ ਪ੍ਰਕਾਸ਼ਿਤ ਕਰ ਦਿੱਤੀ ਗਈ ਸੀ। ਅਖ਼ਬਾਰ ਨੂੰ ਆਪਣੀ ਗ਼ਲਤੀ ਦਾ ਪਤਾ ਲੱਗਣ ਉਤੇ ਉਸ ਨੇ ਬਿਨਾਂ ਕਿਸੇ ਦੇਰੀ ਦੇ ਮੁਆਫ਼ੀ ਮੰਗ ਲਈ।


ਅਖ਼ਬਾਰ 'ਲਾਅ ਰੇਜ਼ਾਂ' ਨੇ ਕੈਨੇਡਾ ਦੇ ਰਹਿਣ ਵਾਲੇ ਸਿੱਖ ਵਰਿੰਦਰ ਜੁਬਾਲ ਦੀ ਤਸਵੀਰ ਛਾਪੀ। ਤਸਵੀਰ ਦੀ ਕੈਪਸ਼ਨ ਵਿਚ ਲਿਖਿਆ- 'ਪੈਰਿਸ ਦੇ ਹਮਲਾਵਰਾਂ ਵਿਚ ਸ਼ਾਮਲ ਅਤਿਵਾਦੀ'। ਅਖ਼ਬਾਰ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਦਹਿਸ਼ਤਗਰਦਾਂ ਨੇ ਟੀਮਾਂ ਬਣਾ ਕੇ ਪੈਰਿਸ ਵਿਚ ਹਮਲਾ ਕੀਤਾ। ਹੈਰਾਨੀ ਦੀ ਗੱਲ ਇਹ ਹੈ ਕਿ ਵਰਿੰਦਰ ਦੀ ਤਸਵੀਰ ਦੇ ਨਾਲ ਛੇੜ-ਛਾੜ ਕਰ ਕੇ ਉਸ ਨੂੰ ਛਾਪਿਆ ਗਿਆ। ਤਸਵੀਰ ਵਿਚ ਉਸ ਦੇ ਹੱਥ ਵਿਚ ਇੱਕ ਧਾਰਮਿਕ ਕਿਤਾਬ ਬੁੱਕ ਫੜੀ ਹੋਈ ਹੈ ਅਤੇ ਸਰੀਰ 'ਤੇ ਆਤਮਘਾਤੀ ਬੰਬ ਵਾਲੀ ਜੈਕੇਟ ਨਜ਼ਰ ਆ ਰਹੀ ਹੈ; ਜਦੋਂਕਿ ਅਸਲ ਫੋਟੋ ਵਿਚ ਵਰਿੰਦਰ ਦੇ ਹੱਥ ਵਿਚ ਆਈ ਪੈਡ ਨਜ਼ਰ ਆ ਰਿਹਾ ਹੈ।

## ਵੀ.ਐਚ.ਪੀ. ਆਗੂ ਅਸ਼ੋਕ ਸਿੰਘਲ ਦਾ ਦੇਹਾਂਤ

**ਗੁੜਗਾਉਂ:** ਆਰ.ਐਸ.ਐਸ. ਪ੍ਰਚਾਰਕ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਦੇ ਆਗੂ ਅਸ਼ੋਕ ਸਿੰਘਲ (89) ਦਾ ਦੇਹਾਂਤ ਹੋ ਗਿਆ ਹੈ। ਰਾਮ ਜਨਮਭੂਮੀ ਅੰਦੋਲਨ ਤੋਂ ਚਰਚਾ 'ਚ ਆਏ ਸ੍ਰੀ ਸਿੰਘਲ ਇਥੇ ਮੇਦਾਂਤਾ ਮੈਡੀਸਿਟੀ ਵਿਚ ਦਾਖਲ ਸਨ।



ਰਾਮ ਜਨਮ ਭੂਮੀ ਅੰਦੋਲਨ ਵਿਚ ਉਨ੍ਹਾਂ ਬੜਾ ਹਮਲਾਵਰ ਰੁਖ਼ ਅਖਤਿਆਰ ਕੀਤਾ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਦੀ ਮੌਤ ਨੂੰ ਨਿੱਜੀ ਘਾਟਾ ਦੱਸਿਆ ਹੈ। ਯਾਦ ਰਹੇ ਕਿ ਸ੍ਰੀ ਸਿੰਘਲ ਲੰਮਾ ਸਮਾਂ ਸੰਘ ਦੇ ਪ੍ਰਚਾਰਕ ਰਹੇ ਅਤੇ ਬਾਬਰੀ ਮਸਜਿਦ ਮਾਮਲੇ 'ਚ ਉਨ੍ਹਾਂ ਦੀ ਅਗਵਾਈ ਹੇਠ ਹੀ ਵੀ.ਐਚ.ਪੀ. ਬਣਾਈ ਗਈ ਸੀ।

# ਹਰਮਿੰਦਰ ਸਿੰਘ ਸਮੇਤ ਚਾਰ ਨੂੰ ਪੰਜ ਸਾਲ ਕੈਦ

**ਲੁਧਿਆਣਾ:** ਪੁਲਿਸ ਵੱਲੋਂ ਬਾਰੂਦ ਅਤੇ ਅਸਲਾ ਐਕਟ ਅਧੀਨ ਗ੍ਰਿਫਤਾਰ ਕੀਤੇ ਭਾਈ ਹਰਮਿੰਦਰ ਸਿੰਘ ਅਤੇ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਅਦਾਲਤ ਨੇ 5 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਕੁਰਨੇਸ ਕੁਮਾਰ ਵਲੋਂ ਜਿਨ੍ਹਾਂ ਨੌਜਵਾਨਾਂ ਨੂੰ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਹਰਮਿੰਦਰ ਸਿੰਘ, ਮਨਜਿੰਦਰ ਸਿੰਘ, ਜਸਵਿੰਦਰ ਸਿੰਘ ਤੇ ਗੁਰਜੰਟ ਸਿੰਘ ਸ਼ਾਮਿਲ ਹਨ। ਇਨ੍ਹਾਂ ਸਾਰਿਆਂ ਨੂੰ ਖੰਨਾ ਪੁਲਿਸ ਵੱਲੋਂ 16 ਜੁਲਾਈ 2010 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਖਿਲਾਫ ਬਾਰੂਦ ਐਕਟ ਦੀ ਧਾਰਾ 4 ਤੇ ਅਸਲਾ ਐਕਟ ਅਧੀਨ ਕੇਸ ਦਰਜ ਕੀਤਾ ਸੀ। ਇਹ ਨੌਜਵਾਨ ਅੱਜ ਕਲ੍ਹ ਨਾਭਾ ਜੇਲ੍ਹ ਵਿਚ ਬੰਦ ਹਨ।

ਪੁਲਿਸ ਮੁਤਾਬਕ, ਹਰਮਿੰਦਰ ਸਿੰਘ ਪਾਸੋਂ 500 ਗ੍ਰਾਮ ਆਰ.ਡੀ.ਐਕਸ, ਡੈਟੋਨੇਟਰ, ਟਾਈਮਰ, ਏ.ਕੇ. 47, ਮੈਗਜ਼ੀਨ, 50 ਰੌਂਦ, ਮਨਜਿੰਦਰ ਸਿੰਘ ਪਾਸੋਂ 600 ਗ੍ਰਾਮ ਆਰ.ਡੀ.ਐਕਸ ਅਤੇ ਹੋਰ ਅਸਲਾ, ਜਸਵਿੰਦਰ ਸਿੰਘ ਪਾਸੋਂ ਕਿਲੋ ਆਰ.ਡੀ.ਐਕਸ ਤੇ ਗੁਰਜੰਟ ਸਿੰਘ ਪਾਸੋਂ ਕਿਲੋ ਆਰ.ਡੀ.ਐਕਸ ਤੇ ਹੋਰ ਅਸਲਾ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਸੀ। ਹਰਮਿੰਦਰ ਸਿੰਘ ਨੂੰ ਪੁਲਿਸ ਨੇ ਲੁਧਿਆਣਾ ਦੇ ਸ਼ਿੰਗਾਰ ਬੰਬ ਧਮਾਕੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਪਰ ਇਸ ਮਾਮਲੇ ਵਿਚ ਪੁਲਿਸ ਵੱਲੋਂ ਉਸ ਉਪਰ ਲਾਏ ਗਏ ਦੋਸ਼ਾਂ ਨੂੰ ਅਦਾਲਤ ਵਿਚ ਸਾਬਤ ਨਹੀਂ ਕੀਤਾ ਜਾ ਸਕਿਆ ਸੀ ਜਿਸ ਕਾਰਨ ਅਦਾਲਤ ਵੱਲੋਂ ਇਸ ਮਾਮਲੇ ਵਿਚ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ।

# ਕਾਂਗਰਸੀ ਵਿਧਾਇਕ ਸਿੱਕੀ ਦਾ ਅਸਤੀਫ਼ਾ ਮਨਜ਼ੂਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਕਾਂਗਰਸੀ ਵਿਧਾਇਕ ਰਮਨਜੀਤ ਸਿੰਘ ਸਿੱਕੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਹੁਣ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਕੇ ਚੋਣ ਕਮਿਸ਼ਨ ਨੂੰ ਉਪ ਚੋਣ ਕਰਾਉਣ ਬਾਰੇ ਲਿਖਿਆ ਜਾਵੇਗਾ। ਇਸ ਤਰ੍ਹਾਂ ਖਡੂਰ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਰਾਹ ਪੱਧਰਾ ਹੋ ਗਿਆ ਹੈ।



ਗੌਰਤਲਬ ਹੈ ਕਿ ਸ. ਸਿੱਕੀ ਨੇ ਪਾਵਨ ਬੀੜਾਂ ਦੀ ਬੇਅਦਬੀ ਦੀਆਂ ਵਧਦੀਆਂ ਘਟਨਾਵਾਂ ਦੇ ਮੱਦੇਨਜ਼ਰ ਰੋਸ ਵਜੋਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਇਹ ਅਸਤੀਫਾ ਅਕਤੂਬਰ ਵਿਚ ਦਿੱਤਾ ਸੀ ਅਤੇ ਸਪੀਕਰ ਨੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਅਸਤੀਫੇ ਸਬੰਧੀ ਸਥਿਤੀ ਸਪਸ਼ਟ ਕਰਨ ਲਈ ਕਿਹਾ ਸੀ। ਸਪੀਕਰ ਦੇ ਸੱਦੇ ਦੇ ਬਾਵਜੂਦ ਸ. ਸਿੱਕੀ ਵਿਧਾਨ ਸਭਾ ਨਹੀਂ ਪਹੁੰਚੇ। ਇਸ ਬਾਰੇ ਸ. ਅਟਵਾਲ ਨੇ ਕਿਹਾ ਕਿ ਉਨ੍ਹਾਂ ਆਪਣੇ ਸਰੋਤਾਂ ਰਾਹੀਂ ਇਸ ਗੱਲ ਦੀ ਤਸੱਲੀ ਕਰ ਲਈ ਹੈ ਕਿ ਰਮਨਜੀਤ ਸਿੰਘ ਸਿੱਕੀ ਨੇ ਅਸਤੀਫਾ ਦੇ ਦਿੱਤਾ ਹੈ। ਇਸ ਤੱਥ ਦੀ ਪੁਸ਼ਟੀ ਕਰਨ ਤੋਂ ਬਾਅਦ ਹੀ ਅਸਤੀਫਾ ਪ੍ਰਵਾਨ ਕੀਤਾ ਗਿਆ ਹੈ। ਯਾਦ ਰਹੇ ਕਿ ਰਮਨਜੀਤ ਸਿੰਘ ਸਿੱਕੀ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਹਰਾਇਆ ਸੀ।

## ਸੀ.ਬੀ.ਆਈ. ਟਾਈਟਲਰ ਕੇਸ ਬਾਰੇ ਮੁੜ ਜਾਂਚ ਲਈ ਸਹਿਮਤ

**ਨਵੀਂ ਦਿੱਲੀ:** ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਜਗਦੀਸ਼ ਟਾਈਟਲਰ ਦੀ ਸ਼ਮੂਲੀਅਤ ਵਾਲੇ ਇਕ ਕੇਸ ਦੀ ਸੁਣਵਾਈ ਅੱਗੇ ਪਾਉਂਦਿਆਂ 4 ਦਸੰਬਰ ਦੀ ਤਰੀਕ ਮੁਕੱਰਰ ਕਰ ਦਿੱਤੀ ਹੈ। ਅਦਾਲਤ ਨੇ ਇਸ ਮਾਮਲੇ ਵਿਚ ਕਾਂਗਰਸ ਦੇ ਜਗਦੀਸ਼ ਟਾਈਟਲਰ ਨੂੰ ਸੀ.ਬੀ.ਆਈ. ਵੱਲੋਂ ਕਲੀਨ ਚਿੱਟ ਦਿੱਤੇ ਜਾਣ ਬਾਰੇ ਪਾਈ ਗਈ ਵਿਰੋਧ ਪਟੀਸ਼ਨ ਉਪਰ ਫੈਸਲਾ ਦੇਣਾ ਸੀ ਕਿ ਅੱਗੇ ਜਾਂਚ ਸ਼ੁਰੂ ਕੀਤੀ ਜਾਵੇ ਜਾਂ ਨਹੀਂ।

ਇਸ ਕੇਸ ਦੀ ਸੁਣਵਾਈ ਕਰ ਰਹੇ ਜੱਜ ਛੁੱਟੀ 'ਤੇ ਹੋਣ ਕਰ ਕੇ ਸੁਣਵਾਈ ਅੱਗੇ ਪਾਈ ਗਈ ਹੈ। ਇਹ ਵਿਰੋਧ ਪਟੀਸ਼ਨ ਲਖਵਿੰਦਰ ਕੌਰ ਵੱਲੋਂ ਪਾਈ ਗਈ ਸੀ ਜਿਸ ਦਾ ਪਤੀ ਪੁੱਲਬੰਗਸ਼ ਵਾਲਾ ਗੁਰਦੁਆਰਾ ਸਾੜਨ ਦੌਰਾਨ ਦੋ ਹੋਰ ਸਿੱਖਾਂ ਨਾਲ ਮਾਰਿਆ ਗਿਆ ਸੀ। ਨਵੇਂ ਸਬੂਤ ਸਾਹਮਣੇ ਆਉਣ ਕਰ ਕੇ ਪੀੜਤ ਧਿਰ ਨੇ ਮੰਗ ਕੀਤੀ ਸੀ ਕਿ ਹੁਣ ਟਾਈਟਲਰ ਖ਼ਿਲਾਫ਼ ਮਨੁੱਖੀ ਤਸਕਰੀ ਤੇ ਹਵਾਲਾ ਐਕਟ ਤਹਿਤ ਕੇਸ ਦਰਜ ਕਰਕੇ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕੀਤੀ ਜਾਵੇ।


ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR
EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538



**Anu Attorney Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



*The Clock is Ticking...*
Dental Benefits Expire December 31st



THE AVERAGE ADULT IS Missing at Least 2 Teeth.
*You're Not Alone. We Can Help.*

PANNU DENTAL GROUP

*Call now for a*
**FREE**
Private Implant Consultation!
1-800-360-9250

*was* $3990
$985 Dental Implant SURGERY


Coupon Expires Dec. 31st, 2016


5 CONVENIENT LOCATIONS!
San Jose (Evergreen Area), San Jose (Jackson Avenue), Fremont, Cupertino & Dublin
1-800-360-9250 • PannuDental.com

# ਬਿਹਾਰ ਚੋਣਾਂ ਵਿਚ ਹਾਰ ਪਿੱਛੋਂ ਭਾਜਪਾ ਵਿਚ ਘਮਸਾਣ

**ਨਵੀਂ ਦਿੱਲੀ:** ਬਿਹਾਰ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿਚ ਖਾਨਾਜੰਗੀ ਵਾਲੇ ਹਾਲਾਤ ਪੈਦਾ ਹੋ ਗਏ ਹਨ। ਪਾਰਟੀ ਦੇ ਚਾਰ ਸੀਨੀਅਰ ਆਗੂਆਂ- ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਯਸ਼ਵੰਤ ਸਿਨਹਾ ਤੇ ਸ਼ਾਂਤਾ ਕੁਮਾਰ ਨੇ ਚੋਣ ਨਤੀਜਿਆਂ ਦੇ ਪਾਰਟੀ ਵੱਲੋਂ ਕੀਤੇ ਗਏ ਪੋਸਟ ਮਾਰਟਮ ਉਤੇ ਨਾਖੁਸ਼ੀ ਪ੍ਰਗਟਾਉਂਦਿਆਂ ਬਿਹਾਰ ਦੀ ਨਮੋਸ਼ੀਜਨਕ ਹਾਰ ਲਈ ਜਵਾਬਦੇਹੀ ਤੈਅ ਕੀਤੇ ਜਾਣ ਉੱਤੇ ਜ਼ੋਰ ਦਿੱਤਾ ਹੈ। ਇਨ੍ਹਾਂ ਆਗੂਆਂ ਦੀ ਇਸ ਸੁਰ ਦੇ ਖਿਲਾਫ ਪ੍ਰਧਾਨ ਮੰਤਰੀ ਦੇ ਖੇਮੇ ਵਿਚੋਂ ਵੀ ਜਵਾਬੀ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਪਾਰਟੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਨ੍ਹਾਂ ਆਗੂਆਂ ਦੇ ਸਿੱਧੇ ਮੀਡੀਆ ਵਿਚ ਜਾਣ ਉਤੇ ਨਾਖੁਸ਼ੀ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਦੇ ਮਸਲੇ ਮੀਡੀਆ ਵਿਚ ਉਛਾਲਨ ਦੀ ਥਾਂ ਪਾਰਟੀ ਮੰਚ ਉਤੇ ਉਠਾਏ ਜਾਣੇ ਚਾਹੀਦੇ ਹਨ। ਪਾਰਟੀ ਦੇ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਤੇ ਭੋਲਾ ਸਿੰਘ ਚੋਣਾਂ ਵਿਚ ਹਾਰਨ ਲਈ ਜ਼ਿੰਮੇਵਾਰੀ ਤੈਅ ਕਰਨ ਦੀ ਗੱਲ ਕਰ ਰਹੇ ਹਨ। ਭੋਲਾ ਸਿੰਘ ਨੇ ਕਿਹਾ ਹੈ ਕਿ ਬੁਨਿਆਦੀ ਨਾਕਾਮੀਆਂ ਲਈ ਆਤਮ ਮੰਥਨ ਕਰਨ ਦੀ ਲੋੜ ਹੈ।

ਪਾਰਟੀ ਪ੍ਰਧਾਨ ਅਮਿਤ ਸ਼ਾਹ ਦੇ ਅਸਤੀਫੇ ਦੀ ਮੰਗ ਜ਼ੋਰ ਫੜਨ ਲੱਗੀ ਹੈ। ਉਧਰ, ਮੋਦੀ-ਅਮਿਤ ਜੋੜੀ ਦੀ ਕਾਰਜਸ਼ੈਲੀ ਤੋਂ ਪਹਿਲਾਂ ਹੀ ਖਫਾ ਸੀਨੀਅਰ ਲੀਡਰ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਸ਼ਾਤਾ ਕੁਮਾਰ ਤੇ ਯਸ਼ਵੰਤ ਸਿਨ੍ਹਾ ਖੁੱਲ੍ਹ ਕੇ ਮੈਦਾਨ ਵਿਚ ਨਿੱਤਰ ਆਏ ਹਨ। ਹਾਸ਼ੀਏ ਉਤੇ ਧੱਕੇ ਇਨ੍ਹਾਂ ਲੀਡਰਾਂ ਨੇ ਮੋਦੀ ਤੇ ਸ਼ਾਹ ਉਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਲੀਡਰਾਂ ਦਾ ਕਹਿਣਾ ਹੈ ਕਿ ਮੁੱਠੀ ਭਰ ਲੋਕਾਂ ਨੇ ਪਾਰਟੀ ਨੂੰ ਹਾਈਜੈਕ ਕਰ ਲਿਆ ਹੈ। ਇਸ ਤੋਂ ਇਲਾਵਾ ਅਰੁਨ ਸ਼ੌਰੀ ਤੇ ਸਾਬਕਾ ਬੀ.ਜੇ.ਪੀ. ਨੇਤਾ ਗੋਵਿੰਦਾਚਾਰੀਆ ਵੀ ਜੋਸ਼ੀ ਨੂੰ ਮਿਲਣ ਉਨ੍ਹਾਂ ਦੇ ਘਰ ਪਹੁੰਚੇ। ਭਾਜਪਾ ਵਿਚ ਸਵਾਲ ਉੱਠ ਰਹੇ ਹਨ ਕਿ ਜਿਨ੍ਹਾਂ ਲੋਕਾਂ ਦੇ ਸਿਰ ਜਿੱਤ ਮਿਲਣ ਉਤੇ ਸਿਹਰਾ ਬੱਝਦਾ, ਉਹ ਬਿਹਾਰ ਵਿਚ ਕਰਾਰੀ ਹਾਰ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ। ਇਸ ਤਾਜ਼ਾ ਹਾਰ ਦੀ ਸਭ ਤੋਂ ਵੱਡੀ ਵਜ੍ਹਾ ਪਾਰਟੀ ਦਾ ਉਹ ਰਸਤਾ ਹੈ, ਜੋ ਪਿਛਲੇ ਸਾਲ ਅਖਤਿਆਰ ਕੀਤਾ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਅਗਲੇ ਸਮੇਂ ਵਿਚ ਮੋਦੀ-ਅਮਿਤ ਜੋੜੀ ਨੂੰ ਮਿਲ ਰਹੀ ਖੁੱਲ੍ਹੀ ਹਮਾਇਤ ਉਤੇ ਜਿੰਦਰਾ ਲੱਗ ਸਕਦਾ ਹੈ।





## ਬਾਗੀਆਂ ਖਿਲਾਫ ਕਾਰਵਾਈ ਲਈ ਇਕਸੁਰ ਨਹੀਂ ਭਾਜਪਾ

**ਨਵੀਂ ਦਿੱਲੀ:** ਬਿਹਾਰ ਵਿਚ ਹਾਰ ਕਾਰਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਉਤੇ ਨਿਸ਼ਾਨਾ ਲਾਉਣ ਵਾਲੇ ਪਾਰਟੀ ਨੇਤਾਵਾਂ ਖਿਲਾਫ ਕਾਰਵਾਈ ਬਾਰੇ ਭਾਜਪਾ ਦੀ ਲੀਡਰਸ਼ਿਪ ਵੰਡੀ ਗਈ ਹੈ। ਇਕ ਪਾਸੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਵਿਰੋਧ ਪ੍ਰਗਟ ਕਰਨ ਵਾਲੇ ਨੇਤਾਵਾਂ ਉਤੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਦੇ ਖਿਲਾਫ ਹਨ, ਉਥੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਮੋਦੀ ਤੇ ਸ਼ਾਹ ਦਾ ਮਜ਼ਬੂਤੀ ਨਾਲ ਬਚਾਅ ਕਰਦਿਆਂ ਗੈਰ ਜ਼ਿੰਮੇਵਾਰਾਨਾ ਬਿਆਨ ਦੇਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਪਾਰਟੀ ਸੂਤਰਾਂ ਮੁਤਾਬਕ ਰਾਜਨਾਥ ਸਿੰਘ ਦੀ ਰਾਇ ਹੈ ਕਿ ਐਲ.ਕੇ. ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਕੋਲ ਤਜਰਬਾ ਹੈ ਤੇ ਉਨ੍ਹਾਂ ਨੇ ਭਾਜਪਾ ਦੇ ਵਿਕਾਸ ਵਿਚ ਬਹੁਤ ਯੋਗਦਾਨ ਦਿੱਤਾ ਹੈ। ਇਸ ਲਈ ਪਾਰਟੀ ਨੂੰ ਉਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਹੈ। ਸ੍ਰੀ ਰਾਜਨਾਥ ਸਿੰਘ ਦੇ ਰਵੱਈਏ ਤੋਂ ਲੱਗਦਾ ਹੈ ਕਿ ਉਹ ਪਾਰਟੀ ਅੰਦਰ ਵਿਰੋਧ ਦੇ ਸੁਰਾਂ ਖਿਲਾਫ ਨਹੀਂ ਹਨ ਤੇ ਉਹ ਮੰਨਦੇ ਹਨ ਕਿ ਇਨ੍ਹਾਂ ਆਵਾਜ਼ਾਂ ਨੂੰ ਦਬਾਉਣ ਦੀ ਥਾਂ ਸੁਧਾਰਾਤਮਕ ਕਦਮ ਚੁੱਕੇ ਜਾਣੇ ਚਾਹੀਦੇ ਹਨ।

## ਸ਼ਿਵ ਸੈਨਾ ਨੇ ਮੋਹਨ ਭਾਗਵਤ ਨੂੰ ਘੇਰਿਆ

**ਨਵੀਂ ਦਿੱਲੀ:** ਐਨ.ਡੀ.ਏ. ਵਿਚ ਭਾਜਪਾ ਦੀ ਭਾਈਵਾਲ ਪਾਰਟੀ ਸ਼ਿਵ ਸੈਨਾ ਨੇ ਬਿਹਾਰ ਵਿਚ ਹਾਰ ਲਈ ਸਿੱਧੇ-ਸਿੱਧੇ ਮੋਹਨ ਭਾਗਵਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ। 'ਸਾਮਨਾ' ਵਿਚ ਸ਼ਤਰੂਘਨ ਸਿਨ੍ਹਾ ਦੇ ਬਿਆਨ ਦਾ ਜ਼ਿਕਰ ਕਰਦਿਆਂ ਲਿਖਿਆ ਗਿਆ ਕਿ ਜਦ 'ਤਾਲੀ' ਕਪਤਾਨ ਯਾਨੀ ਸੰਘ ਚਾਲਕ ਨੂੰ ਮਿਲਦੀ ਹੈ ਤਾਂ 'ਗਾਲੀਆਂ' ਵੀ ਉਨ੍ਹਾਂ ਨੂੰ ਸਵੀਕਾਰ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਹਾਰ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ। 'ਸਾਮਨਾ' ਵਿਚ ਲਿਖਿਆ ਗਿਆ, ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ ਹਾਰ ਦੀ ਜ਼ਿੰਮੇਵਾਰੀ ਸਵੀਕਾਰ ਕਰਨੀ ਚਾਹੀਦੀ ਹੈ।

## ਬਿਹਾਰ ਚੋਣਾਂ ਨੇ ਧਾਰਮਿਕ ਸਦਭਾਵਨਾ ਦਿਖਾਈ: ਦਲਾਈਲਾਮਾ


**ਜਲੰਧਰ:** ਬਿਹਾਰ ਦੀਆਂ ਚੋਣਾਂ ਵਿਚ ਲੋਕਾਂ ਨੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ਕਿ ਭਾਰਤ ਵਿਚ ਧਾਰਮਿਕ ਸਦਭਾਵਨਾ ਬੜੀ ਕਮਾਲ ਦੀ ਹੈ। ਤਿੱਬਤੀਆਂ ਦੇ ਧਾਰਮਿਕ ਆਗੂ ਦਲਾਈ ਲਾਮਾ ਨੇ ਜਲੰਧਰ ਵਿਚ ਇਹ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਗੈਰ-ਸਮਾਜਿਕ ਅਨਸਰ ਤਾਂ ਦੁਨੀਆ ਵਿਚ ਹਰ ਥਾਂ ਹੁੰਦੇ ਹਨ, ਪਰ ਭਾਰਤ ਵਿਚ ਹਰ ਧਰਮ ਦੇ ਲੋਕ ਇਕੱਠੇ ਹੋ ਕੇ ਰਹਿੰਦੇ ਹਨ। ਦਲਾਈਲਾਮਾ ਨੇ ਕਿਹਾ ਕਿ ਧਰਮ ਨਿਰਪੱਖਤਾ ਦੀਆਂ ਗੱਲਾਂ ਤੇ ਭਾਵਨਾਵਾਂ ਸਕੂਲਾਂ ਤੋਂ ਹੀ ਵਿਦਿਆਰਥੀਆਂ ਨੂੰ ਸਿਖਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਧਾਰਮਿਕ ਸਹਿਣਸ਼ੀਲਤਾ ਵਿਚ ਪਰਪੱਕ ਹੋ ਸਕਣ। ਭਾਰਤ ਤੇ ਤਿੱਬਤ ਵਿਚ ਗੁਰੂ-ਚੇਲੇ ਵਾਲਾ ਰਿਸ਼ਤਾ ਦੱਸਦਿਆਂ ਉਨ੍ਹਾਂ ਕਿਹਾ ਕਿ ਭਾਰਤ ਉਨ੍ਹਾਂ ਦਾ ਗੁਰੂ ਹੈ।।




# ਪ੍ਰਸ਼ਾਂਤ ਕਿਸ਼ੋਰ ਦੀ ਅਰੁਣ ਸ਼ੋਰੀ ਨਾਲ ਮੁਲਾਕਾਤ ਨੇ ਛੇੜੀ ਨਵੀਂ ਚਰਚਾ

**ਨਵੀਂ ਦਿੱਲੀ:** ਬਿਹਾਰ ਵਿਧਾਨ ਸਭਾ ਵਿਚ ਨਿਤਿਸ਼ ਕੁਮਾਰ ਤੇ ਮਹਾਗੱਠਜੋੜ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਪ੍ਰਸ਼ਾਂਤ ਕਿਸ਼ੋਰ ਨੇ ਮੋਦੀ ਵਿਰੋਧੀ ਖੇਮੇ ਦੇ ਆਗੂ ਅਰੁਣ ਸ਼ੋਰੀ ਨਾਲ ਮੁਲਾਕਾਤ ਕੀਤੀ। ਪ੍ਰਸ਼ਾਂਤ ਨੇ ਅਰੁਣ ਸ਼ੋਰੀ ਨਾਲ ਮੁਲਾਕਾਤ ਦੀ ਗੱਲ ਸਵੀਕਾਰ ਕੀਤੀ ਤੇ ਆਖਿਆ ਕਿ ਇਹ ਨਿੱਜੀ ਮੁਲਾਕਾਤ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸੱਤਾ ਵਿਚ ਲਿਆਉਣ ਵਿਚ ਵੀ ਪ੍ਰਸ਼ਾਂਤ ਨੇ ਅਹਿਮ ਭੂਮਿਕਾ ਨਿਭਾਈ ਸੀ। 2012 ਦੇ ਗੁਜਰਾਤ ਵਿਧਾਨ ਸਭਾ ਚੋਣਾਂ ਤੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਸ਼ਾਂਤ, ਨਰੇਂਦਰ ਮੋਦੀ ਦੇ ਮੁੱਖ ਨੀਤੀਕਾਰਾਂ ਵਿਚੋਂ ਇਕ ਸਨ। 'ਅਬ ਕੀ ਵਾਰ ਮੋਦੀ ਸਰਕਾਰ' ਦਾ ਨਾਅਰਾ ਵੀ ਪ੍ਰਸ਼ਾਂਤ ਨੇ ਹੀ ਦਿੱਤਾ ਸੀ, ਪਰ ਪਾਰਟੀ ਪ੍ਰਧਾਨ ਅੰਮਿਤ ਸ਼ਾਹ ਦੇ ਕਾਰਨ ਉਨ੍ਹਾਂ ਨੇ ਬੀ.ਜੇ.ਪੀ. ਦਾ ਸਾਥ ਛੱਡ ਦਿੱਤਾ ਸੀ। ਨਿਤਿਸ਼ ਕੁਮਾਰ ਦੀ ਜਿੱਤ ਵਿਚ ਪ੍ਰਸਾਂਤ ਤੇ ਉਸ ਦੀ ਟੀਮ ਨੇ ਵੱਡਾ ਯੋਗਦਾਨ ਪਾਇਆ ਸੀ।



## ਹਰਿਆਣਾ ਵਿਚ ਗਾਂ ਰੱਖਿਆ ਕਾਨੂੰਨ ਲਾਗੂ

**ਰੋਹਤਕ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਸਹੀ ਪਾਉਣ ਦੇ ਨਾਲ ਹੀ ਹਰਿਆਣਾ ਵਿਚ ਗਾਂ ਰੱਖਿਆ ਕਾਨੂੰਨ ਲਾਗੂ ਹੋ ਗਿਆ ਹੈ। ਸਰਕਾਰ ਨੇ ਰਾਸ਼ਟਰਪਤੀ ਕੋਲ ਮਨਜ਼ੂਰੀ ਲਈ ਹਰਿਆਣਾ ਗੌਵੰਸ਼ ਸੰਰਕਸ਼ਨ ਤੇ ਗੌਸਮਵਰਧਨ ਬਿੱਲ-2015 ਭੇਜਿਆ ਸੀ। ਇਸ ਨਾਲ ਰਾਜ ਵਿਚ ਜਿਥੇ ਗਾਂ ਹੱਤਿਆ ਉਤੇ ਪੂਰਨ ਪਾਬੰਦੀ ਲੱਗ ਗਈ ਹੈ, ਉਥੇ ਅਜਿਹਾ ਕਰਨ ਵਾਲਿਆਂ ਲਈ ਸਖਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਥੇ ਕਾਠ ਮੰਡੀ ਵਿਚ ਵਿਸ਼ਵਕਰਮਾ ਜੈਅੰਤੀ ਸਮਾਰੋਹ ਦੌਰਾਨ ਖੁਲਾਸਾ ਕੀਤਾ ਕਿ ਰਾਸ਼ਟਰਪਤੀ ਨੇ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਆਖਿਆ ਕਿ ਹਰਿਆਣਾ ਨੇ ਇਸ ਮਾਮਲੇ ਵਿਚ ਪਹਿਲ ਕੀਤੀ ਹੈ। ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਗਾਵਾਂ ਦੀ ਹੱਤਿਆ ਕਰਨ ਵਾਲੇ ਨੂੰ ਸਖਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ।

# ਆਰਥਿਕ ਮੰਦੀ ਦੇ ਸ਼ਿਕਾਰ ਪਾਕਿਸਤਾਨ ਨੂੰ ਸੰਸਾਰ ਬੈਂਕ ਨੇ ਦਿੱਤਾ ਠੁੰਮ੍ਹਣਾ

**ਇਸਲਾਮਾਬਾਦ:** ਆਰਥਿਕ ਮੰਦਹਾਲੀ ਨਾਲ ਜੂਝਦੇ ਹੋਏ ਪਾਕਿਸਤਾਨ ਨੂੰ ਠੁੰਮ੍ਹਣਾ ਦੇਣ ਲਈ ਵਿਸ਼ਵ ਬੈਂਕ ਨੇ ਊਰਜਾ ਖੇਤਰ ਲਈ 50 ਕਰੋੜ ਅਮਰੀਕੀ ਡਾਲਰ ਕਰਜ਼ ਦੀ ਰਾਸ਼ੀ ਮਨਜ਼ੂਰ ਕੀਤੀ ਹੈ। ਇਹ ਰਾਸ਼ੀ ਪਾਕਿਸਤਾਨ ਵਿਚ ਲੱਗਦੇ ਬਿਜਲੀ ਕੱਟਾਂ ਨੂੰ ਦੂਰ ਕਰਨ ਲਈ ਕਾਰਗਰ ਸਿੱਧ ਹੋਵੇਗੀ। ਇਹ ਰਕਮ ਇਸ ਸਾਲ ਅਪਰੈਲ ਵਿਚ ਜਾਰੀ ਹੋ ਜਾਣੀ ਸੀ, ਪਰ ਵਿਸ਼ਵ ਬੈਂਕ ਵੱਲੋਂ ਲਾਈਆਂ ਸ਼ਰਤਾਂ ਸਰਕਾਰ ਵੱਲੋਂ ਪੂਰੀਆਂ ਨਾ ਕਰਨ ਕਾਰਨ ਕਰਜ਼ ਦੇਰੀ ਨਾਲ ਮੁਹੱਈਆ ਹੋਇਆ।

ਸਰਕਾਰ ਵੱਲੋਂ ਖੁਦਮੁਖਤਾਰ ਰੂਪ ਵਿਚ ਸਪਲਾਈਕਾਰਾਂ ਤੋਂ ਸਿੱਧੀ ਬਿਜਲੀ ਖਰੀਦਣ ਦੀ ਸ਼ਰਤ ਸਮੇਤ ਹੋਰ ਛੇ ਸ਼ਰਤਾਂ ਮੰਨਣ ਕਾਰਨ ਬੈਂਕ ਨੇ ਕਰਜ਼ਾ ਮਨਜ਼ੂਰ ਕੀਤਾ। ਵਿੱਤ ਮੰਤਰਾਲੇ ਨੇ ਕਰਜ਼ਾ ਮਨਜ਼ੂਰ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕਰਜ਼ ਨੂੰ ਬਜਟ ਲਈ ਰਾਸ਼ੀ ਮੁਹੱਈਆ ਕਰਵਾਉਣ ਲਈ ਵਰਤਿਆ ਜਾਵੇਗਾ। ਸ਼ਰਤ ਅਨੁਸਾਰ ਊਰਜਾ ਖੇਤਰ ਵੱਲੋਂ ਕਈ ਸਾਲਾਂ ਲਈ ਬਿਜਲੀ ਦਰਾਂ ਨਿਰਧਾਰਤ ਕੀਤੀਆਂ ਜਾਣਗੀਆਂ ਤਾਂ ਕਿ ਊਰਜਾ ਵੰਡ ਕੰਪਨੀਆਂ ਨਿਜੀਕਰਨ ਵੱਲ ਉਤਸ਼ਾਹਤ ਹੋਣ।

## ਕੋਨਰੋਟ ਬਣੇ ਫਿਜੀ ਦੇ ਪਹਿਲੇ ਰਾਸ਼ਟਰਪਤੀ

**ਸੁਵਾ:** ਸਾਬਕਾ ਫੌਜੀ ਅਧਿਕਾਰੀ ਜੀਓਜੀ ਕੋਨਰੋਟ ਨੇ ਦੇਸ਼ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ। ਸਹੁੰ ਚੁੱਕ ਸਮਾਗਮ ਸੁਵਾ ਦੇ ਸਰਕਾਰੀ ਦਫਤਰ ਵਿਚ ਹੋਇਆ ਤੇ ਚੀਫ ਜਸਟਿਸ ਐਂਥਨੀ ਗੇਟਸ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ।

# ਕੱਟੜਪੰਥੀਆਂ ਵੱਲੋਂ ਗਿਰੀਸ਼ ਕਾਰਨਾਡ ਨੂੰ ਜਾਨੋਂ ਮਾਰਨ ਦੀ ਧਮਕੀ

**ਬੰਗਲੌਰ:** 18ਵੀਂ ਸਦੀ ਦੇ ਸ਼ਾਸਕ ਟੀਪੂ ਸੁਲਤਾਨ ਦੀ ਜੈਅੰਤੀ ਮਨਾਉਣ ਵਿਰੁੱਧ ਕਰਨਾਟਕ ਵਿਚ ਵਿਵਾਦ ਭਖਣ ਵਿਚਕਾਰ ਗਿਆਨਠੀਪ ਪੁਰਸਕਾਰ ਜੇਤੂ ਗਿਰੀਸ਼ ਕਾਰਨਾਡ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਸੰਸਦ ਮੈਂਬਰ ਪ੍ਰਤਾਪ ਸਿਨਹਾ ਨੂੰ ਸੋਸ਼ਲ ਮੀਡੀਆ 'ਤੇ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ। ਕਾਰਨਾਡ ਨੂੰ ਉਨ੍ਹਾਂ ਦੇ ਬਿਆਨ ਲਈ ਟਵਿਟਰ 'ਤੇ ਧਮਕੀ ਦਿੱਤੀ ਗਈ ਕਿ ਉਨ੍ਹਾਂ ਦਾ ਹਾਲ ਵੀ ਤਰਕਵਾਦੀ ਐਮ.ਐਮ. ਕਲਬੁਰਗੀ ਵਰਗਾ ਹੋਵੇਗਾ।

ਉੱਤਰੀ ਕਰਨਾਟਕ ਦੇ ਧਾਰਵਾੜ ਵਿਚ ਦੋ ਜਣਿਆਂ ਨੇ ਪਿੱਛੇ ਜਿਹੇ ਉਨ੍ਹਾਂ ਦਾ ਕਤਲ ਕਰ ਦਿੱਤਾ ਸੀ। ਕਾਰਨਾਡ ਨੇ ਕਿਹਾ ਸੀ ਕਿ ਸ਼ਹਿਰ ਦੇ ਸੰਸਥਾਪਕ ਕੇਂਪੇ ਗੌੜਾ ਦੀ ਬਜਾਏ ਟੀਪੂ ਸੁਲਤਾਨ ਦੇ ਨਾਂ ਉਤੇ ਬੰਗਲੌਰ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਰੱਖ ਦੇਣਾ ਚਾਹੀਦਾ ਹੈ। ਆਪਣੇ ਇਸ ਬਿਆਨ ਉਤੇ ਉਨ੍ਹਾਂ ਨੂੰ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ। 'ਇੰਟਾਲਰੈਂਟ ਚੰਦਰ' ਨਾਮਕ ਟਵਿਟਰ ਹੈਂਡਲ ਤੋਂ ਕਿਹਾ ਗਿਆ ਹੈ ਕਿ ਜੇ ਕਾਰਨਾਡ ਇਸ ਤਰ੍ਹਾਂ ਦੇ ਬਿਆਨਾਂ ਨਾਲ ਕੰਨੜ ਲੋਕਾਂ ਨੂੰ ਭੜਕਾਉਂਦੇ ਰਹੇ ਤਾਂ ਉਨ੍ਹਾਂ ਦਾ ਹਾਲ ਕਲਬੁਰਗੀ ਵਰਗਾ ਹੀ ਹੋਵੇਗਾ। ਕਈ ਜਥੇਬੰਦੀਆਂ, ਖਾਸ ਕਰ ਕੇ ਵੋਕਾਲਿਗਾ ਫਿਰਕੇ, ਕੰਨੜ ਜਥੇਬੰਦੀਆਂ, ਦੱਖਣ ਪੰਥੀ ਜਥੇਬੰਦੀਆਂ ਅਤੇ ਭਾਜਪਾ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ। ਕੇਂਪੇ, ਵੋਕਾਲਿਗਾ ਫਿਰਕੇ ਦੇ ਸਨ ਹਾਲਾਂਕਿ ਕਾਰਨਾਡ ਨੇ ਕਿਹਾ ਸੀ ਕਿ ਜੇ ਉਨ੍ਹਾਂ ਦੇ ਵਿਚਾਰਾਂ ਤੋਂ ਕਿਸੇ ਨੂੰ ਢਾਹ ਲੱਗੀ ਹੈ ਤਾਂ ਉਹ ਮੁਆਫੀ ਮੰਗਦੇ ਹਨ।

ਕਰਨਾਟਕ ਦੇ ਮੁੱਖ ਮੰਤਰੀ ਸਿਧਰਮਈਆ ਨੇ ਸਪਸ਼ਟ ਕੀਤਾ ਸੀ ਕਿ ਸਰਕਾਰ ਦਾ ਲੇਖਕ ਦੇ ਵਿਚਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਤੇ ਬੰਗਲੌਰ ਹਵਾਈ ਅੱਡੇ ਦਾ ਨਾਂ ਬਦਲਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਸੂਰ-ਕੋਡਾਗੂ ਤੋਂ ਭਾਜਪਾ ਸੰਸਦ ਮੈਂਬਰ ਪ੍ਰਤਾਪ ਸਿਨਹਾ ਨੂੰ ਫੇਸਬੁੱਕ ਪੋਸਟ ਵਿਚ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਕਿਸੇ ਦੀ ਸ਼ਰਾਰਤ ਹੋ ਸਕਦੀ ਹੈ।

ਕਾਬਲੇਗੌਰ ਹੈ ਕਿ ਕਰਨਾਟਕ ਵਿਚ ਟੀਪੂ ਸੁਲਤਾਨ ਦੀ ਜੈਅੰਤੀ ਨੂੰ ਲੈ ਕੇ ਵਿਵਾਦ ਖੜ੍ਹਾ ਹੋਇਆ ਹੈ। ਹੁਣ ਤੱਕ ਇਸ ਵਿਵਾਦ ਵਿਚ ਤਿੰਨ ਲੋਕਾਂ ਦੀ ਜਾਨ ਜਾ ਚੁੱਕੀ ਹੈ। ਟੀਪੂ ਸੁਲਤਾਨ ਦੀ ਜੈਅੰਤੀ ਨੂੰ ਲੈ ਕੇ ਕਰਨਾਟਕ ਬੰਦ ਐਲਾਨ ਦੇ ਮੱਦੇਨਜ਼ਰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਈ ਥਾਵਾਂ ਉੱਤੇ ਹਿੰਸਕ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਨੇ ਕਰਨਾਟਕ ਦੇ ਮੁੱਖ ਮੰਤਰੀ ਦੇ ਪੋਸਟਰ ਸਾਹਮਣੇ ਅਸ਼ਲੀਲ ਪ੍ਰਦਰਸ਼ਨ ਕੀਤਾ।



## ਮੋਦੀ ਤੇ ਆਰ.ਐਸ.ਐਸ ਉਤੇ ਸੋਨੀਆ ਦਾ ਹਮਲਾ

**ਨਵੀਂ ਦਿੱਲੀ:** ਕਾਂਗਰਸੀ ਪ੍ਰਧਾਨ ਸੋਨੀਆ ਗਾਂਧੀ ਨੇ ਮੋਦੀ ਤੇ ਆਰ.ਐਸ.ਐਸ. ਖਿਲਾਫ ਜੰਮ ਕੇ ਭੜਾਸ ਕੱਢੀ ਹੈ। ਫਿਰਕੂਵਾਦ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਕਿਹਾ ਕਿ 'ਅੰਗਰੇਜ਼ੋ ਭਾਰਤ ਛੱਡੋ' ਅੰਦੋਲਨ ਤੋਂ ਦੋ ਸੰਗਠਨ ਵੱਖ ਹੋ ਗਏ ਸਨ। ਇਕ ਨੇ ਪਾਕਿਸਤਾਨ ਬਣਾ ਲਿਆ ਤੇ ਦੂਜੇ ਦੇ ਹੱਥ ਵਿਚ ਅੱਜ ਸਰਕਾਰ ਦਾ ਰਿਮੋਟ ਕੰਟਰੋਲ ਹੈ। ਵਿਅੰਗਮਈ ਅੰਦਾਜ਼ ਵਿਚ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅੱਜ ਸਾਨੂੰ ਉਹ ਚੰਗੇ ਦਿਨ ਯਾਦ ਆਉਂਦੇ ਹਨ ਜਦ ਨਹਿਰੂ ਜੀ ਪੀ.ਐਮ. ਸਨ ਤੇ ਹਰ ਵਿਅਕਤੀ ਆਪਣੇ ਮਨ ਦੀ ਗੱਲ ਕਰ ਸਕਦਾ ਸੀ।



## ਭਾਰਤ 'ਚ ਹਿੰਦੂ ਤਾਲਿਬਾਨ ਦਾ ਸ਼ਾਸਨ: ਅਨੀਸ਼ ਕਪੂਰ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਲੰਡਨ ਦੌਰੇ ਦੌਰਾਨ ਭਾਰਤੀ ਮੂਲ ਦੇ ਬ੍ਰਿਟਿਸ਼ ਮੂਰਤੀਕਾਰ ਅਨੀਸ਼ ਕਪੂਰ ਨੇ ਆਖਿਆ ਹੈ ਕਿ ਭਾਰਤ ਵਿਚ ਹਿੰਦੂ ਤਾਲਿਬਾਨ ਦਾ ਰਾਜ ਹੈ। ਅਨੀਸ਼ ਨੇ ਗਾਰਡੀਅਨ ਅਖਬਾਰ ਨੂੰ ਦਿੱਤੀ ਆਪਣੀ ਇੰਟਰਵਿਊ ਵਿਚ ਇਹ ਗੱਲ ਆਖੀ ਹੈ। ਅਨੀਸ਼ ਕਪੂਰ ਨੇ ਆਪਣੇ ਲੇਖ ਵਿਚ ਆਖਿਆ ਹੈ ਕਿ ਭਗਵਾਨ ਵਿਸ਼ਨੂੰ ਦੇ ਕਈ ਅਵਤਾਰ ਸਨ, ਜਿਨ੍ਹਾਂ ਵਿਚ ਅਨੇਕ ਇਨਸਾਨ ਹਨ। ਅਨੀਸ਼ ਅਨੁਸਾਰ ਵਿਸ਼ਨੂੰ ਦੇ ਤਾਜ਼ਾ ਅਵਤਾਰਾਂ ਵਿਚ ਇਕ ਮੋਦੀ ਹੈ। ਭਾਰਤ ਵਿਚ ਹਰ ਪਾਸੇ ਮੋਦੀ ਦੀ ਤਾਰੀਫ ਕੀਤੀ ਜਾ ਰਹੀ ਹੈ, ਜਿਵੇਂ ਉਸ ਨੇ ਕੋਈ ਚਮਤਕਾਰ ਕੀਤਾ ਹੋਵੇ,।ਪਰ ਮੋਦੀ ਦੀ ਚਮਤਕਾਰੀ ਨੀਤੀ ਦੇ ਪਿੱਛੇ ਅਸਲ ਵਿਚ ਹਿੰਦੂਵਾਦ ਦੀ ਨੀਤੀ ਦੀ ਸੱਚਾਈ ਲੁਕੀ ਹੋਈ ਹੈ। ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤ ਵਿਚ ਸਮਾਜਿਕ, ਧਾਰਮਿਕ ਤੇ ਖੇਤਰੀ ਭਿੰਨਤਾ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ।



# ਸਰਬੱਤ ਖਾਲਸਾ ਨੂੰ ਮਿਲੇ ਹੁੰਗਾਰੇ ਤੋਂ ਬਾਦਲ ਸਰਕਾਰ ਚਿੰਤਤ

**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਵੱਲੋਂ ਕਰਵਾਇਆ ਗਿਆ ਸਰਬੱਤ ਖਾਲਸਾ ਪੰਜਾਬ ਸਰਕਾਰ ਤੇ ਪੁਲਿਸ ਲਈ ਚੁਣੌਤੀ ਬਣ ਗਿਆ ਹੈ। ਅਕਾਲੀ ਦਲ, ਸਰਕਾਰ ਤੇ ਮੌਸਮ ਦੀਆਂ ਰੁਕਾਵਟਾਂ ਦੇ ਬਾਵਜੂਦ ਸਰਬੱਤ ਖਾਲਸਾ ਵਿਚ ਹੋਏ ਇਕੱਠ ਨੇ ਸੱਤਾ ਧਿਰ ਦੇ ਹੋਸ਼ ਉਡਾ ਦਿੱਤੇ ਹਨ। ਅਕਾਲੀ ਦਲ ਵੱਲੋਂ ਇਸ ਬਾਰੇ ਵਿਚਾਰਾਂ ਕਰਨ ਤੇ ਅਗਲੀ ਰਣਨੀਤੀ ਉਲੀਕਣ ਲਈ ਧੜਾ ਧੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਅਕਾਲੀ ਦਲ ਵੱਲੋਂ ਗਰਮ ਖਿਆਲੀਆਂ ਨੂੰ ਮਿਲੇ ਹੁੰਗਾਰੇ ਉਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਸੰਤ ਸਮਾਜ ਤੇ ਕਈ ਹੋਰ ਜਥੇਬੰਦੀਆਂ ਨੂੰ ਸਰਬੱਤ ਖਾਲਸਾ ਤੋਂ ਲਾਂਭੇ ਰਹਿਣ ਲਈ ਰਾਜ਼ੀ ਕਰ ਲਿਆ ਸੀ, ਪਰ ਫਿਰ ਵੀ ਲੱਖਾਂ ਦੇ ਗਿਣਤੀ ਵਿਚ ਲੋਕ ਆਪ ਮੁਹਾਰੇ ਹੀ ਇਕੱਠੇ ਹੋਏ।

ਸੂਤਰਾਂ ਅਨੁਸਾਰ ਅਕਾਲੀ ਦਲ ਨੂੰ ਸਰਬੱਤ ਖਾਲਸਾ ਦੇ ਫੈਸਲਿਆਂ ਦੀ ਇੰਨੀ ਫਿਕਰ ਨਹੀਂ, ਪਰ ਇਕੱਠ ਨੇ ਹੋਸ਼ ਉਡਾ ਦਿੱਤੇ ਹਨ। ਡੇਰਾ ਮੁਖੀ ਨੂੰ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਲੋਕਾਂ ਅੰਦਰ ਅਕਾਲੀ ਦਲ ਪ੍ਰਤੀ ਰੋਸ ਨੂੰ ਸਿਖਰ ਉਤੇ ਪਹੁੰਚਾ ਦਿੱਤਾ ਹੈ। ਇਹੀ ਕਾਰਨ ਹੈ ਕਿ ਸਰਬੱਤ ਖਾਲਸਾ ਸੱਦਣ ਵਾਲੀਆਂ ਜਥੇਬੰਦੀਆਂ ਦਾ ਜਨਤਕ ਆਧਾਰ ਨਾ ਦੇ ਬਰਾਬਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਸੂਤਰਾਂ ਅਨੁਸਾਰ ਅਕਾਲੀ ਦਲ ਦੇ ਸੀਨੀਅਰ ਲੀਡਰ ਇਸ ਗੱਲ ਉਤੇ ਜ਼ੋਰ ਦੇ ਰਹੇ ਹਨ ਕਿ ਦਲ ਦੇ ਪੰਥਕ ਅਕਸ ਨੂੰ ਮੁੜ ਉਭਾਰਿਆ ਜਾਏ।



## ਮੁੜ ਇਕੱਠੇ ਹੋ ਰਹੇ ਨੇ ਸਾਬਕਾ ਦਹਿਸ਼ਤਗਰਦ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਅਜੋਕੀ ਪੰਥਕ ਖਿੱਚੋਤਾਣ ਕਾਰਨ ਉਪਜੇ ਸਿਆਸੀ ਸੰਕਟ ਨੂੰ 'ਨਰਮ ਖਿਆਲੀਆਂ ਤੇ ਦਹਿਸ਼ਤਗਰਦਾਂ' ਦੀ ਲੜਾਈ ਕਰਾਰ ਦਿੱਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਾਬਕਾ ਦਹਿਸ਼ਤਗਰਦ ਇਕੱਠੇ ਹੋ ਕੇ ਪੰਜਾਬ ਵਿਚ ਨਰਮ ਖਿਆਲੀ ਸਿੱਖ ਲੀਡਰਸ਼ਿਪ ਨੂੰ ਖਤਮ ਕਰਨਾ ਚਾਹੁੰਦੇ ਹਨ ਤੇ ਵਿਦੇਸ਼ੀ ਅਤਿਵਾਦੀਆਂ ਵਰਗੀ ਹਕੂਮਤ ਥੋਪਣਾ ਚਾਹੁੰਦੇ ਹਨ।

ਸਰਬੱਤ ਖਾਲਸਾ ਵਿਚ ਅਣਕਿਆਸੇ ਢੰਗ ਨਾਲ ਗਰਮ ਦਲੀਆਂ ਦੇ ਹੋਏ ਇਕੱਠ ਨੇ ਪੰਜਾਬ ਪੁਲਿਸ ਦੀ ਨੀਂਦ ਉਡਾ ਦਿੱਤੀ ਹੈ। ਇਸ ਇਕੱਠ ਨੇ ਪੰਜਾਬ ਤੇ ਖੁਫੀਆ ਏਜੰਸੀਆਂ ਦੇ ਅੰਕੜੇ ਉਥਲ-ਪੁਥਲ ਕਰ ਦਿੱਤੇ ਹਨ। ਪੰਜਾਬ ਪੁਲਿਸ ਨੇ ਸੂਬੇ ਵਿਚ ਗਰਮ ਦਲੀਆਂ ਦੀਆਂ ਸਰਗਰਮੀਆਂ ਘੋਖਣ ਲਈ ਹੁਣ ਵਿਸ਼ੇਸ਼ ਰਣਨੀਤੀ ਬਣਾਈ ਹੈ, ਜਿਸ ਦੇ ਪਹਿਲੇ ਪੜਾਅ ਤਹਿਤ ਸਰਬੱਤ ਖਾਲਸਾ ਸਮਾਗਮ ਦੀ ਵੀਡੀਓਗ੍ਰਾਫੀ ਨੂੰ ਖੰਗਾਲਿਆ ਜਾ ਰਿਹਾ ਹੈ। ਇਸ ਵੀਡੀਓਗ੍ਰਾਫੀ ਵਿਚ ਨਜ਼ਰ ਆ ਰਹੇ ਗਰਮ ਸੁਰਾਂ ਵਾਲੇ ਆਗੂਆਂ ਤੇ ਨੌਜਵਾਨਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੇ ਪਿਛੋਕੜ ਦੀ ਸੂਹ ਲਾਉਣ ਲਈ ਸਬੰਧਤ ਜ਼ਿਲ੍ਹਿਆਂ ਦੀ ਪੁਲਿਸ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ। ਇਸ ਰਣਨੀਤੀ ਤਹਿਤ ਕੁਝ ਜ਼ਿਲ੍ਹਿਆਂ ਦੀ ਪੁਲਿਸ ਵੱਲੋਂ ਕਈ ਥਾਈਂ ਛਾਪੇ ਵੀ ਮਾਰੇ ਜਾ ਰਹੇ ਹਨ। ਪੁਲਿਸ ਤੇ ਖੁਫੀਆ ਏਜੰਸੀਆਂ ਨੇ ਅਤਿਵਾਦ ਦੇ ਦੌਰ ਵਿਚ ਸਰਗਰਮ ਖਾੜਕੂਆਂ ਦੀਆਂ ਦਫਤਰਾਂ ਵਿਚ ਪਈਆਂ ਫਾਈਲਾਂ ਫਰੋਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਫੀਲਡ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਮੌਜੂਦਾ ਸਰਗਰਮੀਆਂ ਦੀਆਂ ਰਿਪੋਰਟਾਂ ਤਿਆਰ ਕਰਨ ਲਈ ਆਦੇਸ਼ ਦਿੱਤੇ ਹਨ।

## 90 ਫੀਸਦੀ ਸਰਕਾਰ ਤੋਂ ਸਤੇ ਲੋਕ ਪੁੱਜੇ: ਸਿੱਧੂ



**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸੂਬੇ ਦੇ ਹਾਲਾਤ ਵਿਗਾੜਨ ਲਈ ਖੁਫੀਆ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਉਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਹਾਲਾਤ ਖੁਫੀਆ ਏਜੰਸੀਆਂ ਕਰਕੇ ਨਹੀਂ ਬਲਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਵਿਗੜੇ ਹਨ। ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਵਿਚ ਕਾਂਗਰਸ ਜਾਂ ਕਿਸੇ ਹੋਰ ਸਿਆਸੀ ਪਾਰਟੀ ਨੇ ਬੰਦੇ ਨਹੀਂ ਭੇਜੇ ਬਲਕਿ 90 ਫੀਸਦੀ ਉਹ ਲੋਕ ਸ਼ਾਮਲ ਹੋਏ ਹਨ ਜੋ ਕਿਸੇ ਨਾਂ ਕਿਸੇ ਤਰ੍ਹਾਂ ਸਰਕਾਰ ਦੇ ਸਤਾਏ ਹੋਏ।

## ਨਵੇਂ ਜਥੇਦਾਰਾਂ ਸਣੇ 20 ਖਿਲਾਫ ਦੇਸ਼ ਧ੍ਰੋਹ ਦਾ ਕੇਸ

**ਅੰਮ੍ਰਿਤਸਰ:** ਸਰਬੱਤ ਖਾਲਸਾ ਸੱਦਣ ਵਾਲੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਨਿਯੁਕਤ ਕੀਤੇ ਗਏ ਤਿੰਨ ਜਥੇਦਾਰਾਂ ਸਮੇਤ ਤਕਰੀਬਨ 20 ਵਿਅਕਤੀਆਂ ਖਿਲਾਫ ਪੁਲਿਸ ਵੱਲੋਂ ਦੇਸ਼ ਧ੍ਰੋਹ ਦਾ ਵੱਖਰਾ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਖਿਲਾਫ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿਚ ਨਿਯੁਕਤ ਕੀਤੇ ਗਏ ਤਿੰਨ ਜਥੇਦਾਰ ਧਿਆਨ ਸਿੰਘ ਮੰਡ, ਅਮਰੀਕ ਸਿੰਘ ਅਜਨਾਲਾ, ਬਲਜੀਤ ਸਿੰਘ ਦਾਦੂਵਾਲ ਤੇ ਸਿਮਰਨਜੀਤ ਸਿੰਘ ਮਾਨ, ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਵੱਸਣ ਸਿੰਘ ਜ਼ਫ਼ਰਵਾਲ ਤੇ ਹੋਰ ਸ਼ਾਮਲ ਹਨ। ਪੁਲਿਸ ਵੱਲੋਂ ਸਮਾਗਮ ਵਿਚ ਦਿੱਤੇ ਗਏ ਭਾਸ਼ਣਾਂ ਤੇ ਹੋਰ ਗਤੀਵਿਧੀਆਂ ਦੀ ਘੋਖ ਵੀ ਕੀਤੀ ਜਾ ਰਹੀ ਹੈ। ਇਨ੍ਹਾਂ ਸਿੱਖ ਆਗੂਆਂ ਨੂੰ ਬੰਦੀ ਛੋੜ ਦਿਵਸ ਵਾਲੇ ਦਿਨ ਗ੍ਰਿਫਤਾਰ ਕੀਤਾ ਗਿਆ ਸੀ।

# ਹਵਾਰੇ ਨੇ ਸ਼ਰਤਾਂ ਤਹਿਤ ਦਿੱਤੀ ਸੀ ਜਥੇਦਾਰ ਬਣਨ ਬਾਰੇ ਸਹਿਮਤੀ

**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਵੱਲੋਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖੀ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖਤ ਦਾ ਜਥੇਦਾਰ ਉਸ ਦੀ ਰਜ਼ਾਮੰਦੀ ਨਾਲ ਥਾਪਿਆ ਗਿਆ ਹੈ। ਉਸ ਨੇ ਤਿਹਾੜ ਜੇਲ੍ਹ ਵਿਚ ਆਖੰਡ ਕੀਰਤਨੀ ਜਥੇ ਸਮੇਤ ਹੋਰ ਹਮਖਿਆਲੀਆਂ ਨਾਲ ਇਕ ਮੀਟਿੰਗ ਵਿਚ ਜਥੇਦਾਰ ਥਾਪੇ ਜਾਣ ਲਈ ਸ਼ਰਤਾਂ ਤਹਿਤ ਸਹਿਮਤੀ ਦਿੱਤੀ ਸੀ।

ਸ. ਹਵਾਰਾ ਨੇ ਕਿਹਾ ਸੀ ਕਿ ਉਹ ਕਿਸੇ ਇਕ ਧਿਰ ਵੱਲੋਂ ਨਹੀਂ ਸਗੋਂ ਸਮੁੱਚੇ ਪੰਥ ਦੀ ਪ੍ਰਵਾਨਗੀ ਨਾਲ ਸੇਵਾ ਲੈਣ ਦੀ ਇੱਛਾ ਰੱਖਦੇ ਹਨ। ਆਖੰਡ ਕੀਰਤਨੀ ਜਥੇ ਦੇ ਮੁੱਖ ਬੁਲਾਰੇ ਆਰ.ਪੀ.



ਸਿੰਘ ਨੇ ਹਵਾਰੇ ਨਾਲ ਇਸ ਮਾਮਲੇ 'ਤੇ ਇਕ ਮਹੀਨੇ ਵਿਚ ਤਿੰਨ ਮੀਟਿੰਗਾਂ ਕੀਤੀਆਂ ਸਨ।

# ਸਿੱਖ ਆਗੂਆਂ ਦੀ ਪਿੱਠ 'ਤੇ ਆਏ ਵਕੀਲ

**ਚੰਡੀਗੜ੍ਹ:** ਪੰਜਾਬ ਤੇ ਚੰਡੀਗੜ੍ਹ ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਵਕੀਲਾਂ ਨੇ ਦੋਸ਼ ਲਾਇਆ ਕਿ ਬਾਦਲ ਸਰਕਾਰ ਨੇ ਸਰਬੱਤ ਖਾਲਸੇ ਨਾਲ ਸਬੰਧਤ ਸਿੱਖ ਆਗੂਆਂ ਵਿਰੁੱਧ ਦੇਸ਼ ਧਰੋਹ ਦੇ ਕੇਸ ਦਰਜ ਕਰ ਕੇ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਹਨ। ਵਕੀਲਾਂ ਨੇ ਬਾਦਲ ਸਰਕਾਰ ਦੀ ਇਸ ਕਾਰਵਾਈ ਵਿਰੁੱਧ ਪੰਜਾਬ ਭਰ ਵਿਚ ਮੁਹਿੰਮ ਛੇੜਨ ਦਾ ਐਲਾਨ ਕੀਤਾ ਹੈ। ਪੰਜਾਬ ਤੇ ਚੰਡੀਗੜ੍ਹ ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਵਕੀਲਾਂ ਦੀ ਮੀਟਿੰਗ ਸੀਨੀਅਰ ਐਡਵੋਕੇਟ ਅਮਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ। ਵਕੀਲਾਂ ਨੇ ਕਿਹਾ ਕਿ ਸਰਕਾਰ ਨੇ ਸਿੱਖ ਆਗੂਆਂ ਵਿਰੁੱਧ ਦੇਸ਼ ਧਰੋਹ ਦੇ ਕੇਸ ਦਰਜ ਕਰ ਕੇ ਗੈਰ-ਸੰਵਿਧਾਨਿਕ ਕਾਰਵਾਈ ਕੀਤੀ ਹੈ। ਸਰਬੱਤ ਖਾਲਸਾ ਵਿਚ ਪ੍ਰਬੰਧਕਾਂ ਨੇ ਆਪਣੇ ਜਮਹੂਰੀ ਅਧਿਕਾਰਾਂ ਦੀ ਵਰਤੋਂ ਕੀਤੀ ਹੈ।

# ਪੰਜਾਬ ਵਿਚ ਵਰ੍ਹਿਆਂ ਬਾਅਦ ਮੁੜ 'ਕਾਲੀ' ਰਹੀ ਦੀਵਾਲੀ

**ਚੰਡੀਗੜ੍ਹ:** ਬਹੁਤੇ ਲੋਕਾਂ ਨੂੰ ਪੰਜਾਬ ਵਿਚ ਇਸ ਵਾਰ ਦੀਵਾਲੀ, ਵਰ੍ਹਿਆਂ ਪਹਿਲਾਂ ਦੇ ਕਾਲੇ ਦੌਰ ਦੀ ਯਾਦ ਤਾਜ਼ਾ ਕਰਵਾ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਗੋਲੀਕਾਂਡ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਤੇ ਕਿਸਾਨਾਂ ਨੂੰ ਝੋਨੇ ਦੀ ਅਦਾਇਗੀ ਨਾ ਹੋਣ ਕਾਰਨ ਇਸ ਵਾਰ ਦੀਵਾਲੀ 'ਦੀਵਿਆਂ ਵਾਲੀ' ਨਾ ਹੋ ਸਕੀ।


ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ ਪੰਜਾਬ ਦੇ ਗੁਰਦੁਆਰਿਆਂ ਵਿਚ ਦੀਪਮਾਲਾ ਤੇ ਸਾਜੋ-ਸਜਾਵਟ ਨਹੀਂ ਕੀਤੀ ਗਈ, ਬਲਕਿ ਅਨੇਕਾਂ ਗੁਰਦੁਆਰਿਆਂ ਬਾਹਰ ਰੋਸ ਵਜੋਂ ਕਾਲੇ ਝੰਡੇ ਲੱਗੇ ਨਜ਼ਰ ਆਏ। ਜਾਣਕਾਰਾਂ ਅਨੁਸਾਰ ਪੰਜਾਬ ਵਿਚ ਕਿਸੇ ਵੇਲੇ ਕਾਲੇ ਦੌਰ ਦੌਰਾਨ ਅਜਿਹਾ ਨਜ਼ਰ ਆਇਆ ਸੀ। ਚੇਤੇ ਰਹੇ ਕਿ ਪੰਜਾਬ ਦੇ ਹਾਲੀਆ



ਘਟਨਾਕ੍ਰਮਾਂ ਨੂੰ ਲੈ ਕੇ ਪੰਥਕ ਜਥੇਬੰਦੀਆਂ ਨੇ ਕੌਮ ਨੂੰ ਕਾਲੀ ਦੀਵਾਲੀ ਦਾ ਸੱਦਾ ਦਿੱਤਾ ਹੋਇਆ ਸੀ ਤੇ ਸ਼੍ਰੋਮਣੀ ਕਮੇਟੀ ਨੇ ਵੀ ਕੌਮ ਨੂੰ ਇਸ ਵਾਰ ਦੀਪਮਾਲਾ ਜਾਂ ਰੌਸ਼ਨੀ ਨਾ ਕਰਨ ਦਾ ਸੱਦਾ ਦਿੱਤਾ ਸੀ। ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿਚ ਵੀ ਕਾਲੀ ਦੀਵਾਲੀ ਦੇ ਸੱਦੇ ਦਾ ਅਸਰ ਨਜ਼ਰ ਆਇਆ ।

# ਸਰਬੱਤ ਖਾਲਸਾ ਦੇ ਫੈਸਲਿਆਂ ਉਤੇ ਅੰਤ੍ਰਿੰਗ ਕਮੇਟੀ ਨੇ ਫੇਰੀ ਲਕੀਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਵੀ ਸਰਬੱਤ ਖਾਲਸਾ ਦੇ ਫੈਸਲਿਆਂ ਉਤੇ ਲਕੀਰ ਫੇਰ ਦਿੱਤੀ ਹੈ। ਕਮੇਟੀ ਦੀ ਬੈਠਕ ਵਿਚ ਸਰਬੱਤ ਖਾਲਸਾ ਦੇ ਮਤਿਆਂ ਨੂੰ ਸਿੱਖ ਕੌਮ ਵਿਚ ਦੁਬਿਧਾ ਪੈਦਾ ਕਰਨ ਦੀ ਕੋਝੀ ਸਾਜਿਸ਼ ਕਰਾਰ ਦਿੰਦਿਆਂ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਗਿਆ। ਕਾਬਲੇਗੌਰ ਹੈ ਕਿ 10 ਨਵੰਬਰ ਨੂੰ ਸੱਦੇ ਗਏ ਸਰਬੱਤ ਖਾਲਸਾ ਤੇ ਉਸ ਮਗਰੋਂ ਬੰਦੀ ਛੋੜ ਦਿਵਸ ਮੌਕੇ ਅਕਾਲ ਤਖਤ ਵਿਖੇ ਜਥੇਦਾਰਾਂ ਦੇ ਵਿਰੋਧ ਸਣੇ ਮੌਜੂਦਾ ਪੰਥਕ ਹਾਲਾਤ 'ਤੇ ਨਜ਼ਰਸਾਨੀ ਲਈ ਅੰਤ੍ਰਿੰਗ ਕਮੇਟੀ ਦੀ ਬੈਠਕ ਕੀਤੀ ਗਈ।




## ਕਾਂਗਰਸ ਨੇ ਸਿੱਖ ਵਿਰੋਧੀ ਸੋਚ ਨਹੀਂ ਬਦਲੀ: ਮੱਕੜ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਪੰਜਾਬ ਦੀ ਸੱਤਾ ਵਿਚੋਂ ਲਗਾਤਾਰ ਬਾਹਰ ਰਹਿਣ ਤੋਂ ਬਾਅਦ ਹੁਣ ਕਾਂਗਰਸੀਆਂ ਨੇ ਇਕ ਵਾਰ ਫਿਰ ਸੂਬੇ ਵਿਚ ਸ਼ਾਂਤੀ ਭੰਗ ਕਰਨ ਦੀ ਕੋਝੀ ਕੋਸ਼ਿਸ਼ ਕੀਤੀ, ਜੋ ਸਮਾਂ ਰਹਿੰਦੇ ਬੇਨਕਾਬ ਹੋ ਗਈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਤੇ ਅਕਾਲ ਤਖਤ ਸਾਹਿਬ ਨੂੰ ਸਮਰਪਤ ਕੌਮ ਨੂੰ ਗੁਮਰਾਹ ਕਰਨ ਵਾਲੇ ਕਾਂਗਰਸੀ ਆਗੂਆਂ ਤੇ ਆਪਣੇ ਆਪ ਨੂੰ ਪੰਥ ਦੇ ਰਖਵਾਲੇ ਦੱਸਣ ਵਾਲਿਆਂ ਦੀਆਂ ਟੈਲੀਫੋਨਾਂ ਉਤੇ ਹੋਈਆਂ



ਗੱਲਾਂ ਨਸ਼ਰ ਹੋਣ ਨਾਲ ਜਿਥੇ ਕਾਂਗਰਸ ਪਾਰਟੀ ਦਾ ਕਿਰਦਾਰ ਸਾਹਮਣੇ ਆ ਗਿਆ ਹੈ, ਉਥੇ ਪੰਜਾਬ ਦੇ ਲੋਕਾਂ ਨੂੰ ਵੀ ਕਾਂਗਰਸ ਦੀਆਂ ਚਾਲਾਂ ਬਾਰੇ ਪਤਾ ਲੱਗ ਗਿਆ ਹੈ।

# ਬੰਦੀ ਛੋੜ ਦਿਵਸ 'ਤੇ ਹੁੱਲੜਬਾਜ਼ੀ ਦਾ ਮਾਮਲਾ ਭਖਿਆ

### ਸ਼੍ਰੋਮਣੀ ਕਮੇਟੀ ਦੀ ਚੁੱਪ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਮੌਕੇ ਸੰਗਤ ਵਿਚ ਸ਼ਾਮਲ ਕੁਝ ਨੌਜਵਾਨਾਂ ਵੱਲੋਂ ਤਲਵਾਰਾਂ ਲਹਿਰਾਉਣ ਤੇ ਨਾਅਰੇ ਲਾਉਣ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਸਵਾਲ ਉਠਾਇਆ ਕਿ ਇਹ ਨੌਜਵਾਨ ਕਿਸ ਦੇ ਕਹਿਣ ਉਤੇ ਤੇ ਕੌਣ ਲੈ ਕੇ ਆਇਆ ਸੀ। ਦੱਸਣਯੋਗ ਹੈ ਕਿ ਬੰਦੀ ਛੋੜ ਦਿਵਸ ਮੌਕੇ ਕੁਝ ਪਤਿਤ ਨੌਜਵਾਨਾਂ ਨੇ ਹੁੜਦੰਗ ਮਚਾਇਆ ਸੀ। ਇਸੇ ਦੌਰਾਨ ਇਕ ਵਿਅਕਤੀ ਨੇ ਤੋਸ਼ਾਖਾਨਾ ਤੋੜਨ ਦਾ ਵੀ ਯਤਨ ਕੀਤਾ ਸੀ। ਜਦਕਿ ਦੂਜੇ ਪਾਸੇ ਉਸੇ ਵੇਲੇ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਅਕਾਲ ਤਖਤ ਦੇ ਜਥੇਦਾਰ ਦਾ ਵਿਰੋਧ ਕਰਦਿਆਂ ਕਾਲੀਆਂ ਝੰਡੀਆਂ ਦਿਖਾਈਆਂ ਜਾ ਰਹੀਆਂ ਸਨ ਤੇ ਨਾਅਰੇਬਾਜ਼ੀ ਕੀਤੀ ਜਾ ਰਹੀ ਸੀ।

ਉਸ ਵੇਲੇ ਦੋਵੇਂ ਧੜਿਆਂ ਵਿਚਾਲੇ ਟਕਰਾਅ ਦੀ ਸੰਭਾਵਨਾ ਬਣ ਗਈ ਸੀ। ਇਸ ਤੋਂ ਬਾਅਦ ਦਰਬਾਰ ਸਾਹਿਬ ਸਮੂਹ ਸਥਿਤ ਸਰਾਵਾਂ ਵਿਚੋਂ ਕੁਝ ਨੌਜਵਾਨਾਂ ਨੂੰ ਨਸ਼ੇ ਦੀ ਹਾਲਤ ਵਿਚ ਵੀ ਕਾਬੂ ਕੀਤਾ ਗਿਆ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਵੱਲੋਂ ਪੁਲਿਸ ਹਵਾਲੇ ਕਰ ਦਿੱਤਾ ਗਿਆ ਸੀ। ਬਾਅਦ ਵਿਚ ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਇਨ੍ਹਾਂ ਦਾ ਸਬੰਧ ਇਕ ਸ਼੍ਰੋਮਣੀ ਕਮੇਟੀ ਮੈਂਬਰ ਨਾਲ ਦੱਸਿਆ ਗਿਆ ਹੈ। ਇਸ ਮਾਮਲੇ ਨੂੰ ਉਭਾਰਦਿਆਂ ਅੰਤ੍ਰਿੰਗ ਕਮੇਟੀ ਮੈਂਬਰ ਸ. ਪੰਜੋਲੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਿੱਖ ਪੰਥ ਨੂੰ ਸਪਸ਼ਟ ਕਰਨ ਕਿ ਇਹ ਵਿਅਕਤੀ ਜੋ ਕਿ ਅਪਰਾਧੀ ਬਿਰਤੀ ਵਾਲੇ ਸਨ, ਕੌਣ ਸਨ, ਕੌਣ ਲੈ ਕੇ ਆਇਆ ਸੀ ਅਤੇ ਕਿਸ ਦੇ ਕਹਿਣ ਉਤੇ ਆਏ ਸਨ। ਇਸੇ ਤਰ੍ਹਾਂ ਇਨ੍ਹਾਂ ਨੂੰ ਸਰਾਵਾਂ ਵਿਚ ਕਮਰੇ ਕਿਸ ਦੇ ਕਹਿਣ ਉਤੇ ਦਿੱਤੇ ਗਏ। ਉਨ੍ਹਾਂ ਆਖਿਆ ਕਿ ਇਨ੍ਹਾਂ ਨੇ ਸ਼ਰਾਬ ਪੀ ਕੇ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਹੈ। ਇਸ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਨੂੰ ਕਾਰਵਾਈ ਕਰਨੀ ਚਾਹੀਦੀ ਸੀ, ਪਰ ਉਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਆਖਿਆ ਕਿ ਇਹ ਵੀ ਸਪਸ਼ਟ ਕੀਤਾ ਜਾਵੇ ਕਿ ਜਥੇਦਾਰ ਵੱਲੋਂ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਦਲ ਖਾਲਸਾ ਦੇ ਪ੍ਰਧਾਨ ਐਚ.ਐਸ. ਧਾਮੀ ਤੇ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਬੰਦੀ ਛੋੜ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੁਝ ਬੰਦੇ ਲਿਆਂਦੇ ਗਏ ਸਨ, ਜਿਨ੍ਹਾਂ ਨੇ ਤਲਵਾਰਾਂ ਲਹਿਰਾਈਆਂ ਤੇ ਰੌਲਾ ਰੱਪਾ ਪਾਇਆ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰ ਦਾ ਵਿਰੋਧ ਕਰਨ ਲਈ ਆਈਆਂ ਸਿੱਖ ਜਥੇਬੰਦੀਆਂ ਖਿਲਾਫ ਇਨ੍ਹਾਂ ਬੰਦਿਆਂ ਨੂੰ ਲਿਆਂਦਾ ਗਿਆ ਸੀ।

## ਬੰਦੀ ਛੋੜ ਦਿਵਸ ਘਟਨਾ ਬਾਰੇ ਜਾਂਚ ਕਮੇਟੀ ਬਣਾਈ

**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਸਮੇਂ ਹਰਿਮੰਦਰ ਸਾਹਿਬ ਕੰਪਲੈਕਸ ਵਿਚਲੀਆਂ ਘਟਨਾਵਾਂ ਤੇ ਇਸ ਵਿਚ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਨਿਭਾਈ ਭੂਮਿਕਾ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਮੈਂਬਰੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ 15 ਦਿਨਾਂ ਵਿਚ ਆਪਣੀ ਰਿਪੋਰਟ ਦੇਵੇਗੀ। ਪ੍ਰਦਰਸ਼ਨਕਾਰੀਆਂ ਵੱਲੋਂ ਜਥੇਦਾਰ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਗਈਆਂ ਸਨ। ਦੂਜੇ ਪਾਸੇ ਇਕ ਧੜੇ ਵੱਲੋਂ ਕਿਰਪਾਨਾਂ ਲਹਿਰਾਈਆਂ ਗਈਆਂ ਸਨ। ਬਾਅਦ ਵਿਚ ਇਹ ਵਿਅਕਤੀ ਨਸ਼ੇ ਦੀ ਹਾਲਤ ਵਿਚ ਸਰਾਂ ਵਿਚੋਂ ਸੰਗਤਾਂ ਨੇ ਕਾਬੂ ਕਰ ਕੇ ਸ਼੍ਰੋਮਣੀ ਕਮੇਟੀ ਦੇ ਹਵਾਲੇ ਕੀਤੇ ਸਨ। ਪੁਲਿਸ ਵੱਲੋਂ ਇਨ੍ਹਾਂ ਨੂੰ ਇਸ ਕਰਕੇ ਛੱਡ ਦਿੱਤਾ ਗਿਆ ਕਿਉਂਕਿ ਇਹ ਵਿਅਕਤੀ ਇਕ ਪ੍ਰਭਾਵਸ਼ਾਲੀ ਸ਼੍ਰੋਮਣੀ ਕਮੇਟੀ ਮੈਂਬਰ ਨਾਲ ਸਬੰਧਤ ਸਨ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੀ.ਬੀ.ਆਈ. ਨੇ ਪਾਵਨ ਬੀੜਾਂ ਦੀ ਬੇਅਦਬੀ ਬਾਰੇ ਜਾਂਚ ਸੰਭਾਲੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਫ਼ਰੀਦਕੋਟ ਦੇ ਪਿੰਡ ਬਰਗਾੜੀ ਤੋਂ ਜੂਨ 2015 ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਗੁਰਦੁਆਰੇ ਵਿਚੋਂ ਹੋਈ ਚੋਰੀ ਅਤੇ ਉਸ ਤੋਂ ਬਾਅਦ ਪਿੰਡ ਬਰਗਾੜੀ ਵਿਖੇ ਬੇਅਦਬੀ ਦੀ ਵਾਪਰੀ ਘਟਨਾ ਅਤੇ ਇਸ ਦੇ ਵਿਰੋਧ ਵਿਚ ਕੋਟਕਪੂਰਾ ਵਿਖੇ ਧਰਨੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਨੂੰ ਦੁਬਾਰਾ ਪੁਲਿਸ ਦੋਸ਼ ਅਨੁਸਾਰ ਗਾਇਬ ਕਰਨ ਦੀਆਂ ਘਟਨਾਵਾਂ ਵਿਚ ਦਰਜ 3 ਪੁਲਿਸ ਕੇਸਾਂ ਵਿਚ ਜਾਂਚ ਦਾ ਕੰਮ ਸੀ.ਬੀ.ਆਈ. ਵੱਲੋਂ ਆਪਣੇ ਹੱਥਾਂ ਵਿਚ ਲੈ ਲਿਆ ਗਿਆ ਅਤੇ ਇਸ ਸਬੰਧੀ ਸੀ.ਬੀ.ਆਈ. ਵੱਲੋਂ ਰੈਗੂਲਰ ਕੇਸ ਦਰਜ ਕਰ ਕੇ ਜਾਂਚ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ, ਪੰਜਾਬ ਪੁਲਿਸ ਵੱਲੋਂ ਇਨ੍ਹਾਂ ਕੇਸਾਂ ਵਿਚ ਹੁਣ ਤੱਕ ਕੀਤੀ ਗਈ ਜਾਂਚ ਦਾ ਰਿਕਾਰਡ ਸੀ.ਬੀ.ਆਈ. ਹਵਾਲੇ ਕੀਤਾ ਜਾ ਰਿਹਾ ਹੈ ਅਤੇ ਸੀ.ਬੀ.ਆਈ. ਦੀ ਟੀਮ ਫ਼ਰੀਦਕੋਟ ਜਾ ਕੇ ਜਾਂਚ ਦਾ ਕੰਮ ਸ਼ੁਰੂ ਕਰੇਗੀ।

ਵਰਨਣਯੋਗ ਹੈ ਕਿ ਬਾਜਾਖਾਨਾ ਪੁਲਿਸ ਸਟੇਸ਼ਨ ਵਿਖੇ 2 ਜੂਨ, 2015 ਨੂੰ ਬਰਗਾੜੀ ਪਿੰਡ ਦੇ ਗੁਰਦੁਆਰੇ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਸਬੰਧੀ ਐਫ.ਆਈ.ਆਰ. ਨੰਬਰ 63 ਦਰਜ ਕੀਤੀ ਗਈ ਸੀ, ਜਦੋਂਕਿ ਇਸ ਪਿੰਡ ਵਿਚ ਇਸ਼ਤਿਹਾਰ ਲਗਾਉਣ ਸਬੰਧੀ 25 ਸਤੰਬਰ, 2015 ਨੂੰ ਐਫ.ਆਈ.ਆਰ. ਨੰਬਰ 117 ਦਰਜ ਹੋਈ। ਇਸ ਤੋਂ ਬਾਅਦ 12 ਅਕਤੂਬਰ, 2015 ਨੂੰ ਬਰਗਾੜੀ ਵਿਖੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਗੁਰਦੁਆਰੇ ਨੇੜੇ ਖਿਲਾਰੇ ਜਾਣ ਅਤੇ ਉਸ ਤੋਂ ਬਾਅਦ ਇਨ੍ਹਾਂ ਪੰਨਿਆਂ ਨੂੰ ਕਬਜ਼ੇ ਆਦਿ ਵਿਚ ਲੈਣ ਨੂੰ ਲੈ ਕੇ ਵਾਪਰੀਆਂ ਘਟਨਾਵਾਂ ਸਬੰਧੀ ਐਫ.ਆਈ.ਆਰ. ਨੰਬਰ 128 ਬਾਜਾਖਾਨਾ ਪੁਲਿਸ ਥਾਣਾ ਜ਼ਿਲ੍ਹਾ ਫ਼ਰੀਦਕੋਟ ਵਿਖੇ ਹੀ ਦਰਜ ਹੋਈ ਸੀ। ਸਿੱਖ ਜਥੇਬੰਦੀਆਂ ਵੱਲੋਂ ਇਸ ਮਾਮਲੇ ਵਿਚ ਨਿਰਪੱਖ ਜਾਂਚ ਦੀ ਮੰਗ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਵੱਲੋਂ 2 ਨਵੰਬਰ ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਜਾਂਚ ਦਾ ਕੰਮ ਸੀ.ਬੀ.ਆਈ. ਹਵਾਲੇ ਕਰ ਦਿੱਤਾ ਸੀ।

## ਅਦਾਕਾਰ ਸਈਦ ਜਾਫਰੀ ਨਹੀਂ ਰਹੇ



**ਮੁੰਬਈ:** ਬਾਲੀਵੁੱਡ ਕਲਾਕਾਰ ਸਈਦ ਜਾਫ਼ਰੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਉਤੇ ਬਾਲੀਵੁੱਡ ਦੀ ਸ਼ਖ਼ਸੀਅਤਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਾਫ਼ਰੀ ਨੇ ਗਾਂਧੀ (1982), ਸ਼ਤਰੰਜ ਦੇ ਖਿਡਾਰੀ (1977), ਹਿਨਾ (1991), ਮਾਸੂਮ (1983), ਰਾਮ ਤੇਰੀ ਗੰਗਾ ਮੈਲੀ (1985) ਵਰਗੀਆਂ ਫਿਲਮਾਂ ਵਿਚ ਯਾਦਗਾਰ ਕਿਰਦਾਰ ਨਿਭਾਏ। ਉਨ੍ਹਾਂ ਸਹਿ ਕਲਾਕਾਰ ਤੇ ਲੇਖਿਕਾ ਮੇਹਰੁਨਿਮਾ (ਮਧੁਰ ਜਾਫ਼ਰੀ) ਨਾਲ ਵਿਆਹ ਕੀਤਾ ਸੀ, ਪਰ 1965 ਵਿਚ ਉਹ ਵੱਖ ਹੋ ਗਏ ਸਨ। ਸਈਦ ਨੂੰ ਥਿਏਟਰ ਵਿਚ ਉਨ੍ਹਾਂ ਦੇ ਯੋਗਦਾਨ ਲਈ 'ਆਰਡਰ ਆਫ ਬ੍ਰਿਟਿਸ਼ ਐਂਪਾਇਰ' ਨਾਲ ਨਿਵਾਜਿਆ ਗਿਆ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਾਫ਼ਰੀ ਦੇ ਦੇਹਾਂਤ 'ਤੇ ਅਫਸੋਸ ਪ੍ਰਗਟ ਕੀਤਾ।

## ਆਈ.ਐਸ. ਖਿਲਾਫ ਕਾਰਵਾਈ ਤੋਂ ਝਿਜਕਿਆ ਅਮਰੀਕਾ

**ਅੰਕਾਰਾ:** ਪੈਰਿਸ ਵਿਚ ਦਹਿਸ਼ਤੀ ਹਮਲੇ ਦੇ ਬਾਵਜੂਦ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਸੈਨਾ ਨੂੰ ਸੀਰੀਆ ਨਾ ਭੇਜਣ ਦਾ ਐਲਾਨ ਕੀਤਾ ਹੈ। ਅਮਰੀਕਾ ਵੱਲੋਂ ਸੀਰੀਆ ਵਿਚ ਸਿਰਫ ਹਵਾਈ ਹਮਲੇ ਹੀ ਕੀਤੇ ਜਾ ਰਹੇ ਹਨ ਜਦੋਂਕਿ ਜ਼ਮੀਨੀ ਹਮਲੇ ਵਿਚ ਅਮਰੀਕੀ ਸੈਨਾ ਸ਼ਾਮਲ ਨਹੀਂ ਹੈ।

ਬਰਾਕ ਓਬਾਮਾ ਨੇ ਜੀ -20 ਸੰਮੇਲਨ ਵਿਚ ਆਖਿਆ ਕਿ ਹਵਾਈ ਹਮਲੇ ਸੀਰੀਆ ਵਿਚ ਕਾਰਗਰ ਸਾਬਤ ਹੋ ਰਹੇ ਹਨ, ਅਜਿਹੇ ਵਿਚ ਜ਼ਮੀਨੀ ਸੈਨਾ ਨੂੰ ਉਥੇ ਭੇਜਣਾ ਵੱਡੀ ਭੁੱਲ ਹੋਵੇਗੀ। ਸ ਹਮਲੇ ਤੋਂ ਬਾਅਦ ਫਰਾਂਸ ਨੇ ਸੀਰੀਆ ਵਿਚ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਪੈਰਿਸ ਹਮਲੇ ਤੋਂ ਬਾਅਦ ਅਮਰੀਕਾ ਦੀ ਇਸ ਗੱਲ ਤੋਂ ਅਲੋਚਨਾ ਹੋ ਰਹੀ ਸੀ ਕਿ ਉਹ ਆਈ.ਐਸ. ਦੇ ਖਾਤਮੇ ਲਈ ਠੋਸ ਕਦਮ ਨਹੀਂ ਚੁੱਕ ਰਿਹਾ। ਤੁਰਕੀ ਵਿਚ ਜੀ-20 ਸੰਮੇਲਨ ਵਿਚ ਓਬਾਮਾ ਨੂੰ ਇਸ ਮੁੱਦੇ ਉੱਤੇ ਪੱਤਰਕਾਰਾਂ ਦੇ ਸਖਤ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਅਮਰੀਕਾ ਦੀ ਅਲੋਚਨਾ ਫਰਾਂਸ ਵਿਚ ਵੀ ਹੋਣ ਲੱਗੀ ਹੈ।

# ਪਿਉ ਮੁਆਫੀ ਤੇ ਪੁੱਤ ਟਕਰਾਅ ਦੇ ਰਾਹ

*(ਸਫਾ ਇਕ ਦੀ ਬਾਕੀ)*

ਸਿੰਘ ਬਾਦਲ ਅੱਜ ਕੱਲ੍ਹ ਪਿੰਡਾਂ ਦੇ ਸਰਪੰਚਾਂ ਨਾਲ ਸਦਭਾਵਨਾ ਬਣਾਉਣ ਵਿਚ ਜੁਟੇ ਹੋਏ ਹਨ। ਇਸੇ ਰਣਨੀਤੀ ਤਹਿਤ ਉਹ ਪਿੰਡ ਬਹਿਬਲ ਕਲਾਂ ਵਿਚ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਏ ਸਿੱਖ ਨੌਜਵਾਨਾਂ ਗੁਰਜੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਦੇ ਘਰ ਇਕ ਮਹੀਨੇ ਪਿਛੋਂ ਹਮਦਰਦੀ ਜਤਾਉਣ ਵੀ ਪੁੱਜ ਗਏ। ਉਧਰ, ਸਰਬੱਤ ਖਾਲਸਾ ਦੇ ਪ੍ਰਬੰਧਕਾਂ ਤੇ ਹਮਾਇਤੀਆਂ ਨਾਲ ਸਿੱਝਣ ਬਾਰੇ ਸਰਕਾਰ ਤੇ ਅਕਾਲੀ ਲੀਡਰਸ਼ਿਪ ਵੀ ਇਕਸੁਰ ਨਹੀਂ ਜਾਪਦੀ। ਸਰਬੱਤ ਖਾਲਸਾ ਤੋਂ ਪਹਿਲਾਂ ਮੌਜੂਦਾ ਸੰਕਟ ਨੂੰ ਹੱਲ ਕਰਨ ਲਈ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੰਭਾਲੀ ਕਮਾਨ ਹੁਣ ਫਿਰ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਚਲੀ ਗਈ ਹੈ। ਸੁਖਬੀਰ ਦੀ ਨੀਤੀ ਦੀ ਸਮੁੱਚੀ ਸੁਰ ਸਰਬੱਤ ਖਾਲਸਾ ਵਾਲਿਆਂ ਨੂੰ ਦੇਸ਼ ਧ੍ਰੋਹੀ ਤੇ ਪੰਥ ਵਿਰੋਧੀ ਗਰਦਾਨ ਕੇ ਪੰਜਾਬ ਦੇ ਅਮਨ ਲਈ ਖਤਰੇ ਦਾ ਹਊਆ ਖੜ੍ਹਾ ਕਰਨ ਵੱਲ ਸੇਧਤ ਹੈ। ਸਰਬੱਤ ਖਾਲਸਾ ਵਿਚ ਠਾਠਾਂ ਮਾਰਦਾ ਇਕੱਠ ਵੀ ਅਕਾਲੀ ਦਲ ਨੂੰ ਰੜਕ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਇਕੱਠ ਨੂੰ ਅਸਫਲ ਕਰਨ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ ਸੀ। ਸੁਖਬੀਰ ਨੇ ਪੰਜਾਬ ਵਿਚ ਤਕਰੀਬਨ ਹਰ ਡੇਰੇ ਉਤੇ ਜਾ ਕੇ ਸਮਾਗਮ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਸੀ, ਪਰ ਇਸ ਦੇ ਬਾਵਜੂਦ ਵੱਡਾ ਇਕੱਠ ਹੋਇਆ ਜੋ ਅਕਾਲੀ ਦਲ ਨੂੰ ਹਜ਼ਮ ਨਹੀਂ ਹੋ ਰਿਹਾ।

ਸੀਨੀਅਰ ਅਕਾਲੀ ਆਗੂ ਭਾਵੇਂ ਖੁੱਲ੍ਹ ਕੇ ਗੱਲ ਕਰਨ ਤੋਂ ਗੁਰੇਜ਼ ਕਰ ਰਹੇ ਹਨ, ਪਰ ਉਹ ਲੀਡਰਸ਼ਿਪ ਵੱਲੋਂ ਲਏ ਜਾ ਰਹੇ ਪੈਂਤੜਿਆਂ ਤੋਂ ਖੁਸ਼ ਨਹੀਂ ਹਨ। ਕਈ ਆਗੂ ਇਹ ਆਖ ਰਹੇ ਹਨ ਕਿ ਸੰਕਟ ਦੀ ਇਸ ਘੜੀ ਵਿਚ ਅਗਵਾਈ ਪ੍ਰਕਾਸ਼ ਸਿੰਘ ਬਾਦਲ ਨੂੰ ਸੰਭਾਲਣੀ ਚਾਹੀਦੀ ਹੈ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਇਸ ਸੰਕਟ ਨਾਲ ਨਜਿੱਠ ਸਕਣਾ ਸੁਖਬੀਰ ਦੇ ਵੱਸ ਦਾ ਰੋਗ ਨਹੀਂ। ਦੱਸਿਆ ਜਾ ਰਿਹਾ ਹੈ ਕਿ ਸੁਖਬੀਰ ਸਰਬੱਤ ਖਾਲਸਾ ਉਤੇ ਰੋਕ ਲਗਾਉਣ ਲਈ ਕਾਹਲੇ ਸਨ, ਪਰ ਸੀਨੀਅਰ ਅਕਾਲੀ ਆਗੂਆਂ ਤੇ ਕਈ ਪੁਲਿਸ ਅਧਿਕਾਰੀਆਂ ਦੀ ਸਹਿਮਤੀ ਨਾ ਹੋਣ ਕਾਰਨ ਰੋਕ ਨਹੀਂ ਲਾਈ ਗਈ। ਯਾਦ ਰਹੇ ਕਿ ਹਾਕਮ ਧਿਰ ਨੇ 23 ਨਵੰਬਰ ਤੋਂ ਸੂਬੇ ਵਿਚ ਸਦਭਾਵਨਾ ਰੈਲੀਆਂ ਦੇ ਨਾਂ 'ਤੇ ਸ਼ਕਤੀ ਪ੍ਰਦਰਸ਼ਨ ਦੀ ਰਣਨੀਤੀ ਉਲੀਕੀ ਹੋਈ ਹੈ, ਪਰ ਸੀ.ਬੀ.ਆਈ. ਦੇ ਕੇਸਾਂ ਵਿਚ ਘਿਰੀ ਪਰਲਜ਼ ਕੰਪਨੀ ਤੋਂ 100 ਏਕੜ ਜ਼ਮੀਨ ਲੈਣ ਦੇ ਵਿਵਾਦ ਕਾਰਨ ਪਾਰਟੀ ਨੂੰ ਨਮੋਸ਼ੀ ਝੱਲਣੀ ਪਈ ਹੈ। ਸਰਬੱਤ ਖਾਲਸਾ ਪ੍ਰਬੰਧਕਾਂ ਨੇ ਆਪਣੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਮੰਤਰੀਆਂ ਤੇ ਅਕਾਲੀਆਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚ ਜਾਣ ਸਮੇਂ ਕਾਲੀਆਂ ਝੰਡੀਆਂ ਦਿਖਾਉਣ ਤੇ ਘਿਰਾਓ ਕਰਨ ਦਾ ਸੱਦਾ ਦਿੱਤਾ ਹੋਇਆ ਹੈ।

### ਨਵੇਂ ਜਥੇਦਾਰਾਂ ਨੂੰ ਪਾਇਆ ਚੁਫੇਰਿਓਂ ਘੇਰਾ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਤੇ ਕੁਝ ਆਗੂਆਂ ਨੂੰ ਪੰਜਾਬ ਸਰਕਾਰ ਨੇ ਚੁਫੇਰਿਓਂ ਘੇਰ ਲਿਆ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸਤਨਾਮ ਸਿੰਘ ਮਨਾਵਾਂ ਤੇ ਹੋਰਨਾਂ ਉਤੇ ਇਕ ਹੋਰ ਨਵਾਂ ਕੇਸ ਦਰਜ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਬੰਦੀ ਛੋੜ ਦਿਵਸ ਮੌਕੇ ਇਨ੍ਹਾਂ ਆਗੂਆਂ ਨੇ ਤਲਵਾਰਾਂ ਲਹਿਰਾਉਣ ਤੇ ਦਰਸ਼ਨੀ ਡਿਓਢੀ ਉਤੇ ਚੜ੍ਹ ਕੇ ਤੋਸ਼ੇਖਾਨੇ ਦਾ ਦਰਵਾਜ਼ਾ ਤੋੜਨ ਵਾਲਿਆਂ ਦੀ ਅਗਵਾਈ ਕੀਤੀ ਸੀ। ਇਸ ਤੋਂ ਪਹਿਲਾਂ ਇਨ੍ਹਾਂ ਆਗੂਆਂ 'ਤੇ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕੀਤਾ ਹੋਇਆ ਹੈ।

# ਭਾਰਤ ਵਿਚ ਨਵੀਂ ਸਿਆਸੀ ਸਫ਼ਬੰਦੀ

*(ਸਫਾ ਇਕ ਦੀ ਬਾਕੀ)*

ਬਾਰੇ ਚਰਚਾ ਕੀਤੀ ਜਾ ਰਹੀ ਹੈ। ਸੂਬੇ ਵਿਚ ਕਾਂਗਰਸ ਇਸ ਪਾਸੇ ਸਭ ਤੋਂ ਵੱਧ ਸਰਗਰਮੀ ਵਿਖਾ ਰਹੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਹਮਖਿਆਲੀ ਪਾਰਟੀਆਂ ਨਾਲ ਚੋਣ ਗੱਠਜੋੜ ਲਈ ਪਾਰਟੀ ਦੇ ਦਰਵਾਜ਼ੇ ਖੁੱਲ੍ਹੇ ਹੋਣ ਦੀ ਹਾਮੀ ਭਰੀ ਹੈ। ਇਨ੍ਹਾਂ ਆਗੂਆਂ ਦਾ ਦਾਅਵਾ ਹੈ ਕਿ ਪਾਰਟੀ ਹਾਈਕਮਾਨ ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਉਣ ਲਈ ਧਰਮ ਨਿਰਪੱਖ ਪਾਰਟੀਆਂ ਦਾ ਗੱਠਜੋੜ ਬਣਾਉਣ ਲਈ ਤਿਆਰ ਹੈ। ਕਾਂਗਰਸ ਪਾਰਟੀ ਪੰਜਾਬ ਵਿਚ ਸੀ.ਪੀ.ਆਈ. ਤੇ ਸੀ.ਪੀ.ਐਮ. ਨਾਲ ਗੱਠਜੋੜ ਕਰ ਕੇ ਚੋਣਾਂ ਲੜਦੀ ਰਹੀ ਹੈ ਤੇ ਪਿਛਲੀਆਂ ਲੋਕ ਸਭਾ ਚੋਣਾਂ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਗੱਠਜੋੜ ਤਹਿਤ ਲੜੀਆਂ ਸਨ। ਇਸ ਵਾਰ ਬਹੁਜਨ ਸਮਾਜ ਪਾਰਟੀ ਸਣੇ ਹੋਰ ਪਾਰਟੀਆਂ ਨਾਲ ਗੱਲਬਾਤ ਕੀਤੀ ਜਾਵੇਗੀ। ਇਨ੍ਹਾਂ ਆਗੂਆਂ ਦਾ ਇਹ ਵੀ ਦਾਅਵਾ ਹੈ ਕਿ ਇਸ ਵਾਰ ਮੁੱਖ ਟੱਕਰ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚਾਲੇ ਹੋਵੇਗੀ ਅਤੇ ਸ਼੍ਰੋਮਣੀ ਅਕਾਲੀ ਤਾਂ ਦੌੜ ਵਿਚੋਂ ਬਾਹਰ ਹੋਵੇਗਾ। ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਬਿਹਾਰ ਤੇ ਪੰਜਾਬ ਦੀ ਸਥਿਤੀ ਕਾਫੀ ਫਰਕ ਹੈ ਤੇ ਪੰਜਾਬ ਵਿਚ ਮਹਾਗੱਠਜੋੜ ਬਣਾਉਣ ਲਈ ਕਾਂਗਰਸ ਪਾਰਟੀ ਦੀ ਮੋਹਰੀ ਭੂਮਿਕਾ ਹੋਵੇਗੀ ਜਦੋਂ ਬਿਹਾਰ ਵਿਚ ਪਾਰਟੀ ਦੀ ਦੂਜੀ ਕਤਾਰ ਵਾਲੀ ਪਾਰਟੀ ਦੀ ਭੂਮਿਕਾ ਸੀ। ਯਾਦ ਰਹੇ ਕਿ ਬਿਹਾਰ ਵਿਧਾਨ ਸਭਾ ਦੀਆਂ 243 ਸੀਟਾਂ ਵਿਚੋਂ ਜਨਤਾ ਦਲ (ਯੂ)-ਆਰ.ਜੇ.ਡੀ.-ਕਾਂਗਰਸ ਦੇ ਮਹਾਗੱਠਜੋੜ ਨੂੰ 178 ਸੀਟਾਂ ਮਿਲੀਆਂ। ਮੋਦੀ ਧਿਰ ਨੇ ਇਨ੍ਹਾਂ ਚੋਣਾਂ ਵਿਚ ਹਰ ਹਰਬਾ ਵਰਤਿਆ ਸੀ, ਪਰ ਭਾਜਪਾ ਨੂੰ ਸਿਰਫ 53 ਸੀਟਾਂ ਹੀ ਮਿਲ ਸਕੀਆਂ ਸਨ।

# ਦੀਨਾਨਗਰ ਹਮਲੇ ਬਾਰੇ ਹੁਣ ਐਨ.ਆਈ.ਏ. ਕਰੇਗੀ ਜਾਂਚ

**ਦੀਨਾਨਗਰ (ਗੁਰਦਾਸਪੁਰ):** ਕੇਂਦਰੀ ਗ੍ਰਹਿ ਮੰਤਰਾਲੇ ਨੇ ਦੀਨਾਨਗਰ ਥਾਣੇ ਉਤੇ ਹੋਏ ਅਤਿਵਾਦੀ ਹਮਲੇ ਦੀ ਪੜਤਾਲ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਸੌਂਪਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਪੰਜਾਬ ਪੁਲਿਸ ਅਤੇ ਪ੍ਰਸ਼ਾਸਨਿਕ ਅਫ਼ਸਰਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ ਕਿਉਂਕਿ ਕਈ ਅਫ਼ਸਰਾਂ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿਚ ਹੈ। ਇਸ ਫੈਸਲੇ ਬਾਰੇ ਗੁਰਦਾਸਪੁਰ ਪੁਲਿਸ ਨੂੰ ਅਜੇ ਤਕ ਅਧਿਕਾਰਤ ਤੌਰ 'ਤੇ ਕੋਈ ਸੂਚਨਾ ਨਹੀਂ ਮਿਲੀ ਹੈ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਐਨ.ਆਈ.ਏ. ਜਲਦੀ ਪੜਤਾਲ ਸ਼ੁਰੂ ਕਰ ਰਹੀ ਹੈ। ਯਾਦ ਰਹੇ ਕਿ ਇਸ ਸਮੇਂ ਆਈ.ਪੀ.ਐਸ. ਅਫਸਰ ਅਖਿਲ ਚੌਧਰੀ ਦੀ ਅਗਵਾਈ ਵਾਲੀ ਟੀਮ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਹਮਲੇ ਨੂੰ ਚਾਰ ਮਹੀਨੇ ਲੰਘ ਗਏ ਹਨ ਪਰ ਅਜੇ ਤਕ ਪੁਲਿਸ ਦੇ ਪੱਲੇ ਕੁਝ ਨਹੀਂ ਪਿਆ ਹੈ। ਸੂਤਰਾਂ ਮੁਤਾਬਕ ਐਨ.ਆਈ.ਏ. ਜਾਂਚ ਇਸ ਗੱਲ 'ਤੇ ਕੇਂਦਰਿਤ ਹੋਵੇਗੀ ਕਿ ਮੁਲਕ ਦੀ ਸੁਰੱਖਿਆ ਦਾਅ 'ਤੇ ਲੱਗੀ ਹੋਣ ਦੇ ਬਾਵਜੂਦ ਫ਼ੌਜ ਨੂੰ ਅਪਰੇਸ਼ਨ ਦੀ ਕਮਾਂਡ ਕਿਉਂ ਨਹੀਂ ਸੰਭਾਲਣ ਦਿੱਤੀ ਗਈ। ਇਸ ਤੋਂ ਇਲਾਵਾ ਅਤਿਵਾਦੀਆਂ ਦੇ ਭਾਰਤ ਵਿਚ ਦਾਖ਼ਲੇ ਬਾਰੇ ਵੀ ਜਾਂਚ ਕੀਤੀ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## Matrimonial

### ਕੰਨਿਆ ਦੀ ਲੋੜ ਹੈ

Ghumiyar Sikh (Amritdhari), Engineer, Work Visa Holder, Living in Houston (USA), Age 27, Height 5'-7". Looking For well educated, US/Canadian Citizen girl. Contact: Ph. 281-253-3743 jasvirk.7812@gmail.com
43-46

Looking a match for a turbaned Saini Sikh, 27, computer Engineer, working in Canada after higher studies. Girl from USA or Canada will be preferred. Contact, Ph: 510-557-6988 or raj@gfbontime.com
43-46

ਪੜ੍ਹੇ ਲਿਖੇ ਚੰਗੇ ਖਾਨਦਾਨ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇਛੁੱਕ ਹੋਣੇ। ਸੰਪਰਕ ਕਰੋ, ਫੋਨ: 510-695-4836

**Punjab Times**
**Our New E-mail**
***Punjabtimes1@gmail.com***
*Visit us on the web:*
***punjabtimesusa.com***

## ਸੰਯੁਕਤ ਰਾਸ਼ਟਰ ਕੋਲ ਪੁੱਜਾ ਭਾਰਤ ਨੇਪਾਲ ਸਰਹੱਦ ਨਾਕਾਬੰਦੀ ਦਾ ਮੁੱਦਾ

**ਕਾਠਮੰਡੂ:** ਨੇਪਾਲ ਵਿਚ ਜ਼ਰੂਰੀ ਸਾਮਾਨ ਦੀ ਕਿੱਲਤ ਦਾ ਮੁੱਦਾ ਸੰਯੁਕਤ ਰਾਸ਼ਟਰ ਵਿਚ ਵੀ ਪਹੁੰਚ ਚੁੱਕਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਬਾਨ ਕੀ ਮੂਨ ਨੇ ਆਖਿਆ ਹੈ ਕਿ ਭਾਰਤ-ਨੇਪਾਲ ਸੀਮਾ ਉੱਤੇ ਨਾਕਾਬੰਦੀ ਤੁਰਤ ਖਤਮ ਹੋਣੀ ਚਾਹੀਦੀ ਹੈ। ਭਾਰਤ ਵੱਲੋਂ ਜ਼ਰੂਰੀ ਸਾਮਾਨ ਨੇਪਾਲ ਵਿਚ ਸਪਲਾਈ ਨਹੀਂ ਹੋ ਰਿਹਾ। ਨੇਪਾਲ ਦਾ ਦੋਸ਼ ਹੈ ਕਿ ਭਾਰਤ ਅਜਿਹਾ ਜਾਣਬੁੱਝ ਕੇ ਕਰ ਰਿਹਾ ਹੈ।

ਦੂਜੇ ਪਾਸੇ ਭਾਰਤ ਦਾ ਕਹਿਣਾ ਹੈ ਕਿ ਨੇਪਾਲ ਵਿਚ ਲਾਗੂ ਕੀਤੇ ਗਏ ਨਵੇਂ ਸੰਵਿਧਾਨ ਤੇ ਮਧੇਸ਼ੀ ਅੰਦੋਲਨ ਕਾਰਨ ਸਾਮਾਨ ਨੇਪਾਲ ਵਿਚ ਪਹੁੰਚ ਨਹੀਂ ਪਾ ਰਿਹਾ। ਪ੍ਰਦਰਸ਼ਨਕਾਰੀ ਭਾਰਤੀ ਟਰੱਕਾਂ ਨੂੰ ਨੇਪਾਲ ਵਿਚ ਦਾਖਲ ਨਹੀਂ ਹੋਣ ਦੇ ਰਹੇ। ਨੇਪਾਲ ਵਿਚ ਸਭ ਤੋਂ ਜ਼ਿਆਦਾ ਕਿੱਲਤ ਤੇਲ ਦੀ ਹੈ। ਤੇਲ ਨਾ ਪਹੁੰਚਣ ਕਾਰਨ ਨੇਪਾਲ ਵਿਚ ਕਈ ਘਰੇਲੂ ਉਡਾਣਾਂ ਬੰਦ ਹੋ ਗਈਆਂ ਹਨ।

## ਯੂਨੀਵਰਸਿਟੀਆਂ ਦੀ ਰੈਂਕਿੰਗ 'ਚ ਭਾਰਤ ਦੀ ਲਾਜ ਬਚੀ

**ਲੰਡਨ:** ਭਾਰਤੀ ਵਿਗਿਆਨ ਸੰਸਥਾਨ (ਆਈ.ਆਈ.ਐਮ.ਸੀ.) ਬੰਗਲੌਰ ਨੇ ਇੰਜਨੀਅਰਿੰਗ ਤੇ ਤਕਨੀਕ ਲਈ ਦੁਨੀਆਂ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਵਿਚ ਭਾਰਤ ਦੇ ਖਰਾਬ ਪ੍ਰਦਰਸ਼ਨ ਦੇ ਸਿਲਸਿਲੇ ਨੂੰ ਤੋੜਦਿਆਂ 99ਵਾਂ ਸਥਾਨ ਹਾਸਲ ਕੀਤਾ ਹੈ।

ਟਾਈਮਜ਼ ਹਾਇਰ ਐਜੂਕੇਸ਼ਨ ਰੈਂਕਿੰਗ ਫਾਰ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਚ ਅਮਰੀਕੀ ਯੂਨੀਵਰਸਿਟੀਆਂ ਦੀ ਸਰਦਾਰੀ ਬਰਕਰਾਰ ਹੈ। ਸਟੈਨਫੋਰਡ, ਕਾਲਟੈੱਕ ਤੇ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਨੇ ਪਹਿਲੇ ਤਿੰਨ ਸਥਾਨ ਹਾਸਲ ਕੀਤੇ ਹਨ। ਇਸ ਸਾਲ ਸਿਖਰਲੀਆਂ 100 ਯੂਨੀਵਰਸਿਟੀਆਂ ਵਿਚ ਅਮਰੀਕਾ ਦੀਆਂ 31 'ਵਰਸਿਟੀਆਂ ਹਨ ਜਦ ਕਿ ਪਿਛਲੇ ਸਾਲ ਇਹ ਗਿਣਤੀ 34 ਸੀ।

# ਮਿਆਂਮਾਰ 'ਚ ਜਮਹੂਰੀਅਤ ਦੇ ਹੱਕ 'ਚ ਫਤਵਾ

**ਯੰਗੌਨ:** ਜਮਹੂਰੀਅਤ ਪੱਖੀ ਆਗੂ ਆਂਗ ਸਾਨ ਸੂ ਕੀ ਦੀ ਪਾਰਟੀ ਨੇ ਮਿਆਂਮਾਰ ਵਿਚ ਹਫਤਾ ਭਰ ਚੱਲੀਆਂ ਸੰਸਦੀ ਚੋਣਾਂ ਵਿਚ ਬਹੁਮਤ ਹਾਸਲ ਕਰ ਲਿਆ ਹੈ। ਫੌਜੀ ਸ਼ਾਸਨ ਜੁੰਟਾ ਦੇ



*ਆਂਗ ਸਾਨ ਸੂ ਕੀ*

ਹੱਥਾਂ ਵਿਚੋਂ ਦੇਸ਼ ਦੀ ਵਾਗਡੋਰ ਨਿਕਲਣ ਬਾਅਦ ਮਿਆਂਮਾਰ ਵਿਚ ਹੋ ਰਹੇ ਇਤਿਹਾਸਕ ਬਦਲਾਅ ਤਹਿਤ ਜੇਤੂ ਪਾਰਟੀ ਨੂੰ ਰਾਸ਼ਟਰਪਤੀ ਨਿਯੁਕਤ ਕਰਨ ਤੇ ਸਰਕਾਰ ਬਣਾਉਣ ਦਾ ਮੌਕਾ ਮਿਲ ਗਿਆ ਹੈ। ਜਮਹੂਰੀਅਤ ਲਈ ਜੰਗ ਲੜ ਰਹੀ ਸੂ ਕੀ ਨੂੰ ਫੌਜੀ ਸ਼ਾਸਕਾਂ ਨੇ 15 ਸਾਲਾਂ ਤੱਕ ਸਲਾਖਾਂ ਪਿੱਛੇ ਹੀ ਡੱਕੀ ਰੱਖਿਆ।

ਸਾਲ 1990 ਤੋਂ ਚੋਣਾਂ ਲੜ ਰਹੀ ਸੂ ਕੀ ਦੀ ਪਾਰਟੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ (ਐਨ.ਐਲ.ਡੀ.) ਨੂੰ ਪਹਿਲੀ ਵਾਰ ਐਨੀ ਵੱਡੀ ਗਿਣਤੀ ਵਿਚ ਵੋਟਾਂ ਪਈਆਂ ਹਨ। 80 ਫੀਸਦੀ ਤੋਂ ਜ਼ਿਆਦਾ ਸੀਟਾਂ ਐਨ.ਐਲ.ਡੀ. ਦੇ ਖਾਤੇ ਵਿਚ ਆ ਗਈਆਂ ਹਨ। ਕੇਂਦਰੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਨਤੀਜਿਆਂ ਵਿਚ ਐਨ.ਐਲ.ਡੀ. ਨੇ ਸ਼ਾਸਨ ਲਈ ਲੋੜੀਂਦਾ ਦੋ ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਚੋਣਾਂ ਵਿਚ ਮਿਲਿਆ ਭਾਰੀ ਬਹੁਮਤ ਸੂ ਕੀ (70) ਨੂੰ ਭਵਿੱਖ ਵਿਚ ਫੌਜੀ ਜੁੰਡਲੀ ਨਾਲ ਹੋਣ ਵਾਲੀ ਰਾਜਸੀ ਰੱਸਾਕਸ਼ੀ ਵਿਚ ਫਾਇਦੇ ਦੀ ਸਥਿਤੀ ਵਿਚ ਰੱਖੇਗਾ। ਸੂ ਕੀ ਰਾਸ਼ਟਰਪਤੀ ਦੇ ਅਹੁਦੇ ਉਤੇ ਬਿਰਾਜਮਾਨ ਨਹੀਂ ਹੋ ਸਕਦੀ ਕਿਉਂਕਿ ਜੁੰਟਾ (ਸੈਨਾ) ਵੱਲੋਂ ਬਣਾਏ ਗਏ ਸੰਵਿਧਾਨ ਦੀਆਂ ਮੱਦਾਂ ਇਸ ਵਿਚ ਅੜਿੱਕਾ ਬਣਦੀਆਂ ਹਨ।

ਇਸ ਦੇ ਨਾਲ ਹੀ ਇਹ ਸੰਵਿਧਾਨ ਸੈਨਾ ਲਈ 25 ਫੀਸਦ ਸੀਟਾਂ ਵੀ ਯਕੀਨੀ ਬਣਾਉਂਦਾ ਹੈ। ਸੂ ਕੀ ਪਹਿਲਾਂ ਹੀ 'ਰਾਸ਼ਟਰਪਤੀ ਤੋਂ ਉਪਰ' ਰਹਿ ਕੇ ਸ਼ਾਸਨ ਕਰਨ ਦੀ ਗੱਲ ਕਹਿ ਚੁੱਕੀ ਹੈ। ਉਨ੍ਹਾਂ ਕਿਹਾ ਸੀ ਕਿ ਉਹ ਸਿਖਰਲੇ ਅਹੁਦੇ 'ਤੇ ਇਕ ਨੁਮਾਇੰਦਾ ਨਿਯੁਕਤ ਕਰਕੇ ਸੰਵਿਧਾਨ ਦੀ ਇਸ ਪਾਬੰਦੀ ਨਾਲ ਨਿਪਟ ਲਵੇਗੀ। ਚੋਣਾਂ ਵਿਚ ਵੱਡੀ ਜਿੱਤ ਤੋਂ ਉਤਸ਼ਾਹਿਤ ਸੂ ਕੀ ਨੇ ਰਾਸ਼ਟਰਪਤੀ ਥੀਨ ਸੀਨ ਤੇ ਸੈਨਾ ਮੁਖੀ ਮਿਨ ਆਂਗ ਲੈਯਾਂਗ ਨੂੰ 'ਸੁਲ੍ਹਾ ਸਫਾਈ ਗੱਲਬਾਤ' ਦਾ ਸੱਦਾ ਦਿੱਤਾ ਹੈ। ਰਾਸ਼ਟਰਪਤੀ ਤੇ ਸੈਨਾ ਮੁਖੀ ਨੇ ਐਨ.ਐਲ.ਡੀ. ਨੂੰ ਜਿੱਤ ਲਈ ਵਧਾਈ ਦਿੱਤੀ ਹੈ ਤੇ ਨਤੀਜਿਆਂ ਨੂੰ ਸਵੀਕਾਰ ਕਰਦਿਆਂ ਸ਼ਾਂਤੀਪੂਰਨ ਸੱਤਾ ਤਬਦੀਲੀ ਵਿਚ ਮਦਦ ਕਰਨ ਦਾ ਭਰੋਸਾ ਦਿੱਤਾ ਹੈ। ਥੀਨ ਸੀਨ ਨੇ ਸਾਲ 2011 ਵਿਚ ਸਰਕਾਰ ਦੀ ਅਗਵਾਈ ਕਰਨ ਲਈ ਫ਼ੌਜੀ ਵਰਦੀ ਛੱਡੀ ਸੀ। ਉਨ੍ਹਾਂ ਨੂੰ ਸੁਧਾਰਵਾਦੀ ਮੁਹਿੰਮ ਲਈ ਜਾਣਿਆ ਜਾਂਦਾ ਹੈ, ਸ਼ਾਂਤੀਪੂਰਨ ਚੋਣਾਂ ਇਸ ਮੁਹਿੰਮ ਦਾ ਨਮੂਨਾ ਹੈ।

### ਜਿੱਤ ਦੇ ਬਾਵਜੂਦ ਸੂ ਕੀ ਦੇ ਰਾਹ ਵਿਚ ਅੜਿੱਕੇ

**ਯੰਗੌਨ**: ਮਿਆਂਮਾਰ ਦੀਆਂ ਚੋਣਾਂ ਵਿਚ ਵੋਟਰਾਂ ਨੇ ਭਾਵੇਂ ਆਂਗ ਸਾਨ ਸੂ ਕੀ ਦੇ ਹਵਾਲੇ ਸੱਤਾ ਕਰ ਦਿੱਤੀ ਹੈ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਅਜੇ ਵੀ ਉਨ੍ਹਾਂ ਦੇ ਰਾਹ ਦੇ ਅੜਿੱਕੇ ਖਤਮ ਨਹੀਂ ਹੋਏ ਹਨ। ਫੌਜ ਖਿਲਾਫ ਜਮਹੂਰੀਅਤ ਦੀ ਅਲਖ ਜਗਾ ਕੇ ਰੱਖਣ ਵਾਲੀ ਸੂ ਕੀ ਨੂੰ ਸਫਲਤਾ ਲਈ ਸਾਬਕਾ ਫੌਜੀਆਂ ਨਾਲ ਰਲ ਕੇ ਕੰਮ ਕਰਨਾ ਪਏਗਾ।

ਨੋਬੇਲ ਪੁਰਸਕਾਰ ਜੇਤੂ ਸੂ ਕੀ ਕਿਸੇ ਵੀ ਅਹੁਦੇ 'ਤੇ ਨਹੀਂ ਬੈਠ ਸਕਦੀ ਕਿਉਂਕਿ ਨੇਮਾਂ ਮੁਤਾਬਕ ਉਹ ਵਿਆਹੀ ਹੋਈ ਹੈ ਤੇ ਉਸ ਦੇ ਵਿਦੇਸ਼ੀ ਪਤੀ ਤੋਂ ਬੱਚੇ ਵੀ ਹਨ। ਇਹ ਹੋ ਸਕਦਾ ਹੈ ਕਿ ਉਹ ਭਾਰਤ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਾਂਗ ਕੋਈ ਵੱਡੀ ਭੂਮਿਕਾ ਨਿਭਾਉਣ। ਸਿਆਸੀ ਮਾਹਿਰ ਖਿਨ ਜ਼ਾਅ ਵਿਨ ਨੇ ਕਿਹਾ ਕਿ ਨਤੀਜਿਆਂ ਨੇ ਫੌਜੀ ਸ਼ਾਸਕਾਂ ਨੂੰ ਸਖ਼ਤ ਸੁਨੇਹਾ ਦਿੱਤਾ ਹੈ ਕਿ ਦੀਵਾਰ 'ਤੇ ਇਬਾਰਤ ਸਾਫ ਹੈ ਤੇ ਤੁਹਾਡੀ ਤਾਕਤ ਖਤਮ ਹੋ ਗਈ ਹੈ।

## ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦੀ ਸਾਲਾਨਾ ਕਾਨਫਰੰਸ 29 ਨੂੰ

**ਫਰਿਜ਼ਨੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾ) ਦੀ ਸਾਲਾਨਾ ਕਾਨਫਰੰਸ 29 ਨਵੰਬਰ, ਐਤਵਾਰ ਨੂੰ ਸਥਾਨਕ ਇੰਡੀਆ ਓਵਨ ਰੈਸਟੋਰੈਂਟ (3035 ਵੈਸਟ ਐਸ਼ਲਨ ਐਵਨਿਊ) ਵਿਚ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗੀ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਕਾਨਫਰੰਸ ਬਾਬਾ ਫਰੀਦ ਨੂੰ ਸਮਰਪਿਤ ਹੋਵੇਗੀ ਅਤੇ ਉਨ੍ਹਾਂ ਦੀ ਬਾਣੀ ਬਾਰੇ ਪੇਪਰ ਪੜ੍ਹਿਆ ਜਾਵੇਗਾ। ਇਸ ਮੌਕੇ ਪ੍ਰਸਿਧ ਕਲਾਸੀਕਲ ਗਾਇਕ ਸੁਖਦੇਵ ਸਾਹਿਲ ਬਾਬਾ ਫਰੀਦ ਦੀ ਬਾਣੀ ਦਾ ਗਾਇਨ ਕਰਨਗੇ ਅਤੇ ਸ਼ਾਇਰ ਆਪਣਾ ਕਲਾਮ ਪੇਸ਼ ਕਰਨਗੇ। ਗਾਇਕ ਧਰਮਵੀਰ ਥਾਂਦੀ ਵੀ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰੇਗਾ। ਅਕਾਡਮੀ ਦੇ ਮੈਂਬਰਾਂ ਦੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਹੋਰ ਜਾਣਕਾਰੀ ਲਈ ਹਰਜਿੰਦਰ ਕੰਗ (559-917-4890) ਜਾਂ ਅਵਤਾਰ ਗੋਂਦਾਰਾ (559-375-2589) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**Golden State Realty**

**9912 Kapalua Ln., Elk Grove, CA 95624**



**Sohanpreet (Sam) Chahal**
**CA Lic. 01504071**
**Realtor/CEO**
**CRE Group Inc.**
**Multi Million Dollar Producers**
**2009 to 2014**

*Please Contact For*
**Commercial**
**or**
**Residential**
**Needs**

ਅਸੀਂ ਲੋਨ ਲੈਣ ਵਿਚ
ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**
**1816 Main Ave., Secramento CA, 95838**

# ਪੰਚਾਇਤਾਂ ਨੇ ਚੁੱਕਿਆ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਬੀੜਾ

**ਬਠਿੰਡਾ:** ਪੰਜਾਬ ਵਿਚ ਐਤਕੀਂ ਸ਼ਰਾਬ ਦੇ ਠੇਕਿਆਂ ਖਿਲਾਫ ਲਹਿਰ ਖੜ੍ਹੀ ਹੋਣ ਲੱਗੀ ਹੈ, ਜਿਸ ਤੋਂ ਸਰਕਾਰ ਵੀ ਹੈਰਾਨ ਹੈ। ਪੰਥਕ ਮਾਹੌਲ ਦਾ ਪਰਛਾਵਾਂ ਕਹੋ ਜਾਂ ਫਿਰ ਪੰਚਾਇਤਾਂ ਵਿਚ ਵਧੀ ਸੂਝ ਬੂਝ, ਨਸ਼ਾ ਮੁਕਤ ਪਿੰਡ ਬਣਾਉਣ ਵਾਲਿਆਂ ਦੀ ਗਿਣਤੀ ਨੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਕਰ ਤੇ ਆਬਕਾਰੀ ਵਿਭਾਗ ਪੰਜਾਬ ਕੋਲ ਹੁਣ ਤੱਕ 186 ਪਿੰਡਾਂ ਦੀਆਂ ਪੰਚਾਇਤਾਂ ਦੇ ਮਤੇ ਪੁੱਜ ਚੁੱਕੇ ਹਨ, ਜੋ ਸਾਲ 2016-17 ਵਿਚ ਆਪਣੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਹੀਂ ਖੋਲ੍ਹਣਾ ਚਾਹੁੰਦੇ ਹਨ। ਪਹਿਲਾਂ ਕਦੇ ਵੀ ਇਹ ਗਿਣਤੀ 140 ਦਾ ਅੰਕੜਾ ਪਾਰ ਨਹੀਂ ਕਰ ਸਕੀ ਹੈ। ਸਾਲ 2015-16 ਵਿਚ 134 ਪਿੰਡਾਂ ਨੇ ਸ਼ਰਾਬ ਦੇ ਠੇਕੇ ਪੱਕੇ ਤੌਰ ਉਤੇ ਬੰਦ ਕਰਾਉਣ ਦੇ ਮਤੇ ਪਾਏ ਸਨ, ਜਿਨ੍ਹਾਂ ਵਿਚੋਂ 107 ਪਿੰਡਾਂ ਵਿਚ ਠੇਕੇ ਸਰਕਾਰ ਨੇ ਬੰਦ ਕਰ ਦਿੱਤੇ ਸਨ।




ਐਤਕੀਂ ਹਰ ਜ਼ਿਲ੍ਹੇ ਵਿਚੋਂ ਪੰਚਾਇਤਾਂ ਨੇ ਠੇਕਾ ਬੰਦ ਕਰਾਉਣ ਵਾਸਤੇ ਮਤੇ ਪਾਸ ਕੀਤੇ ਹਨ, ਜਦੋਂਕਿ ਪਿਛਲੇ ਵਰ੍ਹਿਆਂ ਵਿਚ ਕਾਫੀ ਜ਼ਿਲ੍ਹੇ ਇਸ ਕੰਮ ਤੋਂ ਸੁੱਕੇ ਹੀ ਰਹਿ ਜਾਂਦੇ ਸਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਹਲਕਾ ਲੰਬੀ ਦੇ ਅਪਣਾਏ ਪਿੰਡ ਮਾਨਾਂ ਦੀ ਪੰਚਾਇਤ ਨੇ ਵੀ ਪਿੰਡ ਵਿਚੋਂ ਠੇਕਾ ਬੰਦ ਕਰਾਉਣ ਖਾਤਰ ਮਤਾ ਪਾਸ ਕੀਤਾ ਹੈ। ਇਸ ਪਿੰਡ ਨੂੰ ਮਾਡਲ ਬਣਾਉਣ ਲਈ ਗਰਾਂਟਾਂ ਦੇ ਗੱਫੇ ਵੀ ਮਿਲੇ ਹਨ। ਪੰਚਾਇਤ ਹੁਣ ਪਿੰਡ ਨੂੰ ਨਸ਼ਾ ਮੁਕਤ ਕਰਨਾ ਚਾਹੁੰਦੀ ਹੈ। ਮੁਕਤਸਰ ਦੇ ਪਿੰਡ ਡੋਕ ਨੇ ਵੀ ਮਤਾ ਪਾਇਆ ਹੈ। ਪਿਛਲੇ ਵਰ੍ਹੇ ਲੰਬੀ ਦੇ ਪਿੰਡ ਚੰਨੂੰ ਤੋਂ ਇਲਾਵਾ ਬੁੱਟਰ ਬਖੂਹਾ ਦੇ ਠੇਕੇ ਬੰਦ ਕੀਤੇ ਗਏ ਸਨ।

ਪੰਚਾਇਤੀ ਰਾਜ ਐਕਟ ਤਹਿਤ ਪੰਚਾਇਤਾਂ ਵੱਲੋਂ ਮਤੇ ਪਾਸ ਕੀਤੇ ਗਏ ਹਨ ਤੇ ਮਤੇ ਪਾਸ ਕਰਨ ਦੀ ਆਖਰੀ ਤਰੀਕ 30 ਸਤੰਬਰ 2015 ਸੀ। ਲੁਧਿਆਣਾ ਜ਼ਿਲ੍ਹੇ ਵਿਚੋਂ ਐਤਕੀਂ 15 ਪੰਚਾਇਤਾਂ ਨੇ ਨਸ਼ਾ ਮੁਕਤੀ ਦਾ ਬੀੜਾ ਚੁੱਕਿਆ ਹੈ, ਜਦੋਂ ਕਿ ਪਿਛਲੇ ਵਰ੍ਹੇ ਇਹ ਗਿਣਤੀ ਸਿਰਫ ਤਿੰਨ ਹੀ ਸੀ। ਹੁਸ਼ਿਆਰਪੁਰ ਵਿਚ 20 ਪੰਚਾਇਤਾਂ ਨੇ ਮਤੇ ਪਾਸ ਕੀਤੇ ਹਨ ਜਦੋਂ ਕਿ ਪਿਛਲੇ ਵਰ੍ਹੇ ਇਹ ਗਿਣਤੀ ਸਿਰਫ ਅੱਠ ਹੀ ਸੀ। ਫਰੀਦਕੋਟ ਦੇ 10, ਮੋਗਾ ਦੇ 10, ਫਾਜ਼ਿਲਕਾ ਦੇ 10 ਤੇ ਫਰੀਦਕੋਟ ਦੇ ਵੀ 10 ਪਿੰਡਾਂ ਨੇ ਮਤੇ ਪਾਸ ਕੀਤੇ ਹਨ। ਪਟਿਆਲਾ ਵਿਚ ਪਿਛਲੇ ਵਰ੍ਹੇ ਅੱਠ ਪਿੰਡਾਂ ਨੇ ਮਤੇ ਪਾਸ ਕੀਤੇ ਸਨ ਜਦੋਂ ਕਿ ਐਤਕੀਂ ਇਹ ਗਿਣਤੀ 15 ਹੋ ਗਈ ਹੈ। ਬਠਿੰਡਾ ਜ਼ਿਲ੍ਹੇ ਵਿਚ ਐਤਕੀਂ ਪੰਜ ਪਿੰਡਾਂ- ਲੂਲਬਾਈ, ਬੱਲ੍ਹੋ, ਖੋਖਰ, ਰਾਈਆ ਤੇ ਚੋਟੀਆਂ ਨਸ਼ਿਆਂ ਖਿਲਾਫ ਨਿੱਤਰੇ ਹਨ, ਜਦੋਂ ਕਿ ਪਿਛਲੇ ਵਰ੍ਹੇ ਪਿੰਡ ਬੁਰਜ ਮਾਨਸ਼ਾਹੀਆ ਤੇ ਧਿੰਗੜ ਦੇ ਠੇਕੇ ਬੰਦ ਕਰਾਏ ਗਏ ਸਨ। ਬਠਿੰਡਾ ਦੇ ਪਿੰਡ ਬੱਲ੍ਹੋ ਦੇ ਸਰਪੰਚ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਪਿੰਡ ਵਿਚੋਂ ਵੱਡੀ ਗਿਣਤੀ ਵਿਚ ਔਰਤਾਂ ਨੇ ਠੇਕਾ ਨਾ ਖੋਲੇ ਜਾਣ ਦੀ ਮੰਗ ਰੱਖੀ ਸੀ, ਜਿਸ ਕਰਕੇ ਪੰਚਾਇਤ ਨੇ ਸੇਧ ਲੈਂਦੇ ਹੋਏ ਪਿੰਡ ਨੂੰ ਨਸ਼ਾ ਮੁਕਤ ਕਰਨ ਦਾ ਬੀੜਾ ਚੁੱਕਿਆ ਹੈ।

## ਸਰਕਾਰ ਨੂੰ 5040 ਕਰੋੜ ਰੁਪਏ ਦੀ ਕਮਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਚਾਲੂ ਮਾਲੀ ਵਰ੍ਹੇ ਦੌਰਾਨ ਸ਼ਰਾਬ ਤੋਂ 5040 ਕਰੋੜ ਦੀ ਕਮਾਈ ਹੋਣੀ ਹੈ, ਜਦੋਂ ਕਿ ਪਿਛਲੇ ਮਾਲੀ ਵਰ੍ਹੇ ਦੌਰਾਨ 4680 ਕਰੋੜ ਦੀ ਆਮਦਨ ਹੋਈ ਸੀ। ਆਮਦਨ ਨੂੰ ਸੱਟ ਵੱਜਣ ਦੇ ਡਰੋਂ ਸਰਕਾਰ ਠੇਕੇ ਬੰਦ ਕਰਨ ਤੋਂ ਟਾਲਾ ਵੀ ਵੱਟਦੀ ਹੈ। ਸਾਇੰਟੈਫਿਕ ਅਵੇਅਰਨੈਸ ਐਂਡ ਸੋਸ਼ਲ ਵੈਲਫੇਅਰ ਫੋਰਮ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮਾਨ ਸੰਗਰੂਰ ਦਾ ਕਹਿਣਾ ਸੀ ਕਿ ਸ਼ਰਾਬ ਮਾਫੀਏ ਦੇ ਦਬਾਓ ਹੇਠ ਸਰਕਾਰ ਪੰਚਾਇਤਾਂ ਦੇ ਮਤੇ ਮਾਮੂਲੀ ਇਤਰਾਜ਼ ਲਗਾ ਕੇ ਰੱਦ ਕਰ ਦਿੰਦੀ ਹੈ। ਨੀਲਮ ਚੌਧਰੀਕਰ ਤੇ ਆਬਕਾਰੀ ਵਿਭਾਗ ਪੰਜਾਬ ਦੀ ਜੁਆਇੰਟ ਕਮਿਸ਼ਨਰ ਨੀਲਮ ਚੌਧਰੀ ਦਾ ਪ੍ਰਤੀਕਰਮ ਸੀ ਕਿ ਕਈ ਦਫਾ ਪੰਚਾਇਤਾਂ ਮਤੇ ਪਾਸ ਕਰਨ ਸਮੇਂ ਸੰਜੀਦਾ ਨਹੀਂ ਹੁੰਦੀਆਂ ਹਨ, ਜਿਨ੍ਹਾਂ ਦੇ ਮਤੇ ਪਾਉਣ ਦੇ ਕਾਰਨ ਹੋਰ ਹੁੰਦੇ ਹਨ। ਮਹਿਕਮੇ ਤਰਫੋਂ ਨਿਯਮਾਂ ਅਨੁਸਾਰ ਮਤੇ ਪਾਉਣ ਵਾਲੇ ਪਿੰਡਾਂ ਵਿਚ ਪਿਛਲੇ ਤਿੰਨ ਸਾਲ ਦਾ ਸ਼ਰਾਬ ਤਸਕਰੀ ਦੇ ਕੇਸਾਂ ਦਾ ਰਿਕਾਰਡ ਦੇਖਿਆ ਜਾਂਦਾ ਹੈ। ਬਹੁਗਿਣਤੀ ਪੰਚਾਇਤੀ ਮਤੇ ਪ੍ਰਵਾਨ ਹੋ ਜਾਂਦੇ ਹਨ।

## ਸੰਗਰੂਰ ਜ਼ਿਲ੍ਹਾ ਬਣਿਆ ਰਾਹ ਦਸੇਰਾ

**ਚੰਡੀਗੜ੍ਹ:** ਜ਼ਿਲ੍ਹਾ ਸੰਗਰੂਰ ਇਸ ਮਾਮਲੇ ਵਿਚ ਰਾਹ ਦਸੇਰਾ ਹੈ, ਜਿਥੋਂ ਦੀਆਂ ਤਕਰੀਬਨ 48 ਪੰਚਾਇਤਾਂ ਨੇ ਐਤਕੀਂ ਮੁੜ ਮਤੇ ਪਾਸ ਕੀਤੇ ਹਨ। ਕਰ ਤੇ ਆਬਕਾਰੀ ਅਫਸਰ ਬਠਿੰਡਾ ਆਰ.ਐਸ. ਰੋਮਾਣਾ ਦਾ ਕਹਿਣਾ ਸੀ ਕਿ ਐਤਕੀਂ ਮਤੇ ਪਾਉਣ ਦਾ ਰੁਝਾਨ ਵਧਿਆ ਹੈ। ਲੁਧਿਆਣਾ ਜ਼ਿਲ੍ਹੇ ਵਿਚੋਂ ਐਤਕੀਂ 15 ਪੰਚਾਇਤਾਂ ਨੇ ਨਸ਼ਾ ਮੁਕਤੀ ਦਾ ਬੀੜਾ ਚੁੱਕਿਆ ਹੈ, ਜਦੋਂ ਕਿ ਪਿਛਲੇ ਵਰ੍ਹੇ ਇਹ ਗਿਣਤੀ ਸਿਰਫ ਤਿੰਨ ਹੀ ਸੀ। ਹੁਸ਼ਿਆਰਪੁਰ ਵਿਚ 20 ਪੰਚਾਇਤਾਂ ਨੇ ਮਤੇ ਪਾਸ ਕੀਤੇ ਹਨ ਜਦੋਂ ਕਿ ਪਿਛਲੇ ਵਰ੍ਹੇ ਇਹ ਗਿਣਤੀ ਸਿਰਫ ਅੱਠ ਹੀ ਸੀ।

# ਪੰਜਾਬ ਪੁਲਿਸ ਨੂੰ ਝਾਲਰ ਵਾਲੀ ਪੱਗ ਤੋਂ ਨਹੀਂ ਮਿਲੇਗੀ ਮੁਕਤੀ

**ਅੰਮ੍ਰਿਤਸਰ:** ਪੰਜਾਬ ਪੁਲਿਸ ਨੂੰ ਝਾਲਰ ਵਾਲੀ ਟੋਪੀਨੁਮਾ ਪੱਗ ਤੋਂ ਨਿਜਾਤ ਨਹੀਂ ਮਿਲੇਗੀ। ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿਚ ਪੁਲਿਸ ਵਾਲਿਆਂ ਨੂੰ ਅੰਗਰੇਜ਼ ਸਰਕਾਰ ਦੀ ਗੁਲਾਮੀ ਦੀ ਪ੍ਰਤੀਕ ਮੰਨੀ ਜਾ ਰਹੀ ਲਾਲ-ਨੀਲੀ ਝਾਲਰ ਵਾਲੀ ਪੱਗ ਤੋਂ ਨਿਜਾਤ ਦਿਵਾਉਣ ਦਾ ਵਾਅਦਾ ਕੀਤਾ ਸੀ।



ਇਤਿਹਾਸਕਾਰ ਸੁਰਿੰਦਰ ਕੋਛੜ ਨੇ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ, ਉੱਪ-ਮੁੱਖ ਮੰਤਰੀ, ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਪੁਲਿਸ ਫੋਰਸ ਨੂੰ ਲਾਲ-ਨੀਲੀ ਝਾਲਰ ਵਾਲੀ ਪੱਗ ਤੋਂ ਨਿਜਾਤ ਦਵਾਉਣ ਦੀ ਮੰਗ ਕੀਤੀ ਸੀ, ਜਿਸ ਦੇ ਆਧਾਰ 'ਤੇ ਪੰਜਾਬ ਸਰਕਾਰ ਵੱਲੋਂ ਵਧੀਕ ਸਕੱਤਰ, ਗ੍ਰਿਹ ਮਾਮਲੇ ਤੇ ਨਿਆਂ ਵਿਭਾਗ (ਗ੍ਰਿਹ 3 ਸ਼ਾਖਾ) ਨੇ ਦਫਤਰ ਡਾਇਰੈਕਟਰ ਜਨਰਲ ਪੁਲਿਸ ਨੂੰ ਪੱਤਰ ਜਾਰੀ ਕਰਕੇ ਇਸ ਸਬੰਧੀ ਜਾਂਚ ਕਰਨ ਦਾ ਆਦੇਸ਼ ਦਿੱਤਾ, ਜਿਸ ਦੇ ਜਵਾਬ ਵਿਚ ਪੁਲਿਸ ਵਿਭਾਗ ਨੇ ਪੱਤਰ ਨੰ. 4466 ਜਾਰੀ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਘੋਖਣ ਤੋਂ ਬਾਅਦ ਇਹ ਫੈਸਲਾ ਕੀਤਾ ਹੈ ਕਿ ਮੌਜੂਦਾ ਪੱਗ ਹਰ ਪੱਖੋਂ ਮੁਕੰਮਲ ਤੇ ਠੀਕ ਹੈ। ਇਸ ਨੂੰ ਬਦਲਣ ਦੀ ਕੋਈ ਲੋੜ ਨਹੀਂ ਹੈ। ਸ੍ਰੀ ਕੋਛੜ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਝਾਲਰ ਵਾਲੀ ਪੱਗ ਸਾਡੀ ਕੌਮੀ ਵਿਰਾਸਤ ਨਹੀਂ, ਸਗੋਂ ਬ੍ਰਿਟਿਸ਼ ਵੱਲੋਂ ਥੋਪੀ ਗਈ ਗੁਲਾਮੀ ਦੀ ਨਿਸ਼ਾਨੀ ਹੈ, ਜਿਸ ਨੂੰ ਬਦਲਣ ਨਾਲ ਸਰਕਾਰ ਜਾਂ ਆਮ ਜਨਤਾ 'ਤੇ ਕੋਈ ਵਾਧੂ ਆਰਥਿਕ ਭਾਰ ਨਹੀਂ ਪੈਣ ਵਾਲਾ, ਪਰ ਆਮ ਪੱਗ ਬੰਨ੍ਹਣ ਨਾਲ ਪੰਜਾਬ ਪੁਲਿਸ ਫੋਰਸ ਦੇ ਤਕਰੀਬਨ 50 ਹਜ਼ਾਰ ਸਿਪਾਹੀਆਂ ਨੂੰ ਕੁਝ ਰਾਹਤ ਜ਼ਰੂਰ ਮਿਲੇਗੀ।

# ਮੋਦੀ ਦੇ ਗੁਪਤ ਪੰਜਾਬ ਦੌਰੇ ਨਾਲ ਬਾਦਲ ਚਾਰੇ ਖਾਨੇ ਚਿੱਤ

**ਅਬੋਹਰ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਦੀਵਾਲੀ ਵਾਲੇ ਦਿਨ ਪੰਜਾਬ ਦਾ ਕੀਤਾ ਗੁਪਤ ਦੌਰਾ ਅਕਾਲੀ ਦਲ ਬਾਦਲ ਲਈ ਨਮੋਸ਼ੀ ਬਣ ਗਿਆ ਹੈ। ਵਿਰੋਧੀ ਧਿਰ, ਸ. ਬਾਦਲ ਤੋਂ ਇਸ ਦੌਰੇ ਬਾਰੇ ਜਾਣਕਾਰੀ ਹੋਣ ਜਾਂ ਨਾ ਹੋਣ ਬਾਰੇ ਸਵਾਲ ਪੁੱਛ ਰਹੀ ਹੈ। ਪ੍ਰਧਾਨ ਮੰਤਰੀ ਦੀਵਾਲੀ ਵਾਲੇ ਦਿਨ ਸਰਹੱਦ 'ਤੇ ਜਵਾਨਾਂ ਨਾਲ ਦੀਵਾਲੀ ਮਨਾ ਕੇ ਵਾਪਸ ਪਰਤ ਗਏ ਸਨ ਤੇ ਇਸ ਦੌਰੇ ਬਾਰੇ ਕਿਸੇ ਨੂੰ ਕੰਨੋਂ ਕੰਨ ਖਬਰ ਨਹੀਂ ਸੀ ਹੋਈ।

ਇਸ ਬਾਰੇ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਦੀਵਾਲੀ ਵਾਲੇ ਦਿਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਗੁਪਤ ਪੰਜਾਬ ਦੌਰੇ ਨੇ ਅਕਾਲੀ-ਭਾਜਪਾ ਰਿਸ਼ਤਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ ਤੇ ਅਕਾਲੀ ਦਲ ਸਮੇਂ-ਸਮੇਂ 'ਤੇ ਇਕਜੁੱਟ ਹੋਣ ਦੀਆਂ ਗੱਲਾਂ ਕਰਦੇ ਹਨ, ਪਰ ਭਾਜਪਾ ਦੇ ਪ੍ਰਧਾਨ ਮੰਤਰੀ ਮੋਦੀ ਦੀ ਪੰਜਾਬ ਫੇਰੀ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੂਚਿਤ ਕਰਨਾ ਵੀ ਉਚਿਤ ਨਹੀਂ ਸਮਝਿਆ। ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਵੀ ਇਸ ਗੱਲ ਦਾ ਪਤਾ ਸੀ ਕਿ ਪੰਜਾਬ ਵਿਚ ਸਰਕਾਰ ਖਿਲਾਫ ਚੱਲ ਰਹੇ ਹਾਲਾਤ ਕਾਰਨ ਮੁੱਖ ਮੰਤਰੀ ਵੀ ਆਪਣੇ ਘਰ ਵਿਚ ਨਜ਼ਰਬੰਦੀ ਦੀ ਸਥਿਤੀ ਵਿਚ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦੋ ਮਹੀਨਿਆਂ ਤੋਂ ਬਣੇ ਮਾਹੌਲ ਕਾਰਨ ਮੁੱਖ ਮੰਤਰੀ ਜਨਤਾ ਵਿਚ ਆਪਣੀ ਭਰੋਸੇਯੋਗਤਾ ਗੁਆ ਚੁੱਕੇ ਹਨ ਤੇ ਉਹ ਜਨਤਾ ਵਿਚ ਜਾਣ ਦੀ ਬਜਾਏ ਆਪਣੇ ਘਰ ਵਿਚ ਬੈਠ ਕੇ ਜਥੇਦਾਰਾਂ ਨਾਲ ਮੀਟਿੰਗਾਂ ਕਰਨ ਤੱਕ ਸੀਮਤ ਹੋ ਕੇ ਰਹਿ ਗਏ ਹਨ। ਅਜਿਹੇ ਹਾਲਾਤ ਵਿਚ ਪੰਜਾਬ ਦੀ ਬਿਹਤਰੀ ਲਈ ਮੁੱਖ ਮੰਤਰੀ ਨੂੰ ਖ਼ੁਦ ਹੀ ਅਹੁਦੇ ਤੋਂ ਪਾਸੇ ਹਟ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਗੁਪਤ ਤਰੀਕੇ ਨਾਲ ਪੰਜਾਬ ਆਉਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਪੰਜਾਬ ਦੇ ਚਲੰਤ ਮਾਮਲਿਆਂ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਸਿੱਧੇ ਤੌਰ ਉਤੇ ਅਣਦੇਖਿਆ ਕਰ ਰਹੇ ਹਨ।



# ਯਾਦਗਾਰਾਂ ਲਈ 76 ਕਰੋੜ ਪ੍ਰਵਾਨ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਰਤਾਰਪੁਰ (ਜਲੰਧਰ) ਵਿਖੇ ਜੰਗ-ਏ-ਆਜ਼ਾਦੀ ਯਾਦਗਾਰ, ਅੰਮ੍ਰਿਤਸਰ ਵਿਖੇ ਜੰਗੀ ਯਾਦਗਾਰ ਤੇ ਰਾਮ ਤੀਰਥ ਵਿਖੇ ਭਗਵਾਨ ਵਾਲਮੀਕ ਜੀ ਯਾਦਗਾਰ ਦੇ ਚੱਲ ਰਹੇ ਨਿਰਮਾਣ ਲਈ 76 ਕਰੋੜ ਰੁਪਏ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੰਗਰੂਰ ਤੇ ਫਿਰੋਜ਼ਪੁਰ ਵਿਚ ਉਸਾਰੀ ਅਧੀਨ ਦੋ ਮੈਰੀਟੋਰੀਅਸ ਸਕੂਲਾਂ ਤੋਂ ਇਲਾਵਾ ਪਟਿਆਲਾ ਦੇ ਮੈਰੀਟੋਰੀਅਸ ਸਕੂਲ ਵਿਚ ਲੜਕੇ ਤੇ ਲੜਕੀਆਂ ਦੇ ਹੋਸਟਲ ਦੇ ਨਿਰਮਾਣ ਲਈ 20 ਕਰੋੜ ਰੁਪਏ ਦੇਣ ਦੀ ਸਹਿਮਤੀ ਦਿੱਤੀ ਹੈ। ਯਾਦਗਾਰਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਬਾਦਲ ਨੇ ਭਗਵਾਨ ਵਾਲਮੀਕ ਜੀ ਯਾਦਗਾਰ ਲਈ 36 ਕਰੋੜ ਰੁਪਏ, ਜੰਗ-ਏ-ਆਜ਼ਾਦੀ ਯਾਦਗਾਰ ਲਈ 25 ਕਰੋੜ ਰੁਪਏ ਤੇ ਜੰਗੀ ਯਾਦਗਾਰ ਲਈ 15 ਕਰੋੜ ਰੁਪਏ ਨੂੰ ਪ੍ਰਵਾਨਗੀ ਦਿੰਦਿਆਂ ਪੀ.ਆਈ.ਡੀ.ਬੀ. ਦੇ ਐਮ.ਡੀ. ਨੂੰ ਇਹ ਫੰਡ ਤੁਰੰਤ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਉਨ੍ਹਾਂ ਨੇ ਸਭਿਆਚਾਰਕ ਮਾਮਲਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਹਦਾਇਤ ਕੀਤੀ ਕਿ ਉਹ ਯਾਦਗਾਰਾਂ ਵਾਲੀਆਂ ਥਾਵਾਂ 'ਤੇ ਖ਼ੁਦ ਜਾ ਕੇ ਇਨ੍ਹਾਂ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਨਿੱਜੀ ਤੌਰ 'ਤੇ ਨਿਰੰਤਰ ਨਿਗਰਾਨੀ ਕਰਨ ਤਾਂ ਜੋ ਇਨ੍ਹਾਂ ਯਾਦਗਾਰਾਂ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸ. ਬਾਦਲ ਨੇ ਸੰਗਰੂਰ ਤੇ ਫਿਰੋਜ਼ਪੁਰ ਵਿਖੇ ਨਿਰਮਾਣ ਅਧੀਨ ਮੈਰੀਟੋਰੀਅਸ ਸਕੂਲਾਂ ਨੂੰ ਮੁਕੰਮਲ ਕਰਨ ਲਈ 5-5 ਕਰੋੜ ਰੁਪਏ ਦੀ ਗਰਾਂਟ ਦੇਣ ਤੋਂ ਇਲਾਵਾ ਪਟਿਆਲਾ ਵਿਖੇ ਮੈਰੀਟੋਰੀਅਸ ਸਕੂਲ ਦੇ ਕੈਂਪਸ ਵਿਚ ਲੜਕੇ ਤੇ ਲੜਕੀਆਂ ਦੇ ਹੋਸਟਲ ਦੇ ਨਿਰਮਾਣ ਲਈ 10 ਕਰੋੜ ਰੁਪਏ ਦੇਣ ਨੂੰ ਪ੍ਰਵਾਨਗੀ ਦਿੱਤੀ ਹੈ। ਮੁੱਖ ਮੰਤਰੀ ਨੇ ਸੁਸਾਇਟੀ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ ਦੇ ਪ੍ਰੋਜੈਕਟ ਡਾਇਰੈਕਟਰ ਮੇਜਰ ਜਨਰਲ (ਸੇਵਾ-ਮੁਕਤ) ਕੇ.ਏ.ਐਸ. ਭੁੱਲਰ ਨੂੰ ਸੰਗਰੂਰ ਤੇ ਫਿਰੋਜ਼ਪੁਰ ਦੇ ਇਨ੍ਹਾਂ ਸਕੂਲਾਂ ਦੇ ਨਿਰਮਾਣ ਦਾ ਕਾਰਜ ਅਗਲਾ ਅਕਾਦਮਿਕ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਕਰਵਾਉਣ ਲਈ ਆਖਿਆ ਹੈ।

# ਪਾਕਿਸਤਾਨ ਵਿਚ 73 ਸਾਲਾਂ ਪਿੱਛੋਂ ਖੁੱਲ੍ਹਿਆ ਗੁਰਦੁਆਰਾ

**ਪਿਸ਼ਾਵਰ:** ਪਾਕਿਸਤਾਨ ਦੇ ਉੱਤਰ-ਪੱਛਮੀ ਖੇਤਰ ਦੇ ਜੋਗੀਵਾਰਾ ਇਲਾਕੇ ਵਿਚ ਸਥਿਤ ਇਕ ਗੁਰਦੁਆਰਾ ਸਾਹਿਬ ਨੂੰ ਸਿੱਖ ਸੰਗਤਾਂ ਲਈ 73 ਸਾਲ ਬਾਅਦ ਖੋਲ੍ਹਿਆ ਗਿਆ ਹੈ। 1942 ਵਿਚ ਸਥਾਨਕ ਲੋਕਾਂ ਦੇ ਵਿਰੋਧ ਕਾਰਨ ਗੁਰਦੁਆਰਾ ਸਾਹਿਬ ਨੂੰ ਬੰਦ ਕਰ ਦਿੱਤਾ ਗਿਆ ਸੀ। ਗੁਰਦੁਆਰਾ ਸਾਹਿਬ ਨੂੰ ਮੁੜ ਖੋਲ੍ਹਣ ਦਾ ਫੈਸਲਾ ਸਿੱਖ ਭਾਈਚਾਰੇ, ਸਥਾਨਕ ਲੋਕਾਂ ਤੇ ਪ੍ਰਸ਼ਾਸਨ ਦੀ ਬੈਠਕ ਵਿਚ ਕੀਤਾ ਗਿਆ। ਪਿਸ਼ਾਵਰ ਦੇ ਡਿਪਟੀ ਕਮਿਸ਼ਨਰ ਰਿਆਜ਼ ਮਹਿਸੂਦ ਨੇ ਦੱਸਿਆ ਕਿ ਖੈਬਰ ਪਖਤੂਨਵਾ ਵਿਚ ਅੰਦਰੂਨੀ ਪਿਸ਼ਾਵਰ ਦੇ ਜੋਗੀਵਾਰਾ ਇਲਾਕੇ ਵਿਚ ਗੁਰਦੁਆਰਾ ਸਾਹਿਬ ਮੁੜ ਖੋਲ੍ਹਿਆ ਗਿਆ ਹੈ। ਇਸ ਮੌਕੇ ਸਥਾਨਕ ਲੋਕਾਂ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਗੁਰਦੁਆਰੇ ਦੇ ਮੁੜ ਖੁੱਲ੍ਹਣ ਉਤੇ ਕੋਈ ਇਤਰਾਜ਼ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਛੇਤੀ ਹੀ ਗੁਰਦੁਆਰਾ ਸਾਹਿਬ ਦੇ ਦੁਆਲੇ ਇਕ ਕੰਧ ਬਣਵਾ ਦਿੱਤੀ ਜਾਵੇਗੀ ਤਾਂ ਕਿ ਸਥਾਨਕ ਲੋਕਾਂ ਨੂੰ ਸਿੱਖ ਸੰਗਤਾਂ ਵੱਲੋਂ ਗੁਰਦੁਆਰੇ ਅੰਦਰ ਕੀਤੇ ਜਾ ਰਹੇ ਆਪਣੇ ਧਾਰਮਿਕ ਪੂਜਾ-ਪਾਠ ਨਾਲ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਸਿੱਖ ਮਹਿਲਾ ਨੂੰ ਯੂ.ਕੇ. ਵਿਚ ਮਿਲਿਆ ਬੈਸਟ ਟੀਚਰ ਐਵਾਰਡ

**ਲੰਡਨ:** ਇੰਗਲੈਂਡ ਦੇ ਸਿੱਖਿਆ ਵਿਭਾਗ ਨੇ ਇਕ ਸਿੱਖ ਮਹਿਲਾ ਟੀਚਰ ਨੂੰ 2015 ਦੀ ਬੈਸਟ ਟੀਚਰ ਦੇ ਖਿਤਾਬ ਨਾਲ ਸਨਮਾਨਤ ਕੀਤਾ ਹੈ। ਦਲਜੀਤ ਕੌਰ ਲੈਸਟਰ ਦੇ ਸਕੂਲ ਵਿਚ ਕੰਪਿਊਟਰ ਵਿਸ਼ੇ ਦੀ ਅਧਿਆਪਕਾ ਹੈ। ਪਿਛਲੇ ਕਾਫੀ ਸਮੇਂ ਤੋਂ ਦਲਜੀਤ ਕੌਰ ਅਧਿਆਪਨ ਦੇ ਕਿੱਤੇ ਵਿਚ ਹੈ। ਪਹਿਲੀ ਵਾਰ ਕਿਸੇ ਸਿੱਖ ਮਹਿਲਾ ਨੂੰ ਕੰਪਿਊਟਰ ਵਿਸ਼ੇ ਵਿਚ ਪੁਰਸਕਾਰ ਦਿੱਤਾ ਗਿਆ ਹੈ। ਇੰਗਲੈਂਡ ਦੇ ਮਨੁੱਖੀ ਵਸੀਲਿਆਂ ਬਾਰੇ ਵਿਭਾਗ ਵੱਲੋਂ ਹਰ ਸਾਲ ਸਿੱਖਿਆ ਦੇ ਖੇਤਰ ਵਿਚ ਚੰਗਾ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਇਹ ਪੁਰਸਕਾਰ ਦਿੱਤਾ ਜਾਂਦਾ ਹੈ। ਪੁਰਸਕਾਰ ਦੇਣ ਲਈ ਵੱਖ-ਵੱਖ ਮਾਹਿਰਾਂ ਦਾ ਪੈਨਲ ਤਿਆਰ ਕੀਤਾ ਜਾਂਦਾ ਹੈ। ਇਸ ਲਈ ਬਕਾਇਦਾ ਅਧਿਆਪਕਾਂ ਦਾ ਤਜਰਬਾ, ਉਨ੍ਹਾਂ ਦੇ ਵਿਸ਼ੇ ਦਾ ਰਿਕਾਰਡ ਦੇਖਿਆ ਜਾਂਦਾ ਹੈ। ਉਸ ਤੋਂ ਬਾਅਦ ਮਾਹਿਰਾਂ ਦੀ ਟੀਮ ਪੁਰਸਕਾਰ ਲਈ ਚੁਣੇ ਗਏ ਟੀਚਰ ਦਾ ਨਾਂ ਦੇਸ਼ ਦੇ ਸਿੱਖਿਆ ਵਿਭਾਗ ਨੂੰ ਭੇਜਦੀ ਹੈ। ਦਲਜੀਤ ਕੌਰ ਲੈਸਟਰ ਵਿਚ ਖੋਲ੍ਹੇ ਗਏ ਪਹਿਲੇ ਸਿੱਖ ਸਕੂਲ ਦੀ ਟਰਸਟੀ ਮੈਂਬਰ ਵੀ ਹੈ। ਕਾਫੀ ਸਮੇਂ ਤੋਂ ਉਹ ਲੰਡਨ 'ਚ ਅਧਿਆਪਨ ਦੇ ਖੇਤਰ ਵਿਚ ਵਿਚਰ ਰਹੀ ਹੈ।



# ਇਸਲਾਮਿਕ ਸਟੇਟ ਦੇ ਦਹਿਸ਼ਤੀ ਹਮਲੇ ਨਾਲ ਹਿੱਲਿਆ ਪੈਰਿਸ

**ਪੈਰਿਸ:** ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਲੜੀਵਾਰ ਦਹਿਸ਼ਤੀ ਹਮਲਿਆਂ ਵਿਚ ਤਕਰੀਬਨ 140 ਲੋਕ ਮਾਰੇ ਗਏ ਹਨ। ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਦੁਨੀਆਂ ਦੇ ਸਭ ਤੋਂ ਖ਼ੌਫ਼ਨਾਕ ਸਮਝੇ ਜਾਂਦੇ ਅਤਿਵਾਦੀ ਸੰਗਠਨ ਆਈ.ਐਸ. ਨੇ ਲੈਂਦਿਆਂ ਅੱਗੇ ਤੋਂ ਵੀ ਅਜਿਹੇ ਹਮਲੇ ਜਾਰੀ ਰੱਖਣ ਦੀ ਗੱਲ ਆਖੀ ਹੈ। ਫਰਾਂਸ ਨੂੰ ਇਸ ਵਰ੍ਹੇ ਛੇ ਵਾਰ ਦਹਿਸ਼ਤੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਹੈ।

ਇਸ ਤੋਂ ਪਹਿਲਾਂ ਵੀ ਇਸੇ ਸਾਲ ਜਨਵਰੀ ਵਿਚ ਮੂਲਵਾਦੀ ਦਹਿਸ਼ਤਗਰਦਾਂ ਨੇ ਪੈਰਿਸ ਦੇ ਇਕ ਤਨਜ਼ੀਆ ਰਸਾਲੇ 'ਸ਼ਰਲੀ ਐਬਦੋ' ਦੇ ਦਫਤਰ ਉਤੇ ਹਮਲਾ ਕਰਕੇ 20 ਵਿਅਕਤੀਆਂ ਦੀ ਜਾਨ ਲੈ ਲਈ ਸੀ। 'ਸ਼ਰਲੀ ਐਬਦੋ' ਉਤੇ ਹਮਲੇ ਤੋਂ ਬਾਅਦ ਪੂਰੀ ਚੌਕਸੀ ਰੱਖਣ ਦੇ ਬਾਵਜੂਦ ਪੈਰਿਸ ਵਿਚ ਹੋਇਆ ਇਹ ਵੱਡਾ ਦਹਿਸ਼ਤੀ ਹਮਲਾ ਇਸ ਗੱਲ ਦਾ ਸਬੂਤ ਹੈ ਕਿ ਅਤਿਵਾਦੀ ਨਾ ਸਿਰਫ ਫਰਾਂਸ ਬਲਕਿ ਵਿਸ਼ਵ ਦੇ ਹੋਰਨਾਂ ਮੁਲਕਾਂ ਵਿਚ ਦਿਨ-ਬ-ਦਿਨ ਮਜ਼ਬੂਤ ਹੁੰਦੇ ਜਾ ਰਹੇ ਹਨ। ਫਰਾਂਸ ਸੀਰੀਆ ਤੇ ਇਰਾਕ ਵਿਚ ਆਈ.ਐਸ. ਖਿਲਾਫ ਅਮਰੀਕੀ ਫੌਜ ਦਾ ਸਾਥ ਦੇ ਰਿਹਾ ਹੈ।

ਫਰਾਂਸ ਨੇ ਵਿਦੇਸ਼ਾਂ ਵਿਚ ਜਹਾਦੀਆਂ ਖਿਲਾਫ ਲੜਾਈ ਲਈ 10 ਹਜ਼ਾਰ ਸੈਨਿਕ ਭੇਜੇ ਹੋਏ ਹਨ। ਤਾਜ਼ਾ ਅਤਿਵਾਦੀ ਹਮਲੇ ਨੂੰ ਜਹਾਦੀਆਂ ਖਿਲਾਫ ਕਾਰਵਾਈ ਦਾ ਬਦਲਾ ਦੱਸਿਆ ਜਾ ਰਿਹਾ ਹੈ। ਪੈਰਿਸ 'ਤੇ ਹਮਲਾ ਕਰਨ ਵਾਲੇ ਅਤਿਵਾਦੀ ਤਿੰਨ ਵੱਖ-ਵੱਖ ਟੀਮਾਂ ਵਿਚ ਆਏ ਸੀ, ਜਿਨ੍ਹਾਂ ਵਿਚੋਂ ਛੇ ਨੇ ਤਾਂ ਖੁਦ ਆਪਣੇ ਆਪ ਨੂੰ ਉਡਾ ਲਿਆ ਜਦਕਿ ਇਕ ਨੂੰ ਪੁਲਿਸ ਨੇ ਮਾਰ ਦਿੱਤਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਹਮਲੇ ਦੀ ਸਾਜਿਸ਼ ਤਕਰੀਬਨ ਨੌਂ ਮਹੀਨੇ ਪਹਿਲਾਂ ਸ਼ੁਰੂ ਹੋ ਗਈ ਸੀ।

ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾਂ ਔਲਾਂਦ ਨੇ ਇਨ੍ਹਾਂ ਦਹਿਸ਼ਤੀ ਹਮਲਿਆਂ ਨੂੰ 'ਜੰਗ' ਕਰਾਰ ਦਿੱਤਾ ਹੈ। ਪੈਰਿਸ ਦੀਆਂ ਸੜਕਾਂ 'ਤੇ ਖੂਨ-ਖਰਾਬਾ ਕਰਨ ਵਾਲੇ ਅੱਠ ਹਮਲਾਵਰਾਂ ਵਿਚੋਂ ਜ਼ਿਆਦਾਤਰ ਨੇ ਆਤਮਘਾਤੀ ਬੈਲਟ ਪਹਿਨ ਰੱਖੀ ਸੀ। 2004 ਦੇ ਮੈਡਰਿਡ ਟਰੇਨ ਬੰਬ ਧਮਾਕਿਆਂ ਤੋਂ ਬਾਅਦ ਯੂਰਪ ਵਿਚ ਇਹ ਹੁਣ ਤੱਕ ਦਾ ਸਭ ਤੋਂ ਖ਼ੌਫ਼ਨਾਕ ਹਮਲਾ ਹੈ। ਦਹਿਸ਼ਤਗਰਦਾਂ ਨੇ ਸਭ ਤੋਂ ਵੱਧ ਕਹਿਰ ਪੂਰਬੀ ਪੈਰਿਸ ਵਿਚ ਪੈਂਦੇ ਬਾਤਾਕਲਾਨ ਕਨਸਰਟ ਹਾਲ ਵਿਚ ਵਰਤਾਇਆ ਜਿਥੇ ਅਮਰੀਕੀ ਰੌਕ ਬੈਂਡ ਨੇ ਪੇਸ਼ਕਾਰੀ ਦੇਣੀ ਸੀ। ਹੱਥਾਂ ਵਿਚ ਏਕੇ-47 ਰਾਈਫਲਾਂ ਲੈ ਕੇ ਅਤੇ 'ਅੱਲ੍ਹਾ ਹੂ ਅਕਬਰ' ਦੇ ਨਾਅਰੇ ਮਾਰਦਿਆਂ ਚਾਰ ਹਮਲਾਵਰ ਹਾਲ ਵਿਚ ਦਾਖਲ ਹੋਏ ਤੇ ਉਥੇ ਉਨ੍ਹਾਂ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ। ਇਸ ਹਮਲੇ ਵਿਚ 82 ਵਿਅਕਤੀ ਹਲਾਕ ਹੋ ਗਏ ਜਦਕਿ ਦਰਜਨਾਂ ਨੂੰ ਬੰਧਕ ਬਣਾ ਲਿਆ। ਹਮਲੇ ਵਿਚ ਬਚੇ ਕੁਝ ਲੋਕਾਂ ਨੇ ਦੱਸਿਆ ਕਿ ਅਤਿਵਾਦੀ ਆਖ ਰਹੇ ਸਨ ਕਿ ਇਹ ਤੁਹਾਡੇ ਰਾਸ਼ਟਰਪਤੀ ਦੀ ਗਲਤੀ ਹੈ।

ਉਸ ਨੂੰ ਸੀਰੀਆ ਵਿਚ ਦਖਲ ਨਹੀਂ ਦੇਣਾ ਚਾਹੀਦਾ। ਜਿਵੇਂ ਹੀ ਅੱਧੀ ਰਾਤ ਤੋਂ ਬਾਅਦ ਹਥਿਆਰਬੰਦ ਸੁਰੱਖਿਆ ਬਲਾਂ ਨੇ ਘੇਰਾ ਪਾਇਆ ਤਾਂ ਤਿੰਨ ਦਹਿਸ਼ਤਗਰਦਾਂ ਨੇ ਆਪਣੇ ਆਪ ਨੂੰ ਉਡਾ ਲਿਆ ਜਦਕਿ ਚੌਥਾ ਹਮਲਾਵਰ ਸੁਰੱਖਿਆ ਬਲਾਂ ਦੀ ਗੋਲੀ ਦਾ ਸ਼ਿਕਾਰ ਬਣਿਆ। ਇਕ ਹੋਰ ਹਮਲਾਵਰ ਨੇ ਬੁਲੇਵਰਡ ਵੋਲਟੇਅਰ ਨੇੜੇ ਆਪਣੇ ਆਪ ਨੂੰ ਉਡਾ ਲਿਆ। ਲੜੀਵਾਰ ਹਮਲਿਆਂ ਸਮੇਂ ਸ੍ਰੀ ਔਲਾਂਦ, ਫਰਾਂਸ ਤੇ ਜਰਮਨੀ ਵਿਚਕਾਰ ਹੋ ਰਹੇ ਦੋਸਤਾਨਾ ਫੁੱਟਬਾਲ ਮੈਚ ਦਾ ਆਨੰਦ ਮਾਣ ਰਹੇ ਸਨ। ਰਾਸ਼ਟਰੀ ਸਟੇਡੀਅਮ ਦੇ ਬਾਹਰ ਹੋਏ ਧਮਾਕਿਆਂ ਤੋਂ ਬਾਅਦ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ।

ਪੈਰਿਸ ਦੇ ਬਾਹਰਵਾਰ 30 ਨਵੰਬਰ ਨੂੰ ਸੰਯੁਕਤ ਰਾਸ਼ਟਰ ਵਾਤਾਵਰਨ ਵਾਰਤਾ ਹੋਣ ਜਾ ਰਹੀ ਹੈ ਤੇ ਇਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਸਮੇਤ ਕਈ ਆਲਮੀ ਆਗੂਆਂ ਨੇ ਵੀ ਹਿੱਸਾ ਲੈਣਾ ਹੈ। ਫਰਾਂਸ ਵਿਚ ਇਸ ਸਾਲ ਜਨਵਰੀ ਤੋਂ ਹੀ ਹਾਈ ਅਲਰਟ ਜਾਰੀ ਹੈ ਜਦੋਂ ਜਹਾਦੀਆਂ ਨੇ ਪੈਰਿਸ ਵਿਚ ਸ਼ਰਲੀ ਹੈਬਦੋ ਰਸਾਲੇ ਤੇ ਯਹੂਦੀ ਸੁਪਰ ਮਾਰਕੀਟ ਵਿਚ ਹਮਲੇ ਕਰ ਕੇ 17 ਵਿਅਕਤੀਆਂ ਨੂੰ ਹਲਾਕ ਕਰ ਦਿੱਤਾ ਸੀ। ਅਗਸਤ ਵਿਚ ਇਕ ਹੋਰ ਹਮਲੇ ਨੂੰ ਉਸ ਸਮੇਂ ਨਾਕਾਮ ਕਰ ਦਿੱਤਾ ਗਿਆ ਸੀ ਜਦੋਂ ਉੱਤਰੀ ਫਰਾਂਸ ਵਿਚ ਤੇਜ਼ ਰਫਤਾਰ ਟਰੇਨ ਵਿਚੋਂ ਇਕ ਬੰਦੂਕਧਾਰੀ ਨੂੰ ਕਾਬੂ ਕਰ ਲਿਆ ਗਿਆ ਸੀ। ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾਂ ਔਲਾਂਦ ਨੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਦੇਸ਼ 'ਚ ਹੋਏ ਸਭ ਤੋਂ ਵੱਡੇ ਹਮਲੇ ਲਈ ਇਸਲਾਮਿਕ ਸਟੇਟ ਦੇ ਜਹਾਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।



## ਸੰਸਾਰ ਨੇਤਾਵਾਂ ਵੱਲੋਂ ਅਤਿਵਾਦ ਖਿਲਾਫ ਇਕ ਹੋਣ ਦਾ ਸੱਦਾ

**ਅੰਤਾਲਿਆ (ਤੁਰਕੀ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਵਿਸ਼ਵ ਦੇ ਹੋਰ ਨੇਤਾਵਾਂ ਦੀ ਸੁਰ ਵਿਚ ਸੁਰ ਮਿਲਾਉਂਦਿਆਂ ਜੀ-20 ਦੀ ਸਿਖਰ ਸੰਮੇਲਨ ਦੀ ਬੈਠਕ ਵਿਚ ਅਤਿਵਾਦ ਨਾਲ ਲੜਨ ਲਈ ਤੁਰੰਤ ਤੇ ਸੰਗਠਤ ਕੋਸ਼ਿਸ਼ਾਂ ਦਾ ਸੱਦਾ ਦਿੱਤਾ ਹੈ। ਇਸ ਬੈਠਕ ਵਿਚ ਪੈਰਿਸ ਵਿਚ ਅਤਿਵਾਦੀ ਹਮਲੇ, ਸੀਰੀਆ ਵਿਚ ਜੰਗ ਤੇ ਜਹਾਦੀ ਆਈ.ਐਸ. ਦੇ ਮੁੱਦੇ ਹਾਵੀ ਰਹੇ। ਸੰਮੇਲਨ ਵਿਚ ਸ਼ਾਮਲ ਆਗੂਆਂ ਨੇ ਪੈਰਿਸ ਤੇ ਅੰਕਾਰਾ ਵਿਚ ਅਤਿਵਾਦੀ ਹਮਲਿਆਂ ਵਿਚ ਮਾਰੇ ਗਏ ਲੋਕਾਂ ਨੂੰ ਇਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ

## ਆਈ.ਐਸ. ਦੀ ਚੜ੍ਹਤ ਬਣੀ ਸੰਸਾਰ ਲਈ ਚੁਣੌਤੀ

**ਪੈਰਿਸ:** ਆਈ.ਐਸ ਦਹਿਸ਼ਤਗਰਦ ਸੰਗਠਨ ਦੁਨੀਆਂ ਦੇ 11 ਦੇਸ਼ਾਂ ਵਿਚ ਹਮਲੇ ਕਰ ਚੁੱਕਾ ਹੈ। ਇਰਾਕ ਤੇ ਸੀਰੀਆ ਦੇ ਕੁਝ ਹਿੱਸਿਆ ਉੱਤੇ ਕਬਜ਼ੇ ਤੋਂ ਬਾਅਦ ਆਈ.ਐਸ. ਦੇ ਮੁਖੀ ਬਕਰ ਅੱਲ ਬਗਦਾਦੀ ਦੀ ਅਗਵਾਈ ਵਾਲੇ ਇਸ ਦਹਿਸ਼ਤਗਰਦ ਸੰਗਠਨ ਨੇ ਜੂਨ 2014 ਵਿਚ ਇਸਲਾਮਿਕ ਸਟੇਟ ਬਣਾਉਣ ਦਾ ਐਲਾਨ ਕੀਤਾ ਸੀ। ਬਗਦਾਦੀ ਨੇ ਆਪਣੇ ਆਪ ਨੂੰ ਸੰਗਠਨ ਦਾ ਖਲੀਫ਼ਾ ਐਲਾਨਿਆ ਸੀ। ਇਸ ਸੰਗਠਨ ਨੇ ਇੰਨੇ ਥੋੜ੍ਹੇ ਸਮੇਂ ਵਿਚ ਦੁਨੀਆਂ ਭਰ ਵਿਚ ਦਹਿਸ਼ਤ ਦਾ ਅਹਿਸਾਸ ਕਰਵਾਇਆ ਹੈ।



ਅਮਰੀਕਾ, ਭਾਰਤ ਸਮੇਤ ਕਈ ਯੂਰਪੀ ਦੇਸ਼ਾਂ ਦੇ ਨੌਜਵਾਨਾਂ ਦੇ ਇਸ ਸੰਗਠਨ ਵੱਲ ਖਿੱਚੇ ਜਾਣ ਬਾਰੇ ਵੀ ਕਈ ਅਹਿਮ ਖੁਲਾਸੇ ਹੋ ਚੁੱਕੇ ਹਨ। ਪੈਰਿਸ ਹਮਲੇ ਤੋਂ ਬਾਅਦ ਇਕ ਵਾਰ ਫਿਰ ਤੋਂ ਯੂਰਪ ਵਿਚ ਸੰਗਠਨ ਨੇ ਆਪਣੀ ਮੌਜੂਦਗੀ ਦਰਸਾ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਸੰਗਠਨ ਪੈਰਿਸ ਵਿਚ ਹਮਲੇ ਕਰ ਚੁੱਕਾ ਹੈ। ਸਾਊਦੀ ਅਰਬ, ਫਰਾਂਸ, ਲਿਬੀਆ, ਲੇਬਨਾਨ, ਮਿਸਰ, ਟਿਊਨੇਸ਼ੀਆ, ਯਮਨ, ਅਫ਼ਗਾਨਿਸਤਾਨ, ਤੁਰਕੀ, ਕੁਵੈਤ, ਬੰਗਲਾਦੇਸ਼ ਤੋਂ ਇਲਾਵਾ ਆਸਟਰੇਲੀਆ, ਅਮਰੀਕਾ, ਇੰਗਲੈਂਡ ਤੇ ਹੋਰ ਕਈ ਦੇਸ਼ਾਂ ਵਿਚ ਆਈ.ਐਸ. ਦੇ ਸਮਰਥਕਾਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ। ਸੰਗਠਨ ਦਾ ਜਿਸ ਤਰੀਕੇ ਨਾਲ ਦੁਨੀਆਂ ਵਿਚ ਪ੍ਰਭਾਵ ਵਧ ਰਿਹਾ ਉਸ ਦੇ ਹਿਸਾਬ ਨਾਲ ਇਸ ਨੇ ਅਲ ਕਾਇਦਾ ਤੇ ਹੋਰ ਦਹਿਸ਼ਤਗਰਦਾਂ ਸੰਗਠਨਾਂ ਦਾ ਥਾਂ ਲੈਣੀ ਸ਼ੁਰੂ ਕਰ ਦਿੱਤੀ ਹੈ।

## ਆਲਮੀ ਆਗੂਆਂ ਵੱਲੋਂ ਦੁੱਖ ਦਾ ਇਜ਼ਹਾਰ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਸਮੇਤ ਕਈ ਆਲਮੀ ਆਗੂਆਂ ਨੇ ਪੈਰਿਸ ਵਿਚ ਹੋਏ ਦਹਿਸ਼ਤੀ ਹਮਲਿਆਂ ਉਤੇ ਦੁਖ ਜ਼ਾਹਰ ਕੀਤਾ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਹਮਲਿਆਂ ਨੂੰ ਬੇਕਸੂਰ ਲੋਕਾਂ ਨੂੰ ਦਹਿਲਾਉਣ ਦੀ ਕੋਸ਼ਿਸ਼ ਕਰਾਰ ਦਿੱਤਾ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਤੇ ਸੁਰੱਖਿਆ ਕੌਂਸਲ ਨੇ ਦਹਿਸ਼ਤੀ ਹਮਲਿਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਫਰਾਂਸ ਸਰਕਾਰ ਸਾਜ਼ਿਸ਼ਘਾੜਿਆਂ ਨੂੰ ਫੜਨ ਲਈ ਹਰ ਸੰਭਵ ਕਾਰਵਾਈ ਕਰੇ।

ਜਰਮਨ ਚਾਂਸਲਰ ਐਂਜਿਲਾ ਮਰਕਲ ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਕਿਹਾ ਕਿ ਹਮਲਿਆਂ ਨਾਲ ਉਹ ਵੀ ਹਿੱਲ ਗਏ ਹਨ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਵੀ ਹਮਦਰਦੀ ਪ੍ਰਗਟ ਕਰਦਿਆਂ ਔਲਾਂਦੇ ਨੂੰ ਸਹਾਇਤਾ ਦੀ ਪੇਸ਼ਕਸ਼ ਕੀਤੀ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਯੂਰਪੀ ਕਮਿਸ਼ਨ ਦੇ ਰਾਸ਼ਟਰਪਤੀ ਜੀਨ ਕਲੌਡ ਜਨਕਰ, ਯੂਰਪੀ ਕੌਂਸਲ ਦੇ ਰਾਸ਼ਟਰਪਤੀ ਡੋਨਾਲਡ ਟਸਕ, ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀ ਦਹਿਸ਼ਤੀ ਹਮਲਿਆਂ ਦੀ ਨਿਖੇਧੀ ਕਰਦਿਆਂ ਦੁੱਖ ਦੀ ਘੜੀ ਵਿਚ ਫਰਾਂਸ ਦਾ ਸਾਥ ਦੇਣ ਦੀ ਗੱਲ ਆਖੀ।

# ਬਾਪੂ ਸੂਰਤ ਸਿੰਘ ਖਾਲਸਾ ਦੀ ਸਿਹਤ ਨਾਜ਼ੁਕ

**ਲੁਧਿਆਣਾ:** ਸਿੱਖ ਕੈਦੀਆਂ ਦੀ ਰਿਹਾਈ ਲਈ ਲੰਬੇ ਸਮੇਂ ਤੋਂ ਭੁੱਖ ਹੜਤਾਲ ਉਤੇ ਬੈਠੇ ਤੇ ਦਿਆਨੰਦ ਹਸਪਤਾਲ ਵਿਚ ਜੇਰੇ ਇਲਾਜ ਸੂਰਤ ਸਿੰਘ ਖਾਲਸਾ ਦੀ ਸਿਹਤ ਕਾਫੀ ਜ਼ਿਆਦਾ ਵਿਗੜ ਗਈ ਹੈ, ਜਿਸ ਕਰਕੇ ਹੀ ਡਾਕਟਰਾਂ ਨੇ ਉਨ੍ਹਾਂ ਨੂੰ ਖੁਰਾਕ ਦੇਣ ਲਈ ਵਿਸ਼ੇਸ਼ ਫੂਡ ਪਾਈਪ ਲਗਾ ਦਿੱਤੀ ਹੈ। ਡਾਕਟਰਾਂ ਦੀ ਵਿਸ਼ੇਸ਼ ਟੀਮ ਨੇ ਉਨ੍ਹਾਂ ਦਾ ਨਿਰੀਖਣ ਕਰਕੇ ਫੂਡ ਪਾਈਪ ਲਗਾਉਣ ਦਾ ਫੈਸਲਾ ਕੀਤਾ ਹੈ।



ਹੁਣ ਖਾਲਸਾ ਨੂੰ ਫੂਡ ਪਾਈਪ ਲਗਾ ਕੇ ਤਰਲ ਪਦਾਰਥ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਸੂਰਤ ਸਿੰਘ ਖਾਲਸਾ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਉਤੇ ਅੜੇ ਹੋਏ ਹਨ ਤੇ ਉਨ੍ਹਾਂ ਦੀ ਸਿਹਤ ਪਿਛਲੇ ਛੇ ਮਹੀਨਿਆਂ ਤੋਂ ਬਹੁਤ ਖਰਾਬ ਹੋਈ ਹੈ, ਪਰ ਉਹ ਭੁੱਖ ਹੜਤਾਲ ਛੱਡਣ ਨੂੰ ਤਿਆਰ ਨਹੀਂ ਹਨ। ਪੰਜਾਬ ਸਰਕਾਰ ਨੇ ਸਿੱਖ ਕੈਦੀਆਂ ਦੀ ਰਿਹਾਈ ਬਾਰੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਸੀ, ਪਰ ਅਜੇ ਤੱਕ ਕੁਝ ਨਹੀਂ ਹੋਇਆ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply



*Gurdip Singh Sandhu*

EX Member:
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



**Upgrade your Security Cameras to High Definition at very reasonable prices**




*For a Free Demo of our new HD Cameras*
*Please Contact us*: **Balbir S Sidhu**
**209-495-3905 (Cell)**
www.dvrunlimited.com
**Toll Free (888) 233-4566**

**DVRunlimited Inc.**
Installation Available

# ਐਤਕੀਂ ਦੀਵਾਲੀ ਮੌਕੇ ਪੰਜਾਬ ਵਿਚ ਪ੍ਰਦੂਸ਼ਣ ਕਾਫੀ ਘਟਿਆ

**ਚੰਡੀਗੜ੍ਹ:** ਇਸ ਵਰ੍ਹੇ ਦੀਵਾਲੀ ਵਾਲੇ ਦਿਨ ਹਵਾ ਪ੍ਰਦੂਸ਼ਣ ਕਾਫੀ ਘੱਟ ਰਿਹਾ। ਇਹ ਦਾਅਵਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਦੀਵਾਲੀ ਮੌਕੇ ਪ੍ਰਦੂਸ਼ਣ ਬਾਰੇ ਇਕੱਤਰ ਕੀਤੇ ਅੰਕੜਿਆਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਬੋਰਡ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹਦਾਇਤ ਮੁਤਾਬਕ ਪਟਿਆਲਾ, ਮੰਡੀ ਗੋਬਿੰਦਗੜ੍ਹ, ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਵਿਚ ਵਪਾਰਕ, ਰਿਹਾਇਸ਼ੀ ਤੇ ਸ਼ਾਂਤ ਖੇਤਰਾਂ ਵਿਚ ਪ੍ਰਦੂਸ਼ਣ ਮਾਪਣ ਲਈ ਸਟੇਸ਼ਨ ਸਥਾਪਤ ਕੀਤੇ ਸਨ। ਬੋਰਡ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਰਿਹਾਇਸ਼ੀ ਖੇਤਰ ਵਿਚੋਂ ਐਤਕੀਂ ਪਿਛਲੇ ਸਾਲਾਂ ਦੀ ਤਰ੍ਹਾਂ ਪਟਿਆਲਾ ਵਿਚ ਸਭ ਤੋਂ ਘੱਟ ਪ੍ਰਦੂਸ਼ਣ ਰਿਹਾ।

ਇਥੇ ਪ੍ਰਦੂਸ਼ਣ ਦੀ ਮਾਤਰਾ 180 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ, ਜਦਕਿ ਅੰਮ੍ਰਿਤਸਰ ਵਿਚ ਇਸ ਦੀ ਮਾਤਰਾ ਸਭ ਤੋਂ ਵੱਧ, 254 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ। ਇਸੇ ਤਰ੍ਹਾਂ ਗੈਸਾਂ ਦੀ ਮਾਤਰਾ ਨਿਰਧਾਰਤ ਹੱਦ ਤੋਂ ਕਿਤੇ ਘੱਟ ਰਹੀ। ਬੋਰਡ ਦੀ ਰਿਪੋਰਟ ਮੁਤਾਬਕ ਪਟਿਆਲਾ ਤੇ ਜਲੰਧਰ ਵਿਚ ਆਵਾਜ਼ ਪ੍ਰਦੂਸ਼ਣ ਵਿਚ ਵਾਧਾ ਦਰਜ ਕੀਤਾ ਗਿਆ।

ਰਿਹਾਇਸ਼ੀ ਖੇਤਰਾਂ ਵਿਚੋਂ ਪਟਿਆਲਾ ਵਿਚ ਇਹ ਪ੍ਰਦੂਸ਼ਣ ਪਿਛਲੇ ਵਰ੍ਹੇ 69.5 ਡੀਬੀ (ਡੈਸੀਬਲ) ਤੋਂ ਵਧ ਕੇ ਐਤਕੀਂ 72.7 ਡੀਬੀ ਹੋ ਗਿਆ ਹੈ। ਸੰਵੇਦਨਸ਼ੀਲ ਖੇਤਰਾਂ ਵਿਚੋਂ ਵੀ ਜਲੰਧਰ ਤੇ ਪਟਿਆਲਾ ਵਿਚ ਇਸ ਦੀ ਮਾਤਰਾ ਪਹਿਲਾਂ ਨਾਲੋਂ ਵੱਧ ਰਹੀ। ਜਲੰਧਰ ਵਿਚ ਪਿਛਲੇ ਵਰ੍ਹੇ ਇਹ ਪ੍ਰਦੂਸ਼ਣ 48 ਡੀਬੀ ਸੀ ਤੇ ਇਸ ਵਾਰ 53 ਡੀਬੀ ਰਿਹਾ।

ਪਟਿਆਲਾ ਵਿਚ ਇਹ 64.5 ਡੀਬੀ ਰਿਹਾ, ਜੋ ਪਿਛਲੇ ਸਾਲ 60.6 ਡੀਬੀ ਸੀ। ਬੋਰਡ ਦੇ ਚੇਅਰਮੈਨ ਮਨਪ੍ਰੀਤ ਸਿੰਘ ਨੇ ਕਿਹਾ ਕਿ ਇਸ ਸਾਲ ਗਰੀਨ ਦੀਵਾਲੀ ਮਨਾਏ ਜਾਣ ਦਾ ਸਿਹਰਾ ਸਕੂਲ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਬੋਰਡ ਦੇ ਸਹਿਯੋਗ ਨਾਲ ਪਿਛਲੇ ਕਈ ਸਾਲਾਂ ਤੋਂ ਗਰੀਨ ਦੀਵਾਲੀ ਮਨਾਏ ਜਾਣ ਤੇ ਪਟਾਕਿਆਂ ਨੂੰ ਅਲਵਿਦਾ ਕਹੇ ਜਾਣ ਦੀ ਮੁਹਿੰਮ ਵਿੱਢੀ ਹੋਈ ਹੈ।



## ਦਰਬਾਰ ਸਾਹਿਬ ਦੁਆਲੇ ਪ੍ਰਦੂਸ਼ਣ ਘਟਿਆ

**ਅੰਮ੍ਰਿਤਸਰ:** ਦਰਬਾਰ ਸਾਹਿਬ ਅੰਮ੍ਰਿਤਸਰ ਦੁਆਲੇ ਵੀ ਪ੍ਰਦੂਸ਼ਣ ਲਗਾਤਾਰ ਘਟ ਰਿਹਾ ਹੈ। ਪਿਛਲੇ ਸਾਲ ਧੂੜ ਦੇ ਕਣਾਂ ਦੀ ਮਾਤਰਾ 363 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਸੀ, ਜੋ ਇਸ ਵਾਰ 244 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੈ। ਸਲਫਰ ਡਾਇਆਕਸਾਈਡ ਇਸ ਵਾਰ 15 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ, ਜੋ ਪਿਛਲੇ ਸਾਲ 21 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਸੀ। ਇਸੇ ਤਰ੍ਹਾਂ ਨਾਈਟਰੋਜਨ ਦੇ ਆਕਸਾਈਡਾਂ ਵਿਚ ਵੀ ਕਮੀ ਆਈ ਹੈ। ਇਹ ਅੰਕੜਾ ਪਿਛਲੇ ਵਰ੍ਹੇ 40 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਸੀ, ਜੋ ਇਸ ਸਾਲ 34 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੈ।

## ਦਿੱਲੀ ਨੂੰ ਪਈ ਪ੍ਰਦੂਸ਼ਣ ਦੀ ਮਾਰ

**ਨਵੀਂ ਦਿੱਲੀ:** ਰਾਜਧਾਨੀ ਦਿੱਲੀ ਵਿਚ ਦੀਵਾਲੀ ਮੌਕੇ ਕੀਤੀ ਆਤਿਸ਼ਬਾਜ਼ੀ ਕਾਰਨ ਪ੍ਰਦੂਸ਼ਣ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਸ਼ਹਿਰ ਦੇ ਕਈ ਇਲਾਕਿਆਂ ਵਿਚ ਤਾਂ ਪ੍ਰਦੂਸ਼ਣ ਕਣਾਂ ਵਿਚ 20 ਗੁਣਾ ਵਾਧਾ ਹੋਇਆ ਹੈ। ਵੱਖ-ਵੱਖ ਅਥਾਰਟੀਆਂ ਵੱਲੋਂ ਪਟਾਕੇ ਨਾ ਚਲਾਉਣ ਬਾਰੇ ਕੀਤੀਆਂ ਅਪੀਲਾਂ ਦਾ ਅਸਰ ਘੱਟ ਹੀ ਨਜ਼ਰੀਂ ਪਿਆ। ਭੂ ਵਿਗਿਆਨ ਮੰਤਰਾਲੇ ਅਧੀਨ ਕੰਮ ਕਰਦੀ ਏਜੰਸੀ ਸਿਸਟਮ ਆਫ ਏਅਰ ਕੁਆਲਿਟੀ ਐਂਡ ਵੈਦਰ ਫੋਰਕਾਸਟਿੰਗ ਐਂਡ ਰੀਸਰਚ (ਐਸ.ਏ.ਐਫ.ਏ.ਆਰ.) ਮੁਤਾਬਕ ਰਾਜਧਾਨੀ ਵਿਚ ਪ੍ਰਦੂਸ਼ਣ ਸਿਖਰ ਉਤੇ ਪਹੁੰਚ ਗਿਆ ਹੈ। ਦੀਵਾਲੀ ਦੀ ਰਾਤ ਆਨੰਦ ਵਿਹਾਰ, ਆਰ.ਕੇ. ਪੁਰਮ, ਮੰਦਰ ਮਾਰਗ ਤੇ ਪੰਜਾਬੀ ਬਾਗ ਵਿਚ ਹਵਾ ਤੇ ਸ਼ੋਰ ਪ੍ਰਦੂਸ਼ਣ ਦੋਵੇਂ ਸੁਰੱਖਿਆ ਦੇ ਮਿਆਰ ਤੋਂ ਜ਼ਿਆਦਾ ਸਨ। ਆਨੰਦ ਵਿਹਾਰ ਵਿਚ ਅੱਧੀ ਰਾਤ ਨੂੰ ਪੀ.ਐਮ. 10 ਦਾ ਪੱਧਰ 2000 ਮਾਈਕਰੋਗ੍ਰਾਮ ਪ੍ਰਤੀ ਘਣਮੀਟਰ ਸੀ, ਜੋ ਸੁਰੱਖਿਆ ਪੱਧਰ ਤੋਂ 20 ਗੁਣਾ ਜ਼ਿਆਦਾ ਸੀ। ਸਵੇਰੇ ਦਿੱਲੀ ਯੂਨੀਵਰਸਿਟੀ ਖੇਤਰ ਵਿਚ ਪੀ.ਐਮ. 2.5 ਤੇ ਪੀ.ਐਮ. 10 ਦਾ ਪੱਧਰ ਕ੍ਰਮਵਾਰ 446 ਤੇ 439 ਸੀ। ਕੌਮਾਂਤਰੀ ਹਵਾਈ ਅੱਡੇ ਵਾਲੇ ਸਟੇਸ਼ਨ ਉਤੇ ਰਿਕਾਰਡ ਕੀਤੇ ਗਏ ਅੰਕੜਿਆਂ ਮੁਤਾਬਕ ਪੀ.ਐਮ. 2.5 ਦਾ ਪੱਧਰ 478 ਤੇ ਪੀ.ਐਮ. 10 ਦਾ ਪੱਧਰ 439 ਸੀ।

# ਸਿੱਖਾਂ ਬਾਰੇ ਲਤੀਫਿਆਂ 'ਤੇ ਰੋਕ ਲਈ ਦਿੱਲੀ ਕਮੇਟੀ ਦੀ ਮੁਹਿੰਮ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਢਾਹ ਲਾਉਣ ਵਾਲੇ ਸਿੱਖ ਵਿਰੋਧੀ ਚੁਟਕਲਿਆਂ ਉਤੇ ਰੋਕ ਲਾਉਣ ਵਾਸਤੇ ਸ਼ੁਰੂ ਕੀਤੀ ਗਈ ਆਨਲਾਈਨ ਪਟੀਸ਼ਨ ਉਤੇ ਪੂਰੇ ਸਿੱਖ ਭਾਈਚਾਰੇ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ ਹੈ।

ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਸੋਸ਼ਲ ਮੀਡੀਆ ਉਤੇ ਆਪਣੇ ਫੇਸਬੁੱਕ ਪੇਜ ਤੇ ਵੱਟਸਐਪ ਉਤੇ ਪਾਈ ਗਈ ਵੀਡੀਓ ਵਿਚ ਉਕਤ ਪਟੀਸ਼ਨ ਦਾ ਵੱਧ ਤੋਂ ਵੱਧ ਸਮਰਥਨ ਕਰਨ ਦੀ ਅਪੀਲ ਕੀਤੀ ਗਈ ਹੈ। ਨਾਲ ਹੀ ਸੁਪਰੀਮ ਕੋਰਟ ਵਿਚ ਉਕਤ ਮਸਲੇ 'ਤੇ ਸੀਨੀਅਰ ਵਕੀਲ ਹਰਵਿੰਦਰ ਕੌਰ ਚੌਧਰੀ ਵੱਲੋਂ ਪਾਈ ਪੀ.ਆਈ.ਐਲ. ਦੀ ਸੁਣਵਾਈ ਦੌਰਾਨ ਅਜਿਹੇ ਘਟੀਆ ਮਜ਼ਾਕ ਨੂੰ ਰੋਕਣ ਦੀ ਦਿਸ਼ਾ ਵਿਚ ਮਜ਼ਬੂਤ ਕਾਨੂੰਨ ਬਣਨ ਦਾ ਰਾਹ ਪੱਧਰਾ ਹੋਣ ਦਾ ਦਾਅਵਾ ਕੀਤਾ ਹੈ। ਸ. ਜੀ.ਕੇ. ਨੇ ਪੀ.ਆਈ.ਐਲ. ਉਤੇ ਸੁਪਰੀਮ ਕੋਰਟ ਵੱਲੋਂ ਸਿੱਖ ਭਾਈਚਾਰੇ ਦੀ ਭਾਵਨਾਵਾਂ ਤੋਂ ਜਾਣੂ ਹੋਣ ਵਾਸਤੇ ਚੁੱਕੇ ਗਏ ਕਦਮਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਕਿਸੇ ਵੀ ਹਾਲਾਤ ਵਿਚ ਇਨ੍ਹਾਂ ਸਿੱਖ ਵਿਰੋਧੀ ਚੁਟਕਲਿਆਂ ਉਤੇ ਰੋਕ ਲਾਉਣਾ ਚਾਹੁੰਦੇ ਹਨ ਕਿਉਂਕਿ ਸਿੱਖ ਧਰਮੀ,



ਗੰਭੀਰ ਤੇ ਮਿਹਨਤੀ ਵਜੋਂ ਪਛਾਣ ਰੱਖਦਾ ਹੈ। ਇਸ ਕਰਕੇ ਸਿੱਖ ਭਾਈਚਾਰੇ ਦੀ ਬੁਰੀ ਛਵੀ ਨੂੰ ਘੜਨ ਵਾਲੇ ਇਨ੍ਹਾਂ ਚੁਟਕਲਿਆਂ ਨੂੰ ਕਿਸੇ ਵੀ ਕੀਮਤ ਉਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਹੈ।

# ਯੂਨੀਵਰਸਿਟੀਆਂ ਦੀ ਰੈਂਕਿੰਗ ਵਿਚ ਭਾਰਤ ਦੀ ਲਾਜ ਬਚੀ

**ਲੰਡਨ:** ਭਾਰਤੀ ਵਿਗਿਆਨ ਸੰਸਥਾਨ (ਆਈ.ਆਈ.ਐਮ.ਸੀ.) ਬੰਗਲੌਰ ਨੇ ਇੰਜਨੀਅਰਿੰਗ ਤੇ ਤਕਨੀਕ ਲਈ ਦੁਨੀਆਂ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਵਿਚ ਭਾਰਤ ਦੇ ਖਰਾਬ ਪ੍ਰਦਰਸ਼ਨ ਦੇ ਸਿਲਸਿਲੇ ਨੂੰ ਤੋੜਦਿਆਂ 99ਵਾਂ ਸਥਾਨ ਹਾਸਲ ਕੀਤਾ ਹੈ। ਟਾਈਮਜ਼ ਹਾਇਰ ਐਜੂਕੇਸ਼ਨ (ਟੀ.ਐਚ.ਈ.) ਰੈਂਕਿੰਗ ਫਾਰ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਚ ਅਮਰੀਕੀ ਯੂਨੀਵਰਸਿਟੀਆਂ ਦੀ ਸਰਦਾਰੀ ਬਰਕਰਾਰ ਹੈ। ਸਟੈਨਫੋਰਡ, ਕਾਲਟੈੱਕ ਤੇ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਨੇ ਪਹਿਲੇ ਤਿੰਨ ਸਥਾਨ ਹਾਸਲ ਕੀਤੇ ਹਨ।

ਇਸ ਸਾਲ ਸਿਖਰਲੀਆਂ 100 ਯੂਨੀਵਰਸਿਟੀਆਂ ਵਿਚ ਅਮਰੀਕਾ ਦੀਆਂ 31 'ਵਰਸਿਟੀਆਂ ਹਨ ਜਦ ਕਿ ਪਿਛਲੇ ਸਾਲ ਇਹ ਗਿਣਤੀ 34 ਸੀ। ਪਿਛਲੇ ਸਾਲ 18 ਦੀ ਥਾਂ 25 ਥਾਵਾਂ ਉਤੇ ਏਸ਼ੀਆਈ ਸੰਸਥਾਵਾਂ ਹਨ। ਏਸ਼ਿਆਈ ਸੰਸਥਾਵਾਂ ਨੇ ਪਹਿਲੀਆਂ 30 ਵਿਚੋਂ ਛੇ ਉਤੇ ਕਬਜ਼ਾ ਕੀਤਾ ਹੈ।

# ਦੀਵਾਲੀ ਮੌਕੇ ਜਸਟਿਨ ਟਰੂਡੋ ਨੇ ਗੁਰੂ ਘਰ ਮੱਥਾ ਟੇਕਿਆ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੰਦੀ ਛੋੜ ਦਿਵਸ ਤੇ ਦੀਵਾਲੀ ਮੌਕੇ ਕੈਨੇਡਾ ਦੇ ਗੁਰੂ ਘਰ ਵਿਚ ਮੱਥਾ ਟੇਕਿਆ। ਟਰੂਡੋ ਆਪਣੇ ਕਾਫਲੇ ਨਾਲ ਓਟਾਵਾ ਦੇ ਗੁਰਦੁਆਰਾ ਸਾਹਿਬ ਵਿਚ ਪਹੁੰਚੇ ਤੇ ਮੱਥਾ ਟੇਕਿਆ।

ਇਸ ਮੌਕੇ ਉਤੇ ਉਨ੍ਹਾਂ ਗੁਰਦੁਆਰਾ ਸਾਹਿਬ ਵਿਚ ਕੀਰਤਨ ਵੀ ਸਰਵਨ ਕੀਤਾ। ਪ੍ਰਧਾਨ ਮੰਤਰੀ ਨੇ ਸੰਗਤਾਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਆਖਿਆ ਕਿ ਦੀਵਾਲੀ ਰੌਸ਼ਨੀਆਂ ਦਾ ਤਿਉਹਾਰ ਹੈ, ਇਸ ਕਰਕੇ ਉਹ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਲਈ ਆਏ ਹਨ। ਸੰਗਤਾਂ ਵੱਲੋਂ ਆਪਣੀਆਂ ਮੰਗਾਂ ਵੀ ਪ੍ਰਧਾਨ ਮੰਤਰੀ ਸਾਹਮਣੇ ਰੱਖੀਆਂ ਗਈਆਂ। ਇਨ੍ਹਾਂ ਵਿਚ ਇਮੀਗ੍ਰੇਸ਼ਨ ਨੀਤੀ ਨੂੰ ਹੋਰ ਸਰਲ ਬਣਾਉਣ ਦੀ ਅਪੀਲ ਕੀਤੀ ਗਈ।

ਟਰੂਡੋ ਕੈਨੇਡਾ ਦੇ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ ਦਾ ਪ੍ਰਧਾਨ ਮੰਤਰੀ ਹੈ। ਪਹਿਲੀ ਵਾਰ ਉਨ੍ਹਾਂ ਆਪਣੀ ਕੈਬਨਿਟ 'ਚ 4 ਸਿੱਖ ਮੰਤਰੀਆਂ ਨੂੰ ਥਾਂ ਦਿੱਤੀ ਹੈ। ਹਰਜੀਤ ਸਿੰਘ ਸੱਜਣ ਨੂੰ ਜਸਟਿਨ ਨੇ ਦੇਸ਼ ਦਾ ਰੱਖਿਆ ਮੰਤਰੀ ਬਣਾਇਆ ਹੈ।

# ਸੰਯੁਕਤ ਰਾਸ਼ਟਰ ਕੋਲ ਪੁੱਜਾ ਭਾਰਤ ਨੇਪਾਲ ਸਰਹੱਦ ਨਾਕਾਬੰਦੀ ਦਾ ਮੁੱਦਾ

**ਕਾਠਮੰਡੂ:** ਨੇਪਾਲ ਵਿਚ ਜ਼ਰੂਰੀ ਸਾਮਾਨ ਦੀ ਕਿੱਲਤ ਦਾ ਮੁੱਦਾ ਸੰਯੁਕਤ ਰਾਸ਼ਟਰ ਵਿਚ ਵੀ ਪਹੁੰਚ ਚੁੱਕਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਬਾਨ ਕੀ ਮੂਨ ਨੇ ਆਖਿਆ ਹੈ ਕਿ ਭਾਰਤ-ਨੇਪਾਲ ਸੀਮਾ ਉਤੇ ਨਾਕਾਬੰਦੀ ਤੁਰਤ ਖਤਮ ਹੋਣੀ ਚਾਹੀਦੀ ਹੈ। ਭਾਰਤ ਵੱਲੋਂ ਜ਼ਰੂਰੀ ਸਾਮਾਨ ਨੇਪਾਲ ਵਿਚ ਸਪਲਾਈ ਨਹੀਂ ਹੋ ਰਿਹਾ। ਨੇਪਾਲ ਦਾ ਦੋਸ਼ ਹੈ ਕਿ ਭਾਰਤ ਅਜਿਹਾ ਜਾਣਬੁੱਝ ਕੇ ਕਰ ਰਿਹਾ ਹੈ।

ਦੂਜੇ ਪਾਸੇ ਭਾਰਤ ਦਾ ਕਹਿਣਾ ਹੈ ਕਿ ਨੇਪਾਲ ਵਿਚ ਲਾਗੂ ਕੀਤੇ ਗਏ ਨਵੇਂ ਸੰਵਿਧਾਨ ਤੇ ਮਧੇਸ਼ੀ ਅੰਦੋਲਨ ਕਾਰਨ ਸਾਮਾਨ ਨੇਪਾਲ ਵਿਚ ਪਹੁੰਚ ਨਹੀਂ ਪਾ ਰਿਹਾ। ਪ੍ਰਦਰਸ਼ਨਕਾਰੀ ਭਾਰਤੀ ਟਰੱਕਾਂ ਨੂੰ ਨੇਪਾਲ ਵਿਚ ਦਾਖਲ ਨਹੀਂ ਹੋਣ ਦੇ ਰਹੇ। ਨੇਪਾਲ ਵਿਚ ਸਭ ਤੋਂ ਜ਼ਿਆਦਾ ਕਿੱਲਤ ਤੇਲ ਦੀ ਹੈ। ਤੇਲ ਨਾ ਪਹੁੰਚਣ ਕਾਰਨ ਨੇਪਾਲ ਵਿਚ ਕਈ ਘਰੇਲੂ ਉਡਾਣਾਂ ਬੰਦ ਹੋ ਗਈਆਂ ਹਨ।

# ਮਾਸਟਰਾਂ ਵੱਲੋਂ ਸਰਕਾਰ ਖਿਲਾਫ ਪੱਕਾ ਮੋਰਚਾ

**ਚੰਡੀਗੜ੍ਹ:** ਪੰਜਾਬ ਦੇ ਮੁਲਾਜ਼ਮਾਂ ਤੋਂ ਬਾਅਦ ਹੁਣ ਅਧਿਆਪਕਾਂ ਨੇ ਵੀ ਬਾਦਲ ਸਰਕਾਰ ਵਿਰੁੱਧ ਪੱਕਾ ਮੋਰਚਾ ਲਾਉਣ ਦਾ ਫੈਸਲਾ ਲੈ ਲਿਆ ਹੈ। ਸਾਂਝਾ ਅਧਿਆਪਕ ਮੋਰਚਾ ਪੰਜਾਬ ਦੀ ਮੀਟਿੰਗ ਦੌਰਾਨ ਸਰਕਾਰ ਦੀਆਂ ਵਾਅਦਾਖਿਲਾਫੀਆਂ ਵਿਰੁੱਧ ਆਰ-ਪਾਰ ਦੀ ਲੜਾਈ ਲੜਨ ਦੀ ਰਣਨੀਤੀ ਬਣਾਈ ਗਈ। ਇਸ ਤਹਿਤ ਅਧਿਆਪਕ ਮੋਰਚਿਆਂ ਨੇ 28 ਤੋਂ 30 ਦਸੰਬਰ 2015 ਤੱਕ ਡਾਇਰੈਕਟਰ ਜਨਰਲ ਸਕੂਲ ਸਿੱਖਿਆ (ਡੀ.ਜੀ.ਐਸ.ਈ.) ਤੇ ਡੀ.ਪੀ.ਆਈ. ਪੰਜਾਬ ਦੇ ਮੁਹਾਲੀ ਸਥਿਤ ਦਫਤਰਾਂ ਅੱਗੇ ਪੱਕੇ ਧਰਨੇ ਲਾਉਣ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ ਅਧਿਆਪਕ ਪਹਿਲੀ ਦਸੰਬਰ ਨੂੰ ਪੰਜਾਬ ਭਰ ਵਿਚ ਜ਼ਿਲ੍ਹਾ ਪੱਧਰੀ ਸਾਂਝੀਆਂ ਮੀਟਿੰਗਾਂ ਕਰਨਗੇ ਤੇ ਅੱਠ ਦਸੰਬਰ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਸੂਬਾ ਸਰਕਾਰ ਨੂੰ ਤਾੜਨਾ ਪੱਤਰ ਭੇਜਣਗੇ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਤੇ ਯੂ.ਟੀ. ਮੁਲਾਜ਼ਮ ਸੰਘਰਸ਼ ਕਮੇਟੀ ਵੱਲੋਂ 19 ਤੋਂ 30 ਨਵੰਬਰ ਤੱਕ ਡਿਪਟੀ ਕਮਿਸ਼ਨਰ ਮੁਹਾਲੀ ਅੱਗੇ ਸੱਤ ਰੋਜ਼ਾ ਸਾਂਝਾ ਮੋਰਚਾ ਲਾਉਣ ਦਾ ਐਲਾਨ ਕੀਤਾ ਗਿਆ ਹੈ। ਸੰਘਰਸ਼ ਕਮੇਟੀ ਵੱਲੋਂ ਇਸ ਤੋਂ ਬਾਅਦ 16, 20 ਤੇ 25 ਦਸੰਬਰ ਨੂੰ ਤਿੰਨ ਮੰਤਰੀਆਂ ਬਿਕਰਮ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ ਤੇ ਡਾਕਟਰ ਦਲਜੀਤ ਸਿੰਘ ਚੀਮਾ ਦੀਆਂ ਰਿਹਾਇਸ਼ਾਂ ਦਾ ਘਿਰਾਓ ਕਰਨ ਦਾ ਵੀ ਐਲਾਨ ਕੀਤਾ ਗਿਆ ਹੈ। ਹੁਣ ਅਧਿਆਪਕ ਮੋਰਚੇ ਵੱਲੋਂ ਵੀ ਸੰਘਰਸ਼ ਛੇੜਨ ਕਾਰਨ ਸਰਕਾਰ ਲਈ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਕਈ ਸਾਲ ਤੋਂ ਹਜ਼ਾਰਾਂ ਅਧਿਆਪਕ ਠੇਕੇ ਦੇ ਆਧਾਰ ਉਤੇ ਨਿਗੂਣੀਆਂ ਤਨਖਾਹਾਂ 'ਤੇ ਭਰਤੀ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਉਨ੍ਹਾਂ ਨੂੰ ਰੈਗੂਲਰ ਕਰਨ ਦੇ ਵਾਅਦੇ ਕਰਨ ਦੇ ਬਾਵਜੂਦ ਰੈਗੂਲਰ ਨਹੀਂ ਕੀਤਾ ਗਿਆ। ਸਾਂਝਾ ਅਧਿਆਪਕ ਮੋਰਚਾ ਦੀ ਮੀਟਿੰਗ ਵਿਚ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਗਿਆ ਕਿ ਤਿੰਨ ਜੂਨ ਨੂੰ ਸਿੱਖਿਆ ਮੰਤਰੀ ਡਾਕਟਰ ਚੀਮਾ ਨੇ ਮੋਰਚੇ ਦੇ ਵਫਦ ਨਾਲ ਮੀਟਿੰਗ ਕਰ ਕੇ ਵਾਅਦਾ ਕੀਤਾ ਸੀ ਕਿ ਉੱਚ ਤਾਕਤੀ ਕਮੇਟੀ ਬਣਾਉਣ ਤੋਂ ਬਾਅਦ ਠੇਕੇ 'ਤੇ ਕੰਮ ਕਰਦੇ ਵੱਖ-ਵੱਖ ਵਰਗਾਂ ਦੇ ਅਧਿਆਪਕਾਂ ਦੀਆਂ ਸੇਵਾਵਾਂ ਦੋ ਮਹੀਨਿਆਂ ਵਿਚ ਰੈਗੂਲਰ ਕਰਨ ਦਾ ਫੈਸਲਾ ਲਿਆ ਜਾਵੇਗਾ, ਪਰ ਪੰਜ ਮਹੀਨੇ ਬੀਤਣ ਦੇ ਬਾਵਜੂਦ ਸੇਵਾਵਾਂ ਰੈਗੂਲਰ ਨਹੀਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਅਧਿਆਪਕਾਂ ਦੀਆਂ ਤਰੱਕੀਆਂ ਦਾ ਮੁੱਦਾ ਵੀ ਹਵਾ ਵਿਚ ਲਟਕਿਆ ਪਿਆ ਹੈ। ਕਈ ਵਰਗਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਕਈ ਮਹੀਨਿਆਂ ਤੋਂ ਰੁਕੀਆਂ ਪਈਆਂ ਹਨ। ਹੁਣ ਸਰਕਾਰ ਵੱਲੋਂ ਪੰਜਾਬ ਤੋਂ ਬਾਹਰਲੀਆਂ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਤੋਂ ਉਚ ਸਿੱਖਿਆ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਉਤੇ ਤਰੱਕੀ ਲੈਣ ਤੋਂ ਰੋਕ ਲਾਉਣ ਕਾਰਨ ਇਹ ਮੁੱਦਾ ਹੋਰ ਭਖ ਗਿਆ ਹੈ।



# ਮਜੀਠੀਆ ਨੂੰ ਘੇਰਨ ਵਾਲੇ ਈ.ਡੀ. ਅਧਿਕਾਰੀ ਦੀ ਬਦਲੀ ਰੱਦ

**ਜਲੰਧਰ:** ਛੇ ਹਜ਼ਾਰ ਕਰੋੜ ਦੇ ਡਰੱਗ ਮਾਮਲੇ ਵਿਚ ਲੈਣ-ਦੇਣ ਦੀ ਜਾਂਚ ਕਰ ਰਹੇ ਤੇ ਬਦਲੀ ਨੂੰ ਲੈ ਕੇ ਸਿਆਸੀ ਹਲਕਿਆਂ ਵਿਚ ਚਰਚਾ ਵਿਚ ਰਹੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਸਹਾਇਕ ਡਾਇਰੈਕਟਰ ਨਿਰੰਜਨ ਸਿੰਘ ਦੀ ਬਦਲੀ ਕੇਂਦਰ ਨੇ ਰੱਦ ਕਰ ਦਿੱਤੀ ਹੈ। ਹੁਣ ਉਨ੍ਹਾਂ ਮਾਮਲਿਆਂ ਦੀ ਜਾਂਚ ਵਿਚ ਹੋਰ ਤੇਜ਼ੀ ਆ ਜਾਣ ਦੀ ਸੰਭਾਵਨਾ ਹੈ ਜਿਨ੍ਹਾਂ ਮਾਮਲਿਆਂ ਦੀ ਨਿਰੰਜਨ ਸਿੰਘ ਜਾਂਚ ਕਰ ਰਹੇ ਹਨ। ਜਨਵਰੀ 2015 ਵਿਚ ਨਿਰੰਜਨ ਸਿੰਘ ਦੀ ਬਦਲੀ ਕੋਲਕਾਤਾ ਦਫਤਰ ਵਿਚ ਕਰ ਦਿੱਤੀ ਗਈ ਸੀ। ਇਸ ਅਧਿਕਾਰੀ ਦੀ ਬਦਲੀ ਉਸ ਵੇਲੇ ਹੋਈ ਜਦੋਂ ਉਨ੍ਹਾਂ ਚਰਚਿਤ ਡਰੱਗ ਮਾਮਲੇ ਦੇ ਲੈਣ-ਦੇਣ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵੀ ਪੁੱਛਗਿੱਛ ਲਈ ਸੱਦਿਆ ਸੀ।

ਇਸ ਮਾਮਲੇ ਨੇ ਉਸ ਵੇਲੇ ਤੂਲ ਫੜ ਲਿਆ ਜਦੋਂ ਇਕ ਜਥੇਬੰਦੀ 'ਲਾਇਰ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ' ਨੇ ਨਿਰੰਜਨ ਸਿੰਘ ਦੀ ਬਦਲੀ ਕਰਨ ਖਿਲਾਫ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਕ ਪਟੀਸ਼ਨ ਦਾਖਲ ਕਰ ਦਿੱਤੀ ਤੇ 22 ਜਨਵਰੀ ਨੂੰ ਬਦਲੀ 'ਤੇ ਅਦਾਲਤ ਦੇ ਦਖਲ ਤੋਂ ਬਾਅਦ ਰੋਕ ਲੱਗ ਗਈ।

ਸਹਾਇਕ ਡਾਇਰੈਕਟਰ ਦੇ ਤੌਰ ਉਤੇ ਨਿਰੰਜਨ ਸਿੰਘ ਨੇ ਹੁਣ ਤੱਕ ਦੋਆਬਾ ਖੇਤਰ ਵਿਚ 500 ਕਰੋੜ ਦੇ ਹਵਾਲਾ ਕੇਸ ਦਾ ਖੁਲਾਸਾ ਕਰਕੇ ਕਈ ਹਵਾਲਕਾਰੀਆਂ



'ਤੇ ਛਾਪੇਮਾਰੀ ਕੀਤੀ ਸੀ, ਸਗੋਂ ਉਹ ਆਈਸ ਕਿੰਗ ਦੱਸੇ ਜਾਂਦੇ ਰਾਜਾ ਕੰਦੋਲਾ ਤੇ ਜਗਦੀਸ਼ ਭੋਲਾ ਮਾਮਲੇ ਵਿਚ ਵੀ ਅਹਿਮ ਜਾਂਚ ਕਰ ਰਹੇ ਹਨ।

ਚੇਤੇ ਰਹੇ ਕਿ ਇਸ ਮਾਮਲੇ ਵਿਚ ਹੁਣ ਤੱਕ 400 ਤੋਂ ਜ਼ਿਆਦਾ ਨਾਂ ਸਾਹਮਣੇ ਆਏ ਹਨ ਜਦਕਿ 230 ਦੇ ਕਰੀਬ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਬਦਲੀ 'ਤੇ ਰੋਕ ਲੱਗਣ ਤੋਂ ਬਾਅਦ ਨਿਰੰਜਨ ਸਿੰਘ ਜਲੰਧਰ ਦਫਤਰ ਵਿਚ ਹੀ ਅਹਿਮ ਜਾਂਚ ਵਿਚ ਕੰਮ ਕਰ ਰਹੇ ਸਨ ਤੇ ਆਉਣ ਵਾਲੇ ਦਿਨਾਂ ਦੌਰਾਨ ਇਸ ਮਾਮਲੇ ਵਿਚ ਨਵੇਂ ਖੁਲਾਸੇ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

# ਮੋਦੀ ਵੱਲੋਂ ਬਰਤਾਨੀਆ ਜਾ ਕੇ ਸਹਿਣਸ਼ੀਲਤਾ ਦਾ ਹੋਕਾ

**ਲੰਡਨ:** ਦੇਸ਼ ਵਿਚ ਅਸਹਿਣਸ਼ੀਲਤਾ ਦੇ ਮੁੱਦੇ ਉਤੇ ਘਿਰੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਲੰਡਨ ਦੌਰੇ ਦੌਰਾਨ ਕਿਹਾ ਹੈ ਕਿ ਬਹੁਲਵਾਦ ਤੇ ਸਹਿਣਸ਼ੀਲਤਾ ਭਾਰਤੀਆਂ ਦੀ ਤਾਕਤ ਹੈ ਜਿਸ ਉਤੇ ਦੇਸ਼ ਨੂੰ ਮਾਣ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਿਚ ਵੱਖ-ਵੱਖ ਬੋਲੀਆਂ ਹੋਣ ਦੇ ਬਾਵਜੂਦ ਏਕਤਾ ਦੀ ਮਿਸਾਲ ਕਿਤੇ ਨਹੀਂ ਮਿਲਦੀ। ਵਿਭਿੰਨਤਾ ਵਿਚ ਏਕਤਾ ਦਾ ਉਨ੍ਹਾਂ ਨੂੰ ਮਾਣ ਹੈ। ਹੋਰ ਮੁਲਕਾਂ ਵੱਲੋਂ ਭਾਰਤ ਦੇ ਸਤਿਕਾਰ ਨੂੰ ਵਡਿਆਉਂਦਿਆਂ ਉਨ੍ਹਾਂ ਕਿਹਾ ਕਿ ਦੇਸ਼ ਹੁਣ ਹੋਰ ਮੁਲਕਾਂ ਦੇ ਬਰਾਬਰ ਜਾ ਖੜ੍ਹਾ ਹੋਇਆ ਹੈ। ਪੂਰੀ ਦੁਨੀਆਂ ਨੂੰ ਦਹਿਸ਼ਤਗਰਦੀ ਤੇ ਆਲਮੀ ਤਪਸ਼ ਦੀਆਂ ਵੰਗਾਰਾਂ ਦਾ ਟਾਕਰਾ ਕਰਨ ਲਈ ਭਾਰਤ ਕੋਲ ਤਾਕਤ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਮਹਾਤਮਾ ਗਾਂਧੀ ਦੇ ਫਲਸਫ਼ੇ 'ਤੇ ਚੱਲਣ ਦੀ ਤਾਕੀਦ ਕੀਤੀ।



ਉਨ੍ਹਾਂ ਕਿਹਾ ਕਿ ਮਾਨਵਤਾ ਦੇ ਕਲਿਆਣ ਲਈ ਵਿਸ਼ਵ ਨੂੰ ਅਜਿਹੇ ਸੰਕਟਾਂ ਵਿਚੋਂ ਕੱਢਣ ਲਈ ਭਾਰਤ ਰਾਹ ਦਸੇਰਾ ਬਣਿਆ ਹੈ। ਜੇਕਰ ਸੂਫ਼ੀ ਪਰੰਪਰਾ ਦਾ ਪ੍ਰਭਾਵ ਕਬੂਲਿਆ ਹੁੰਦਾ ਤਾਂ ਕੋਈ ਵੀ ਬੰਦੂਕ ਚੁੱਕਣ ਬਾਰੇ ਨਾ ਸੋਚਦਾ। ਭਾਰਤ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਦੇਸ਼ ਕੋਲ ਗਰੀਬ ਰਹਿਣ ਦਾ ਕੋਈ ਕਾਰਨ ਨਹੀਂ ਹੈ। ਭਾਰਤੀਆਂ ਨੇ ਜਿਥੇ ਵਿਦੇਸ਼ਾਂ ਵਿਚ ਆਪਣੀ ਹੋਂਦ ਦਿਖਾਈ ਹੈ, ਉਥੇ ਦੇਸ਼ ਨੂੰ ਵੱਖਰੀ ਪਛਾਣ ਵੀ ਦਿੱਤੀ ਹੈ। ਆਪਣੇ 18 ਮਹੀਨਿਆਂ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਵੀ ਗਿਣਾਈਆਂ ਤੇ ਸਵੱਛ ਭਾਰਤ, ਲੜਕੀਆਂ ਲਈ ਸਕੂਲਾਂ ਵਿਚ ਪਖਾਨੇ ਬਣਾਉਣ ਤੇ ਸਮਾਰਟ ਸਿਟੀ ਆਦਿ ਵਰਗੀਆਂ ਯੋਜਨਾਵਾਂ ਦਾ ਵੀ ਬਖ਼ਾਨ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀ ਵਿਭਿੰਨਤਾ ਹੀ ਸਾਡੀ ਵਿਸ਼ੇਸ਼ਤਾ ਹੈ ਤੇ ਇਹ ਸਾਡੇ ਦੇਸ਼ ਦੀ ਆਨ, ਬਾਨ ਤੇ ਸ਼ਾਨ ਹੈ। ਲੋਕ ਇਸ ਗੱਲ ਤੋਂ ਹੈਰਾਨ ਹਨ ਕਿ ਵੱਖ-ਵੱਖ ਭਾਸ਼ਾਵਾਂ, ਸਭਿਆਚਾਰ ਤੇ ਖਾਣ-ਪੀਣ ਵੱਖ-ਵੱਖ ਹੋਣ ਕਾਰਨ ਅਸੀਂ ਏਕਤਾ ਨਾਲ ਕਿਸ ਤਰ੍ਹਾਂ ਰਹਿੰਦੇ ਹਾਂ। ਹਰ ਦੇਸ਼ ਆਪਣੀਆਂ ਚੁਣੌਤੀਆਂ ਨਾਲ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਿਥੇ ਗਏ, ਉਥੇ ਆਪਣੇ ਸੰਸਕਾਰ ਲੈ ਕੇ ਗਏ। ਅੱਜ ਦੁਨੀਆ ਵਿਚ ਭਾਰਤੀਆਂ ਦਾ ਸਨਮਾਨਿਤ ਸਥਾਨ ਹੈ। ਸਾਨੂੰ ਦੁਨੀਆਂ ਦਾ ਅਹਿਸਾਨ ਨਹੀਂ ਚਾਹੀਦਾ, ਅਸੀਂ ਬਰਾਬਰੀ ਚਾਹੁੰਦੇ ਹਾਂ। 18 ਮਹੀਨਿਆਂ ਦੇ ਅਨੁਭਵ ਨਾਲ ਕਹਿ ਸਕਦਾ ਹਾਂ ਕਿ ਭਾਰਤ ਕੋਲ ਗਰੀਬ ਰਹਿਣ ਦਾ ਕੋਈ ਕਾਰਨ ਨਹੀਂ ਹੈ। ਉਨ੍ਹਾਂ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦਾ ਧੰਨਵਾਦ ਕਰਦੇ ਕਿਹਾ ਕਿ ਇਹ ਮੇਰਾ ਸਨਮਾਨ ਨਹੀਂ, ਭਾਰਤ ਦੇ ਕਰੋੜਾਂ ਲੋਕਾਂ ਦਾ ਸਨਮਾਨ ਹੈ। ਹਰ ਭਾਰਤੀ ਲਈ ਮਾਣ ਵਾਲੀ ਗੱਲ ਹੈ ਕਿ ਬਰਤਾਨਵੀ ਸੰਸਦ ਸਾਹਮਣੇ ਮਹਾਤਮਾ ਗਾਂਧੀ ਖੜ੍ਹੇ ਹਨ। ਭਾਰਤ ਦੁਨੀਆਂ ਲਈ ਅਜੂਬਾ ਹੈ।

## ਐਮਨੈਸਟੀ ਇੰਟਰਨੈਸ਼ਨਲ ਨੇ ਮੋਦੀ ਨੂੰ ਘੇਰਿਆ

**ਲੰਡਨ:** ਬਰਤਾਨੀਆ ਦੇ ਦੌਰੇ ਉਤੇ ਗਏ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਐਮਨੈਸਟੀ ਇੰਟਰਨੈਸ਼ਨਲ ਨੇ ਮਨੁੱਖੀ ਅਧਿਕਾਰਾਂ ਦੀਆਂ ਉਡਾਈਆਂ ਜਾ ਰਹੀਆਂ ਧੱਜੀਆਂ ਦਾ ਹਿਸਾਬ ਮੰਗਿਆ ਹੈ। ਦੁਨੀਆਂ ਭਰ ਵਿਚ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲੀ ਐਮਨੈਸਟੀ ਇੰਟਰਨੈਸ਼ਨਲ ਦੇ ਬਰਤਾਨਵੀ ਪ੍ਰਮੁੱਖ ਐਲਨ ਹੋਗਰਥ ਨੇ ਕਿਹਾ ਹੈ ਕਿ ਭਾਰਤ ਵਿਚ ਗੈਰ ਸਰਕਾਰੀ ਸੰਗਠਨਾਂ (ਐਨ.ਜੀ.ਓਜ਼.) ਤੇ ਸਮਾਜਿਕ ਕਾਰਕੁਨਾਂ ਨੂੰ ਕੰਮ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਫੰਡਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਦੇਸ਼ ਧ੍ਰੋਹੀ ਕਰਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਵਿਡ ਕੈਮਰੌਨ ਆਪਣੇ ਇਸ ਮਹਿਮਾਨ ਦਾ ਸ਼ਾਨਦਾਰ ਸਵਾਗਤ ਕਰਨ ਦੇ ਨਾਲ-ਨਾਲ ਉਨ੍ਹਾਂ ਪਾਸੋਂ ਇਸ ਮਾਮਲੇ 'ਤੇ ਸੁਆਲ ਵੀ ਪੁੱਛ ਲੈਣ। ਇਸ ਮਨੁੱਖੀ ਅਧਿਕਾਰ ਸੰਗਠਨ ਨੇ ਕਿਹਾ ਹੈ ਕਿ ਭਾਰਤ ਵਿਚ ਪਿਛਲੇ ਇਕ ਸਾਲ ਦੌਰਾਨ ਦਸ ਹਜ਼ਾਰ ਐਨ.ਜੀ.ਓਜ਼. ਦੀ ਮਾਨਤਾ ਰੱਦ ਕਰ ਦਿੱਤੀ ਗਈ ਹੈ ਤਾਂ ਜੋ ਉਹ ਵਿਦੇਸ਼ੀ ਫੰਡ ਹਾਸਲ ਨਾ ਕਰ ਸਕਣ। ਹਾਲੇ ਪਿਛਲੇ ਹਫਤੇ ਹੀ ਗਰੀਨਪੀਸ ਦਾ ਲਾਇਸੈਂਸ ਵੀ ਰੱਦ ਕੀਤਾ ਗਿਆ ਹੈ।

## 18 ਮਹੀਨਿਆਂ ਵਿਚ ਮੋਦੀ ਦੇ 28 ਵਿਦੇਸ਼ ਦੌਰੇ

**ਲੰਡਨ:** ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰੇਂਦਰ ਮੋਦੀ 18 ਮਹੀਨਿਆਂ ਦੇ ਅੰਦਰ-ਅੰਦਰ 28 ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਵਿਦੇਸ਼ ਮੰਤਰਾਲੇ ਅਨੁਸਾਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ 26 ਮਈ 2014 ਨੂੰ ਕੁਰਸੀ ਸੰਭਾਲੀ ਸੀ। ਇਸ ਸਾਲ 11 ਨਵੰਬਰ ਤੱਕ ਪ੍ਰਧਾਨ ਮੰਤਰੀ ਕੁੱਲ ਮਿਲ ਕੇ 28 ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਪ੍ਰਧਾਨ ਮੰਤਰੀ 28 ਦੇਸਾਂ ਵਿਚ ਗਏ ਤੇ ਉਨ੍ਹਾਂ ਨੇ ਵਿਦੇਸ਼ ਵਿਚ 69 ਦਿਨ ਬਤੀਤ ਕੀਤੇ। ਵਿਦੇਸ਼ ਦੌਰੇ ਦੀ ਸੂਚੀ ਵਿਚ ਜੇਕਰ ਬਰਤਾਨੀਆ ਤੇ ਤੁਰਕੀ ਨੂੰ ਸ਼ਾਮਲ ਕਰ ਲਿਆ ਜਾਂਦਾ ਹੈ ਤਾਂ ਮੋਦੀ ਦੀ 30 ਵਿਦੇਸ਼ ਯਾਤਰਾਵਾਂ ਹੋ ਜਾਣਗੀਆਂ।

## ਭਾਰਤ ਤੇ ਬਰਤਾਨੀਆ ਵਿਚਾਲੇ ਗੈਰ ਫੌਜੀ ਪਰਮਾਣੂ ਕਰਾਰਨਾਮਾ

### ਭਾਰਤੀ ਰੇਲਵੇ ਲਈ ਰੇਲਵੇ ਰੂਪੀ ਬਾਂਡ ਦਾ ਐਲਾਨ



**ਲੰਡਨ:** ਭਾਰਤ ਨੇ ਬਰਤਾਨੀਆ ਨਾਲ ਆਪਣੇ ਦੁਵੱਲੇ ਸਬੰਧਾਂ ਨੂੰ ਨਵਾਂ ਮੋੜ ਦਿੰਦਿਆਂ ਗੈਰ ਫੌਜੀ ਸਮਝੌਤੇ ਉਤੇ ਦਸਤਖ਼ਤ ਕੀਤੇ ਗਏ ਤੇ ਲੰਡਨ ਵਿਚ ਭਾਰਤੀ ਰੇਲਵੇ ਲਈ ਰੇਲਵੇ ਰੂਪੀ (ਰੁਪਏ) ਬਾਂਡ ਜਾਰੀ ਕਰਨ ਦਾ ਐਲਾਨ ਕੀਤਾ।

ਦੂਜੇ ਪਾਸੇ ਬਰਤਾਨੀਆ ਨੇ ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਸਥਾਈ ਮੈਂਬਰੀ ਤੇ ਕੌਮਾਂਤਰੀ ਨਿਰਯਾਤ ਕੰਟਰੋਲ ਵਿਵਸਥਾ ਵਿਚ ਭਾਰਤ ਦੀ ਮੈਂਬਰੀ ਦਾ ਸਮਰਥਨ ਕੀਤਾ। ਇਸ ਦੌਰਾਨ ਬਰਤਾਨਵੀ ਸੰਸਦ ਵਿਚ ਭਾਸ਼ਨ ਦੇਣ ਵਾਲੇ ਪਹਿਲੇ ਪ੍ਰਧਾਨ ਮੰਤਰੀ ਬਣੇ ਸ੍ਰੀ ਮੋਦੀ ਨੇ ਸਦਨ ਵਿਚ ਅਸਿੱਧੇ ਤੌਰ 'ਤੇ ਪਾਕਿਸਤਾਨ ਉਤੇ ਵਾਰ ਕਰਦਿਆਂ ਕਿਹਾ ਕਿ ਅਤਿਵਾਦ ਨੂੰ ਪਨਾਹ ਦੇਣ ਵਾਲੇ ਦੇਸ਼ਾਂ ਦਾ ਬਾਈਕਾਟ ਕੀਤਾ ਜਾਵੇ। ਉਨ੍ਹਾਂ 25 ਮਿੰਟ ਦੇ ਭਾਸ਼ਨ ਵਿਚ ਕਿਹਾ ਕਿ ਅਤਿਵਾਦ ਦਾ ਟਾਕਰਾ ਕਰਨ ਲਈ ਦੁਨੀਆਂ ਨੂੰ ਇਕਸੁਰ ਹੋਣਾ ਚਾਹੀਦਾ ਹੈ ਤੇ ਇਕ ਹੋ ਕੇ ਕਾਰਵਾਈ ਕਰਨੀ ਚਾਹੀਦੀ ਹੈ।

## ਬਰਤਾਨੀਆ ਦੇ ਬਿਜਨਸਮੈਨਾਂ ਨੂੰ ਨਿਵੇਸ਼ ਦਾ ਸੱਦਾ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਤੇ ਬਰਤਾਨੀਆ ਦੇ ਚੀਫ ਐਗਜ਼ੀਕਿਊਟਿਵ ਅਫਸਰਾਂ (ਸੀ.ਈ.ਓਜ਼.) ਦੀ ਮੀਟਿੰਗ ਵਿਚ ਭਾਰਤ ਨੂੰ ਨਿਵੇਸ਼ ਲਈ ਇਕ ਬਹੁਤ ਹੀ ਢੁਕਵੇਂ ਸਥਾਨ ਵਜੋਂ ਪੇਸ਼ ਕਰਦਿਆਂ 15 ਖੇਤਰਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਵਿਚ ਹੋਰ ਢਿੱਲ ਦੇਣ ਸਮੇਤ ਸਰਕਾਰ ਵੱਲੋਂ ਹਾਲ ਹੀ ਵਿਚ ਕੀਤੇ ਸੁਧਾਰਾਂ ਦਾ ਜ਼ਿਕਰ ਕੀਤਾ। ਉਨ੍ਹਾਂ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਨਵਿਆਉਣਯੋਗ ਊਰਜਾ ਖੇਤਰਾਂ ਵਿਚ ਨਿਵੇਸ਼ ਦੇ ਮੌਕਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਰਤਾਨਵੀ ਕੰਪਨੀਆਂ ਵੱਲੋਂ ਨਿਵੇਸ਼ ਨਾਲ ਦੋਵਾਂ ਦੇਸ਼ਾਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਦੋਵਾਂ ਦੇਸ਼ਾਂ ਦੀਆਂ ਕੰਪਨੀਆਂ ਦੇ ਮੁਖੀਆਂ ਨੂੰ ਦੱਸਿਆ ਕਿ ਅਸੀਂ ਵਿਸ਼ਵ ਨਾਲ ਆਪਣੀ ਆਰਥਿਕਤਾ ਨੂੰ ਜੋੜਨ ਲਈ ਭਰੋਸੇ ਨਾਲ ਪੂਰੀ ਸ਼ਿੱਦਤ ਨਾਲ ਕੰਮ ਕਰ ਰਹੇ ਹਾਂ।

## ਕੈਮਰੌਨ ਕੋਲ ਉਠਾਇਆ ਵਿਦਿਆਰਥੀ ਵੀਜ਼ੇ ਦਾ ਮੁੱਦਾ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਰਤਾਨਵੀ ਹਮਰੁਤਬਾ ਡੇਵਿਡ ਕੈਮਰੌਨ ਨਾਲ ਬਰਤਾਨੀਆ ਵਿਚ ਪੜ੍ਹਨ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਕਮੀ ਤੇ ਉਨ੍ਹਾਂ ਨੂੰ ਵੀਜ਼ੇ ਲਈ ਅਪਲਾਈ ਕਰਨ ਬਾਰੇ ਹੋਣ ਵਾਲੀਆਂ ਮੁਸ਼ਕਲਾਂ ਉਤੇ ਚਿੰਤਾ ਪ੍ਰਗਟਾਈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਹ ਮੁੱਦਾ ਬਹੁਤ ਮਜ਼ਬੂਤੀ ਨਾਲ ਚੁੱਕਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਤਿੰਨ ਸਾਲ ਵਿਚ ਬਰਤਾਨੀਆ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 50 ਫੀਸਦੀ ਘਟੀ ਹੈ।

## ਮਹਾਰਾਣੀ ਵੱਲੋਂ ਮੋਦੀ ਦਾ ਗਰਮਜੋਸ਼ੀ ਨਾਲ ਸਵਾਗਤ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬ੍ਰਿਟੇਨ ਦੌਰੇ ਮੌਕੇ ਮਹਾਰਾਣੀ ਐਲਿਜ਼ਾਬੈੱਥ ਦੂਜੀ ਨੇ ਉਨ੍ਹਾਂ ਦਾ ਬਕਿੰਘਮ ਮਹਿਲ ਵਿਚ ਗਰਮਜੋਸ਼ੀ ਨਾਲ ਸਵਾਗਤ ਕੀਤਾ ਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ।

ਸ੍ਰੀ ਮੋਦੀ ਜੈਗੁਆਰ ਕਾਰ ਰਾਹੀਂ ਮਹਿਲ ਪੁੱਜੇ ਜਿਥੇ 89 ਵਰ੍ਹਿਆਂ ਦੀ ਮਹਾਰਾਣੀ ਨੇ ਵੱਡੀ ਡਿਓਢੀ ਵਿਚ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਹੱਥ ਮਿਲਾਇਆ। ਮਹਾਰਾਣੀ ਨਾਲ ਸ੍ਰੀ ਮੋਦੀ ਸ਼ਾਹੀ ਸਵਾਰੀ ਦਾ ਆਨੰਦ ਨਹੀਂ ਮਾਣ ਸਕੇ, ਪਰ ਭਾਰਤ ਤੇ ਬ੍ਰਿਟੇਨ ਵਿਚਕਾਰ ਗੂੜ੍ਹੇ ਰਿਸ਼ਤਿਆਂ ਨੂੰ ਦਰਸਾਉਣ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

## ਪੱਤਰਕਾਰਾਂ ਦੇ ਤਿੰਨ ਸਵਾਲਾਂ ਨੇ ਮੋਦੀ ਨੂੰ ਲਿਆਂਦਾ ਮੁੜ੍ਹਕਾ

**ਲੰਡਨ:** ਇੰਗਲੈਂਡ ਦੌਰੇ ਉੱਤੇ ਗਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰਕਾਰਾਂ ਦੇ ਤਿੰਨ ਸਵਾਲਾਂ ਕਾਰਨ ਕਾਫੀ ਔਖਾ ਹੋਣਾ ਪਿਆ। ਪਹਿਲਾ ਸਵਾਲ ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਬਾਰੇ ਸੀ। ਪੱਤਰਕਾਰ ਜਿਸ ਸਮੇਂ ਪ੍ਰਧਾਨ ਮੰਤਰੀ ਨੂੰ ਇਹ ਸਵਾਲ ਕਰ ਰਹੇ ਸਨ, ਤਾਂ ਹਾਲ ਦੇ ਬਾਹਰ ਭਾਰਤੀ ਭਾਈਚਾਰੇ ਵੱਲੋਂ ਪ੍ਰਧਾਨ ਮੰਤਰੀ ਮੋਦੀ ਦੇ ਖਿਲਾਫ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਪ੍ਰੈੱਸ ਕਾਨਫਰੰਸ ਵਿਚ 'ਗਾਰਡੀਅਨ' ਅਖਬਾਰ ਦੇ ਪੱਤਰਕਾਰ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੂੰ ਪੁੱਛਿਆ ਕਿ ਉਨ੍ਹਾਂ ਨੇ ਆਪਣੇ ਪਿਛਲੇ ਦੋ ਕਾਰਜਕਾਲ ਵਿਚ ਸ੍ਰੀ ਮੋਦੀ ਨੂੰ ਬਰਤਾਨੀਆ ਦੌਰੇ ਦਾ ਸੱਦਾ ਕਿਉਂ ਨਹੀਂ ਦਿੱਤਾ ਤੇ ਹੁਣ ਅਜਿਹਾ ਕਰਦੇ ਹੋਏ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਪੁੱਛਿਆ ਕਿ ਦੇਰੀ ਨਾਲ ਬਰਤਾਨੀਆ ਦਾ ਦੌਰਾ ਕਰਨ ਪਿੱਛੇ ਰਾਜ ਕੀ ਹੈ? ਇਸ ਸਵਾਲ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਨੇ ਆਖਿਆ ਕਿ ਬਰਤਾਨੀਆ ਨੇ ਕਦੇ ਵੀ ਉਨ੍ਹਾਂ ਉੱਤੇ ਕੋਈ ਪਾਬੰਦੀ ਨਹੀਂ ਲਗਾਈ ਸੀ। 2003 ਵਿਚ ਵੀ ਉਹ ਲੰਡਨ ਆਏ ਸਨ। ਸਮੇਂ ਦੀ ਘਾਟ ਕਾਰਨ ਉਹ ਉਸ ਤੋਂ ਬਾਅਦ ਲੰਡਨ ਨਹੀਂ ਆ ਸਕੇ ਸਨ।

# ਸਿੱਖਾਂ ਨੂੰ ਦਿੱਤਾ ਹਰ ਮਸਲੇ ਦੇ ਹੱਲ ਦਾ ਭਰੋਸਾ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬ੍ਰਿਟਿਸ਼ ਫੇਰੀ ਮੌਕੇ ਵੈਂਬਲੇ ਸਟੇਡੀਅਮ ਵਿਚ ਪਰਵਾਸੀ ਭਾਰਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਉਹ ਸਿੱਖਾਂ ਦੀਆਂ ਮੰਗਾਂ ਦੀ ਨਜ਼ਰਸਾਨੀ ਕਰਨਗੇ। ਉਨ੍ਹਾਂ ਦਾ ਸਿੱਧਾ ਇਸ਼ਾਰਾ ਸਿੱਖਾਂ ਦੀ ਕਾਲੀ ਸੂਚੀ ਵੱਲ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਵਫਦ ਨੇ ਉਨ੍ਹਾਂ ਨਾਲ ਮੁਲਾਕਾਤ ਕਰ ਕੇ ਇਹ ਮੰਗਾਂ ਚੁੱਕੀਆਂ ਸਨ। ਤਕਰੀਬਨ 60 ਹਜ਼ਾਰ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਸਿੱਖਾਂ ਦੀਆਂ ਮੰਗਾਂ ਦੇ ਨਤੀਜੇ ਛੇਤੀ ਦੇਖਣ ਨੂੰ ਮਿਲਣਗੇ। ਸਿੱਖਾਂ ਵੱਲੋਂ ਆਜ਼ਾਦੀ ਸੰਗਰਾਮ ਵਿਚ ਦਿੱਤੀਆਂ ਕੁਰਬਾਨੀਆਂ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਖੇਤੀਬਾੜੀ ਵਿਚ ਵੀ ਚੋਖਾ ਯੋਗਦਾਨ ਪਾ ਰਹੇ ਹਨ ਤੇ ਉਨ੍ਹਾਂ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

ਦੱਸਣਯੋਗ ਹੈ ਕਿ ਸਿੱਖ ਆਗੂਆਂ ਦੇ ਵਫਦ ਨੇ ਪ੍ਰਧਾਨ ਮੰਤਰੀ ਨਾਲ ਮੀਟਿੰਗ ਕਰਕੇ ਉਨ੍ਹਾਂ ਸਾਹਮਣੇ ਸਿੱਖ ਮਸਲੇ ਰੱਖੇ ਸਨ। ਪ੍ਰਧਾਨ ਮੰਤਰੀ ਨੇ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਕਿਹਾ ਹੈ ਕਿ ਇਹ ਸੂਚੀ ਖਤਮ ਹੈ, ਜੇ ਕੋਈ 10 ਫੀਸਦੀ ਕੰਮ ਰਹਿੰਦਾ ਹੈ ਤਾਂ ਇਸ ਨੂੰ ਕਾਨੂੰਨੀ ਕਾਰਵਾਈ ਕਰਕੇ ਜਲਦੀ ਖਤਮ ਕਰ ਦਿੱਤਾ ਜਾਵੇਗਾ।

ਜੇਲ੍ਹਾਂ ਵਿਚ ਬੰਦ ਰਾਜਸੀ ਸਿੱਖ ਕੈਦੀਆਂ ਦੀ ਰਿਹਾਈ ਬਾਰੇ ਵੀ ਪ੍ਰਧਾਨ ਮੰਤਰੀ ਨੇ ਹਾਂ-ਪੱਖੀ ਹੁੰਗਾਰਾ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰੋ, ਕਿ ਉਨ੍ਹਾਂ ਨੂੰ ਸਮਾਜ ਵਿਚ ਕਿਸ ਤਰ੍ਹਾਂ ਸੰਭਾਲਣਾ ਹੈ। 1984 ਦੇ ਸਿੱਖ ਮਾਮਲਿਆਂ ਸਬੰਧੀ ਪ੍ਰਧਾਨ ਮੰਤਰੀ ਨੇ ਨੈਸ਼ਨਲ ਸੁਰੱਖਿਆ ਸਲਾਹਕਾਰ ਅਜੀਤ ਦੁੱਗਲ ਨੂੰ ਭਾਰਤ ਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨਾਲ ਗੱਲਬਾਤ ਕਰਨ ਲਈ ਕਿਹਾ ਹੈ ਤਾਂ ਕਿ ਇਨ੍ਹਾਂ ਮਾਮਲਿਆਂ ਨੂੰ ਜਲਦੀ ਨਿਪਟਾਇਆ ਜਾ ਸਕੇ। ਪ੍ਰਧਾਨ ਮੰਤਰੀ ਨੇ ਸਿੱਖ ਵਫਦ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਇਨ੍ਹਾਂ ਮਾਮਲਿਆਂ ਦੇ ਹੱਲ ਲਈ ਇਨ੍ਹਾਂ ਨੂੰ ਨਿੱਜੀ ਤੌਰ ਉਤੇ ਵੇਖਣਗੇ। 1984 ਸਿੱਖ ਨਸਲਕੁਸ਼ੀ ਸਬੰਧੀ ਪ੍ਰਧਾਨ ਮੰਤਰੀ ਨੇ ਮੰਨਿਆ ਕਿ ਸਿੱਖਾਂ ਨੂੰ ਇਨਸਾਫ ਮਿਲਣ ਵਿਚ ਦੇਰੀ ਹੋਈ ਹੈ, ਦੋਸ਼ੀਆਂ ਨੂੰ ਸਜ਼ਾ ਦੇਣ ਲਈ ਯਤਨ ਤੇਜ਼ ਹੋਣਗੇ।

## ਮੋਦੀ ਖਿਲਾਫ ਸੜਕਾਂ ਉਤੇ ਆਏ ਸਿੱਖ

**ਲੰਡਨ:** ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਬਰਤਾਨੀਆ ਦੇ ਦੌਰੇ ਉੱਤੇ ਆਏ ਨਰੇਂਦਰ ਮੋਦੀ ਖਿਲਾਫ ਸਿੱਖ ਭਾਈਚਾਰੇ ਨੇ ਪ੍ਰਦਰਸ਼ਨ ਕੀਤਾ। ਇੰਗਲੈਂਡ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਦੇਸ਼ ਦੀ ਸੰਸਦ ਅੱਗੇ ਵੀ ਕੀਤਾ ਗਿਆ। ਸਿੱਖ ਭਾਈਚਾਰੇ ਤੋਂ ਇਲਾਵਾ 13 ਨਵੰਬਰ ਨੂੰ ਤਹਿਰੀਕ-ਏ-ਕਸ਼ਮੀਰ ਸੰਸਥਾ ਵੱਲੋਂ ਵੀ ਵੇਂਬਲੀ ਸਟੇਡੀਅਮ ਦੇ ਬਾਹਰ ਪ੍ਰਦਰਸ਼ਨ ਕੀਤਾ। ਇਸ ਥਾਂ ਉੱਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਭਾਰਤੀ ਭਾਈਚਾਰੇ ਦੇ ਵੱਡੇ ਇਕੱਠ ਨੂੰ ਸੰਬੋਧਨ ਕੀਤਾ ਸੀ। ਇਹ ਸੰਸਥਾ ਭਾਰਤੀ ਕਸ਼ਮੀਰੀਆਂ ਦੀ ਹੈ। ਸੰਸਥਾ ਦੇ ਮੁਖੀ ਫਾਹਿਮ ਕਆਨੀ ਅਨੁਸਾਰ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਮੋਦੀ ਦੀ ਇੰਗਲੈਂਡ ਯਾਤਰਾ ਉੱਤੇ ਲੱਖਾਂ ਪੌਂਡ ਖਰਚ ਕੀਤੇ ਜਾ ਰਹੇ ਹਨ ਜਿਸ ਦਾ ਕੋਈ ਫਾਇਦਾ ਹੋਣ ਵਾਲਾ ਨਹੀਂ ਹੈ। ਫਾਹੀਮ ਅਨੁਸਾਰ ਭਾਰਤ ਵਿਚ ਘੱਟ ਗਿਣਤੀ ਭਾਈਚਾਰੇ ਦੇ ਲੋਕ ਸੁਰੱਖਿਅਤ ਨਹੀਂ।



## ਪੰਜਾਬੀਆਂ ਦੀਆਂ ਆਸਾਂ 'ਤੇ ਫੇਰਿਆ ਪਾਣੀ

**ਰਾਜਾਸਾਂਸੀ:** ਪ੍ਰਧਾਨ ਮੰਤਰੀ ਨੇ ਇਕ ਵਾਰ ਫਿਰ ਪੰਜਾਬੀਆਂ ਦੀਆਂ ਆਸਾਂ 'ਤੇ ਪਾਣੀ ਫੇਰਦਿਆਂ ਆਪਣੇ ਗੁਜਰਾਤ ਸੂਬੇ ਨੂੰ ਪਹਿਲ ਦਿੰਦਿਆਂ ਹੋਇਆ ਲੰਡਨ-ਅਹਿਮਦਾਬਾਦ ਵਿਚਾਲੇ ਸਿੱਧੀ ਉਡਾਣ ਦਾ ਫੈਸਲਾ ਲਿਆ ਹੈ। ਇਸੇ ਫੈਸਲੇ ਤਹਿਤ ਅੰਮ੍ਰਿਤਸਰ ਨੂੰ ਅੱਖੋਂ ਪਰੋਖੇ ਕਰਦਿਆਂ 15 ਦਸੰਬਰ ਨੂੰ ਲੰਡਨ-ਅਹਿਮਦਾਬਾਦ ਵਿਚਾਲੇ ਸਿੱਧੀ ਉਡਾਣ ਸ਼ੁਰੂ ਕੀਤੀ ਹੈ। ਦੱਸਣਯੋਗ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਲੰਡਨ ਸਮੇਤ ਯੂਰਪ ਦੇ ਹੋਰਨਾਂ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਵੱਲੋਂ ਲੰਡਨ-ਅੰਮ੍ਰਿਤਸਰ ਵਿਚਾਲੇ ਸਿੱਧੀ ਉਡਾਣ ਦੀ ਮੰਗ ਲ ਰਹੀ ਹੈ, ਪਰ ਸ੍ਰੀ ਮੋਦੀ ਨੇ ਇਸ ਮੰਗ ਤੋਂ ਪੱਲਾ ਝਾੜਦਿਆਂ ਗੁਜਰਾਤ ਨੂੰ ਹੀ ਪਹਿਲ ਦਿੱਤੀ ਹੈ। 15 ਦਸੰਬਰ ਨੂੰ ਉਕਤ ਉਡਾਣ ਸ਼ੁਰੂ ਹੋ ਜਾਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਨਵੰਬਰ 2015*

## ਮਨੁੱਖਤਾ ਨੂੰ ਮਾਰ

ਫਰਾਂਸ ਵਿਚ ਇਸਲਾਮਿਕ ਸਟੇਟ ਵੱਲੋਂ ਕੀਤੇ ਹਮਲੇ ਨੇ ਸੰਸਾਰ ਨੂੰ ਸੁੰਨ ਕਰ ਕੇ ਰੱਖ ਦਿੱਤਾ ਹੈ। ਕੱਟੜਪੰਥੀਆਂ ਦੇ ਹਮਲੇ ਵਿਚ ਪੌਣੇ ਦੋ ਸੌ ਤੋਂ ਵੱਧ ਜਾਨਾਂ ਚਲੀਆਂ ਗਈਆਂ ਹਨ। ਤੁਰਕੀ ਵਿਚ ਜੀ-20 ਮੁਲਕਾਂ ਦੀ ਕਾਨਫਰੰਸ ਤੋਂ ਐਨ ਪਹਿਲਾਂ ਫਰਾਂਸ ਵਿਚ ਹੋਏ ਇਸ ਹਮਲੇ ਤੋਂ ਬਾਅਦ, ਵੱਖ-ਵੱਖ ਮੁਲਕਾਂ ਨੇ ਦਹਿਸ਼ਤਪਸੰਦੀ ਦਾ ਖੁਰਾ-ਖੋਜ ਮਿਟਾਉਣ ਲਈ ਬਿਆਨ ਦਿੱਤੇ ਹਨ। ਪਹਿਲਾਂ ਫਰਾਂਸ ਤੇ ਹੁਣ ਰੂਸ ਨੇ ਇਸਲਾਮਿਕ ਸਟੇਟ ਦੇ ਗੜ੍ਹ ਸਮਝੇ ਜਾਂਦੇ ਮੁਲਕ ਸੀਰੀਆ ਉਤੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਸੀਰੀਆ ਵਿਚ ਅੱਜ ਕੱਲ੍ਹ ਭਾਵੇਂ ਰੂਸ ਪੱਖੀ ਅਸਦ ਸਰਕਾਰ ਕਾਇਮ ਹੈ, ਪਰ ਮੁਲਕ ਦੇ ਖਾਸੇ ਹਿੱਸੇ ਉਤੇ ਇਸਲਾਮਿਕ ਸਟੇਟ ਦੇ ਜਹਾਦੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਇਨ੍ਹਾਂ ਹਵਾਈ ਹਮਲਿਆਂ ਨਾਲ ਇਸਲਾਮਿਕ ਸਟੇਟ ਦਾ ਲੱਕ ਕਿੰਨਾ ਕੁ ਅਤੇ ਕਿੰਨੇ ਕੁ ਚਿਰ ਵਿਚ ਟੁੱਟਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਨ੍ਹਾਂ ਜਨੂੰਨੀ ਹਮਲਿਆਂ ਅਤੇ ਸਰਕਾਰ ਦੇ ਜਵਾਬੀ ਹਮਲਿਆਂ ਨਾਲ ਮਨੁੱਖਤਾ ਦਾ ਡਾਢਾ ਘਾਣ ਹੋਇਆ ਹੈ। ਸੈਂਕੜੈ ਬੇਕਸੂਰ ਜਾਨਾਂ ਭੰਗ ਦੇ ਭਾਣੇ ਚਲੀਆਂ ਗਈਆਂ ਹਨ ਅਤੇ ਹਜ਼ਾਰਾਂ ਲੋਕ ਅਸੁਰੱਖਿਆ ਦੀ ਤਲਵਾਰ ਦੀ ਮਾਰ ਹੇਠ ਹਨ। ਮਨੁੱਖ ਦੀਆਂ ਕਰਤੂਤਾਂ ਨੇ ਇਸ ਜੱਗ-ਜਹਾਨ ਨੂੰ ਉਕਾ ਹੀ ਅਸੁਰੱਖਿਆ ਬਣਾ ਧਰਿਆ ਹੈ ਅਤੇ ਦਹਿਸ਼ਤ ਬੰਦੇ ਦੇ ਘਰ ਤੱਕ ਅੱਪੜ ਗਈ ਹੈ। ਦਹਿਸ਼ਤਪਸੰਦਾਂ ਦੇ ਇਨ੍ਹਾਂ ਤਾਜ਼ਾ ਹਮਲਿਆਂ ਨੇ ਤਾਂ ਸਵਾਲ ਛੱਡੇ ਹੀ ਹਨ, ਪਰ ਜਵਾਬੀ ਹਮਲੇ ਹੋਰ ਵੀ ਵਿਰਾਟ ਸਵਾਲ ਬਣ ਰਹੇ ਹਨ। ਕੀ ਇਨ੍ਹਾਂ ਤਾਬੜ-ਤੋੜ ਜਵਾਬੀ ਹਮਲਿਆਂ ਨਾਲ ਦਹਿਸ਼ਤ ਦਾ ਸਫਾਇਆ ਸੰਭਵ ਹੈ? ਇਨ੍ਹਾਂ ਹਮਲਿਆਂ ਤੋਂ ਬਾਅਦ ਆਸਟਰੇਲੀਆ ਸਮੇਤ ਕਈ ਮੁਲਕਾਂ ਨੇ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਦੇ ਦਿੱਤੇ ਹਨ; ਭਾਵ ਇਹ ਦੁਨੀਆਂ ਪਹਿਲਾਂ ਨਾਲੋਂ ਕਿਤੇ ਵੱਧ ਅਸੁਰੱਖਿਅਤ ਹੋ ਗਈ ਹੈ।

ਅਸਲ ਵਿਚ ਜਵਾਬੀ ਹਮਲਿਆਂ ਤੋਂ ਪਹਿਲਾਂ ਕਿਸੇ ਨੇ ਇਸ ਬਾਰੇ ਘੋਖ ਕਰਨ ਦੀ ਲੋੜ ਹੀ ਨਹੀਂ ਸਮਝੀ ਕਿ ਆਖਰਕਾਰ ਇਸਲਾਮਿਕ ਸਟੇਟ ਵਰਗੀ ਖੂੰਖਾਰ ਦਹਿਸ਼ਤੀ ਜਮਾਤ ਕਿਸ ਤਰ੍ਹਾਂ ਇੰਨੀ ਸ਼ਕਤੀਸ਼ਾਲੀ ਹੋ ਨਿਬੜੀ ਕਿ ਇਹ ਸੰਸਾਰ ਭਰ ਵਿਚ ਕਿਤੇ ਵੀ ਇੰਨਾ ਵੱਡਾ ਹਮਲਾ ਕਰਨ ਦੇ ਸਮਰੱਥ ਹੋ ਗਈ ਹੈ? ਇਸ ਲਈ ਜਵਾਬੀ ਹਮਲਿਆਂ ਨਾਲ ਫਰਾਂਸ ਅਤੇ ਰੂਸ ਵੀ ਉਹੀ ਗਲਤੀ ਦੁਹਰਾ ਰਹੇ ਜਾਪਦੇ ਹਨ ਜੋ ਡੇਢ ਦਹਾਕਾ ਪਹਿਲਾਂ ਸਤੰਬਰੀ ਹਮਲਿਆਂ (9/11) ਤੋਂ ਬਾਅਦ ਅਮਰੀਕਾ ਨੇ ਕੀਤੀ ਸੀ। ਉਦੋਂ ਅਮਰੀਕਾ ਨੇ ਉਸਾਮਾ ਬਿਨ-ਲਾਦਿਨ ਅਤੇ ਉਸ ਦੀ ਦਹਿਸ਼ਤ ਜਮਾਤ ਅਲ-ਕਾਇਦਾ ਦਾ ਖੁਰਾ-ਖੋਜ ਮਿਟਾਉਣ ਲਈ ਬਾਰੂਦ ਦਾ ਮੂੰਹ ਖੋਲ੍ਹ ਦਿੱਤਾ ਸੀ। ਹੁਣ ਡੇਢ ਦਾਹਕੇ ਦੇ ਖੂਨ-ਖਰਾਬੇ ਤੋਂ ਬਾਅਦ ਵੀ ਆਲ-ਕਾਇਦਾ ਸੰਸਾਰ ਪੱਧਰ ਉਤੇ ਵਿਚਰ ਰਹੀ ਹੈ, ਸਗੋਂ ਕਈ ਮੁਲਕਾਂ ਵਿਚ ਤਾਂ ਇਸ ਜਨੂੰਨੀ ਜਮਾਤ ਦੇ ਬੜੀਆਂ ਡੂੰਘੀਆਂ ਜੜ੍ਹਾਂ ਲੱਗ ਚੁੱਕੀਆਂ ਹਨ। ਇਸਲਾਮਿਕ ਸਟੇਟ ਇਸੇ ਜਮਾਤ ਦਾ ਹੀ ਵਧਾਰਾ ਹੈ। ਇਹ ਜਮਾਤ ਅਲ-ਕਾਇਦਾ ਨਾਲੋਂ ਟੁੱਟੇ ਕੁਝ ਜਨੂੰਨੀਆਂ ਨੇ ਹੀ ਬਣਾਈ ਸੀ ਅਤੇ ਇਰਾਕ ਵਿਚ ਸੱਦਾਮ ਹੁਸੈਨ ਸ਼ਾਸਨ ਦੇ ਖਾਤਮੇ ਤੋਂ ਬਾਅਦ ਹੀ ਇਸ ਜਮਾਤ ਦੀ ਚੜ੍ਹਤ ਸੰਭਵ ਹੋਈ। ਅੱਜ ਇਸਲਾਮਿਕ ਸਟੇਟ ਨੇ ਇਰਾਕ ਅਤੇ ਸੀਰੀਆ ਦੇ ਚੋਖੇ ਹਿੱਸੇ ਉਤੇ ਕਬਜ਼ਾ ਕੀਤਾ ਹੋਇਆ ਹੈ। ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਤਾਂ ਇਹ ਸਵੀਕਾਰ ਵੀ ਕੀਤਾ ਹੈ ਕਿ ਇਰਾਕ ਉਤੇ ਚੜ੍ਹਾਈ ਪੱਛਮੀ ਮੁਲਕਾਂ ਦੀ ਗਲਤੀ ਸੀ ਅਤੇ ਇਸ ਹਮਲੇ ਤੋਂ ਬਆਦ ਹੀ ਇਰਾਕ ਵਿਚ ਇਸਲਾਮਿਕ ਸਟੇਟ ਦੀ ਚੜ੍ਹਤ ਹੋਈ। ਇਸ ਗਲਤੀ ਲਈ ਉਨ੍ਹਾਂ ਮੁਆਫੀ ਵੀ ਮੰਗੀ ਹੈ। ਜ਼ਾਹਿਰ ਹੈ ਕਿ ਪੱਛਮੀ ਮੁਲਕਾਂ ਨੇ ਜਿਸ ਜਮਾਤ ਦੀ ਚੜ੍ਹਤ ਲਈ ਰਾਹ ਖੋਲ੍ਹਿਆ, ਉਹ ਹੁਣ ਉਸੇ ਨੂੰ ਹੀ ਵੰਗਾਰ ਰਹੀ ਹੈ। ਅਲ-ਕਾਇਦਾ ਦੀ ਪੈਦਾਇਸ਼ ਵੀ ਇਸੇ ਤਰ੍ਹਾਂ ਹੋਈ ਸੀ। ਅਫਗਾਨਿਸਤਾਨ ਵਿਚ ਅਮਰੀਕਾ ਅਤੇ ਰੂਸ ਵਿਚਕਾਰ ਚੱਲ ਰਹੀ ਠੰਢੀ ਜੰਗ ਕਾਰਨ ਹੀ ਅਲ-ਕਾਇਦਾ ਦੀ ਪੈਦਾਇਸ਼ ਸੰਭਵ ਹੋਈ ਸੀ ਅਤੇ ਬਾਅਦ ਵਿਚ ਇਸੇ ਅਲ-ਕਾਇਦਾ ਨੇ ਅਮਰੀਕਾ ਦੇ ਦਿਲ ਉਤੇ ਵਾਰ ਕਰ ਕੇ ਸੰਸਾਰ ਨੂੰ ਸੁੰਨ ਕਰ ਕਰ ਰੱਖ ਦਿੱਤਾ ਸੀ।

ਅਸਲ ਵਿਚ ਰਾਜਸੱਤਾ ਨੇ ਜਿਥੇ ਜਿਥੇ ਅਤੇ ਜਦੋਂ ਜਦੋਂ ਵੀ ਕੋਈ ਚਾਲ ਖੇਡੀ ਹੈ, ਇਸ ਤਰ੍ਹਾਂ ਦੇ ਮੰਜ਼ਰ ਸਾਹਮਣੇ ਆਉਂਦੇ ਰਹੇ ਹਨ। ਢਾਈ-ਤਿੰਨ ਦਹਾਕੇ ਪਹਿਲਾਂ ਪੰਜਾਬੀ ਲੋਕ, ਰਾਜਸੱਤਾ ਦੀਆਂ ਅਜਿਹੀਆਂ ਗਲਤੀਆਂ ਦਾ ਖਾਮਿਆਜ਼ਾ ਭੁਗਤ ਚੁੱਕੇ ਹਨ। ਲਹੂ-ਲੁਹਾਣ ਹੋਏ ਉਨ੍ਹਾਂ ਵਕਤਾਂ ਕਾਰਨ ਪੰਜਾਬੀਆਂ ਦੀਆਂ ਦੋ ਪੀੜ੍ਹੀਆਂ ਤਬਾਹ ਹੋ ਗਈਆਂ ਅਤੇ ਇਸ ਦਾ ਸੇਕ ਅੱਜ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਉਸ ਦੌਰ ਦੇ ਲੱਗੇ ਫੱਟ ਅਜੇ ਤੱਕ ਵੀ ਭਰੇ ਨਹੀਂ ਹਨ। ਅੱਜ ਕੱਲ੍ਹ ਭਾਰਤ ਭਰ ਵਿਚ ਅਸਹਿਣਸ਼ੀਲਤਾ ਦਾ ਜੋ ਮਾਹੌਲ ਬਣਿਆ ਹੈ, ਉਸ ਦਾ ਨਤੀਜਾ ਵੀ ਰਾਜਸੱਤਾ ਦੀਆਂ ਘੁੰਮਣਘੇਰੀਆਂ ਹੀ ਹਨ। ਜਿਸ ਤਰ੍ਹਾਂ ਖਾਸ ਫਿਰਕੇ ਨੂੰ ਵਧੀਕੀਆਂ ਅਤੇ ਵਿਤਕਰਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਉਸ ਨਾਲ ਇਸਲਾਮਿਕ ਸਟੇਟ ਵਰਗੀਆਂ ਜਮਾਤਾਂ ਨੂੰ ਹੀ ਚਾਰਾ ਮਿਲ ਰਿਹਾ ਹੈ। ਜ਼ਿਹਨ ਵਿਚ ਵਧੀਕੀਆਂ ਦਾ ਸੱਲ ਲਈ ਨੌਜਵਾਨ ਅਜਿਹੀਆਂ ਜਨੂੰਨੀ ਜਮਾਤਾਂ ਨਾਲ ਵੱਡੀ ਪੱਧਰ 'ਤੇ ਜੁੜ ਰਹੇ ਹਨ। ਇਕ ਜਨੂੰਨੀ ਜਮਾਤ, ਦੂਜੀ ਲਈ ਕਿਸ ਤਰ੍ਹਾਂ ਸੰਜੀਵਨੀ ਬਣ ਰਹੀ ਹੈ, ਇਸ ਦਾ ਪਤਾ ਭਾਰਤ ਅਤੇ ਪਾਕਿਸਤਾਨ ਦੀਆਂ ਜਨੂੰਨੀ ਜਮਾਤਾਂ ਉਤੇ ਤਰਦੀ ਜਿਹੀ ਨਜ਼ਰ ਮਾਰਿਆਂ ਪਤਾ ਲੱਗ ਜਾਂਦਾ ਹੈ। ਜਦੋਂ ਤੋਂ ਭਾਰਤ 'ਚ ਅਸਹਿਣਸ਼ੀਲਤਾ ਦਾ ਮੁੱਦਾ ਭਾਰੂ ਹੋਇਆ ਹੈ, ਪਾਕਿਸਤਾਨ ਦੀਆਂ ਜਨੂੰਨੀ ਜਮਾਤਾਂ ਇਸ ਮਸਲੇ ਨੂੰ ਖਾਸ ਫਿਰਕੇ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਨਾਲ ਜੋੜ ਕੇ ਨੌਜਵਾਨਾਂ ਨੂੰ ਭੜਕਾ ਰਹੀਆਂ ਹਨ ਅਤੇ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਨੌਜਵਾਨ ਅਚੇਤ-ਸੁਚੇਤ ਇਸ ਅੰਨ੍ਹੀ ਗਲੀ ਵਿਚ ਵੜ ਰਹੇ ਹਨ। ਇਸ ਲਈ ਜਿੰਨੀ ਦੇਰ ਦਹਿਸ਼ਤ ਦੇ ਅਜਿਹੇ ਸਿਰਨਾਵਿਆਂ ਦੀ ਪੈੜ ਨਹੀਂ ਨੱਪੀ ਜਾਂਦੀ, ਅਜਿਹੇ ਹਮਲਿਆਂ ਨੂੰ ਪਛਾੜਨਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ। ਹਰ ਖਿੱਤੇ ਅਤੇ ਹਰ ਮੁਲਕ ਵਿਚ ਜਨੂੰਨ ਦੀ ਇਹ ਕਹਾਣੀ ਥੋੜ੍ਹੇ-ਬਹੁਤੇ ਫਰਕ ਨਾਲ ਲਗਾਤਾਰ ਦੁਹਰਾਈ ਜਾ ਰਹੀ ਹੈ। ਮਨੁੱਖਤਾ ਇਸ ਅੰਨ੍ਹੇ ਜਨੂੰਨ ਦੀ ਮਾਰ ਹੇਠ ਹੈ ਤੇ ਇਸ 'ਚੋਂ ਸਾਬਤ ਕਦਮੀਂ ਨਿਕਲਣ ਲਈ ਹਰ ਸੰਭਵ ਹੀਲਾ ਬਣਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਦਮ-ਖਾਣੇ ਦੈਂਤ!*

ਰੱਬ ਜਾਣੇ ਕੋਈ ਵਰਜਦਾ ਨਹੀਂ ਹੋਣਾ, ਇਨ੍ਹਾਂ ਦੁਸ਼ਟਾਂ ਦਾ ਭਾਈ ਕੋਈ ਭੈਣ ਯਾਰੋ।
ਸਿਰ 'ਚ ਰਹਿਮ ਤੇ ਅਕਲ ਨਾ ਵੜਨ ਦਿੰਦੇ, ਅਸਲਾ ਚੁੱਕ ਕੇ ਬਣਨ 'ਲਫਟੈਣ' ਯਾਰੋ।
ਹੱਸਦੇ ਵਸਦਿਆਂ ਤਾਈਂ ਬੇਕਿਰਕ ਹੋ ਕੇ ਅਚਨਚੇਤ ਆ ਖਾਂਦੀ ਏ ਡੈਣ ਯਾਰੋ।
ਦੁੱਖੜੇ ਉਨ੍ਹਾਂ ਦੇ ਪੁੱਛਿਆ ਜਾਣੀਏ ਜੀ, ਪੈਂਦੇ ਜਿਨ੍ਹਾਂ ਦੇ ਘਰਾਂ 'ਚ ਵੈਣ ਯਾਰੋ।
ਗੁੱਸਾ ਕਿਸੇ ਦਾ ਲਾਹੁੰਦੇ ਨੇ ਕਿਸੇ ਪਾਸੇ, ਬੰਦੇ ਮਾਰ ਕੇ ਕੱਢਦੇ ਰੋਸਿਆਂ ਨੂੰ।
ਆਦਮ-ਜਾਤ ਨਾ ਇਨ੍ਹਾਂ ਨੂੰ ਦੈਂਤ ਆਖੋ, ਫਿਰਦੇ ਮਾਰਦੇ ਜਿਹੜੇ ਬੇਦੋਸ਼ਿਆਂ ਨੂੰ!

# ਬੇਭਰੋਸਗੀ ਦੇ ਮਾਹੌਲ ਵਿਚ ਦੇਸ਼ ਧ੍ਰੋਹ ਦੇ ਪਰਚੇ

***ਮੁਕੱਦਮਿਆਂ ਬਾਬਤ ਅੰਕੜਿਆਂ ਨਾਲ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਇਹ ਕਾਨੂੰਨ ਸਿਰਫ਼ ਬੇਕਸੂਰਾਂ ਦਾ ਸ਼ਿਕਾਰ ਕਰਨ ਦਾ ਕਾਨੂੰਨੀ ਢਾਂਚਾ ਬਣੇ ਹਨ। ਸਰਕਾਰਾਂ ਅਤੇ ਪੁਲਿਸ ਨੇ ਆਪਣੀਆਂ ਮਨਮਰਜ਼ੀਆਂ ਨੂੰ ਕਾਨੂੰਨੀ ਘੇਰੇ ਵਿਚ ਕਰ ਕੇ ਇਨਸਾਫ਼ ਦਾ ਮਜ਼ਾਕ ਉਡਾਇਆ ਹੈ। 'ਸਰਬੱਤ ਖ਼ਾਲਸਾ' ਦੇ ਪ੍ਰਬੰਧਕਾਂ ਉਤੇ ਪਰਚੇ ਦਰਜ ਕਰ ਕੇ ਪੰਜਾਬ ਸਰਕਾਰ ਨੇ ਇਸੇ ਰੁਝਾਨ ਨੂੰ ਅੱਗੇ ਤੋਰਿਆ ਹੈ। 'ਸਰਬੱਤ ਖ਼ਾਲਸਾ' ਦੇ ਰੁਤਬੇ ਅਤੇ ਮਤਿਆਂ ਬਾਬਤ ਬਹੁਤ ਸੁਆਲ ਕੀਤੇ ਜਾ ਸਕਦੇ ਹਨ। ਇਨ੍ਹਾਂ ਸੁਆਲਾਂ ਤੋਂ ਬਿਨਾਂ ਮਤਿਆਂ ਦੀ ਬੋਲੀ ਵਿਚ ਬਹੁਤ ਸਾਰੀ ਗੁੰਜਾਇਸ਼ ਰੱਖੀ ਗਈ ਹੈ ਜਿਸ ਦੀ ਬੇਬਾਕ ਪੜਚੋਲ ਹੋਣੀ ਹੀ ਬਣਦੀ ਹੈ ਪਰ 'ਦੇਸ਼ ਧ੍ਰੋਹ' ਵਰਗੇ ਪੁਰਾਤਨ ਪੰਥੀ ਕਾਨੂੰਨ ਦਾ ਸਹਾਰਾ ਲੈਣ ਵਾਲੀ ਸਰਕਾਰ ਆਪਣੀ ਬੇਭਰੋਸਗੀ ਨੂੰ ਕਿਸੇ ਪਰਦੇ ਵਿਚ ਨਹੀਂ ਕੱਜ ਸਕਦੀ। ਅਜਿਹੀ ਸਰਕਾਰ ਅਤੇ ਕਾਨੂੰਨ ਦੀ ਕਿਸੇ ਸਭਿਅਕ ਸਮਾਜ ਵਿਚ ਕੀ ਥਾਂ ਹੈ? ਆਵਾਜ਼ ਦੀ ਨਬਜ਼ ਪਛਾਣਨ ਵਿਚ ਨਾਕਾਮਯਾਬ ਰਹੀ ਸਰਕਾਰ ਆਪਣੀਆਂ ਨਾਕਾਮਯਾਬੀਆਂ ਨੂੰ ਜਬਰ ਦੇ ਪਰਦੇ ਵਿਚ ਕਿਵੇਂ ਢਕ ਸਕਦੀ ਹੈ?***

ਪੀਪਲਜ਼ ਯੂਨੀਅਨ ਆਫ਼ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਦੇ ਜਨਰਲ ਸਕੱਤਰ ਪੁਸ਼ਕਰ ਰਾਜ ਨੇ ਸੰਨ 2012 ਵਿਚ 'ਦੇਸ਼ ਧ੍ਰੋਹ ਅਤੇ ਹੋਰ ਲੋਕ ਵਿਰੋਧੀ ਕਾਨੂੰਨਾਂ' ਉਤੇ ਹੋਈ ਸਰਬ ਭਾਰਤੀ ਕਨਵੈਨਸ਼ਨ ਦੀ ਉਦਘਾਟਨੀ ਤਕਰੀਰ ਵਿਚ ਕਿਹਾ ਸੀ, "ਕਾਨੂੰਨ ਦਾ ਕੰਮ ਸ਼ਹਿਰੀਆਂ ਦੀ ਜ਼ਿੰਦਗੀ ਨੂੰ ਸੁਖਾਲਾ ਕਰਨਾ ਹੈ ਅਤੇ ਇਸ ਦੀ ਸਮਾਜਕ ਅਹਿਮੀਅਤ ਹੈ। ਕਾਨੂੰਨ ਨੇ ਅਜਿਹਾ ਸਮਾਜਕ ਢਾਂਚਾ ਉਸਾਰਨਾ ਹੈ ਜਿਸ ਅੰਦਰ ਸ਼ਖ਼ਸੀ ਆਜ਼ਾਦੀਆਂ ਅਮਲ ਦਾ



**ਦਲਜੀਤ ਅਮੀ**
**ਫੋਨ: +91-97811-21873**

ਜਾਮਾ ਪਹਿਨ ਸਕਣ। ਨਿਜ਼ਾਮ ਕਾਨੂੰਨ ਰਾਹੀਂ ਚੱਲਣ ਵਾਲਾ ਅਦਾਰਾ ਹੈ। ਕਾਨੂੰਨ ਸ਼ਹਿਰੀਆਂ ਉਤੇ ਨਿਜ਼ਾਮ ਨੂੰ ਥੋਪਣ ਦਾ ਸੰਦ ਨਹੀਂ ਹੋ ਸਕਦਾ। ਦੇਸ਼ ਧ੍ਰੋਹ ਵਾਲਾ ਕਾਨੂੰਨ ਆਵਾਮ ਦੀ ਥਾਂ ਨਿਜ਼ਾਮ ਦੀ ਰਾਖੀ ਕਰਦਾ ਹੈ।" ਮੌਜੂਦਾ ਮਾਹੌਲ ਵਿਚ ਭਾਜਪਾ ਦੀਆਂ ਹਮਾਇਤੀ ਜਥੇਬੰਦੀਆਂ ਦੇ ਕਾਰਕੁਨ ਕਿਸੇ ਵੀ ਤਰ੍ਹਾਂ ਦਾ ਸੁਆਲ ਪੁੱਛਣ ਵਾਲੇ ਨੂੰ 'ਦੇਸ਼ ਧ੍ਰੋਹੀ', 'ਹਿੰਦੂ ਵਿਰੋਧੀ' ਜਾਂ 'ਨਕਸਲਵਾਦੀ' ਕਰਾਰ ਦੇ ਦਿੰਦੇ ਹਨ। ਸੋਸ਼ਲ ਮੀਡੀਆ ਉਤੇ ਕਿਸੇ ਨੂੰ 'ਗੱਦਾਰ' ਜਾਂ 'ਧਰਮ ਵਿਰੋਧੀ' ਕਰਾਰ ਦੇਣ ਤੋਂ ਲੈ ਕੇ ਹਰ ਤਰ੍ਹਾਂ ਦੀਆਂ ਗਾਲਾਂ ਕੱਢਣ ਲਈ ਚਾਰ ਸਤਰਾਂ ਪੜ੍ਹਨ ਤੱਕ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ। ਇਨ੍ਹਾਂ ਹਾਲਾਤ ਵਿਚ ਪਿਛਲੇ ਕਈ ਸਾਲਾਂ ਤੋਂ ਆਵਾਮੀ ਵਿਦਵਾਨ ਇਹ ਕਹਿਣ ਲੱਗੇ ਹਨ ਕਿ 'ਦੇਸ਼ ਧ੍ਰੋਹੀ ਹੋਣਾ ਕੋਈ ਮਾੜੀ ਗੱਲ ਨਹੀਂ ਹੁੰਦੀ।'

ਪੰਜਾਬ ਵਿਚ 'ਸਰਬੱਤ ਖ਼ਾਲਸਾ' ਦੇ ਨਾਮ ਹੇਠ ਇਕੱਠ ਕਰਨ ਵਾਲੇ ਪ੍ਰਬੰਧਕਾਂ ਖ਼ਿਲਾਫ਼ 'ਦੇਸ਼ ਧ੍ਰੋਹ' ਦਾ ਪਰਚਾ ਦਰਜ ਕੀਤਾ ਗਿਆ ਹੈ। ਇਸ ਪਰਚੇ ਦੀ ਪੜਚੋਲ ਕਰਨ ਤੋਂ ਪਹਿਲਾਂ ਪੰਜਾਬ ਵਿਚ ਵਾਪਰੀਆਂ ਕੁਝ ਘਟਨਾਵਾਂ ਦਾ ਵੇਰਵਾ ਜ਼ਰੂਰੀ ਹੈ। ਪੰਜਾਬ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹਣ ਅਤੇ ਭਰੋਸੇਯੋਗ ਕਾਰਵਾਈ ਕਰਨ ਵਿਚ ਨਾਕਾਮਯਾਬ ਰਹੀ ਹੈ। ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਸਰਕਾਰ ਲਈ ਸ਼ਰੇ-ਬਾਜ਼ਾਰ ਪਸ਼ੇਮਾਨੀ ਦਾ ਸਬੱਬ ਬਣੀ ਹੈ। ਦੋ ਨੌਜਵਾਨਾਂ ਦੇ ਕਤਲ ਦੇ ਕੇਸ ਵਿਚ ਕਿਸੇ ਮੁਲਜ਼ਿਮ ਦਾ ਨਾਮ ਨਹੀਂ ਹੈ। ਜਦੋਂ ਬੇਭਰੋਸਗੀ ਵਿਚ ਘਿਰੀ ਪੁਲਿਸ ਜਨਤਕ ਇਕੱਠ ਦੇ ਪ੍ਰਬੰਧਕਾਂ ਖ਼ਿਲਾਫ਼ 'ਦੇਸ਼ ਧ੍ਰੋਹ' ਦਾ ਪਰਚਾ ਦਰਜ ਕਰਦੀ ਹੈ ਤਾਂ ਇਸ ਦੀ ਅਚਵੀਂ ਬੇਪਰਦ ਹੁੰਦੀ ਹੈ। ਇਸ ਇਕੱਠ ਦੀਆਂ ਤਕਰੀਰਾਂ ਜਾਂ ਮਤੇ ਭਾਵੇਂ ਸਰਕਾਰ ਨੂੰ ਕਿੰਨਾ ਵੀ ਔਖਾ ਜਾਂ ਪਸ਼ੇਮਾਨ ਕਰਨ ਵਾਲੇ ਹੋਣ, ਪਰ ਪ੍ਰਬੰਧਕਾਂ ਖ਼ਿਲਾਫ਼ 'ਦੇਸ਼ ਧ੍ਰੋਹ' ਦਾ ਪਰਚਾ ਦਰਜ ਕਰਨਾ 'ਪੁਰਾਤਨ ਪੰਥੀ ਕਾਨੂੰਨ' ਦੀ ਦੁਰਵਰਤੋਂ ਹੈ ਜਿਸ ਦਾ ਜਮਹੂਰੀਅਤ ਜਾਂ ਸਭਿਅਕ ਮੁਲਕ ਵਿਚ ਕੋਈ ਥਾਂ ਨਹੀਂ ਹੈ।

ਭਾਰਤ ਵਿਚ ਇਹ ਕਾਨੂੰਨ ਅੰਗਰੇਜ਼ੀ ਰਾਜ ਦੌਰਾਨ 1870 ਵਿਚ ਬਣਾਇਆ ਗਿਆ ਅਤੇ ਹੁਣ ਤੱਕ ਉਸੇ ਦਾ ਚਰਬਾ ਕੁਝ ਸੋਧਾਂ ਨਾਲ ਲਾਗੂ ਹੋ ਰਿਹਾ ਹੈ। ਇੰਗਲੈਂਡ ਨੇ ਇਹ ਕਾਨੂੰਨ ਆਪਣੇ ਮੁਲਕ ਵਿਚ ਖ਼ਤਮ ਕਰ ਦਿੱਤਾ ਹੈ। ਖ਼ਤਮ ਕਰਨ ਦੀਆਂ ਦਲੀਲਾਂ ਅਹਿਮ ਹਨ, "ਦੇਸ਼ ਧ੍ਰੋਹ ਦੀ ਵਿਆਖਿਆ ਬੇਹੱਦ ਧੁੰਦਲੀ ਹੈ। ਇਹ ਕਿਸੇ ਇਤਿਹਾਸਕ ਹਾਲਾਤ ਲਈ ਬਣਿਆ ਕਾਨੂੰਨ ਸੀ ਜੋ ਹੁਣ ਬਦਲ ਗਏ ਹਨ। ਇਸ ਕਾਨੂੰਨ ਦਾ ਖ਼ਾਸਾ ਪੁਰਾਤਨ ਪੰਥੀ ਹੈ। ਵਿਚਾਰਾਂ ਨੂੰ ਆਲੋਚਨਾਤਮਕ ਜਾਂ ਗ਼ੈਰ-ਪ੍ਰਵਾਨਤ ਹੋਣ ਕਾਰਨ ਅਪਰਾਧ ਦੇ ਘੇਰੇ ਵਿਚ ਨਹੀਂ ਪਾਇਆ ਜਾ ਸਕਦਾ। ਇਸ ਕਾਨੂੰਨ ਦਾ ਬੋਲਣ ਦੀ ਆਜ਼ਾਦੀ ਉਤੇ ਮਾਰੂ ਅਸਰ ਪੈਂਦਾ ਹੈ।"

ਭਾਰਤ ਵਿਚ ਇਸ ਕਾਨੂੰਨ ਦੀ ਸਰਕਾਰਾਂ ਨੇ ਬਹੁਤ ਦੁਰਵਰਤੋਂ ਕੀਤੀ ਹੈ। ਕੁਡਾਨਕੁਲਮ (ਤਾਮਿਲਨਾਡੂ) ਦੇ ਤੀਹ ਕਾਰਕੁਨ, ਜੋ ਪਰਮਾਣੂ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਸਨ, ਦੇਸ਼ ਧ੍ਰੋਹ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਤੋਂ ਬਿਨਾਂ 2500 ਕਾਰਕੁਨਾਂ ਉਤੇ ਇਹੋ ਇਲਜ਼ਾਮ ਬਿਨਾਂ ਨਾਮ ਲਿਖੇ ਲਗਾਏ ਗਏ। ਹਰਿਆਣਾ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਪੰਜ ਪ੍ਰਧਾਨਾਂ ਉਤੇ ਇਹੋ ਇਲਜ਼ਾਮ ਵੱਖ-ਵੱਖ ਸਮੇਂ ਉਤੇ ਲੱਗੇ ਹਨ। ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਆਗੂ ਸੁਰਜੀਤ ਫੂਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਸੰਜੀਵ ਮਿੰਟੂ ਤੇ ਦਿਲਬਾਗ਼ ਸਿੰਘ ਅਤੇ ਮਾਓਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਹਰਭਿੰਦਰ ਜਲਾਲ ਖ਼ਿਲਾਫ਼ ਦੇਸ਼ ਧ੍ਰੋਹ ਦੇ ਪਰਚੇ ਦਰਜ ਕੀਤੇ ਗਏ ਸਨ। ਇਨ੍ਹਾਂ ਸਾਰੇ ਮਾਮਲਿਆਂ ਵਿਚ ਅਦਾਲਤੀ ਕਾਰਵਾਈ ਦੌਰਾਨ ਇਹ ਇਲਜ਼ਾਮ ਸਾਬਤ ਨਹੀਂ ਹੋਏ, ਪਰ ਜ਼ਮਾਨਤਾਂ ਮਿਲਣ ਤੱਕ ਛੇ ਮਹੀਨੇ ਤੋਂ ਡੇਢ ਸਾਲ ਦਾ ਸਮਾਂ ਲੱਗਿਆ।

ਦੇਸ਼ ਧ੍ਰੋਹ ਦੇ ਇਲਜ਼ਾਮ ਤਹਿਤ ਦਰਜ ਕੀਤੇ ਜਾਂਦੇ ਪਰਚੇ ਦਾ ਮਤਲਬ ਸਾਫ਼ ਹੈ ਕਿ ਇਹ ਨਿਜ਼ਾਮ ਆਪਣੇ ਵਿਰੋਧੀਆਂ ਜਾਂ ਸਰਕਾਰ ਆਪਣੀ ਸਿਆਸੀ ਸ਼ਰੀਕੇਬਾਜ਼ੀ ਕਾਰਨ ਕਾਰਕੁਨਾਂ ਨੂੰ ਉਲਝਾਉਣ ਲਈ ਕਰਦੀ ਹੈ। ਪੁਲਿਸ ਜ਼ਿਆਦਾਤਰ, ਕਾਨੂੰਨ ਤਹਿਤ ਲੋੜੀਂਦੀਆਂ ਪ੍ਰਵਾਨਗੀਆਂ ਤੋਂ ਬਿਨਾਂ ਇਸ ਇਲਜ਼ਾਮ ਤਹਿਤ ਪਰਚਾ ਦਰਜ ਕਰਦੀ ਹੈ। ਇਹ ਊਣਤਾਈ ਪੁਲਿਸ ਦੇ ਦੋਸ਼ ਪੱਤਰ ਤੋਂ ਬਾਅਦ ਉਜਾਗਰ ਹੁੰਦੀ ਹੈ। ਉਦੋਂ ਤੱਕ ਘੱਟੋ-ਘੱਟ ਤਿੰਨ ਮਹੀਨੇ ਦਾ ਸਮਾਂ ਨਿਕਲ ਜਾਂਦਾ ਹੈ। ਕਈ ਵਾਰ ਪੁਲਿਸ ਦੋਸ਼ ਪੱਤਰ ਦਰਜ ਹੀ ਨਹੀਂ ਕਰਦੀ। ਇਸ ਦੌਰਾਨ ਮੁਲਜ਼ਿਮ ਦੀ ਖੱਜਲਖੁਆਰੀ ਹੁੰਦੀ ਹੈ ਅਤੇ ਬੇਕਸੂਰ ਹੋਣ ਦੇ ਬਾਵਜੂਦ ਜੇਲ੍ਹ ਕੱਟਣੀ ਪੈਂਦੀ ਹੈ। ਪੁਲਿਸ ਅਤੇ ਸਰਕਾਰ ਹੱਥ ਇਹ ਕਾਨੂੰਨੀ ਘੇਰੇ ਦੇ ਅੰਦਰ ਉਹ ਹਥਿਆਰ ਹੈ ਜੋ ਕਿਸੇ ਮਨੁੱਖੀ, ਸ਼ਹਿਰੀ, ਸੰਵਿਧਾਨਕ ਜਾਂ ਜਮਹੂਰੀ ਹਕੂਕ ਦੀ ਪ੍ਰਵਾਹ ਨਹੀਂ ਕਰਦਾ।

ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਸਰਕਾਰ ਨੇ ਨਵਾਂ ਪੈਂਤੜਾ ਅਖ਼ਤਿਆਰ ਕੀਤਾ ਹੈ। ਪਹਿਲਾਂ ਮੁਜ਼ਾਹਰਾਕਾਰੀਆਂ ਨੂੰ ਧਾਰਾ 107/51 ਤਹਿਤ ਗ੍ਰਿਫ਼ਤਾਰ ਕੀਤਾ ਜਾਂਦਾ ਸੀ ਜੋ ਜੁਰਮ ਰੋਕੂ ਧਾਰਾ ਹੈ। ਹੁਣ ਮੁਜ਼ਾਹਰਾਕਾਰੀਆਂ ਖ਼ਿਲਾਫ਼ ਧਾਰਾ 307 ਤਹਿਤ ਇਰਾਦਾ ਕਤਲ ਦੇ ਕੇਸ ਦਰਜ ਕੀਤੇ ਜਾਂਦੇ ਹਨ। ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਵਿਦਿਆਰਥੀ ਜਥੇਬੰਦੀਆਂ ਦੇ ਆਗੂਆਂ ਖ਼ਿਲਾਫ਼ ਇਹ ਧਾਰਾ ਲਗਾਤਾਰ ਲਗਾਈ ਗਈ ਹੈ। ਪਿੰਡਾਂ ਵਿਚ ਪੰਚਾਇਤੀ ਜ਼ਮੀਨ ਵਿਚੋਂ ਦਲਿਤਾਂ ਦੇ ਹਿੱਸੇ ਲਈ ਹੋਏ ਸੰਘਰਸ਼ਾਂ ਵਿਚ ਤਕਰੀਬਨ ਪੰਜਾਹ ਕਾਰਕੁਨਾਂ ਨੇ ਚਾਲੀ-ਚਾਲੀ ਦਿਨਾਂ ਦੀ ਜੇਲ੍ਹ ਕੱਟੀ ਹੈ। ਇਹੋ ਪਰਚੇ ਕਿਸਾਨ ਯੂਨੀਅਨਾਂ ਦੇ ਆਗੂਆਂ ਉਤੇ ਦਰਜ ਹੋਏ। ਸਰਕਾਰ ਨੇ ਜਾਂਚ ਪਿਛੋਂ ਇਹ ਸਾਰੇ ਪਰਚੇ ਵਾਪਸ ਲੈ ਲਏ, ਪਰ ਖੱਜਲਖੁਆਰੀ ਅਤੇ ਬੇਕਸੂਰਾਂ ਨੂੰ ਜੇਲ੍ਹੀਂ ਡੱਕਣ ਲਈ ਕੋਈ ਜੁਆਬਦੇਹੀ ਨਹੀਂ। ਮੋਗੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮਲਕੀਅਤ ਵਾਲੀ ਬੱਸ ਵਿਚ ਹੋਏ ਕਤਲ ਤੋਂ ਬਾਅਦ ਵਿਦਿਆਰਥੀਆਂ ਉਤੇ ਇਰਾਦਾ ਕਤਲ ਦੇ ਮਾਮਲੇ ਦਰਜ ਕੀਤੇ ਗਏ। ਨੌਂ ਵਿਦਿਆਰਥੀ ਤਿੰਨ ਮਹੀਨੇ ਜੇਲ੍ਹ ਵਿਚ ਬੰਦ ਰਹੇ। ਇਰਾਦਾ ਕਤਲ ਦੀ ਧਾਰਾ ਭਾਵੇਂ ਵਾਪਸ ਲੈ ਲਈ ਗਈ, ਪਰ ਬਾਕੀ ਧਾਰਾਵਾਂ ਜਿਉਂ ਦੀਆਂ ਤਿਉਂ ਕਾਇਮ ਹਨ।

ਇਸ ਤਰ੍ਹਾਂ ਪਰਚੇ ਦਰਜ ਕਰਨ ਦਾ ਰੁਝਾਨ ਪੁਰਾਣਾ ਹੈ ਅਤੇ ਮੂੰਹ-ਜ਼ੋਰ ਹੋ ਰਿਹਾ ਹੈ। ਕਾਨੂੰਨ ਦੀ ਇਸ ਧਾਰਾ ਰਾਹੀਂ ਨਿਜ਼ਾਮ ਅਤੇ ਆਵਾਮ ਦੇ ਰਿਸ਼ਤੇ ਨੂੰ ਸਮਝਿਆ ਜਾਣਾ ਜ਼ਰੂਰੀ ਹੈ। ਦੇਸ਼ ਧ੍ਰੋਹ ਦਾ ਮਾਮਲਾ ਦਰਜ ਕਰਨ ਦਾ ਮਤਲਬ ਹੀ ਆਵਾਮ ਖ਼ਿਲਾਫ਼ ਜੰਗ ਦਾ ਐਲਾਨ ਹੈ। ਅਜਿਹੇ ਮਾਮਲਿਆਂ ਅਤੇ ਗ਼ੈਰ-ਜਮਹੂਰੀ ਕਾਨੂੰਨਾਂ ਦਾ ਲੰਮਾ ਇਤਿਹਾਸ ਹੈ, ਜਿਨ੍ਹਾਂ ਵਿਚ ਮੀਸਾ, ਟਾਡਾ, ਪੋਟਾ ਅਤੇ ਯਾਪਾ ਵਰਗੇ ਕਾਨੂੰਨਾਂ ਦਾ ਲੰਮਾ ਇਤਿਹਾਸ ਹੈ। ਟਾਡਾ ਵਰਗੇ ਕਾਨੂੰਨ ਤਹਿਤ ਇੱਕ ਫ਼ੀਸਦੀ ਤੋਂ ਘੱਟ ਮੁਕੱਦਮਿਆਂ ਵਿਚ ਮੁਲਜ਼ਿਮਾਂ ਖ਼ਿਲਾਫ਼ ਇਲਜ਼ਾਮ ਸਾਬਤ ਹੋਏ ਹਨ। ਇਨ੍ਹਾਂ ਵਿਚੋਂ ਵੀ ਜ਼ਿਆਦਾਤਰ ਮਾਮਲੇ ਮੁਲਜ਼ਿਮ ਦੀ ਢੁਕਵੀਂ ਪੈਰਵੀ ਜਾਂ ਗੁੰਜਾਇਸ਼ ਦੀ ਮੁਲਜ਼ਿਮ ਵਿਰੋਧੀ ਵਿਆਖਿਆ ਵਾਲੇ ਹਨ। ਜਦੋਂ ਸਰਕਾਰ ਇਨ੍ਹਾਂ ਕਾਨੂੰਨਾਂ ਨੂੰ ਨਵੀਂਆਂ ਸੋਧਾਂ ਨਾਲ ਲਾਗੂ ਕਰਦੀ ਹੈ ਤਾਂ ਆਪਣੇ-ਆਪ ਨੂੰ ਬੇਕਸੂਰ ਸਾਬਤ ਕਰਨ ਦੀ ਜ਼ਿੰਮੇਵਾਰੀ ਮੁਲਜ਼ਿਮ ਸਿਰ ਪੈਂਦੀ ਹੈ। ਇਸਤਗਾਸਾ ਪੱਖ ਨੇ ਕਸੂਰ ਸਾਬਤ ਨਹੀਂ ਕਰਨਾ ਹੁੰਦਾ, ਸਗੋਂ ਬਚਾਅ ਪੱਖ ਨੇ ਆਪਣੇ-ਆਪ ਨੂੰ ਬੇਕਸੂਰ ਸਾਬਤ ਕਰਨਾ ਹੁੰਦਾ ਹੈ।

ਮੁਕੱਦਮਿਆਂ ਬਾਬਤ ਅੰਕੜਿਆਂ ਨਾਲ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਇਹ ਕਾਨੂੰਨ ਸਿਰਫ਼ ਬੇਕਸੂਰਾਂ ਨੂੰ ਸ਼ਿਕਾਰ ਕਰਨ ਦਾ ਕਾਨੂੰਨੀ ਢਾਂਚਾ ਬਣੇ ਹਨ। ਸਰਕਾਰਾਂ ਅਤੇ ਪੁਲਿਸ ਨੇ ਆਪਣੀਆਂ ਮਨਮਰਜ਼ੀਆਂ ਨੂੰ ਕਾਨੂੰਨੀ ਘੇਰੇ ਵਿਚ ਕਰ ਕੇ ਇਨਸਾਫ਼ ਦਾ ਮਜ਼ਾਕ ਉਡਾਇਆ ਹੈ। 'ਸਰਬੱਤ ਖ਼ਾਲਸਾ' ਦੇ ਪ੍ਰਬੰਧਕਾਂ ਉਤੇ ਪਰਚੇ ਦਰਜ ਕਰ ਕੇ ਪੰਜਾਬ ਸਰਕਾਰ ਨੇ ਇਸੇ ਰੁਝਾਨ ਨੂੰ ਅੱਗੇ ਤੋਰਿਆ ਹੈ। 'ਸਰਬੱਤ ਖ਼ਾਲਸਾ' ਦੇ ਰੁਤਬੇ ਅਤੇ ਮਤਿਆਂ ਬਾਬਤ ਬਹੁਤ ਸੁਆਲ ਕੀਤੇ ਜਾ ਸਕਦੇ ਹਨ। ਇਨ੍ਹਾਂ ਸੁਆਲਾਂ ਤੋਂ ਬਿਨਾਂ ਮਤਿਆਂ ਦੀ ਬੋਲੀ ਵਿਚ ਬਹੁਤ ਸਾਰੀ ਗੁੰਜਾਇਸ਼ ਰੱਖੀ ਗਈ ਹੈ, ਜਿਸ ਦੀ ਬੇਬਾਕ ਪੜਚੋਲ ਹੋਣੀ ਹੀ ਬਣਦੀ ਹੈ। ਪਰ 'ਦੇਸ਼ ਧ੍ਰੋਹ' ਵਰਗੇ ਪੁਰਾਤਨ ਪੰਥੀ ਕਾਨੂੰਨ ਦਾ ਸਹਾਰਾ ਲੈਣ ਵਾਲੀ ਸਰਕਾਰ ਆਪਣੀ ਬੇਭਰੋਸਗੀ ਨੂੰ ਕਿਸੇ ਪਰਦੇ ਵਿਚ ਨਹੀਂ ਕੱਜ ਸਕਦੀ। ਅਜਿਹੀ ਸਰਕਾਰ ਅਤੇ ਕਾਨੂੰਨ ਦੀ ਕਿਸੇ ਸਭਿਅਕ ਸਮਾਜ ਵਿਚ ਕੀ ਥਾਂ ਹੈ? ਆਵਾਜ਼ ਦੀ ਨਬਜ਼ ਪਛਾਣਨ ਵਿਚ ਨਾਕਾਮਯਾਬ ਰਹੀ ਸਰਕਾਰ ਆਪਣੀਆਂ ਨਾਕਾਮਯਾਬੀਆਂ ਨੂੰ ਜਬਰ ਦੇ ਪਰਦੇ ਵਿਚ ਕਿਵੇਂ ਢਕ ਸਕਦੀ ਹੈ? ਜੇ ਕੁਨਬਾਪ੍ਰਸਤੀ, ਭ੍ਰਿਸ਼ਟਾਚਾਰ ਅਤੇ ਧਾਰਮਿਕ ਅਦਾਰਿਆਂ ਵਿਚ ਹੁੰਦੀ ਸਿਆਸੀ ਦਖ਼ਲਅੰਦਾਜ਼ੀ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ 'ਦੇਸ਼ ਧ੍ਰੋਹ' ਹੈ ਤਾਂ ਇਹ ਮਾਣਮੱਤਾ ਕਰਮ ਹੈ ਜੋ ਹਰ ਜਾਗਰੂਕ, ਜਗਿਆਸੂ ਅਤੇ ਇਨਸਾਫ਼ਪਸੰਦ ਨੂੰ ਕਰਨਾ ਚਾਹੀਦਾ ਹੈ। ਕੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚ ਸੇਵਾ ਦੇ ਇਹੋ ਮਾਅਨੇ ਹਨ?

# ਸਿੱਖ ਲਹਿਰ ਦੇ ਲੋਕ ਮੁਖੀ ਵਿਵੇਕ ਦੀ ਤਲਾਸ਼

## 'ਸਰਬੱਤ ਖਾਲਸਾ' ਦਾ ਪ੍ਰਸੰਗ ਅਤੇ ਪੰਜਾਬੀ ਸਭਿਅਤਾ ਦਾ ਭਵਿੱਖ

***ਪੰਜਾਬ ਦੇ ਹੋਣਹਾਰ ਵਿਦਵਾਨ ਡਾ. ਸੁਮੇਲ ਸਿੰਘ ਸਿੱਧੂ ਆਪਣੀ ਕਲਮ ਬੜੇ ਸਰਫੇ ਨਾਲ ਚਲਾਉਂਦੇ ਹਨ, ਪਰ ਜਦੋਂ ਇਹ ਕਲਮ ਚੱਲਦੀ ਹੈ ਤਾਂ ਇਸ ਦੀ ਧਾਰ ਬੜੀ ਤਿੱਖੀ ਅਤੇ ਤਲਖ ਹੁੰਦੀ ਹੈ। ਐਤਕੀਂ ਉਨ੍ਹਾਂ ਪੰਜਾਬ ਦੇ ਅੱਜ ਬਾਰੇ ਟਿੱਪਣੀ ਕੀਤੀ ਹੈ ਅਤੇ 10 ਨਵੰਬਰ ਨੂੰ ਹੋਏ ਸਰਬੱਤ ਖਾਲਸਾ ਨੂੰ ਆਧਾਰ ਬਣਾ ਕੇ ਸੰਗਤ ਬਾਰੇ ਗੱਲਾਂ ਤੋਰੀਆਂ ਹਨ। ਉਨ੍ਹਾਂ ਸਾਨੂੰ ਉਸ ਪੰਜਾਬੀ ਸੰਗਤ ਦਾ ਚੇਤਾ ਕਰਵਾਇਆ ਹੈ ਜਿਹੜੀ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਤੱਕ ਫੈਲੀ ਹੋਈ ਹੈ। ਇਸ ਲੇਖ ਵਿਚ ਉਨ੍ਹਾਂ ਆਪਣੀ ਗੱਲ ਬੜੇ ਸਹਿਜ-ਸੰਤੋਖ, ਪਰ ਪੂਰੇ ਧੜੱਲੇ ਨਾਲ ਰੱਖੀ ਹੈ। ਇਸ ਲੇਖ ਵਿਚ ਸਾਂਝੇ ਕੀਤੇ ਫਿਕਰ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਐਤਕੀਂ 4 ਨਵੰਬਰ ਨੂੰ ਪੰਜਾਬੀਆਂ ਦੀ ਨਿਆਰੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕੁਝ ਇਤਿਹਾਸਕ ਤੱਥਾਂ ਦੀ ਰੌਸ਼ਨੀ ਵਿਚ ਮੌਜੂਦਾ ਘਟਨਾਵਲੀ ਬਾਬਤ ਆਪਣੀ ਰਾਇ ਰੱਖੀ ਹੈ। ਉਨ੍ਹਾਂ ਕਿਹਾ ਹੈ ਕਿ ਸਰਬੱਤ ਖਾਲਸਾ ਉਦੋਂ ਹੀ ਬੁਲਾਇਆ ਜਾਂਦਾ ਹੈ ਜਦੋਂ ਕੋਈ ਕੌਮੀ ਸੰਕਟ ਹੋਵੇ। ਸੰਸਾਰ ਭਰ ਦੇ ਪ੍ਰਤੀਨਿਧ ਸਿੱਖਾਂ ਦੀ ਹਾਜ਼ਰੀ ਵਿਚ ਰਾਇ ਲਈ ਜਾਂਦੀ ਹੈ ਅਤੇ ਵਿਧਾਨ ਜਾਂ ਰਵਾਇਤ ਅਨੁਸਾਰ ਸਿਰਫ ਸ੍ਰੀ ਅਕਾਲ ਤਖਤ ਦਾ ਜਥੇਦਾਰ ਹੀ ਸਰਬੱਤ ਖਾਲਸਾ ਬੁਲਾਉਣ ਦਾ ਅਧਿਕਾਰੀ ਹੈ। ਇਹ ਸਾਰੀਆਂ ਦਰੁਸਤ ਗੱਲਾਂ ਕਹਿ ਕੇ ਉਹ ਅਗਲਾ ਨੁਕਤਾ ਖੜ੍ਹਾ ਕਰਦੇ ਹਨ- "ਮੌਜੂਦਾ ਹਾਲਤ ਅਜਿਹੀ ਨਹੀਂ ਹੈ।" ਉਹ ਕਹਿੰਦੇ ਹਨ ਕਿ 1920 ਵਿਚ ਬੁਲਾਏ ਸਰਬੱਤ ਖਾਲਸਾ ਨੇ ਸ਼੍ਰੋਮਣੀ ਕਮੇਟੀ ਹੋਂਦ ਵਿਚ ਲੈ ਆਂਦੀ ਸੀ ਜਿਸ ਨਾਲ ਗੁਰਦੁਆਰਿਆਂ ਦਾ ਪ੍ਰਬੰਧ 'ਵਿਅਕਤੀ ਤੋਂ ਸੰਗਤੀ ਰੂਪ' ਵਿਚ ਤਬਦੀਲ ਹੋ ਚੁੱਕਾ ਹੈ। ਇਸ ਦਲੀਲ ਮੁਤਾਬਕ ਸ਼੍ਰੋਮਣੀ ਕਮੇਟੀ ਹੀ ਹੁਣ ਸਰਬੱਤ ਖਾਲਸਾ ਦਾ ਸੰਸਥਾਈ ਰੂਪ ਹੈ। ਉਨ੍ਹਾਂ ਅਨੁਸਾਰ ਵੀਹਵੀਂ ਸਦੀ ਵਿਚ



**ਡਾ. ਸੁਮੇਲ ਸਿੰਘ ਸਿੱਧੂ**
**ਫੋਨ: +91-94649-84010**

ਸਿਰਫ ਤਿੰਨ ਵਾਰ ਹੀ ਸਰਬੱਤ ਖਾਲਸਾ ਬੁਲਾਇਆ ਗਿਆ, ਇਸ ਲਈ ਹੁਣ ਇਸ ਦਾ ਬੁਲਾਵਾ ਆਪਣੇ ਹਿੱਤਾਂ ਦੀ ਪੂਰਤੀ ਦਾ ਯਤਨ ਹੀ ਹੈ।

'ਪੰਥ ਨੂੰ ਖਤਰੇ' ਦੇ ਘੰਟੇ ਦੀ ਟਣਨ-ਟਣਨ ਸੁਣਨ ਦੇ ਅਭਿਆਸੀ ਕੰਨਾਂ ਲਈ ਇਹ, ਮੱਕੜ ਸਾਹਿਬ ਵਰਗੇ ਜ਼ਿੰਮੇਵਾਰ ਆਗੂ ਦੀ ਸਿਧਾਂਤਕ ਦਲੇਰੀ ਦਾ ਬਿਆਨ ਵੀ ਹੋ ਸਕਦੀ ਸੀ ਜੇ ਉਨ੍ਹਾਂ ਨੇ ਸਿੱਖ ਲਹਿਰ ਦੀਆਂ ਕ੍ਰਾਂਤੀਕਾਰੀ ਲੋਕ ਮੁਖੀ ਪੰਥਕ ਰਵਾਇਤਾਂ ਦਾ ਹਵਾਲਾ ਨਾ ਦਿੱਤਾ ਹੁੰਦਾ। ਮੌਜੂਦਾ ਹਾਲਤ ਦਾ ਕੱਚ-ਸੱਚ ਲੋਕਾਂ ਨੇ ਸੰਗਤੀ ਰੂਪ ਵਿਚ ਜਥੇਬੰਦ ਹੋ ਕੇ, ਆਪੋ-ਆਪਣੇ ਇਲਾਕਿਆਂ ਵਿਚ ਲੋਕ ਅੰਦੋਲਨ ਛੇੜ ਕੇ ਸਾਹਮਣੇ ਲੈ ਆਂਦਾ ਹੈ। ਜਿਹੜੀਆਂ ਪੰਥਕ ਰਵਾਇਤਾਂ ਦਾ ਹਵਾਲਾ ਦੇ ਕੇ ਸ਼੍ਰੋਮਣੀ ਕਮੇਟੀ ਦੇ "ਵਕਾਰ ਨੂੰ ਖਤਰਾ" ਹੋਣ ਨੂੰ ਕੌਮੀ ਮਸਲਾ ਮਨਵਾਇਆ ਜਾ ਰਿਹਾ ਹੈ, ਉਨ੍ਹਾਂ ਮਹਾਨ ਰਵਾਇਤਾਂ ਦਾ ਘਾਣ ਖੁਦ ਸ਼੍ਰੋਮਣੀ ਕਮੇਟੀ ਕਰ ਰਹੀ ਹੈ। ਇਹ ਮਸਲਾ ਕੌਮੀ ਮਸਲਾ ਬਣ ਚੁੱਕਾ ਹੈ। ਤੰਗ ਆ ਕੇ ਲੋਕ ਜਦੋਂ ਘਰੋਂ ਨਿਕਲ ਪਏ ਤਾਂ ਅਜਿਹੇ ਵੇਲੇ ਤੱਥਾਂ, ਤਰੀਕਾਂ ਅਤੇ ਹਵਾਲਿਆਂ ਦੇ ਸਹੀ ਬਿਆਨ ਦੇ ਬਾਵਜੂਦ, ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਇਤਿਹਾਸ ਦੇ ਇਸ ਪ੍ਰਸੰਗ ਵਿਚ ਅਰਥਾਂ ਦੇ ਅਨਰਥ ਹੋਣ ਨਾਲ ਮਜ਼ਾਕ ਦਾ ਪਾਤਰ ਬਣਾ ਕੇ ਰੱਖ ਦਿੱਤਾ ਹੈ।

ਸੱਚਾਈ ਇਹ ਹੈ ਕਿ ਮੌਜੂਦਾ ਹਾਲਾਤ ਦੇ ਤਰਕ ਵਿਚੋਂ ਉਠਿਆ ਅੰਦੋਲਨ ਉਸੇ ਅਕਾਲੀ ਲਹਿਰ ਦਾ ਦੂਜਾ ਸੰਸਕਰਨ ਹੈ ਜਿਸ ਨੇ ਸ਼ਾਂਤਮਈ ਅਸਹਿਯੋਗ ਅੰਦੋਲਨ ਦੇ ਜ਼ਰੀਏ 1920 ਦੇ ਦਹਾਕੇ ਵਿਚ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦੀ ਅੰਗਰੇਜ਼ ਸਰਕਾਰ ਨਾਲ ਮਿਲੀਭੁਗਤ ਖਿਲਾਫ ਗੁਰਮਰਿਆਦਾ ਦੀ ਬਹਾਲੀ ਤੋਂ ਸ਼ੁਰੂ ਹੋ ਕੇ ਦੇਸ਼ ਨੂੰ ਵੱਡਾ ਗੁਰਦੁਆਰਾ ਕਹਿ ਕੇ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਲਾਸਾਨੀ ਯੋਗਦਾਨ ਦਿੱਤਾ। ਅੰਗਰੇਜ਼ ਹਕੂਮਤ ਦੇ ਜਮਹੂਰੀ, ਸਭਿਅਕ ਅਤੇ ਪ੍ਰਗਤੀਸ਼ੀਲ ਹੋਣ ਦੇ ਦਾਅਵਿਆਂ ਦੀ ਕੂੜ ਦੀ ਕੰਧ ਨੂੰ ਢਾਹੁਣ ਲਈ ਆਪਣੀ ਅਹਿੰਸਕ ਪਹੁੰਚ, ਸਾਂਝੀਵਾਲਤਾ ਦੇ ਸਿਧਾਂਤ ਅਤੇ ਸਮੂਹ ਹਿੰਦੁਸਤਾਨੀਆਂ ਦੇ ਪ੍ਰਤਿਨਿਧ ਵਜੋਂ ਅਗਵਾਈ ਦਿੱਤੀ। ਪੰਜਾਬੀ ਇਤਿਹਾਸ ਦੀ ਰੌਸ਼ਨ ਵਿਰਾਸਤ ਨੂੰ ਗ਼ਦਰੀ ਬਾਬਿਆਂ ਦੀ ਕੁਰਬਾਨੀ ਦੇ ਅਗਲੇਰੇ ਪੜਾਅ ਵਜੋਂ ਅਗਾਂਹ ਤੋਰਿਆ। ਸਮੇਂ ਦੀ ਬਣਤਰ ਨੂੰ ਆਪਣੇ ਕਮਾਏ ਵਿਵੇਕ ਨਾਲ ਸੀਖਿਆ। ਹਿੰਦੂ, ਮੁਸਲਮਾਨ ਅਤੇ ਈਸਾਈਆਂ ਦਾ ਇਸ ਲਹਿਰ ਦੀ ਸਫਲਤਾ ਵਿਚ ਅਹਿਮ ਯੋਗਦਾਨ ਹੈ। ਪਾਦਰੀ ਐਫ.ਸੀ. ਐਂਡਰਿਊਜ਼, ਡਾ. ਸੈਫੁਦੀਨ ਕਿਚਲੂ, ਡਾ. ਸੱਤਿਆਪਾਲ ਆਦਿ ਕੁਝ ਵੱਡੇ ਅਕਾਲੀ ਅੰਦੋਲਨਕਾਰੀਆਂ ਦੇ ਨਾਂ ਹਨ। ਮੱਕੜ ਸਾਹਿਬ ਨੂੰ ਯਾਦ ਕਰਵਾ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਇਸ ਮਹਾਨ ਲੋਕ ਲਹਿਰ ਦਾ ਜਥੇਬੰਦਕ ਅਤੇ ਸੰਗਤੀ ਨਿਸ਼ਾਨ ਹੈ।

ਆਪਣੇ ਇਸੇ ਇਤਿਹਾਸ ਨੂੰ ਦਾਗਦਾਰ ਕਰ ਕੇ ਇਨ੍ਹਾਂ ਦੋਹਾਂ ਸੰਸਥਾਵਾਂ 'ਤੇ ਕਾਬਜ਼ ਵਿਅਕਤੀਆਂ ਦੀ ਹਿੱਤ-ਸਿੱਧੀ ਵਾਸਤੇ ਪੰਜਾਬੀਆਂ ਦੇ ਮਹਾਨ ਕਾਰਜ ਦਾ ਹਵਾਲਾ ਦੇਣਾ ਕਿਤੇ ਨਾ ਕਿਤੇ ਮਹੰਤਾਂ/ਮਸੰਦਾਂ/ਸਰਬਰਾਹਾਂ ਦੀ ਲੋਕ ਦੋਖੀ ਮਾਨਸਿਕਤਾ ਦੀ ਓਟ ਲੈਣਾ ਹੈ। ਅਸਲ ਵਿਚ 1920ਵਿਆਂ ਵਿਚ ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਆਪਣੀਆਂ ਕਰਤੂਤਾਂ, ਭ੍ਰਿਸ਼ਟ ਆਚਰਨ ਅਤੇ ਰਾਜ ਸੱਤਾ ਦੇ ਸੰਦ ਹੋਣ ਦੀ ਸੱਚਾਈ ਨੂੰ ਢਕਣ ਲਈ 18ਵੀਂ ਸਦੀ ਦੇ ਮੁਸ਼ਕਿਲ ਦੇ ਦੌਰ ਵਿਚ ਧਰਮਸਾਲ ਦੇ ਪ੍ਰਬੰਧ ਕਰਨ ਨੂੰ ਆਪਣੀ ਅਦੁੱਤੀ ਪੰਥਕ ਸੇਵਾ ਵਜੋਂ ਪੇਸ਼ ਕਰਦੇ ਸਨ। ਉਦੋਂ ਮਸਲਾ ਗੁਰਮਰਿਆਦਾ ਦੀ ਬਹਾਲੀ ਤੋਂ ਵਧ ਕੇ ਸਿੱਖ ਵਿਚਾਰਧਾਰਾ ਅਤੇ ਸਿੱਖ ਲਹਿਰ ਦੇ ਨਵੇਂ ਹਾਲਾਤ ਵਿਚ ਪ੍ਰਸੰਗਿਕਤਾ ਦੇ ਨਿਰਮਾਣ ਨਾਲ ਜੁੜ ਗਿਆ। ਆਧੁਨਿਕ ਦੌਰ ਵਿਚ ਨਵੀਆਂ ਕਦਰਾਂ-ਕੀਮਤਾਂ ਦੀ ਉਸਾਰੀ ਦੇ ਨਾਲ ਹੀ ਉਸ ਸਮੇਂ ਦੇ ਭਖਦੇ ਮੁੱਦੇ- ਆਜ਼ਾਦੀ ਸੰਘਰਸ਼, ਵਿਚ ਹਿੱਸੇਦਾਰੀ ਕਰਨ ਨੂੰ ਹੀ ਸਿੱਖ ਨੈਤਿਕਤਾ ਦਾ ਪੈਮਾਨਾ ਮੰਨ ਲਿਆ ਗਿਆ। ਇਸ ਸਾਰੇ ਸਿਰਜਣਾਤਮਕ ਮਾਹੌਲ ਦਾ ਅਸਰ ਜਵਾਨ ਹੋ ਰਹੇ ਪੰਜਾਬੀ ਨੌਜਵਾਨਾਂ ਦੀ ਪੀੜ੍ਹੀ ਉਤੇ ਪੈਣਾ ਸ਼ੁਰੂ ਹੋਇਆ ਅਤੇ ਸ਼ਹੀਦ ਭਗਤ ਸਿੰਘ, ਗ਼ਦਰੀ ਵਿਚਾਰਵਾਨ ਭਾਈ ਸੰਤੋਖ ਸਿੰਘ ਧਰਦਿਓ, ਗਿਆਨੀ ਹੀਰਾ ਸਿੰਘ ਦਰਦ ਆਦਿ ਇਸੇ ਦਹਾਕੇ ਵਿਚ ਨਵੀਂ ਚੇਤਨਾ ਦੇ ਚਿੰਨ੍ਹ ਬਣੇ।

ਗੁਜ਼ਰੇ ਸਮੇਂ 'ਤੇ ਝਾਤ ਮਾਰੀਏ ਤਾਂ ਹੁਣ ਲਗਭਗ ਇੱਕ ਸਦੀ ਬੀਤਣ ਮਗਰੋਂ ਪੰਥ ਕੋਲ ਉਸ ਮਹਾਨ ਲੋਕ ਲਹਿਰ ਦੀ ਸਾਂਝੀਵਾਲਤਾ ਦੇ ਤਰੀਕਾਕਾਰ ਰਾਹੀਂ ਪੰਜਾਬੀ ਭਾਈਚਾਰੇ ਦੇ ਸਰਬੱਤ ਦੀ ਆਜ਼ਾਦੀ ਨਾਲ ਰਿਸ਼ਤੇ ਨੂੰ ਗੰਢਣ ਤੋਂ ਬਗੈਰ ਹੋਰ ਕੋਈ ਪ੍ਰਾਪਤੀ ਨਹੀਂ ਹੈ। ਪੰਜਾਬੀਆਂ ਦੀ ਬਾਗੀਆਨਾ ਬਿਰਤੀ ਨੂੰ ਸਮੇਂ ਦੀਆਂ ਕੇਂਦਰੀ ਅਤੇ ਸੂਬਾ ਸਰਕਾਰਾਂ ਨੇ ਹਮੇਸ਼ਾ ਖੁੰਢਾ ਕਰਨ ਦੀਆਂ ਸਾਜ਼ਿਸ਼ਾਂ ਸਿਰੇ ਚਾੜ੍ਹੀਆਂ ਤਾਂ ਇਸ ਵਿਚ ਵੱਡਾ ਕਸੂਰ ਪੰਥਕ ਆਗੂਆਂ, ਸ਼੍ਰੋਮਣੀ (ਕਮੇਟੀ+ਦਲ) ਅਤੇ ਹੋਰ 'ਸਿੱਖ' ਵਿਦਵਾਨਾਂ ਦੀ ਵਿਵੇਕਹੀਣਤਾ ਦਾ ਵੀ ਹੈ। ਸਿੱਟਾ ਇਹ ਨਿਕਲਿਆ ਕਿ ਪੰਜਾਬੀਆਂ ਦੀਆਂ ਪੰਥਕ ਰਵਾਇਤਾਂ ਲਈ ਕੀਤੀ ਸਾਂਝੀ ਸੁਹਿਰਦ ਕੁਰਬਾਨੀ ਨੇ ਆਪਣੀ ਭਾਵਨਾ ਦੇ ਹਾਣ ਦਾ ਵਿਚਾਰਕ ਬੇੜਾ ਬੰਨ੍ਹਣ ਵਿਚ 1920 ਤੋਂ ਮਗਰੋਂ ਇਤਿਹਾਸਕ ਸ਼ਿਕਸਤ ਖਾਧੀ ਹੈ।

ਦੁਬਾਰਾ ਆਖਣ ਦੀ ਲੋੜ ਹੈ ਕਿ ਆਮ ਲੋਕਾਂ ਦੇ ਨੈਤਿਕ ਸੰਸਾਰ ਵਿਚ ਖਲਲ ਪੈਂਦਾ ਹੈ ਤਾਂ ਉਹ ਨਵੇਂ ਰਾਹ ਲੱਭਣ ਵੱਲ ਤੁਰਦੇ ਹਨ। ਪੁਰਾਣੇ ਜਾਂ ਦਿੱਤੇ ਹੋਏ ਦੀ ਪਰਖ ਪੜਚੋਲ ਕਰਦੇ ਹਨ। ਇਸੇ ਪੜਚੋਲ ਵਿਚੋਂ ਨਵੇਂ ਦੌਰ ਦੀ ਨੁਹਾਰ ਦੇ ਨਕਸ਼ ਵੀ ਹੌਲੀ-ਹੌਲੀ ਦਿਸਣੇ ਸ਼ੁਰੂ ਹੋ ਜਾਂਦੇ ਹਨ। ਆਪਣੇ ਨਰੋਏ ਜਜ਼ਬੇ ਨੂੰ ਵਿਚਾਰ ਵਜੋਂ ਸਥਿਰ ਕਰਨਾ ਇਸ ਕਾਰਜ ਦਾ ਪਹਿਲਾ ਪੜਾਅ ਹੈ। ਦੂਜਾ ਪੜਾਅ ਵਿਚਾਰ ਨੂੰ ਅਮਲ ਵਿਚ ਲਿਆ ਕੇ ਕਿਸੇ ਨਿੱਗਰ, ਸੁਹੰਢਣੀ, ਲੋਕ ਮੁਖੀ ਸੰਸਥਾ ਵਜੋਂ ਸਥਾਪਤ ਕਰਨ ਦੇ ਸੰਘਰਸ਼ ਨਾਲ ਜੁੜਦਾ ਹੈ। ਇਹ ਪ੍ਰਕਿਰਿਆ ਪ੍ਰੌੜਤਾ, ਪਕਿਆਈ ਤੇ ਗਿਆਨ ਦੀ ਮੰਗ ਕਰਦੀ ਹੈ ਅਤੇ ਸਿੱਖ ਲਹਿਰ ਦੇ ਬਾਨੀਆਂ ਨੇ ਇਸ ਨੂੰ ਪਰਵਾਨ ਚਾੜ੍ਹ ਕੇ ਪੰਜਾਬੀ ਸਭਿਅਤਾ ਦਾ ਸਿਰ ਉੱਚਾ ਕੀਤਾ। ਗੁਰੂ ਨਾਨਕ ਦੇ ਸਿਧਾਂਤਕ ਦਿਸਹੱਦਿਆਂ ਦੀ ਲੋਅ ਵਿਚ ਹੋਰ ਗੁਰੂ ਸਾਹਿਬਾਨ ਨੇ ਲੋਕਾਈ ਦੀ ਬੋਲੀ ਪੰਜਾਬੀ ਵਿਚ ਸ਼ਬਦ ਰਚਨਾ ਤੋਂ ਚੱਲ ਕੇ ਆਦਿ ਗ੍ਰੰਥ ਦੀ ਸੰਪਾਦਨਾ ਰਾਹੀਂ ਵਿਚਾਰਕ ਅਤੇ ਸੰਸਥਾਈ ਆਸਣ ਕਾਇਮ ਕਰ ਲਿਆ। ਗੁਰੂ ਅਰਜਨ ਨੇ ਆਪਣੇ ਵਿਚਾਰ ਦੀ ਆਜ਼ਾਦੀ ਲਈ ਸ਼ਹਾਦਤ ਦਿੱਤੀ ਤਾਂ ਸਿੱਖ ਲਹਿਰ ਦੇ ਅਗਲੇਰੇ ਪੜਾਅ ਲਈ ਸ੍ਰੀ ਅਕਾਲ ਤਖਤ ਦੀ ਸਿਰਜਣਾ ਹੋਈ ਜਿਸ ਤੋਂ ਬਾਅਦ ਖਾਲਸਾ ਸਾਜਣ ਦਾ ਪ੍ਰਸੰਗ ਆਉਂਦਾ ਹੈ। ਕੋਈ 200 ਸਾਲ ਤੱਕ ਗੁਰੂਆਂ ਦੀ ਸਰਬਪੱਖੀ ਅਗਵਾਈ ਹੇਠ ਵਿਚਾਰਧਾਰਕ ਬੇੜਾ ਬੰਨ੍ਹਿਆ ਗਿਆ। ਸਰਬੱਤ ਦੀ ਆਜ਼ਾਦੀ ਲਈ ਜੂਝਣ ਦਾ ਸੰਕਲਪ ਧਾਰਨ ਕਰਨ ਵਾਲੀ ਇਹ ਪ੍ਰਕਿਰਿਆ ਇਸ ਖਿੱਤੇ ਦੇ ਸਾਰੇ ਪੰਜਾਬੀਆਂ ਦੀ ਸਾਂਝੀ ਵਿਰਾਸਤ ਹੈ।

ਵੀਹਵੀਂ ਸਦੀ ਦਾ ਮਹਾਨ ਪੰਜਾਬੀ ਕਵੀ ਸਾਹੋਕਿਆਂ ਦਾ ਬਾਬੂ ਰਜਬ ਅਲੀ ਇਸੇ ਨੈਤਿਕ ਸੰਸਾਰ ਦੇ ਹਵਾਲੇ ਨਾਲ ਲੋਕ ਨਾਇਕ ਗੁਰੂ ਗੋਬਿੰਦ ਸਿੰਘ ਦੀ ਕਰਨੀ ਨੂੰ 'ਦਸਮੇਸ਼ ਮਹਿਮਾ ਦੇ ਕਬਿੱਤ' ਰਾਹੀਂ ਸਜਦਾ ਕਰਦਾ ਹੈ: 'ਗੁਰੂ ਪੰਜ ਕੱਕਿਆਂ ਵਾਲੇ, 'ਤੇ ਕਰਾਰਾਂ ਪੱਕਿਆਂ ਵਾਲੇ।' ਇਹ ਸੁਣਨ ਨੂੰ ਸਾਧਾਰਨ ਸਤਰਾਂ ਦਰਅਸਲ ਉਸ ਇਤਿਹਾਸਕ ਪ੍ਰਕਿਰਿਆ ਦੇ ਪੰਜਾਬੀ ਖਮੀਰ ਵਿਚ ਰਚ-ਮਿਚ ਜਾਣ ਦੀ ਉਦਾਹਰਨ ਹਨ ਜਿਸ ਦਾ ਜ਼ਿਕਰ ਉਪਰ ਹੋਇਆ ਹੈ। ਪੰਜਾਬੀ ਮੁਸਲਮਾਨ ਦਾ ਪੰਜ ਕਕਾਰਾਂ ਦੀ ਖਾਲਸਾਈ ਸ਼ਾਨ ਦਾ ਜ਼ਿਕਰ ਦਰਅਸਲ ਸਿੱਖ ਲਹਿਰ ਦੇ ਸਾਂਝੀਵਾਲਤਾ ਵਾਲੇ ਸਿਧਾਂਤਕ ਮੁਹਾਜ਼ ਦੀ ਪਰਪੱਕਤਾ ਦੀ ਵਡਿਆਈ ਹੈ। ਅਜੋਕੇ ਮਾਹੌਲ ਵਿਚ 'ਮਰਿਆਦਾ ਬਹਾਲੀ' ਦੇ ਅੰਦੋਲਨਕਾਰੀਆਂ ਦੇ ਗੌਰ ਕਰਨ ਹਿਤ ਨੁਕਤਾ ਹੈ ਕਿ ਬਾਬੂ ਰਜਬ ਅਲੀ ਇਸ ਸਾਂਝੀ ਪ੍ਰਾਪਤੀ ਦੇ ਵੱਡੇ ਬੁਲਾਰੇ ਵਜੋਂ



ਸਾਹਮਣੇ ਆਉਂਦੇ ਹਨ, ਪਰ ਨਾਲ ਹੀ ਉਹ 'ਪੰਜ ਕੱਕਿਆਂ' ਨੂੰ 'ਕਰਾਰਾਂ ਪੱਕਿਆਂ' ਨਾਲ ਜੋੜ ਕੇ ਮਹਾਨ ਵਿਚਾਰਧਾਰਕ ਕਾਰਜ ਸਿਰੇ ਚਾੜ੍ਹਦੇ ਹਨ। ਯਾਦ ਕਰਵਾਉਂਦੇ ਹਨ ਕਿ ਹੱਕ, ਸੱਚ, ਇਨਸਾਫ, ਸਾਂਝੀਵਾਲਤਾ, ਸਰਬੱਤ ਦੀ ਆਜ਼ਾਦੀ ਦੇ ਪੱਕੇ ਇਕਰਾਰਾਂ ਬਿਨਾਂ ਸਿੱਖ ਜਜ਼ਬਾ ਆਪਣੇ ਵਿਚਾਰਕ ਸਿਖਰ ਤੋਂ ਤਿਲਕ ਕੇ ਸਿਰਫ ਸਿੱਖ ਭਾਈਚਾਰੇ ਦੇ ਫੌਰੀ ਹਿਤ ਸਾਧਣ ਦੀ ਸੌੜੀ ਸਿਆਸਤ ਦੀ ਮਾਰ ਵਿਚ ਆ ਜਾਂਦਾ ਹੈ। ਸਰਬੱਤ ਖਾਲਸਾ ਬੁਲਾਉਣ ਵਾਲੀਆਂ ਧਿਰਾਂ ਦੀ ਪਰਖ ਦੀ ਕਸਵੱਟੀ ਵੀ ਇਹੀ ਨੁਕਤਾ ਹੈ। ਕੀ ਉਥੇ ਹੋਈਆਂ ਵਿਚਾਰਾਂ ਜਾਂ ਪਾਸ ਕੀਤੇ ਗੁਰਮਤੇ, ਲੋਕ ਮਾਨਤਾ ਹਾਸਲ ਕਰ ਚੁੱਕੇ ਇਨ੍ਹਾਂ 'ਪੱਕੇ ਇਕਰਾਰਾਂ' ਦੀ ਗੁਰਮਤ ਨੂੰ ਢਾਹ ਲਾਉਣ ਦਾ ਕੰਮ ਤਾਂ ਨਹੀਂ ਕਰਨਗੇ?

ਇਸ ਪੜਾਅ ਉਤੇ ਕੁਝ ਸਿੱਖ ਜਥੇਬੰਦੀਆਂ, ਸੰਗਠਨਾਂ ਅਤੇ ਸ਼ਖਸੀਅਤਾਂ ਵੱਲੋਂ 10 ਨਵੰਬਰ ਨੂੰ ਬੁਲਾਏ 'ਸਰਬੱਤ ਖਾਲਸਾ' ਦਾ ਏਜੰਡਾ ਅਤੇ ਅਗਲੇਰੇ ਪੜਾਅ ਤੱਕ ਜਾਣ ਲਈ ਇਸ ਇਕੱਠ ਦੀ ਰਣਨੀਤਕ ਮਹੱਤਤਾ ਤਾਂ ਸਾਫ ਦਿਸਦੀ ਹੈ, ਪਰ ਨਾਲ ਹੀ ਖਦਸ਼ਾ ਵੀ ਸੀ ਕਿ ਆਗੂ ਧਿਰਾਂ ਦੀਆਂ ਆਪਸੀ ਵੰਡੀਆਂ, ਵਖਰੇਵੇਂ ਅਤੇ ਵਿਵਾਦ ਇਸ ਉੱਦਮ ਨੂੰ ਦਾਗੀ ਕਰ ਸਕਦੇ ਹਨ। ਇਸ ਪ੍ਰਸੰਗ ਵਿਚ ਇਹ ਸਵਾਗਤਯੋਗ ਨੁਕਤਾ ਹੈ ਕਿ ਖਾਲਿਸਤਾਨ ਵਰਗੇ ਪੰਜਾਬ-ਮਾਰੂ ਮੁੱਦੇ ਨੂੰ ਇਸ ਵਿਚੋਂ ਬਾਹਰ ਕਰ ਦਿੱਤਾ ਗਿਆ। ਸਾਂਝੀਵਾਲਤਾ, ਅਹਿੰਸਾ ਅਤੇ ਲੋਕਾਈ ਦੇ ਏਕੇ ਦੀ ਇਹ ਮਹੱਤਵਪੂਰਨ ਸਫਲਤਾ ਹੈ। ਅਖਬਾਰੀ ਰਿਪੋਰਟਾਂ ਮੁਤਾਬਕ ਤਿੰਨ ਜਥੇਦਾਰਾਂ ਦੀ ਛਾਂਟੀ ਕਰ ਕੇ; ਉਨ੍ਹਾਂ ਦੀ ਯੋਗਤਾ ਤੇ ਅਧਿਕਾਰਾਂ ਬਾਰੇ ਨਿਰਣਾ ਕਰਨਾ; ਸ਼੍ਰੋਮਣੀ ਕਮੇਟੀ ਦੀ ਕਾਰੁਜ਼ਗਾਰੀ ਬਾਰੇ ਚਰਚਾ ਆਦਿ ਏਜੰਡੇ ਵਿਚ ਸ਼ਾਮਿਲ ਸਨ। ਇਸ ਸਭ ਬਾਰੇ ਸੱਤ ਨਵੰਬਰ ਨੂੰ ਅੰਮ੍ਰਿਤਸਰ ਵਿਖੇ 'ਅੰਤਿਮ ਰੂਪ' ਦਿੱਤਾ ਜਾ ਚੁੱਕਾ ਸੀ। ਪ੍ਰੈੱਸ ਵਾਰਤਾ ਰਾਹੀਂ ਆਗੂ ਧਿਰਾਂ ਨੇ ਸਰਬੱਤ ਖਾਲਸਾ ਵਿਚ ਖਾਲਿਸਤਾਨ ਸਮੇਤ ਸਾਰੇ ਕੌਮੀ ਮੁੱਦਿਆਂ 'ਤੇ ਚਰਚਾ ਕਰਨ ਲਈ ਆਪਣਾ ਰਾਹ ਖੁੱਲ੍ਹਾ ਰੱਖਿਆ।

'ਸਰਬੱਤ ਖਾਲਸਾ' ਦੇ ਪ੍ਰਸੰਗ ਵਿਚ 10 ਨਵੰਬਰ ਤੋਂ ਪਹਿਲਾਂ ਜਿਹੜੇ ਖਦਸ਼ੇ ਸਾਂਝੇ ਕਰਨ ਨੂੰ ਜੀਅ ਕਰਦਾ ਸੀ, ਗੱਲ ਅੱਗੇ ਤੋਰਨ ਤੋਂ ਪਹਿਲਾਂ ਇਨ੍ਹਾਂ 'ਤੇ ਰਤਾ ਕੁ ਨਿਗ੍ਹਾ ਮਾਰਨੀ ਵਾਜਬ ਹੋਵੇਗੀ:

1. ਕੀ ਦਸ ਨਵੰਬਰ ਦੇ ਇਕੱਠ ਨੂੰ ਸਰਬੱਤ ਖਾਲਸਾ ਕਹਿਣਾ ਜ਼ਰੂਰੀ ਹੈ? ਸਾਰੇ ਖਿੱਤਿਆਂ ਵਿਚ ਵਸਦੇ ਪੰਜਾਬ ਦੀ ਨੁਮਾਇੰਦਗੀ ਲਈ ਕੀ ਪੈਮਾਨਾ ਰੱਖਿਆ ਗਿਆ? ਇਹ ਦਰੁਸਤ ਨਹੀਂ ਹੋਵੇਗਾ ਕਿ ਇਸ ਇਕੱਠ ਨੂੰ ਨੇੜ-ਭਵਿੱਖ ਵਿਚ ਸਰਬੱਤ ਖਾਲਸਾ ਬੁਲਾਉਣ ਦੀ ਸਿਧਾਂਤਕ, ਵਿਹਾਰਕ ਅਤੇ ਜਥੇਬੰਦਕ ਤਿਆਰੀ ਦੇ ਰੂਪ ਵਿਚ ਵਿਉਂਤਿਆ ਜਾਵੇ?

2. ਸ਼੍ਰੋਮਣੀ ਕਮੇਟੀ ਦੀ ਵਿਧਾਨਕ ਮਾਨਤਾ ਨੂੰ ਇਸ ਦੇ ਅਹੁਦੇਦਾਰਾਂ ਦੇ ਬੇਅਸੂਲੇ, ਬੇਥ੍ਹਵੇ ਅਤੇ ਜਲਦਬਾਜ਼ੀ ਵਿਚ ਕੀਤੇ ਆਪਾ-ਵਿਰੋਧੀ ਨਿਰਣਿਆਂ ਨੇ ਘੱਟੇ ਰੋਲ਼ ਦਿੱਤਾ ਹੈ। ਕਾਹਲ ਵਿਚ ਕੱਚੇ-ਪੱਕੇ ਆਪਸੀ ਸਮਝੌਤਿਆਂ, 'ਰਾਤ ਦੀਆਂ ਮੀਟਿੰਗਾਂ' ਅਤੇ ਏਜੰਡਿਆਂ ਨੂੰ 'ਅੰਤਿਮ ਰੂਪ' ਦੇਣ ਦੇ ਕੱਚ-ਘਰੜ ਫੈਸਲਿਆਂ ਨਾਲ ਆਪਣੀ ਜਾਇਜ਼ਕਰਾਰੀ ਹਾਸਲ ਕਰਨ ਵਿਚ ਨਾਕਾਮ ਨਹੀਂ ਹੋ ਜਾਵਾਂਗੇ?

3. ਵਿਸ਼ਾਲ ਚਰਚਾ ਨਾਲ, ਡੂੰਘੀ ਵਿਚਾਰ ਨਾਲ ਹੀ ਕੋਈ ਭਾਈਚਾਰਾ ਆਪਣੀ ਪ੍ਰੌਢਤਾ ਨੂੰ ਇਸ ਗਲੋਬਕਾਰੀ ਦੇ ਯੁਗ ਨਾਲ ਮੇਚ ਸਕਦਾ ਹੈ। ਜ਼ਰੂਰੀ ਹੈ ਕਿ ਏਜੰਡੇ ਤੈਅ ਕਰਨ ਵਿਚ ਪਾਰਦਰਸ਼ਤਾ, ਸਮਾਜਕ ਇਨਸਾਫ ਅਤੇ ਸਾਂਝੀਵਾਲਤਾ ਦੇ ਗਾਡੀ ਰਾਹੀਂ ਅੱਗੇ ਵਧੀਏ। ਇਉਂ ਅਸੀਂ ਰਾਜਨੀਤਕ ਧਿਰਾਂ ਦੀ ਫੌਰੀ ਲਾਹਾ ਲੈਣ ਦੀ ਪ੍ਰਵਿਰਤੀ ਨਕਾਰ ਕੇ ਸੁਹੰਢਣੇ, ਸਦਭਾਵੀ ਤੇ ਸਦਗੁਣੀ ਸਭਿਆਚਾਰ ਦੇ ਸੰਤ ਸਿਪਾਹੀਆਂ ਵਜੋਂ ਜ਼ਿੰਮੇਵਾਰੀ ਨਿਭਾਅ ਸਕਾਂਗੇ।

4. ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਕਰ ਕੇ ਅਤੇ ਨਿਰਦੋਸ਼, ਅਮਨ ਪੂਰਵਕ ਮੁਜ਼ਾਹਰਾ ਕਰ ਰਹੇ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਪੁਲਿਸ ਹੱਥੋਂ ਹੱਤਿਆ ਕਰ ਕੇ ਪੰਜਾਬੀਆਂ ਦੀ ਆਪਸੀ ਸਾਂਝ ਨੂੰ ਲਾਂਬੂ ਲਾਉਣ ਦੀਆਂ ਹੋਛੀਆਂ ਚਾਲਾਂ ਨੂੰ ਪੰਜਾਬੀ ਸੰਗਤਾਂ ਦੇ ਆਪਸੀ ਏਕੇ ਅਤੇ ਵਿਵੇਕ ਨਾਲ ਪਛਾੜ ਦਿੱਤਾ ਗਿਆ ਹੈ। ਭਰਾ-ਮਾਰੂ ਜੰਗ ਤੋਂ ਕਿਨਾਰਾ ਕਰ, ਪੰਜਾਬੀਆਂ ਨੇ ਪੰਜਾਬ ਸਰਕਾਰ ਦੇ ਅਹਿਲਕਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੋਹਰੀਆਂ ਦੇ ਅਸ਼ਲੀਲ ਨੈਤਿਕਚਾਰੇ ਨੂੰ ਸਗੋਂ ਕਟਿਹਰੇ ਵਿਚ ਖੜ੍ਹਾ ਕਰ ਲਿਆ ਹੈ। ਲੋਕਾਂ ਦਾ ਜਜ਼ਬਾ, ਕੁਰਬਾਨੀ ਅਤੇ ਅਗਵਾਈ ਨੂੰ ਜਲਦਬਾਜ਼ੀ ਵਿਚ ਸਾਡੇ ਬਿਆਨਾਂ, ਕਾਰਵਾਈਆਂ ਜਾਂ ਫੈਸਲਿਆਂ ਨਾਲ ਕੋਈ ਠੇਸ ਨਹੀਂ ਪੁੱਜਣੀ ਚਾਹੀਦੀ।

5. ਦਸ ਨਵੰਬਰ ਨੂੰ ਹੀ 'ਸਰਬੱਤ ਖਾਲਸਾ' ਕਾਹਲ ਨਾਲ ਬੁਲਾਉਣ ਪਿਛੇ ਦਰਅਸਲ ਲੋਕਾਈ ਬਾਬਤ ਸਾਡੀ ਤਿਰਸਕਾਰ ਦੀ ਭਾਵਨਾ ਅਤੇ ਗੈਰਯਕੀਨੀ ਵੀ ਦਿਸਦੀ ਹੈ। ਆਗੂ ਧਿਰਾਂ ਦਾ ਡਰ ਹੈ ਕਿ ਲੋਕਾਂ ਦੇ ਰੋਹ ਦੀ ਅੱਗ ਮੱਠੀ ਨਾ ਪੈ ਜਾਵੇ! ਇਨ੍ਹਾਂ ਸੰਤਾਪੇ ਹੋਏ 'ਵਿਹਾਰਕ ਯੁੱਧਨੀਤੀਕਾਰਾਂ' ਦਾ ਅਸਲੀ ਡਰ ਸਗੋਂ ਲੋਕਾਂ ਦੇ ਅਗਾਂਹ ਨਿਕਲ ਜਾਣ ਦੇ ਭੈਅ ਨਾਲ ਫਾਥਾ ਹੋਇਆ ਹੈ। ਸਾਡਾ ਮੰਨਣਾ ਹੈ ਕਿ ਸੰਗਤ ਦੀ ਅਗਵਾਈ ਤੇ ਭਰੋਸਾ ਰੱਖਿਆ ਜਾਵੇ। ਇਸ ਮਹਾਨ ਅੰਦੋਲਨ ਦਾ ਆਤਮਕ, ਸਦਾਚਾਰਕ ਬਲ ਸੰਗਤ ਦੀ ਕਮਾਈ ਹੈ, ਅਮਾਨਤ ਹੈ। ਸੰਗਤ ਨੇ ਆਪਣੀ ਸੱਟ ਦੀ ਨੁਮਾਇਸ਼ ਨਹੀਂ ਲਗਾਈ, ਸਗੋਂ ਸੰਜਮੀ ਸਦਾਚਾਰਕ ਅਭਿਆਸ ਨਾਲ ਅਹਿੰਸਕ ਰਹਿੰਦਿਆਂ ਸੱਚ ਦਾ ਨਾਮ ਕਮਾਇਆ ਹੈ। ਸੰਗਤ ਸਿਰਫ ਤੈਅ-ਸ਼ੁਦਾ ਏਜੰਡੇ ਤੇ ਜੈਕਾਰੇ ਗਜਾ ਕੇ ਰਸਮੀ ਪ੍ਰਵਾਨਗੀ ਦੇਣ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ; ਸਗੋਂ ਏਜੰਡਾ ਤੈਅ ਕਰਨ ਤੋਂ ਲੈ ਕੇ ਰਾਇ ਰੱਖਣ ਅਤੇ ਨਿਰਣਾ ਕਰਨ ਵਿਚ ਸਰਗਰਮ ਭਾਈਵਾਲ ਵਜੋਂ ਸਾਹਮਣੇ ਆਉਣੀ ਚਾਹੀਦੀ ਹੈ।

6. ਪੰਜਾਬ ਵਿਚ ਔਰਤਾਂ ਅਤੇ ਦਲਿਤ ਭਾਈਚਾਰੇ ਨੇ ਲਗਭਗ ਸਾਰੇ ਅੰਦੋਲਨਾਂ -ਖਾਸ ਕਰ ਕੇ ਕਿਸਾਨ ਮੋਰਚਾ, ਮੋਗਾ ਬੱਸ ਕਾਂਡ, ਮਰਿਆਦਾ ਬਹਾਲੀ ਅੰਦੋਲਨ ਆਦਿ ਵਿਚ ਸਰਗਰਮ ਭੂਮਿਕਾ ਨਿਭਾਈ ਹੈ। ਸਾਡੇ ਸਮਾਜ ਵਿਚ ਇਨ੍ਹਾਂ ਦੋਵੇਂ ਧਿਰਾਂ ਦੇ ਸਮਾਜਕ-ਸਭਿਆਚਾਰਕ ਸ਼ੋਸ਼ਣ ਦਾ ਸਵਾਲ ਸਾਡੀ ਚੇਤਨਾ 'ਚੋਂ ਲਗਭਗ ਗੈਰਹਾਜ਼ਰ ਹੈ। ਇਸ ਇਕੱਠ ਵਿਚ ਜੇ ਇਹ ਮੁੱਦਾ ਨਹੀਂ ਵਿਚਾਰਿਆ ਜਾਂਦਾ ਤਾਂ ਇਹ ਸਾਡੀ ਦੋਗਲੀ ਮਾਨਸਿਕਤਾ ਦਾ ਇਸ਼ਤਿਹਾਰ ਹੈ। ਧਿਆਨ ਰਹੇ: ਸਿੱਖ ਭਾਈਚਾਰੇ ਦਾ ਲਿੰਗ ਅਨੁਪਾਤ (ਆਦਮੀਆਂ ਦੇ ਅਨੁਪਾਤ ਵਿਚ ਔਰਤਾਂ ਦੀ ਸੰਖਿਆ) ਹੋਰ ਸਾਰੇ ਫਿਰਕਿਆਂ ਤੋਂ ਘੱਟ ਹੈ। ਕੀ ਔਰਤਾਂ ਦਾ ਇਹ ਨਸਲਘਾਤ ਕੌਮੀ ਮਸਲਾ ਨਹੀਂ ਹੈ?

7. ਉਪਰੋਕਤ ਕਾਰਜ ਦੇ ਸਿਰੇ ਚੜ੍ਹਨ ਲਈ ਕੀ ਕੁੱਲ ਛੇ ਸੱਤ ਘੰਟਿਆਂ ਵਿਚ ਵਿਚਾਰ ਕੀਤੀ ਜਾ ਸਕਦੀ ਹੈ? ਕਿਤੇ ਇਹ ਨਾ ਹੋਵੇ ਪੰਜਾਬ ਵਿਧਾਨ ਸਭਾ ਦੇ ਸੈਸ਼ਨਾਂ ਵਾਂਗ ਨਾ ਢੰਗ ਦੀ ਚਰਚਾ ਹੋਵੇ, ਨਾ ਮਸਲੇ ਨਿਖਾਰੇ-ਨਿਤਾਰੇ ਜਾ ਸਕਣ, ਸਗੋਂ ਛੇਤੀ-ਛੇਤੀ ਮਤੇ ਪਾਸ ਕਰ ਕੇ ਨਿਬੇੜਾ ਕਰ ਲਿਆ ਜਾਵੇ। ਅਜਿਹਾ ਹੋਣ ਦੀ ਸੂਰਤ ਵਿਚ ਕੀ ਅਸੀਂ ਮੌਜੂਦਾ ਸਿਆਸੀ-ਸਭਿਆਚਾਰਕ ਨਿਘਾਰ ਦਾ ਸਦਗੁਣੀ ਬਦਲ ਬਣਨ ਦੀ ਥਾਂ ਉਸੇ ਦਲਦਲ ਦਾ ਨਵਾਂ ਮੰਚ ਹੀ ਤਾਂ ਨਹੀਂ ਬਣ ਜਾਂਵਾਗੇ?

ਮਸਲੇ ਹੋਰ ਵੀ ਗਿਣਾਏ ਜਾ ਸਕਦੇ ਹਨ, ਪਰ ਸਰਬੱਤ ਖਾਲਸਾ ਵਰਗੀ ਜਿਸ ਮਹਾਨ ਪੰਥਕ ਜਮਹੂਰੀ ਰਵਾਇਤ ਦੀ ਓਟ ਸੰਗਤ ਤੱਕ ਰਹੀ ਹੈ, ਉਹ ਆਗੂ ਧਿਰਾਂ ਦੀ ਤੰਗਨਜ਼ਰੀ ਜਾਂ ਜਲਦਬਾਜ਼ੀ ਸਦਕਾ ਦਾਗਦਾਰ ਨਾ ਹੋ ਜਾਵੇ। ਇਸ ਤਰ੍ਹਾਂ ਦੇ ਦਾਅ ਵੱਖ-ਵੱਖ ਧਿਰਾਂ ਵੱਲੋਂ ਪਹਿਲਾਂ ਵੀ ਖੇਡੇ ਜਾ ਚੁੱਕੇ ਹਨ। ਜੇ ਸੰਗਤ ਕੋਈ ਗੰਭੀਰ ਚਰਚਾ ਜਾਂ ਦੂਰ ਦ੍ਰਿਸ਼ਟੀ ਵਾਲੀ ਸੇਧ ਘੜਨ ਤੋਂ ਖੁੰਝ ਗਈ ਤਾਂ 19ਵੀਂ ਸਦੀ ਦੇ ਪੰਜਾਬੀ ਦੇ ਵਾਰਕਾਰ ਸ਼ਾਹ ਮੁਹੰਮਦ ਦਾ ਆਖਿਆ ਸਾਹਮਣੇ ਨਾ ਆ ਜਾਵੇ:

ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਇ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਇ।

10 ਨਵੰਬਰ ਦੀ ਇਕੱਤਰਤਾ ਸੰਗਤਾਂ ਦੇ ਵੱਡੀ ਗਿਣਤੀ ਵਿਚ ਹਾਜ਼ਰ ਹੋਣ ਨਾਲ ਗੰਭੀਰ ਮੁਕਾਮ ਹਾਸਲ ਕਰ ਚੁੱਕੀ ਹੈ। ਭਰਿਆ ਪੰਡਾਲ ਅਤੇ ਲੋਕਾਂ ਨਾਲ ਭਰ-ਵਗਦੀ ਸੜਕ ਸੰਗਤ ਦੇ ਨਿਰਭਉ ਹੋਣ ਦਾ ਐਲਾਨ ਬਣ ਗਿਆ। ਸਰਕਾਰੀ ਸਹਿਮ, ਪੁਲਿਸ ਦੀਆਂ ਰੋਕਾਂ ਅਤੇ ਬੱਸਾਂ ਬੰਨ੍ਹਣ ਦੇ ਬਾਵਜੂਦ ਪੰਜਾਬੀਆਂ ਨੇ ਆਪਣੇ ਰੋਹ-ਰੋਸ ਨੂੰ ਜਮਹੂਰੀ ਢੰਗ ਨਾਲ ਦਰਸਾਉਣ ਦਾ ਇਹ ਮੌਕਾ ਸੰਭਾਲ ਕੇ ਜਨੂੰਨੀ ਹਿੰਸਾ ਦੇ ਉਭਾਰ ਦੀਆਂ ਅਟਕਲਾਂ ਨੂੰ ਵੀ ਠੱਲ੍ਹ ਪਾਈ ਹੈ। ਪੰਜਾਬੀ ਸੰਗਤ ਨੇ ਨਿਰਸੰਦੇਹ ਆਪਣੇ ਨਿਸ਼ਾਨੇ 'ਤੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਬਾਦਲ ਨੂੰ ਰੱਖਿਆ ਹੋਇਆ ਹੈ।

ਅਜਿਹੇ ਧੁੰਦੂਕਾਰੇ ਵਿਚ ਜਦੋਂ ਲੋਕਾਂ ਨੇ ਆਪਣਾ ਰੋਲ ਸਿਦਕ, ਵਿਵੇਕ ਨਾਲ ਨਿਭਾਅ ਕੇ ਸਰਕਾਰ ਬਦਲਣ ਤੋਂ ਅਗਾਂਹ ਵਧ ਕੇ ਕੁਝ ਨਵਾਂ ਸਿਰਜਣ ਦੇ ਵੱਲ ਪੁਲਾਂਘ ਪੁੱਟ ਲਈ ਸੀ ਤਾਂ ਮੌਕੇ ਦੇ ਆਗੂ ਧੜੇ ਵੱਲੋਂ ਇਸ ਸੰਭਾਵਨਾ ਦੇ ਹਾਣ ਦਾ ਬੇੜਾ ਨਹੀਂ ਬੰਨ੍ਹਿਆ ਜਾ ਸਕਿਆ। ਹਾਲਾਂਕਿ ਵਾਤਾਵਰਨ ਦੀ ਸੰਭਾਲ; ਜਾਤਪਾਤ ਆਧਾਰਿਤ ਗੁਰਦੁਆਰੇ ਤੇ ਸ਼ਾਮਲਾਟਾਂ ਤੋਂ ਛੁਟਕਾਰਾ; ਬੰਦੀ ਸਿੰਘਾਂ ਦੇ ਨਾਲ ਨਾਗਾ, ਕਸ਼ਮੀਰੀ, ਨਕਸਲੀ ਕੈਦੀਆਂ ਦੀ ਰਿਹਾਈ ਆਦਿਕ ਮਤੇ ਨਿਸਚੇ ਹੀ ਸਵਾਗਤਯੋਗ ਹਨ। ਮੰਚ ਵੱਲੋਂ ਜਮਹੂਰੀ, ਸ਼ਾਂਤਮਈ ਢੰਗ ਨਾਲ ਵਿਚਰਨ

***(ਬਾਕੀ ਅਗਲੇ ਸਫੇ 'ਤੇ)***

# ਅੱਖੀਂ ਡਿੱਠਾ ਸਰਬੱਤ ਖਾਲਸਾ

## ਉਹ ਗੱਲਾਂ ਜੋ ਕਿਸੇ ਨੇ ਨਹੀਂ ਦੱਸੀਆਂ, ਕਿਸੇ ਨੇ ਨਹੀਂ ਸੁਣੀਆਂ

ਜੇ ਕਿਸੇ ਘਟਨਾ ਜਾਂ ਵਰਤਾਰੇ ਨੂੰ ਸਮੁੱਚ ਵਿਚ ਵੇਖਣ ਨਾਲ ਹੀ ਤਨ ਤੇ ਮਨ ਰੌਸ਼ਨ ਹੁੰਦੇ ਹਨ ਤਾਂ ਫਿਰ 10 ਨਵੰਬਰ ਨੂੰ ਇਤਿਹਾਸਕ ਪਿੰਡ ਚੱਬਾ ਵਿਚ ਹੋਏ ਸਰਬੱਤ ਖਾਲਸਾ ਦੇ ਸਮਾਗਮ ਨੂੰ ਉਸ ਨਜ਼ਰੀਏ ਤੋਂ ਨਹੀਂ ਵੇਖਿਆ ਗਿਆ। ਦਰਅਸਲ ਉਹ ਸਮਾਗਮ ਵਿਦਵਾਨਾਂ, ਸਿਆਸਤਦਾਨਾਂ, ਨੀਤੀਵਾਨਾਂ ਤੇ ਆਲੋਚਕਾਂ ਨੂੰ ਕਈ ਪਾਸਿਆਂ ਤੋਂ ਵੇਖਣ, ਸਮਝਣ ਤੇ ਮਹਿਸੂਸ ਕਰਨ ਲਈ ਆਵਾਜ਼ਾਂ ਮਾਰਦਾ ਹੈ, ਪਰ ਇਹ ਨਿਆਂ ਕੀਤਾ ਨਹੀਂ ਜਾ ਸਕਿਆ। ਇਨ੍ਹਾਂ ਆਵਾਜ਼ਾਂ ਨੂੰ ਰੋਲ ਦਿੱਤਾ ਗਿਆ ਹੈ। ਕਿਸ ਤਰ੍ਹਾਂ ਦੇ ਰੰਗ-ਢੰਗ ਸਨ 10 ਨਵੰਬਰ ਵਾਲੀ ਉਸ ਇਕੱਤਰਤਾ ਦੇ? ਉਹ ਇਕੱਤਰਤਾ ਇੱਕ ਪੱਖ ਤੋਂ ਜਿੱਥੇ ਸਿੱਖਾਂ ਲਈ ਚਿਰਾਂ ਤੋਂ ਇਕੱਠਾ ਹੋਇਆ 'ਪੀੜਾਂ ਤੇ ਦਰਦਾਂ ਦਾ ਸਮੂਹ' ਸੀ, ਉਥੇ ਗੁਰੂ ਸਾਹਿਬਾਨ ਦੇ ਹੁਕਮਾਂ ਮੁਤਾਬਕ ਨਿਰਭਉ ਤੇ ਨਿਰਵੈਰ ਹੋ ਕੇ ਸਰਬੱਤ ਤੇ ਭਲੇ ਲਈ ਦਬੀਆਂ ਕੁਚਲੀਆਂ ਆਵਾਜ਼ਾਂ ਨੂੰ ਵੀ ਉਹ ਇਕੱਤਰਤਾ ਬੁਲੰਦ ਕਰਦੀ ਸੀ; ਪਰ ਹੋਇਆ ਇੰਜ ਕਿ ਪੱਤਰਕਾਰਾਂ ਵੱਲੋਂ ਪੱਤਰਕਾਰੀ ਦੇ



**ਕਰਮਜੀਤ ਸਿੰਘ, ਚੰਡੀਗੜ੍ਹ**
ਫੋਨ: +91-99150-91063

ਸਦਾਚਾਰਕ ਪੱਖਾਂ ਨੂੰ ਹਨੇਰੇ ਵਿਚ ਰੱਖਿਆ ਗਿਆ, ਜਦਕਿ ਮਨਭਾਉਂਦੀ ਕਲਪਨਾ ਤੇ ਅਗਿਆਨ ਨੂੰ ਵੱਧ ਰੌਸ਼ਨ ਕੀਤਾ ਗਿਆ। ਜਿਥੋਂ ਤੱਕ ਪੰਜਾਬ ਸਰਕਾਰ ਦੇ ਬੁਲਾਰਿਆਂ ਦਾ ਸਬੰਧ ਹੈ, ਉਹ ਵੀ ਮਨਪਸੰਦ ਦਲੀਲਾਂ ਨਾਲ ਦਿਲ ਪਰਚਾਉਣ ਲੱਗ ਪਏ ਅਤੇ ਪਰਚਾ ਰਹੇ ਹਨ। ਕੁਝ ਚੈਨਲ ਵੀ 'ਉਹੋ ਕੁਝ' ਪਰੋਸਣ ਲਈ ਤਿਆਰ ਹੋ ਗਏ ਜੋ ਉਹ ਚਾਹੁੰਦੇ ਸਨ, ਪਰ ਜੋ ਸਰਬੱਤ ਖਾਲਸੇ ਵਿਚ 'ਉਹੋ ਕੁਝ' ਨਹੀਂ ਸੀ। ਉਨ੍ਹਾਂ ਉਤੇ ਗਿਲਾ ਇਸ ਕਰ ਕੇ ਹੈ ਕਿ ਉਹ ਸਮਾਗਮ ਵਿਚ ਪੇਸ਼ ਤੱਥਾਂ ਤੇ ਮਤਿਆਂ ਦਾ ਅਭਿਆਸ ਕੀਤੇ ਬਿਨਾਂ ਹੀ ਬਹਿਸ ਕਰਨ ਤੁਰ ਪਏ।

ਜੇ ਪਾਸ ਕੀਤੇ ਮਤਿਆਂ ਦੀ ਪੜਚੋਲ ਕਰਨੀ ਹੋਵੇ ਅਤੇ ਤਕਰੀਰਾਂ ਨੂੰ ਧਿਆਨ ਵਿਚ ਰੱਖ ਲਿਆ ਜਾਵੇ ਤਾਂ ਉਥੇ ਖਾਲਿਸਤਾਨ ਜਾਂ ਸਿੱਖ ਸਟੇਟ ਦੀ ਕੋਈ ਗੱਲ ਨਹੀਂ ਹੋਈ ਜਿਵੇਂ ਮੀਡੀਏ ਦੇ ਵੱਡੇ ਹਿੱਸੇ ਨੇ ਇਸੇ ਗੱਲ ਨੂੰ ਹੀ ਸਭ ਤੋਂ ਵੱਧ ਪ੍ਰਚਾਰਿਆ ਹੈ ਅਤੇ ਅਹਿਮੀਅਤ ਦਿੱਤੀ ਹੈ। ਜਿਥੋਂ ਤੱਕ ਇੱਕ ਮਤੇ ਰਾਹੀਂ 26 ਜਨਵਰੀ, 1986 ਦੇ ਸਰਬੱਤ ਖਾਲਸੇ ਦੀ ਪ੍ਰੋੜਤਾ ਕੀਤੀ ਗਈ, ਉਸ ਵਿਚ ਵੀ ਖਾਲਿਸਤਾਨ ਦੀ ਕੋਈ ਗੱਲ ਨਹੀਂ ਹੋਈ ਸੀ। ਹਾਂ, ਕੁਝ ਲੋਕਾਂ ਨੇ ਆਪਣੇ ਹੱਥਾਂ ਵਿਚ ਇਹੋ ਜਿਹੇ ਬੈਨਰ ਫੜੇ ਹੋਏ ਸਨ ਅਤੇ ਖਾਲਿਸਤਾਨ ਦੇ ਨਾਅਰੇ ਵੀ ਪੰਡਾਲ ਤੋਂ ਬਾਹਰ ਸੁਣੇ ਜਾ ਸਕਦੇ ਸਨ, ਪਰ ਖਾਲਿਸਤਾਨ ਸਰਬੱਤ ਖਾਲਸੇ ਦੇ ਪ੍ਰੋਗਰਾਮ ਤੇ ਏਜੰਡੇ ਦਾ ਹਿੱਸਾ ਨਹੀਂ ਸੀ।

ਸਰਬੱਤ ਖਾਲਸੇ ਦੇ ਇਸ ਅਤਿ ਅਹਿਮ ਮਤੇ ਨੂੰ ਵੀ ਬਣਦੀ ਥਾਂ ਨਹੀਂ ਦਿੱਤੀ ਗਈ ਅਤੇ ਨਾ ਹੀ ਸਲਾਹਿਆ ਗਿਆ ਜਿਥੇ ਜੰਮੂ ਕਸ਼ਮੀਰ ਵਿਚ ਆਪਣੇ ਹੱਕਾਂ ਲਈ ਚੱਲ ਰਹੇ ਸੰਘਰਸ਼, ਨਕਸਲੀ ਜੱਦੋਜਹਿਦ ਅਤੇ ਭਾਰਤ ਦੇ ਉਤਰ-ਪੂਰਬੀ ਇਲਾਕਿਆਂ ਤੇ ਹੋਰਨੀਂ ਥਾਈਂ ਦਬੇ-ਕੁਚਲੇ ਲੋਕਾਂ ਦੇ ਸੰਘਰਸ਼ ਨਾਲ ਗੂੜ੍ਹੀਆਂ ਤੇ ਖਾਲਸਈ ਸਾਂਝਾਂ ਪਾਈਆਂ ਗਈਆਂ ਸਨ। ਨਿਓਟਿਆਂ ਤੇ ਨਿਆਸਰਿਆਂ ਦੇ ਹੱਕਾਂ ਅਤੇ ਆਜ਼ਾਦੀ ਲਈ ਉਠਣ, ਜੁਰਅਤ ਨਾਲ ਬੋਲਣ, ਲਿਖਣ ਤੇ ਲੜਨ ਦੀ ਦਾਸਤਾਨ ਜੋ ਗੁਰੂ ਸਾਹਿਬਾਨ ਤੋਂ ਵਿਰਸੇ ਵਿਚ ਮਿਲੀ ਸੀ ਅਤੇ ਜਿਸ ਨੂੰ ਅਕਾਲੀ ਦਲ ਅਤੇ 'ਫ਼ਖ਼ਰ-ਏ-ਕੌਮ' ਨੇ ਚਿਰੋਕਣੀ ਸਦੀਵੀ ਫ਼ਤਿਹ ਬੁਲਾ ਦਿੱਤੀ ਹੈ, ਉਹ ਸਰਬੱਤ ਖਾਲਸੇ ਨੇ ਮੁੜ ਬਹਾਲ ਕਰ ਦਿੱਤੀ ਹੈ। ਇਸੇ ਤਰ੍ਹਾਂ ਪੰਜਾਬ ਵਿਚ, ਪੰਜਾਬ ਤੋਂ ਬਾਹਰ ਭਾਰਤ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਜਾਤਾਂ ਦੇ ਆਧਾਰ 'ਤੇ ਬਣੇ ਗੁਰਦੁਆਰਿਆਂ ਦੀ ਪਿਰਤ ਨੂੰ ਸਰਬੱਤ ਖਾਲਸੇ ਨੇ ਸਮਾਪਤ ਕਰ ਕੇ 1699 ਦੀ ਉਸ ਵਿਸਾਖੀ ਦੀ ਯਾਦ ਨੂੰ ਤਾਜ਼ਾ ਕੀਤਾ ਹੈ, ਜਦੋਂ ਜਾਤ ਪਾਤ ਦੇ ਕੋਹੜ ਨੂੰ ਖ਼ਤਮ ਕਰ ਕੇ ਖਾਲਸੇ ਦੀ ਸਾਜਨਾ ਕੀਤੀ ਗਈ ਸੀ। ਇੰਜ ਸ਼ਾਂਤੀ ਤੇ ਭਾਈਚਾਰੇ ਦੀ ਸਾਂਝ ਦਾ ਨਵਾਂ ਸੰਦੇਸ਼ ਦਿੱਤਾ ਹੈ, ਜਦਕਿ ਅਕਾਲੀ ਦਲ ਸ਼ਾਂਤੀ ਤੇ ਭਾਈਚਾਰੇ ਦੀ ਕੇਵਲ ਦੁਹਾਈ ਹੀ ਦਿੰਦਾ ਹੈ ਅਤੇ ਇਸ ਦੇ ਨਾਂ ਹੇਠਾਂ ਕਿਸਾਨਾਂ, ਮੁਲਾਜ਼ਮਾਂ ਅਤੇ ਹੋਰਨਾਂ ਵਰਗਾਂ 'ਤੇ ਇਸ ਦੀ ਸਰਕਾਰ ਵੱਖ-ਵੱਖ ਤਰ੍ਹਾਂ ਦੇ ਜ਼ੁਲਮ ਢਾਹ ਰਹੀ ਹੈ। ਪੰਜਾਬ ਨੂੰ ਕਬਰਾਂ ਵਰਗੀ ਸ਼ਾਂਤੀ ਦਾ ਹਿੱਸਾ ਬਣਾ ਦਿੱਤਾ ਗਿਆ ਹੈ।

ਪੰਜਾਬ ਦੀ ਰੁਲਦੀ ਕਿਸਾਨੀ, ਪਾਣੀਆਂ ਦੇ ਮੁੱਦੇ 'ਤੇ ਹੋਈ ਬੇਇਨਸਾਫ਼ੀ, ਮੁਲਾਜ਼ਮਾਂ ਨਾਲ ਹੋ ਰਹੇ ਧੱਕੇ ਅਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ਬਾਰੇ ਥਾਂ-ਥਾਂ ਲੱਗੇ ਵੱਡੇ-ਵੱਡੇ ਹੋਰਡਿੰਗ ਵੀ ਇਹੋ ਦੱਸ ਰਹੇ ਸਨ ਕਿ ਸਰਬੱਤ ਖਾਲਸਾ ਪੂਰੀ ਤਰ੍ਹਾਂ ਜ਼ਮੀਨੀ ਹਕੀਕਤਾਂ ਨਾਲ ਜੁੜਿਆ ਹੋਇਆ ਸੀ ਅਤੇ ਲੋਕਾਂ ਦੀਆਂ ਮੁਸੀਬਤਾਂ, ਦੁੱਖ-ਦਰਦ ਸਰਬੱਤ ਖਾਲਸੇ ਦੇ ਵੀ ਦੁੱਖ-ਦਰਦ ਬਣੇ ਹੋਏ ਸਨ। ਸਪੇਨੀ ਲੇਖਕ ਮੀਗੁਇਲ ਕਰਵੈਂਟੀਜ਼ (1547-1616) ਨੂੰ ਜੀਵਨ ਦੀਆਂ ਕੌੜੀਆਂ-ਮਿਠੀਆਂ ਸੱਚਾਈਆਂ ਦਾ ਵੱਡਾ ਅਨੁਭਵ ਸੀ। ਜੇਲ੍ਹ ਯਾਤਰਾ ਵੀ ਕੀਤੀ। ਉਸ ਦਾ ਨਾਵਲ 'ਡੌਨ ਕੁਇਗਜ਼ੋਟ' ਵਿਚ ਲੋਕਾਈ ਦੇ ਦਰਦ ਨੂੰ ਸਰੀਰ ਦੇ ਦਰਦ ਨਾਲ ਜੋੜਦਿਆਂ ਹੋਇਆਂ ਇਹ ਮਨੋਵਿਗਿਆਨਕ ਸੱਚਾਈ ਦੱਸਦਾ ਹੈ ਕਿ "ਜਦੋਂ ਬੰਦੇ ਦਾ ਸਿਰ ਦੁਖਦਾ ਹੈ ਤਾਂ ਜਿਸਮ ਦੇ ਸਾਰੇ ਅੰਗ ਇਸ ਦਰਦ ਵਿਚ ਸ਼ਾਮਲ ਹੋ ਜਾਂਦੇ ਹਨ।" ਪਿੰਡ ਚੱਬਾ ਵਿਚ ਹੋਏ ਸਰਬੱਤ ਖਾਲਸਾ ਦਾ ਵਿਸ਼ਾਲ ਇਕੱਠ ਜਿਸ ਦਰਦ ਦਾ ਸਾਹਮਣਾ ਕਰ ਰਿਹਾ ਸੀ, ਸਾਰੀ ਦੁਨੀਆਂ ਵਿਚ ਸੋਸ਼ਲ ਮੀਡੀਏ ਰਾਹੀਂ 50 ਲੱਖ ਤੋਂ ਉਪਰ ਲੋਕ ਇਸੇ ਦਰਦ ਨੂੰ ਹੰਢਾਅ ਰਹੇ ਸਨ। ਦਰਦ ਅਤੇ ਹੰਝੂਆਂ ਦੀ ਇਸ ਸਾਂਝ ਵਿਚ ਈਸਾ ਤੋਂ ਵੀ 65 ਸਾਲ ਪਹਿਲਾਂ ਜੰਮੇ ਸ਼ਾਇਰ ਹੋਰੇਸ ਨੇ ਵੀ ਇੱਕ ਸ਼ਰਤ ਰੱਖੀ ਸੀ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਦਰਦ ਵਿਚ ਹੰਝੂ ਵਹਾਈਏ ਤਾਂ ਤੁਹਾਨੂੰ ਵੀ ਉਸੇ ਉਦਾਸੀ ਵਿਚ ਡੁੱਬਣਾ ਹੋਵੇਗਾ। ਇਨ੍ਹਾਂ ਸਤਰਾਂ ਦੇ ਲੇਖਕ ਨੇ ਸਰਬੱਤ ਖਾਲਸਾ ਵਿਚ ਪੌਣੇ 2 ਲੱਖ ਤੋਂ ਉਪਰ ਆਏ ਲੋਕਾਂ ਦੀ ਉਸ ਮਹਾਨ ਉਦਾਸੀ ਨੂੰ ਸੱਚੀਂ ਮੁੱਚੀਂ ਅਨੁਭਵ ਕੀਤਾ ਸੀ, ਪਰ ਦੁੱਖ ਹੈ ਕਿ ਪੰਜਾਬ ਦੇ ਵੱਡੇ-ਛੋਟੇ ਲੇਖਕਾਂ ਨੂੰ ਇਹੋ ਜਿਹੇ ਅਦਿਸ ਤੇ ਮਹੀਨ ਨਜ਼ਾਰਿਆਂ ਦੀ ਤਾਕਤ ਤੇ ਸਮਰੱਥਾ ਬਾਰੇ ਕੋਈ ਦੂਰਅੰਦੇਸ਼ ਸਮਝ ਨਹੀਂ, ਕਿਉਂਕਿ ਤਿੰਨ-ਚਾਰ ਦਹਾਕਿਆਂ ਤੋਂ ਉਹ 'ਪਦਾਰਥ ਤੇ ਸਵਾਰਥ' ਦੀ ਜੇਲ੍ਹ ਵਿਚ ਨਜ਼ਰਬੰਦ ਹਨ। ਬਾਹਰੋਂ ਆਇਆ ਕੋਈ 'ਸਿਧਾਂਤ' ਚਿਰਾਂ ਤੋਂ ਉਨ੍ਹਾਂ ਲਈ ਜੰਜ਼ੀਰ ਬਣਿਆ ਹੋਇਆ ਹੈ, ਉਨ੍ਹਾਂ ਦੇ ਜਜ਼ਬੇ ਸੁੱਕ-ਕੁਮਲਾ ਗਏ ਹਨ, ਪੂਰੀ ਤਰ੍ਹਾਂ ਮੁਰਝਾ ਗਏ ਹਨ। ਉਨ੍ਹਾਂ ਨੂੰ ਲੱਗੇ ਇਸ ਸਰਾਪ ਦੀ ਉਮਰ ਅਜੇ ਸ਼ਾਇਦ ਹੋਰ ਲੰਮੀ ਹੈ।



ਉਸ ਮਹਾਂ ਵਿਰਾਟ ਇਕੱਠ ਬਾਰੇ ਕੀ ਕਿਹਾ ਜਾਵੇ ਜੋ ਸਿਰਾਂ ਦੀ ਗਿਣਤੀ ਪੱਖੋਂ ਵੀ ਬੇਮਿਸਾਲ ਸੀ, ਆਪਣੇ ਅੰਦਰ ਸੁੱਚੇ ਤੇ ਪਵਿੱਤਰ ਜਜ਼ਬਿਆਂ ਦਾ ਤੂਫ਼ਾਨ ਵੀ ਲਈ ਬੈਠਾ ਸੀ, ਰਵਾਇਤੀ ਹਥਿਆਰਾਂ ਨਾਲ ਵੀ ਲੈਸ ਸੀ, ਓੜਕਾਂ ਦੇ ਗੁੱਸੇ ਤੇ ਰੋਸ ਦੇ ਬਾਵਜੂਦ ਪੂਰੀ ਤਰ੍ਹਾਂ ਜ਼ਾਬਤੇ ਵਿਚ ਸੀ ਅਤੇ ਨਾਲ ਹੀ ਉਨ੍ਹਾਂ ਦੇ ਮਨਾਂ ਵਿਚ ਕਿਸੇ ਧਰਮ ਜਾਂ ਫਿਰਕੇ ਵਿਰੁੱਧ ਭੋਰਾ ਵੀ ਈਰਖ਼ਾ ਜਾਂ ਨਫ਼ਰਤ ਨਹੀਂ ਸੀ। ਇਹੋ ਜਿਹੇ ਨਿਵੇਕਲੇ ਇਕੱਠ ਬਾਰੇ ਕੁਝ ਕਹਿਣ ਲਈ ਸ਼ਬਦ ਰੁੱਸ ਗਏ ਹਨ ਅਤੇ ਉਨ੍ਹਾਂ ਨੂੰ ਮਨਾਉਣਾ ਬੜਾ ਔਖਾ ਲੱਗ ਰਿਹਾ ਹੈ, ਕਿਉਂਕਿ ਉਸ ਦਿਨ ਜਜ਼ਬਿਆਂ, ਸਿਧਾਂਤਾਂ ਅਤੇ ਵਿਚਾਰਾਂ ਦੇ ਸਾਰੇ ਨੇੜਲੇ ਤੇ ਦੂਰ ਦੇ ਰਿਸ਼ਤੇਦਾਰ ਇੱਕ ਥਾਂ 'ਤੇ ਇਕੱਠੇ ਹੋ ਗਏ ਸਨ, ਜਿਵੇਂ ਕਹਿ ਰਹੇ ਹੋਣ ਅਸੀਂ ਜਿਉਂਦੇ ਹਾਂ, ਅਸੀਂ ਜਾਗਦੇ ਹਾਂ। ਇਹੋ ਜਿਹੀ ਹਾਲਤ ਨੂੰ ਨਮੋ੍ਹ, ਨਮੋ੍ਹ, ਨਮੋ੍ਹ, ਨੇਤ, ਨੇਤ, ਨੇਤ ਹੀ ਕਿਹਾ ਜਾ ਸਕਦਾ ਹੈ। ਨਿੱਕੀ-ਨਿੱਕੀ ਕਣੀ ਦਾ ਮੀਂਹ ਘੜੀ-ਮੁੜੀ ਸਰਬੱਤ ਖਾਲਸੇ ਦੇ ਇਕੱਠ ਦਾ ਸਵਾਗਤ ਕਰ ਰਿਹਾ ਸੀ, ਜਿਵੇਂ ਉਨ੍ਹਾਂ ਦਾ ਇਮਤਿਹਾਨ ਲੈ ਰਿਹਾ ਹੋਵੇ, ਪਰ ਉਹ ਜਿੱਤ ਕੇ ਨਿਕਲੇ ਅਤੇ ਕੁਦਰਤ ਹਾਰ ਗਈ ਸੀ। ਕੁਦਰਤ ਦੀ ਹਾਰ ਤੋਂ ਬਾਅਦ ਕੋਸੀ-ਕੋਸੀ ਧੁੱਪ ਨਿਕਲ ਰਹੀ ਸੀ। ਕੋਈ ਵੀ ਬੰਦਾ ਪੰਡਾਲ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਸੀ, ਜਿਵੇਂ ਉਨ੍ਹਾਂ ਨੂੰ ਕੋਈ ਚੀਜ਼ ਰੋਕ ਰਹੀ ਹੋਵੇ। ਉਹ ਉਠ ਸਕਦੇ ਹੀ ਨਹੀਂ ਸਨ, ਕਿਉਂਕਿ ਉਨ੍ਹਾਂ ਦੇ ਵੱਡ-ਵਡੇਰੇ, ਬੰਦਾ ਸਿੰਘ ਬਹਾਦਰ ਅਤੇ ਸਾਥੀਆਂ ਦੀ ਸ਼ਹਾਦਤ ਮਗਰੋਂ ਪੂਰੇ ਚਾਲੀ ਸਾਲ ਜੰਗਲਾਂ ਵਿਚ ਰਹੇ ਸਨ ਅਤੇ ਜਾਂ ਫਿਰ ਬੀਕਾਨੇਰ ਦੇ ਮਾਰੂਥਲਾਂ ਵਿਚ ਅਸਮਾਨ ਹੇਠ ਉਹ ਰਾਤਾਂ ਕੱਟਦੇ ਰਹੇ। ਹਿੰਦੂ ਇਤਿਹਾਸਕਾਰ ਹਰੀ ਰਾਮ ਗੁਪਤਾ ਇਹੋ ਜਿਹੇ ਦ੍ਰਿਸ਼ਾਂ ਬਾਰੇ ਲਿਖਦੇ ਹਨ ਕਿ ਤਾਰਿਆਂ ਨਾਲ ਭਰੇ ਅਸਮਾਨ ਹੇਠ ਰਾਤਾਂ ਕੱਟਦੇ ਇਨ੍ਹਾਂ ਲੋਕਾਂ ਦੇ ਦਿਲ ਵੀ ਅਸਮਾਨ ਜਿੱਡੇ ਵੱਡੇ ਤੇ ਵਿਸ਼ਾਲ ਹੋ ਗਏ ਸਨ। ਸ਼ਾਇਦ ਤੁਹਾਨੂੰ ਯਕੀਨ ਨਾ ਹੋਵੇ, ਪਰ ਇਹ ਸੱਚ ਹੈ ਕਿ ਜ਼ਿੰਦਗੀ ਵਿਚ ਵਾਪਰ ਰਹੀਆਂ ਘਟਨਾਵਾਂ ਤੇ ਵਰਤਾਰਿਆਂ ਨੂੰ ਇੱਕ ਤਾਂ 'ਦਿਮਾਗਾਂ ਦੇ ਤਰਕ' ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ 'ਦੂਜਾ ਰੂਹਾਂ ਵਾਲੇ ਤਰਕ' ਨਾਲ ਵੀ ਵੇਖਿਆ ਜਾਂਦਾ ਹੈ। ਇਉਂ ਲੱਗਦਾ ਸੀ ਕਿ ਇਹ ਲੋਕ ਉਨ੍ਹਾਂ ਵੱਡ-ਵਡੇਰਿਆਂ ਦੀਆਂ ਰੂਹਾਂ ਹੀ ਸਨ ਜੋ 10 ਨਵੰਬਰ ਨੂੰ ਪਿੰਡ ਚੱਬਾ ਵਿਚ ਇਕੱਠੀਆਂ ਹੋ ਗਈਆਂ ਸਨ ਅਤੇ ਜਾਂ ਫਿਰ ਗੁਰੂ ਹਰਿਗੋਬਿੰਦ ਦੀਆਂ ਅਸੀਸਾਂ ਸਨ ਜਿਨ੍ਹਾਂ ਨੇ ਕਿਸੇ ਅਨੰਤ ਖੁਸ਼ੀ ਵਿਚ ਇਸੇ ਪਿੰਡ ਦੀ ਮਾਤਾ ਸੁਲੱਖਣੀ ਨੂੰ ਸੱਤ ਪੁੱਤਰਾਂ ਦਾ ਵਰ ਦਿੱਤਾ ਸੀ।

ਇੱਕ ਹੋਰ ਗੱਲ। ਇਹ ਸਰਬੱਤ ਖਾਲਸਾ ਗੁਰੂ ਦੇ ਨਾਂ 'ਤੇ ਇਕੱਠਾ ਹੋਇਆ ਸੀ। ਉਹ ਸਾਰੀ ਦੁਨੀਆਂ ਨੂੰ ਇਹ ਦੱਸਣ ਆਏ ਸਨ ਕਿ ਗੁਰੂ ਗ੍ਰੰਥ ਸਾਹਿਬ ਦੇ ਉਨ੍ਹਾਂ ਲਈ ਕੀ ਅਰਥ ਹਨ? ਉਹ ਭਾਵੇਂ ਉਪਰੋਂ-ਉਪਰੋਂ ਟੋਲੀਆਂ ਵਿਚ ਹੱਸਦੇ ਨਜ਼ਰ ਆਉਂਦੇ ਹੋਣਗੇ, ਪਰ ਹੰਝੂਆਂ ਦੇ ਦਰਿਆ ਉਨ੍ਹਾਂ ਦੇ ਅੰਦਰ ਹੀ ਵਗ ਰਹੇ ਸਨ, ਕਿਉਂਕਿ ਉਨ੍ਹਾਂ ਦੇ ਗੁਰੂ ਨੇ ਆਪ ਕੁਰਬਾਨੀ ਦੇ ਕੇ ਉਨ੍ਹਾਂ ਦੀਆਂ ਜ਼ਮੀਰਾਂ ਨੂੰ ਝੰਜੋੜਿਆ ਸੀ, ਜਗਾਇਆ ਸੀ ਜੋ ਕਿੰਨੀ ਦੇਰ ਤੋਂ ਸੁੱਤੀਆਂ ਪਈਆਂ ਸਨ, ਅਧਮੋਈਆਂ ਸਨ ਜਾਂ ਪੂਰੀ ਤਰ੍ਹਾਂ ਮਰ ਚੁੱਕੀਆਂ ਸਨ। ਨੰਗੇ ਪੈਰਾਂ ਨਾਲ ਸਰਬੱਤ ਖਾਲਸੇ ਦੇ ਪੰਡਾਲ ਵੱਲ ਜਾ ਰਹੀਆਂ ਹਜ਼ਾਰਾਂ ਬੀਬੀਆਂ, ਮਰਦ ਅਤੇ ਛੋਟੇ-ਛੋਟੇ ਬੱਚੇ ਇਹ ਦੱਸਣਾ ਚਾਹੁੰਦੇ ਸਨ ਕਿ ਉਹ ਆਪਣੇ ਗੁਰੂ ਨੂੰ ਕਿੰਨਾ ਪਿਆਰ ਕਰਦੇ ਹਨ। ਮੈਨੂੰ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਪੰਜਾਬ ਦਾ ਇਤਿਹਾਸ, ਸਾਹਿਤ, ਸਭਿਆਚਾਰ, ਧਰਮ ਤੇ ਰਾਜਨੀਤੀ ਦੇ ਸੁੱਚੇ ਅੰਸ਼ 10 ਨਵੰਬਰ ਵਾਲੇ ਦਿਨ ਇੱਕੋ ਥਾਂ ਬੈਠ ਕੇ ਆਪਣੇ ਦੁੱਖ ਦਰਦ ਸਾਂਝੇ ਕਰ ਰਹੇ ਸਨ, ਜਿਵੇਂ ਉਹ ਆਪਣੇ ਗੁਰੂ ਨਾਲ ਕੋਈ ਵਾਅਦਾ ਕਰ ਰਹੇ ਸਨ ਕਿ ਅਸੀਂ ਤੈਨੂੰ ਕਦੇ ਵੀ ਨਹੀਂ ਭੁੱਲਾਂਗੇ, ਕਿਉਂਕਿ ਭੁੱਲ ਜਾਣ ਦਾ ਮਤਲਬ ਹੈ ਮੌਤ।

ਉਂਜ ਅਜਿਹੇ ਸੱਜਣਾਂ ਦੀ ਵੀ ਕਮੀ ਨਹੀਂ ਜੋ ਸੱਚੀਂ-ਮੁੱਚੀਂ ਸਿੱਖੀ ਦਾ ਦਰਦ ਰੱਖਦੇ ਹਨ, ਜੋ ਸਿਆਣੇ ਤੇ ਸੁਲਝੇ ਹੋਏ ਹਨ, ਜੋ ਤੇਜ਼ ਤਰਾਰ ਬਹਿਸਾਂ ਵਿਚ ਦਲੀਲਾਂ ਤੇ ਤਰਕ ਨਾਲ ਹਰਾ ਦਿੰਦੇ ਹਨ, ਜੋ ਸੰਜੀਦਾ ਅਤੇ ਇਮਾਨਦਾਰ ਵੀ ਹਨ, ਜੋ ਸਿਧਾਂਤਾਂ ਦੇ ਪਹਿਰੇਦਾਰ ਵੀ ਹਨ, ਜੋ ਰਤਾ ਬਚ-ਬਚ ਕੇ ਵੀ ਚੱਲਦੇ ਹਨ ਅਤੇ ਅਕਸਰ ਹੀ ਕਹਿੰਦੇ ਹਨ ਕਿ ਹੋਰ ਗੱਲਾਂ ਸਭ ਪਿਛੋਂ ਨੇ, ਵਿਧੀ-ਵਿਧਾਨ ਪਹਿਲਾਂ ਹੋਣਾ ਚਾਹੀਦਾ ਹੈ। ਜੇ ਇਹ ਨਹੀਂ ਤਾਂ ਕੁਝ ਵੀ ਨਹੀਂ। ਉਹ ਸਾਰੇ 10 ਨਵੰਬਰ ਦੇ ਸਰਬੱਤ ਖਾਲਸੇ ਨੂੰ ਪੰਥਕ ਸੰਮੇਲਨ ਕਹਿਣਾ ਚਾਹੁੰਦੇ ਹਨ। ਚਲੋ ਮੈਂ ਵੀ ਉਨ੍ਹਾਂ ਨਾਲ ਸਹਿਮਤ ਹਾਂ, ਫਿਰ ਵੀ ਜੇ ਰੂਹ ਦੀ ਗੱਲ ਕਰਨੀ ਹੈ, ਜੇ ਦਿਲਾਂ ਨਾਲ ਹੀ ਸੋਚਣਾ ਹੈ ਅਤੇ ਜੇ ਭਾਈ ਵੀਰ ਸਿੰਘ ਦੀ ਇਸ ਸਤਰ 'ਬੈਠ ਵੇ ਗਿਆਨੀ ਬੁੱਧੀ-ਮੰਡਲੇ ਦੀ ਕੈਦ ਵਿਚ, ਵਲਵਲੇ ਦੇ ਦੇਸ ਸਾਡੀਆਂ ਲੱਗ ਗਈਆਂ ਯਾਰੀਆਂ' ਮੁਤਾਬਕ ਚੱਬੇ ਵਾਲਾ ਸੰਮੇਲਨ ਸਰਬੱਤ ਖਾਲਸਾ ਹੀ ਸੀ। ਵਾਹਿਗੁਰੂ ਕਰੇ ਅਗਲੇ ਸਰਬੱਤ ਖਾਲਸੇ ਵਿਧੀ-ਵਿਧਾਨ ਨਾਲ ਸੰਪੂਰਨ ਹੋਣ ਤੇ ਕਾਮਯਾਬ ਹੋਣ।

ਆਖ਼ਰੀ ਗੱਲ। ਰਤਾ ਕੁ ਕੌੜੀ ਲੱਗ ਸਕਦੀ ਹੈ, ਪਰ ਹੈ ਸੱਚੀ। ਜਜ਼ਬਿਆਂ ਦਾ ਜਿਹੜਾ ਦਰਿਆ ਸਰਬੱਤ ਖਾਲਸਾ ਦੇ ਪੰਡਾਲ ਦੇ ਅੰਦਰ ਅਤੇ ਜਿਹੜਾ ਅਣਦਿੱਸਦਾ ਦਰਿਆ ਲੱਖਾਂ ਲੋਕਾਂ ਵਿਚ ਬਾਹਰ ਵਗ ਰਿਹਾ ਸੀ, ਉਹੋ ਜਿਹਾ ਦਰਿਆ ਸਟੇਜ 'ਤੇ ਸੁਸ਼ੋਭਿਤ ਲੀਡਰਸ਼ਿਪ ਨੂੰ ਨਸੀਬ ਨਹੀਂ ਹੋਇਆ। ਇਉਂ ਲੱਗਦਾ ਸੀ ਜਿਵੇਂ ਸਰਬੱਤ ਖਾਲਸੇ ਦਾ ਇਹ ਇਕੱਠ ਕਿਸੇ ਨਾਇਕ ਦੀ ਤਲਾਸ਼ ਵਿਚ ਹੈ, ਪਰ ਉਹੋ ਜਿਹੇ ਨਾਇਕ ਸਟੇਜ 'ਤੇ ਅਤੇ ਬੁਲਾਰਿਆਂ ਦੀਆਂ ਤਕਰੀਰਾਂ ਵਿਚ ਨਜ਼ਰ ਨਹੀਂ ਆਏ, ਪਰ ਇਹੋ ਜਿਹੇ ਨਾਇਕ ਅਤੇ ਨਾਇਕਾਂ ਦੀ ਉਡੀਕ ਸਾਨੂੰ ਅਜੇ ਵੀ ਲੱਗੀ ਹੋਈ ਹੈ ਜੋ ਸਦੀਆਂ ਤੋਂ ਪਾਰ ਵੇਖਣ ਦੀ ਸਮਰੱਥਾ ਰੱਖਦੇ ਹੋਣ।

ਇਨ ਫ਼ਕੇ ਦਸ਼ਤ ਮੇਂ ਰਹਿਬਰ ਵੋ ਹੀ ਬਨੇ,
ਜਿਸ ਕੀ ਨਿਗਾਹ ਦੇਖ ਲੇ ਸਦੀਓਂ ਕੇ ਪਾਰ ਭੀ।

***

## ਸਿੱਖ ਲਹਿਰ ਦੇ ਲੋਕ ਮੁਖੀ ਵਿਵੇਕ ਦੀ ਤਲਾਸ਼

*(ਪਿਛਲੇ ਸਫੇ ਦੀ ਬਾਕੀ)*

ਦੀ ਅਪੀਲ ਵੀ ਸੰਗਤ ਨੂੰ ਲਗਾਤਾਰ ਹੁੰਦੀ ਰਹੀ। ਤ੍ਰਾਸਦੀ ਹੈ ਕਿ ਇਹ ਮਤੇ ਪੁਰਾਣੀ ਸੋਚ ਦੀ ਕੰਧ ਦੇ ਨਵੇਂ ਰੰਗ ਤੋਂ ਵੱਧ ਨਹੀਂ ਹਨ; ਕਿਉਂਕਿ ਅਸਲ ਖੇਡ ਹੋਰ ਮਤਿਆਂ ਰਾਹੀਂ ਸਾਹਮਣੇ ਆਈ ਹੈ। ਉਦਾਹਰਣ ਵਜੋਂ ਨਵੇਂ ਨਿਯੁਕਤ ਕੀਤੇ ਜਥੇਦਾਰਾਂ ਦੇ ਨਾਵਾਂ ਦੇ ਵਿਵਾਦ ਵਾਲੇ ਐਲਾਨ ਵਿਚ ਜਾਂ 'ਸਿੱਖ ਰਾਜ' ਦੀ ਕਾਇਮੀ ਲਈ ਸੰਘਰਸ਼ ਜਾਰੀ ਰੱਖਣ ਵਰਗੇ ਪੇਸ਼ ਕੀਤੇ ਮਤਿਆਂ ਦੀ ਸ਼ਬਦਾਵਲੀ ਵਿਚਲੀ ਸਿਆਸੀ-ਨੈਤਿਕ ਤਿਲ੍ਹਕਣ ਨੇ ਸੰਗਤ ਦੇ ਉਦਮ, ਊਰਜਾ ਅਤੇ ਉਕਾਬੀ ਉਡਾਣ ਨੂੰ ਫਾਹੁਣ ਦਾ ਚਲਿੱਤਰ ਖੇਡਿਆ ਹੈ। ਲੋਕਾਂ ਨੂੰ ਟਿਕਾਈ ਰੱਖਣ ਲਈ ਜਿਥੇ ਮੰਚ ਤੋਂ 'ਅਮੂਰਤ' ਸੰਗਤ ਦੀ ਅਪਾਰ ਮਹਿਮਾ ਹੁੰਦੀ ਰਹੀ, ਉਥੇ ਨਾਲ ਹੀ ਹਾਜ਼ਰ 'ਸਮੂਰਤ' ਸੰਗਤ ਦੀ ਮੁਕੰਮਲ ਅਣਦੇਖੀ ਵੀ ਗਿਣੇ-ਮਿਥੇ ਢੰਗ ਨਾਲ ਜਾਰੀ ਰਹੀ।

ਸਿੱਖਾਂ ਦੀ 'ਆਜ਼ਾਦੀ ਦੇ ਸੰਘਰਸ਼ ਦੌਰਾਨ ਅੰਦਰੂਨੀ ਵਖਰੇਵੇਂ' ਨਾ ਉਭਾਰੇ ਜਾਣ ਦਾ ਬੇਅਸੂਲਾ ਮਤਾ ਵੀ ਪਾਸ ਕੀਤਾ ਗਿਆ। ਇਸੇ ਮਤੇ ਵਿਚੋਂ ਦਿਸਦੀ ਪੰਥਕ ਏਕਤਾ ਦਾ ਉਹੀ ਡਿਜ਼ਾਈਨ ਹੈ ਜੋ ਰਾਸ਼ਟਰੀ ਏਕਤਾ ਕਾਇਮ ਕਰਨ ਲਈ ਸਭ ਤੋਂ ਪਹਿਲਾਂ ਵਿਚਾਰਾਂ ਦੀ ਆਜ਼ਾਦੀ 'ਤੇ ਹਮਲਾ ਕਰਦਾ ਹੈ। ਗੁਜਰਾਤ, ਮਹਾਰਾਸ਼ਟਰ, ਕਰਨਾਟਕ ਅਤੇ ਹੁਣ ਪੰਜਾਬ ਦੇ ਪੰਥਕ ਆਜ਼ਾਦੀ ਦੇ ਘੁਲਾਟੀਏ ਅੰਦਰੂਨੀ ਏਕਤਾ ਦੇ ਦਮਨਕਾਰੀ ਮਾਡਲ ਦੇ ਹੱਕ ਵਿਚ ਸਾਂਝੇ ਹੋ ਕੇ ਭੁਗਤ ਰਹੇ ਹਨ। 1980ਵਿਆਂ ਵਿਚ ਇਸੇ ਸੰਘਰਸ਼ ਨੇ ਹੀ ਪੰਜਾਬੀ ਵਿਚਾਰਵਾਨਾਂ, ਅਧਿਆਪਕਾਂ, ਪੱਤਰਕਾਰਾਂ, ਲੇਖਕਾਂ, ਥੀਏਟਰ ਕਰਮੀਆਂ ਨੂੰ ਕਤਲ ਕੀਤਾ ਸੀ। ਉਸ ਨੁਕਸਾਨ ਤੋਂ ਪੰਜਾਬੀ ਸਮਾਜ ਅੱਜ ਤੱਕ ਉਭਰ ਨਹੀਂ ਸਕਿਆ।

ਸਪਸ਼ਟ ਹੈ ਕਿ ਸੰਗਤ ਦੀ ਆਹਤ ਭਾਵਨਾ ਅਤੇ ਪਿਛਲੇ ਸਮੇਂ ਦੀਆਂ ਲੋਕ ਲਹਿਰਾਂ 'ਚੋਂ ਸਾਹਮਣੇ ਆਈ ਉਸਾਰੂ ਸਰਗਰਮੀ ਅਤੇ ਆਗੂ ਧੜੇ ਦੀ ਸਿਆਸੀ-ਸੰਪਰਦਾਈ ਵਲਗਣ ਦੇ ਰੋਗੀ ਗਣਿਤ ਵਿਚ ਅਣਜੋੜ ਹੈ। ਇਕੱਠ ਦੇ ਬੁਲੰਦ ਹੌਸਲੇ ਤੋਂ ਡਰ ਚੁੱਕੀ ਪੰਜਾਬ ਸਰਕਾਰ ਦਾ ਆਖਰੀ ਸਹਾਰਾ ਇਸ ਸਮੇਂ ਸਰਬੱਤ ਖਾਲਸਾ ਦੇ ਆਗੂਆਂ ਦੀ ਮੌਕਾਪ੍ਰਸਤ ਕਾਰਗੁਜ਼ਾਰੀ, ਟਕਰਾਅਵਾਦੀ ਵਿਹਾਰ ਅਤੇ ਵਿਚਾਰਕ ਗਰੀਬੀ ਹੀ ਰਹਿ ਗਏ ਹਨ। ਲੋਕ ਦੋਖੀ ਪੰਥਕ ਸਰਕਾਰ ਅਤੇ 'ਸਿੱਖ ਰਾਜ ਦੇ ਸੰਘਰਸ਼ ਦੇ ਸ਼ਹੀਦਾਂ ਦੀ ਅਗਵਾਈ' ਵਿਚ ਜਿੱਤ ਤੱਕ ਲੜੇ ਜਾ ਰਹੇ ਯੁੱਧ ਦੇ ਲਾਣੇਦਾਰ, ਇਨ੍ਹਾਂ ਦੋਵੇਂ ਧਿਰਾਂ ਦੀ ਸਾਂਝੀ ਦੁਸ਼ਮਣੀ ਦੁਰਭਾਵਨਾ ਤੋਂ ਰਹਿਤ ਸਰਗਰਮ ਹੋਈ ਪੰਜਾਬੀ ਸੰਗਤ ਨਾਲ ਹੀ ਹੈ। ਪੰਜਾਬੀ ਸਭਿਆਚਾਰ ਦੀ ਮਹਾਨ ਹਸਤੀ, ਸਿਆਲਾਂ ਦੀ ਆਜ਼ਾਦ ਸ਼ਖਸੀਅਤ ਹੀਰ ਦਾ ਸਾਕ ਧੀਦੋ ਰਾਂਝੇ ਤੋਂ ਤੋੜ ਕੇ ਜਦੋਂ ਸੈਦੇ ਨਾਲ ਨਰੜਿਆ ਜਾਂਦਾ ਹੈ ਤਾਂ ਕਲੀਆਂ ਦੀ ਹੀਰ ਲਿਖਣ ਵਾਲਾ ਹਜ਼ੂਰਾ ਸਿੰਘ ਬੁਟਾਹਰੀ ਲਾਹਨਤ ਪਾਉਂਦਾ ਹੈ:

ਅੱਜੂ ਖੇੜਾ ਚੂਚਕ ਕੈਦੋਂ ਸਭ ਪੰਚੈਤੀਏ,
ਲੱਗੇ ਸਗਨ ਮਨਾਉਣ ਖੜ੍ਹ ਕੇ ਸੱਥ 'ਚ ਛਿਆਲੀ।

**ਸਾਂਝੀਵਾਲਤਾ ਦੇ ਸੰਕਲਪ ਦੇ ਸੂਰਮੇ ਬਣਨ ਪੰਜਾਬੀ:** ਆਉਣ ਵਾਲੇ ਦਿਨਾਂ ਵਿਚ ਇਹ ਸਾਰੇ ਪੰਚੈਤੀਏ ਆਪਸੀ ਭੇੜ ਨਾਲ ਪੰਜਾਬੀਆਂ ਦੇ ਏਕੇ ਨੂੰ ਤੀਲ੍ਹਾ-ਤੀਲ੍ਹਾ ਕਰਨ ਲਈ ਟਿੱਲ ਲਾ ਦੇਣਗੇ ਤਾਂ ਕਿ ਇਸ ਲੋਕ ਉਭਾਰ ਦਾ ਦਮ ਪੱਟਿਆ ਜਾ ਸਕੇ। ਤੱਤੇ ਨਾਹਰੇ, ਨੰਗੀਆਂ ਕਿਰਪਾਨਾਂ, ਦੇਸ਼ ਧ੍ਰੋਹ ਦੇ ਕੇਸ, ਗ੍ਰਿਫਤਾਰੀਆਂ, ਕੇਂਦਰ ਦੇ ਏਜੰਟ ਹੋਣ ਦੇ ਸਰਟੀਫਿਕੇਟ, ਕੁਰਬਾਨੀਆਂ ਕਰਨ ਦੇ ਦਾਅਵੇ ਆਦਿ ਨਾਲ ਇਸ ਇਕੱਤਰਤਾ ਦੇ ਸੰਜਮੀ ਜੁੱਸੇ ਨੂੰ ਦੋਵੇਂ ਧਿਰਾਂ ਜ਼ਲੀਲ ਕਰਨਗੀਆਂ। ਹਿੰਸਾ ਦੇ ਸਭਿਆਚਾਰ ਨੂੰ ਸਭ ਤੋਂ ਵੱਧ ਖਤਰਾ ਸਭਿਅਕ ਸੰਵਾਦ ਦੇ ਸਭਿਆਚਾਰ ਤੋਂ ਹੀ ਹੁੰਦਾ ਹੈ। ਬਾਬੇ ਨਾਨਕ ਨੇ ਆਪਣੇ ਦੌਰ ਦੇ ਹਿੰਸਕ ਸਭਿਆਚਾਰ ਦੇ ਬਰਾਬਰ ਸਿਧਾਂਤਕ ਗੋਸ਼ਟ ਦਾ 'ਸਤਿ, ਸੰਤੋਖ ਵੀਚਾਰੁ' ਦਾ ਅਤੇ ਇਨਸਾਫ-ਪਸੰਦ ਸਰਗਰਮੀ ਦਾ ਨੈਤਿਕ ਸਭਿਆਚਾਰ ਘੜਨ ਲਈ ਪੰਜਾਬੀਆਂ ਨੂੰ ਸੇਧ ਦਿੱਤੀ ਸੀ। ਸਿੱਖ ਲਹਿਰ ਦੇ ਸੱਚੇ ਪੈਰੋਕਾਰਾਂ ਲਈ ਹਿੰਸਾ ਜਾਂ ਸੰਵਾਦ ਵਿਚੋਂ ਚੋਣ ਕਰਨ ਦਾ ਮੁਕਾਮ ਆ ਗਿਆ ਹੈ। ਇਤਿਹਾਸ ਗਵਾਹ ਹੈ ਕਿ ਮੁਗ਼ਲ ਦਰਬਾਰ ਦੀਆਂ ਹਿੰਸਕ ਧਾੜਾਂ ਦੇ ਸਿਰਤੋੜ ਵਿਰੋਧ ਦੇ ਬਾਵਜੂਦ ਸਿੱਖ ਲਹਿਰ ਨੇ ਮੁਸਲਮਾਨਾਂ ਜਾਂ ਇਸਲਾਮ ਧਰਮ ਨਾਲ ਕੋਈ ਵੈਰ ਨਹੀਂ ਰੱਖਿਆ। ਸਾਰੇ ਪਰਿਵਾਰ ਦੇ ਕਸ਼ਟਾਂ ਅਤੇ ਕੁਰਬਾਨੀ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਬਾਦਸ਼ਾਹਾਂ ਨਾਲ ਗੱਲਬਾਤ ਚਲਾਉਣ ਦੀ ਨੈਤਿਕ ਦਲੇਰੀ ਵੀ ਦਿਖਾਈ ਅਤੇ ਪੰਜਾਬੀ ਸੰਗਤਾਂ ਲਈ ਪੂਰਨੇ ਪਾ ਕੇ ਦਿੱਤੇ।

ਇਹ ਨਾਜ਼ੁਕ ਪੜਾਅ ਸਾਡੇ ਤੋਂ 'ਨਿਰਭਉ ਨਿਰਵੈਰ' ਵਿਵੇਕ ਦੀ ਮੰਗ ਕਰਦਾ ਹੈ ਜਿਸ ਲਈ ਵਿਚਾਰਾਂ ਦੀ ਆਜ਼ਾਦੀ ਪਹਿਲੀ ਸ਼ਰਤ ਹੈ। ਸੰਗਤਾਂ ਨੇ ਆਪਣੀ ਅਸੀਮ ਸ਼ਲਾਘਾਯੋਗ ਪਹਿਲਕਦਮੀ ਨਾਲ ਜੋ ਅਗਵਾਈ ਦਿੱਤੀ ਹੈ, ਉਸੇ ਲੀਹ 'ਤੇ ਚੱਲਦਿਆਂ ਸੰਗਤ ਨੂੰ ਹੋਰ ਵਧੇਰੇ ਸਰਗਰਮੀ ਨਾਲ ਅਗਲੇਰੀਆਂ ਚੁਣੌਤੀਆਂ ਨਾਲ ਸਿੱਝਣ ਲਈ ਕਮਰ ਕੱਸਣ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਦੀ ਭ੍ਰਿਸ਼ਟ ਨੈਤਿਕਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਬੋਅ ਮਾਰਦੀ ਸਿਆਸੀ ਕਾਰੁਜ਼ਗਾਰੀ ਦੇ ਹੱਕੀ ਵਿਰੋਧ ਵਿਚ 'ਪੰਥਕ ਮਰਿਆਦਾ' ਦੀ ਅੰਦੋਲਨਕਾਰੀ ਸੰਗਤ ਸਰਬੱਤ ਖਾਲਸਾ ਦੇ ਆਗੂ ਧੜੇ ਦੀ ਸੌੜੀ ਰਣਨੀਤੀ ਹੱਥੋਂ ਆਪਣੀ ਭਾਵਨਾ ਦੀ ਸਮਗਲਿੰਗ ਨਾ ਹੋਣ ਦੇਵੇ, ਸਗੋਂ ਕਿਸੇ ਵਡੇਰੇ ਵਿਚਾਰਕ ਵਿਵੇਕ ਦੀ ਸਿਰਜਣਾ ਲਈ ਸਰਗਰਮ ਰਹਿਣ ਦਾ ਰਾਹ ਫੜਿਆ ਜਾਵੇ। ਸਿੱਖ ਲਹਿਰ ਦਾ ਮੌਜੂਦਾ ਪ੍ਰਸੰਗ ਇਸੇ ਇਤਿਹਾਸਕ ਪ੍ਰਕਿਰਿਆ ਦੀ ਨਵੀਂ ਸਿਰਜਣਾ ਦਾ ਬਾਨ੍ਹਣੂੰ ਬੰਨ੍ਹੇ। ਪੰਜਾਬੀ ਸਭਿਅਤਾ ਦੀ ਹਾਸਲ ਸਤਰ 'ਘੜੀਐ ਸਬਦੁ ਸੱਚੀ ਟਕਸਾਲ' ਦੀ ਸੇਧ ਵਿਚ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ' ਦਾ ਪੱਕਾ ਇਕਰਾਰ ਸਾਨੂੰ ਇਸ ਦੌਰ ਵਿਚ ਸੁਰਖਰੂ ਹੋਣ ਦਾ ਬਲ ਬਖਸ਼ੇ।

ਇਨਕਲਾਬੀ ਸਿੱਖ ਲਹਿਰ ਅਤੇ ਵਿਚਾਰਧਾਰਾ ਦੇ ਅਸਲ ਵਾਰਿਸ ਸਾਂਝੀਵਾਲਤਾ ਨੂੰ ਸਮਰਪਿਤ ਸਮੂਹ ਪੰਜਾਬੀ ਲੋਕ ਹਨ ; ਚਾਹੇ ਉਹ ਕਿਸੇ ਵੀ ਧਰਮ, ਫਿਰਕੇ, ਖਿੱਤੇ, ਨਾਸਤਿਕ/ਆਸਤਿਕ ਹੋਣ ਨਾਲ ਸਬੰਧ ਰੱਖਦੇ ਹੋਣ। ਪੰਜਾਬੀ ਲੋਕਚਾਰੇ ਦੀ ਧੁਰੀ 'ਨਾ ਕੋ ਬੈਰੀ ਨਾਹੀ ਬੇਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਨੂੰ ਆਦਰਸ਼ ਵਜੋਂ ਸਾਧਣ ਦਾ ਸਮਾਂ ਆ ਚੁੱਕਾ ਹੈ। ਹੁਣ ਪੰਜਾਬ ਦੀਆਂ ਜਮਹੂਰੀ, ਲੋਕ ਪੱਖੀ ਤਾਕਤਾਂ ਅਤੇ ਜ਼ਿੰਮੇਵਾਰ ਬੁੱਧੀਜੀਵੀ ਅੱਗੇ ਆਉਣ। ਸਭ ਦਾ ਸਾਂਝਾ ਫਰਜ਼ ਹੈ ਕਿ ਇਸ ਸਮੇਂ ਬੌਧਿਕ, ਵਿਚਾਰਧਾਰਕ ਅਤੇ ਜ਼ਮੀਨੀ ਸਰਗਰਮੀ ਨਾਲ ਸੰਗਤਾਂ ਦੇ ਬਲਵਾਨ ਇਰਾਦਿਆਂ ਨੂੰ ਖੁੰਢਾ ਨਾ ਹੋਣ ਦੇਈਏ। ਆਪਣੀ ਕਰਮ ਭੂਮੀ ਪੰਜਾਬ ਨੂੰ ਇਸ ਦੇ ਗਰਕੇ ਹੋਏ ਲਾਣੇਦਾਰਾਂ ਦੀ ਸਹੇੜੀ ਲੋਕ ਮਾਰੂ ਕਾਲਖ ਧੋਣ ਲਈ ਸੱਚ ਦੇ ਵਹਿੰਦੇ ਪਾਣੀਆਂ ਨਾਲ ਆਪਣੇ ਲੋਕਾਂ ਦੀ ਮਿਹਨਤ ਨੂੰ ਨਿਖਾਰੀਏ। ਪੰਜਾਬ ਵਿਚ ਸਾਂਝੀਵਾਲਤਾ, ਗਿਆਨ, ਸੰਵੇਦਨਾ ਅਤੇ ਸੰਘਰਸ਼ ਦੇ ਚਾਨਣ ਵੱਲ ਫਿਰ ਤੋਂ ਯਾਰੀ ਦਾ ਹੱਥ ਵਧਾਈਏ। ਆਪਣੇ ਲੋਕਾਂ ਦੀ ਸੂਝਵਾਨ ਸਮਰੱਥਾ 'ਤੇ ਯਕੀਨ ਕਰੀਏ! ਸਾਂਝੇ ਅੰਦੋਲਨਾਂ ਰਾਹੀਂ ਪੰਜਾਬੀ ਸਭਿਅਤਾ ਦਾ ਸਨਮਾਨ ਬਹਾਲ ਕਰੀਏ! ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ ਦੇ ਸੰਘਰਸ਼ ਦੇ ਸੰਤ ਸਿਪਾਹੀ ਬਣੀਏ!

# ਪੰਜਾਬ 'ਚ ਪੁਰਾਣੇ ਕਾਲੇ ਦਿਨ ਪਰਤਣ ਦੇ ਖਦਸ਼ੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੜੇ-ਬੜੇ ਖਤਰਨਾਕ ਦਾਅ ਖੇਡਦੀ ਹੈ ਰਾਜਨੀਤੀ। ਪੰਜਾਬੀ ਦਾ ਇੱਕ ਮੁਹਾਵਰਾ ਹੈ, ਚੱਲ ਗਈ ਤਾਂ ਪੌਂ ਬਾਰਾਂ, ਨਹੀਂ ਤਾਂ ਤਿੰਨ ਕਾਣੇ। ਇਹੋ ਜਿਹੇ ਨਤੀਜੇ ਵੀ ਕਈ ਵਾਰੀ ਕੱਢਦੀ ਹੈ ਰਾਜਨੀਤੀ। ਬਿਹਾਰ ਵਿਚ ਗੁਜਰਾਤ ਦਾ ਦਾਅ ਜਦੋਂ ਵਰਤਿਆ ਤਾਂ ਗੁਜਰਾਤ ਵਾਲੇ ਨਤੀਜੇ ਨਹੀਂ ਨਿਕਲੇ। ਦਾਅ ਉਲਟਾ ਪੈ ਗਿਆ। ਹੁਣ ਮੋਦੀ ਨੂੰ ਆਪਣੇ ਘਰ ਵਿਚ ਜਵਾਬ ਦੇਣਾ ਔਖਾ ਹੋਇਆ ਪਿਆ ਹੈ। ਪੰਜਾਬ ਵਿਚ ਵੀ ਏਦਾਂ ਦੇ ਕਈ ਦਾਅ ਪੁੱਠੇ ਪਏ ਹਨ।

ਲੰਘੇ ਸ਼ੁੱਕਰਵਾਰ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਬਿਆਨ ਪੜ੍ਹਿਆ ਹੈ ਕਿ ਕਾਤਲ ਕਦੇ ਤਖਤਾਂ ਦੇ ਜਥੇਦਾਰ ਨਹੀਂ ਹੋ ਸਕਦੇ। ਇਹ ਬਿਆਨ ਪੜ੍ਹਨ ਪਿੱਛੋਂ ਕੋਈ ਇਹ ਵੀ ਪੁੱਛ ਸਕਦਾ ਹੈ ਕਿ ਜਦੋਂ ਭਾਈ ਰਣਜੀਤ ਸਿੰਘ ਨੂੰ ਅਕਾਲ ਤਖਤ ਦਾ ਜਥੇਦਾਰ ਲਾਉਣ ਬਾਰੇ ਫੈਸਲਾ ਲਿਆ ਗਿਆ ਸੀ, ਉਦੋਂ ਪੰਜਾਬ ਦੇ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਵਾਲੇ ਦੋਵੇਂ ਅਹੁਦੇ ਪ੍ਰਕਾਸ਼ ਸਿੰਘ ਬਾਦਲ ਦੇ ਕੋਲ ਸਨ। ਭਾਈ ਰਣਜੀਤ ਸਿੰਘ ਦੇ ਖਿਲਾਫ ਕਤਲ ਦਾ ਦੋਸ਼ ਸਾਬਤ ਹੋ ਚੁੱਕਾ ਸੀ ਤੇ ਉਹ ਪੈਰੋਲ ਉਤੇ ਬਾਹਰ ਸੀ। ਉਸ ਦੀ ਸਜ਼ਾ ਦਾ ਬਾਕੀ ਬਚਦਾ ਹਿੱਸਾ ਮੁਆਫ ਕਰਨ ਲਈ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਨੂੰ ਸਿਫਾਰਸ਼ ਵੀ ਬਾਦਲ ਸਾਹਿਬ ਦੀ ਸਰਕਾਰ ਨੇ ਕੀਤੀ ਸੀ। ਜਿਹੜੀ ਗੱਲ ਹੁਣ ਆਖੀ ਗਈ ਹੈ, ਇਹ ਉਸ ਵੇਲੇ ਸੋਚੀ ਹੀ ਨਹੀਂ ਸੀ ਗਈ। ਜਦੋਂ ਭਾਈ ਰਣਜੀਤ ਸਿੰਘ ਨਾਲ ਸਬੰਧ ਵਿਗੜ ਗਏ ਤਾਂ ਉਸ ਦੇ ਕਾਤਲ ਹੋਣ ਦਾ ਮਿਹਣਾ ਦਿੱਤਾ ਜਾਣ ਲੱਗ ਪਿਆ ਸੀ। ਅਕਾਲੀ-ਭਾਜਪਾ ਵਾਲੀ ਸਰਕਾਰ ਦੇ ਹੁੰਦਿਆਂ ਕਤਲ ਦੇ ਦੋਸ਼ੀ ਸਾਬਤ ਹੋ ਚੁੱਕੇ ਭਾਈ ਰਣਜੀਤ ਸਿੰਘ ਨੂੰ ਗਰੇਟ ਬ੍ਰਿਟੇਨ ਦੀ ਮਹਾਰਾਣੀ ਦਾ ਸਨਮਾਨ ਕਰਨ ਦਾ ਮਾਣ ਵੀ ਬਖਸ਼ਿਆ ਗਿਆ ਸੀ। ਚਿਰ ਪਿੱਛੋਂ ਅਸੂਲ ਦੀ ਗੱਲ ਸਮਝ ਆਈ ਜਾਪਦੀ ਹੈ।

ਬੀਤੇ ਦਸ ਨਵੰਬਰ ਨੂੰ ਅੰਮ੍ਰਿਤਸਰ-ਤਰਨ ਤਾਰਨ ਰੋਡ 'ਤੇ ਪੈਂਦੇ ਪਿੰਡ ਚੱਬਾ ਵਿਚ ਸਰਬੱਤ ਖਾਲਸਾ ਦਾ ਸਮਾਗਮ ਕੀਤਾ ਗਿਆ ਤਾਂ ਪੰਜਾਬ ਵਾਲੇ ਤਿੰਨ ਤਖਤਾਂ ਦੇ ਜਥੇਦਾਰ ਵੀ ਉਥੇ ਨਾਮਜ਼ਦ ਕਰ ਦਿੱਤੇ ਗਏ। ਸਰਕਾਰ ਨਾਂ ਦੀ ਕੋਈ ਚੀਜ਼ ਉਥੇ ਕਿਤੇ ਦਿੱਸੀ ਨਹੀਂ ਸੀ। ਅਗਲੇ ਦਿਨ ਉਹ ਜਥੇਦਾਰ ਚਾਰਜ ਲੈਣ ਨਿਕਲ ਤੁਰੇ। ਪੰਜਾਬ ਸਰਕਾਰ ਨੂੰ ਭਾਜੜ ਪੈ ਗਈ। ਫਟਾਫਟ ਉਨ੍ਹਾਂ ਦੀ ਗ੍ਰਿਫਤਾਰੀ ਦਾ ਚੱਕਰ ਚਲਾਇਆ ਗਿਆ। ਦੋ ਜਣੇ ਫੜੇ ਜਾਣ ਪਿੱਛੋਂ ਤੀਸਰਾ ਕਾਰਜਕਾਰੀ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਣੇ ਸਟਾਫ ਦੀ ਮਿਲੀਭੁਗਤ ਨਾਲ ਜਾ ਕੇ ਸ੍ਰੀ ਅਕਾਲ ਤਖਤ ਸਾਹਿਬ ਮੂਹਰੇ ਆਪਣਾ ਸੰਦੇਸ਼ ਜਾਰੀ ਕਰ ਆਇਆ। ਸਭ ਨੂੰ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਸਟਾਫ ਤਨਖਾਹ ਭਾਵੇਂ ਕਮੇਟੀ ਤੋਂ ਲੈਂਦਾ ਹੈ, ਅੰਦਰੋਂ ਉਸ ਦੇ ਨਾਲ ਨਹੀਂ ਤੇ ਇਹੋ ਕਾਰਨ ਹੈ ਕਿ ਚੱਬਾ ਦੇ ਸਰਬੱਤ ਖਾਲਸਾ ਸਮਾਗਮ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਕੁਝ ਗ੍ਰੰਥੀ ਸਾਹਿਬਾਨ ਤੇ ਰਾਗੀ ਵੀ ਪਹੁੰਚ ਗਏ ਸਨ ਤੇ ਉਨ੍ਹਾਂ ਨੇ ਓਹਲਾ ਵੀ ਕੋਈ ਨਹੀਂ ਸੀ ਰੱਖਿਆ। ਉਹ ਸਾਰੇ ਇਸ ਵੇਲੇ ਧਰਮ ਨੂੰ ਰਾਜਨੀਤੀ ਲਈ ਵਰਤਣ ਦੀ ਖੇਡ ਤੋਂ ਅੱਕੇ ਹੋਏ ਜਾਪ ਰਹੇ ਹਨ ਅਤੇ ਕਿਸੇ ਦੀ ਕੋਈ ਸਮਝਾਉਣੀ ਵੀ ਸੁਣਨ ਲਈ ਤਿਆਰ ਨਹੀਂ ਸਨ ਜਾਪਦੇ।

ਇਹ ਸਥਿਤੀ ਕਿਸੇ ਹੋਰ ਨੇ ਨਹੀਂ, ਖੁਦ ਅਕਾਲੀ ਦਲ ਦੀ ਲੀਡਰਸ਼ਿਪ ਨੇ ਆਪਣੀਆਂ ਲੋੜਾਂ ਲਈ ਧਰਮ ਦੀ ਦੁਰਵਰਤੋਂ ਕਰਨ ਦੇ ਚੱਕਰ ਵਿਚ ਪੈਦਾ ਕਰ ਲਈ ਹੈ। ਡੇਰਾ ਸੱਚਾ ਸੌਦਾ ਨਾਲ ਵਿਗਾੜ ਉਸ ਵਕਤ ਪਿਆ ਸੀ, ਜਦੋਂ ਉਸ ਨੇ ਆਪਣੇ ਕੋਲ ਹਾਜ਼ਰੀ ਭਰਨ ਆਏ ਬਾਦਲ ਪਿਤਾ-ਪੁੱਤਰ ਨਾਲ ਹਮਾਇਤ ਦਾ ਵਾਅਦਾ ਕਰ ਕੇ ਵੋਟਾਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਦੇ ਪਿੱਛੇ ਪਵਾ ਦਿੱਤੀਆਂ ਸਨ। ਉਨ੍ਹਾਂ ਦੇ ਖਿਲਾਫ ਕੇਸ ਵੀ ਆਪੇ ਬਣਵਾਏ ਤੇ ਨਿਬੇੜੇ ਦੇ ਕਈ ਮੌਕੇ ਬਣਨ ਦੇ ਬਾਵਜੂਦ ਇਸ ਲਈ ਆਖਰੀ ਵਕਤ ਤਕ ਗੱਲ ਲਮਕਦੀ ਰੱਖੀ ਗਈ ਕਿ ਕੇਸਾਂ ਕਾਰਨ ਸਿਰਸੇ ਵਾਲਾ ਬਾਬਾ ਚੋਣਾਂ ਵਿਚ ਸਾਡੀ ਮਦਦ ਕਰਨ ਲਈ ਮਜਬੂਰ ਹੁੰਦਾ ਰਹੇਗਾ। ਇਹ ਮਾਮਲਾ ਮੁੱਕਣ ਦੇਣਾ ਚਾਹੀਦਾ ਸੀ। ਅਖੀਰ ਜਦੋਂ ਮੁਕਾਉਣ ਦੀ ਕੋਸ਼ਿਸ਼ ਹੋਈ ਤਾਂ ਉਹ ਏਨੇ ਭੱਦੇ ਢੰਗ ਨਾਲ ਕੀਤੀ ਗਈ ਕਿ ਲੋਕ ਭੜਕ ਉਠੇ। ਅਕਾਲੀ ਦਲ ਦੇ ਆਗੂ ਉਦੋਂ ਇਹੋ ਕੰਮ ਕੁਝ ਹੋਰ ਜਥੇਬੰਦੀਆਂ ਤੇ ਸਾਂਝੀਆਂ ਧਿਰਾਂ ਨੂੰ ਨਾਲ ਲੈ ਕੇ ਕਰ ਸਕਦੇ ਸਨ। ਡੇਰੇ ਵਾਲਿਆਂ ਨੇ ਇਹ ਵੀ ਕਹਿ ਦਿੱਤਾ ਕਿ ਅਸੀਂ ਤਾਂ ਕੁਝ ਲਿਖ ਕੇ ਨਹੀਂ ਦਿੱਤਾ, ਉਹ ਲਿਖ ਕੇ ਲਿਆਏ ਤੇ ਅਸੀਂ ਦਸਤਖਤ ਹੀ ਕੀਤੇ ਸਨ। ਹੁਣ ਜਦੋਂ ਸਰਬੱਤ ਖਾਲਸਾ ਹੋਣਾ ਸੀ, ਉਸ ਦੇ ਇੱਕ ਦਿਨ ਪਹਿਲਾਂ ਅਕਾਲੀ ਦਲ ਵਿਚ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਦੇ ਤਿੰਨ ਸਭ ਤੋਂ ਸੀਨੀਅਰ ਲੀਡਰਾਂ ਢੀਂਡਸਾ, ਬ੍ਰਹਮਪੁਰਾ ਤੇ ਭੂੰਦੜ ਨੇ ਪ੍ਰੈਸ ਕਾਨਫਰੰਸ ਵਿਚ ਇਹ ਗੱਲ ਕਹਿ ਦਿੱਤੀ ਕਿ ਡੇਰਾ ਸੱਚਾ ਸੌਦਾ ਲਈ ਅਕਾਲ ਤਖਤ ਤੋਂ ਮੁਆਫੀ ਦਿੱਤੀ ਜਾਣੀ ਗਲਤ ਸੀ। ਉਨ੍ਹਾਂ ਤਿੰਨਾਂ ਵੱਲੋਂ ਇਹ ਗੱਲ ਉਦੋਂ ਆਖੀ ਗਈ, ਜਦੋਂ ਪਾਣੀ ਸਿਰੋਂ ਲੰਘ ਚੱਲਿਆ ਜਾਪਣ ਲੱਗ ਪਿਆ। ਉਨ੍ਹਾਂ ਨੇ ਇਹ ਗੱਲ ਪਹਿਲਾਂ ਹੀ ਕਹੀ ਹੁੰਦੀ ਤਾਂ ਏਨਾ ਵਿਗਾੜ ਨਹੀਂ ਸੀ ਪੈਣਾ। ਅਕਾਲੀ ਲੀਡਰਸ਼ਿਪ ਦੀ ਨਵੀਂ ਪੀੜ੍ਹੀ ਤੋਂ ਡਰਦੇ ਉਹ ਵਿਚਾਰੇ ਚੁੱਪ ਸਨ।

ਜਿੱਦਾਂ ਦੀਆਂ ਖੇਡਾਂ ਸੱਚਾ ਸੌਦਾ ਨਾਲ ਖੇਡੀਆਂ ਗਈਆਂ, ਐਨ ਉਹ ਖੇਡਾਂ ਸਿੱਖ ਸੰਤਾਂ ਨਾਲ ਵੀ ਖੇਡਣ ਦਾ ਕੰਮ ਕਈ ਵਾਰ ਹੁੰਦਾ ਰਿਹਾ। ਇਸ ਵਕਤ ਬਾਬਾ ਬਲਜੀਤ ਸਿੰਘ ਦਾਦੂਵਾਲ ਜੇਲ੍ਹ ਵਿਚ ਹੈ। ਪਹਿਲਾਂ ਜਦੋਂ ਡੇਰਾ ਸੱਚਾ ਸੌਦਾ ਨਾਲ ਟਕਰਾਅ ਹੋਇਆ, ਉਹ ਅਕਾਲੀ ਦਲ ਦੇ ਨਾਲ ਸੀ। ਫਿਰ ਜਦੋਂ ਹਰਿਆਣੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣੀ, ਉਹ ਉਨ੍ਹਾਂ ਨਾਲ ਖੜਾ ਹੋ ਗਿਆ ਤਾਂ ਪੰਜਾਬ ਵਿਚ ਆਉਂਦੇ ਸਾਰ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਤੇ ਉਸ ਦੇ ਪੱਕੇ ਪੜਾਅ ਵਾਲਾ ਗੁਰਦੁਆਰਾ ਵੀ ਪੁਲਿਸ ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨਾਲ ਕਬਜ਼ੇ 'ਚ ਕਰ ਲਿਆ ਗਿਆ ਸੀ। ਬਾਅਦ ਵਿਚ ਉਸ ਨਾਲ ਜਦੋਂ ਸਮਝੌਤਾ ਹੋਇਆ ਤਾਂ ਗੁਰਦੁਆਰਾ ਵੀ ਛੱਡ ਦਿੱਤਾ।



ਅਸੀਂ ਪਿੰਡ ਚੱਬਾ ਵਿਚ ਹੋਏ ਇਕੱਠ ਨੂੰ ਗਹੁ ਨਾਲ ਸਮਝਣ ਦਾ ਯਤਨ ਕੀਤਾ ਹੈ। ਇਸ ਇਕੱਠ ਦੀ ਸਟੇਜ ਉਤੇ ਬਿਨਾਂ ਸ਼ੱਕ ਵੱਡਾ ਹਿੱਸਾ ਖਾਲਿਸਤਾਨੀ ਸੋਚ ਵਾਲੇ ਲੀਡਰਾਂ ਦਾ ਸੀ, ਪਰ ਇਕੱਠ ਵਿਚ ਸ਼ਾਮਲ ਲੋਕਾਂ ਦੀ ਵੱਡੀ ਗਿਣਤੀ ਖਾਲਿਸਤਾਨ ਮੰਗਣ ਵਾਲੀ ਨਹੀਂ ਸੀ। ਇਹ ਉਹ ਲੋਕ ਸਨ, ਜਿਹੜੇ ਮੌਜੂਦਾ ਸਰਕਾਰ ਦੇ ਬਹੁਤ ਸਾਰੇ ਕਦਮਾਂ ਤੋਂ ਆਪਣੇ ਮਨ ਵਿਚ ਏਨੀ ਕੌੜ ਭਰੀ ਬੈਠੇ ਸਨ ਕਿ ਕਿਸੇ ਵੀ ਹੱਦ ਤੱਕ ਜਾ ਸਕਦੇ ਸਨ। ਖਾਲਿਸਤਾਨ ਦੀ ਲਹਿਰ ਦੇ ਚੜ੍ਹਾਅ ਵੇਲੇ ਪੈਂਤੀ ਕੁ ਸਾਲ ਪਹਿਲਾਂ ਜਿਵੇਂ ਹਰ ਭਾਸ਼ਣ ਦਿੱਲੀ ਦਰਬਾਰ ਤੇ ਬ੍ਰਾਹਮਣਵਾਦ ਦੇ ਵਿਰੋਧ ਵਿਚ ਕਰਨ ਦਾ ਰਿਵਾਜ ਸੀ, ਉਦਾਂ ਇਸ ਵਾਰ ਨਹੀਂ ਸੀ ਹੋ ਰਿਹਾ। ਤੀਹ ਕੁ ਸਾਲ ਪਹਿਲਾਂ ਜਿਵੇਂ ਸੁਰਜੀਤ ਸਿੰਘ ਬਰਨਾਲਾ ਵਿਰੁਧ ਭਾਸ਼ਣ ਉਸ ਨੂੰ 'ਦਿੱਲੀ ਦਰਬਾਰ ਦਾ ਏਜੰਟ' ਆਖ ਕੇ ਹੁੰਦੇ ਸਨ, ਉਸ ਨਾਲੋਂ ਵੀ ਵੱਖਰਾ ਰੰਗ ਸੀ। ਪੰਜਾਬ ਸਰਕਾਰ ਤੇ ਇਸ ਦਾ 'ਪੰਥ ਰਤਨ' ਦੇ ਖਿਤਾਬ ਵਾਲਾ ਮੁੱਖ ਮੰਤਰੀ ਹਰ ਕਿਸੇ ਤਕਰੀਰ ਦੇ ਨਿਸ਼ਾਨੇ ਉਤੇ ਸਨ। ਖਾਲਿਸਤਾਨੀ ਦੌਰ ਵੇਲੇ ਤਕਰੀਰਾਂ ਵਿਚ ਪੰਜਾਬੀ ਬੋਲਦੇ ਇਲਾਕਿਆਂ ਅਤੇ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਜਿਹੜੀ ਚਰਚਾ ਚੱਲਿਆ ਕਰਦੀ ਸੀ, ਉਹ ਇਸ ਵਾਰ ਨਹੀਂ ਸੁਣੀ ਗਈ ਤੇ ਉਸ ਦੀ ਥਾਂ ਦਰਿਆਵਾਂ ਨੂੰ ਪੁੱਟ ਕੇ ਕੱਢੀ ਜਾ ਰਹੀ ਰੇਤ-ਬੱਜਰੀ ਦੀ ਚਰਚਾ ਤਕਰੀਰਾਂ ਦਾ ਹਿੱਸਾ ਬਣਨ ਲੱਗ ਪਈ। ਰੇਤ-ਬੱਜਰੀ ਦਾ ਰੌਲਾ ਅੱਜ-ਕੱਲ੍ਹ ਕਿਸੇ 'ਦਿੱਲੀ ਦਰਬਾਰ' ਦੇ ਖਿਲਾਫ ਨਹੀਂ ਪੈਂਦਾ। ਸਾਫ ਹੈ ਕਿ ਓਨਾ ਮੁੱਦਾ ਉਥੇ ਸਿੱਖੀ ਦਾ ਨਹੀਂ, ਜਿੰਨਾ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਹਰ ਖੇਤਰ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਸ਼ਹਿ ਦੇਣ ਤੇ ਹਲਕਾ ਇੰਚਾਰਜਾਂ ਰਾਹੀਂ ਇਸ ਕਾਰੋਬਾਰ ਨੂੰ ਕਾਰਪੋਰੇਟਾਈਜ਼ ਕਰ ਦੇਣ ਦੇ ਖਿਲਾਫ ਸੀ। ਪੰਜਾਬ ਸਰਕਾਰ ਅਤੇ ਅਕਾਲੀ ਲੀਡਰਸ਼ਿਪ ਇਸ ਨੂੰ ਵੇਲੇ ਸਿਰ ਸਮਝ ਨਹੀਂ ਸਕੀ।

ਹੁਣ ਪੰਜਾਬ ਦੀ ਰਾਜਨੀਤੀ ਜਿਸ ਮੋੜ ਉਤੇ ਆਣ ਪਹੁੰਚੀ ਹੈ, ਉਥੇ ਹਾਲਾਤ ਨੂੰ ਮੋੜਾ ਦੇ ਸਕਣਾ ਪੰਜਾਬ ਦੀ ਸਰਕਾਰ ਜਾਂ ਅਕਾਲੀ ਲੀਡਰਸ਼ਿਪ ਲਈ ਸੌਖਾ ਨਹੀਂ ਰਹਿ ਗਿਆ। ਮੁੱਖ ਮੰਤਰੀ ਬਾਦਲ ਇਸ ਵਕਤ ਬਹੁਤੇ ਸਰਗਰਮ ਨਹੀਂ ਤੇ ਸਾਰੀ ਸਰਗਰਮੀ ਦੀ ਵਾਗ ਡਿਪਟੀ ਮੁੱਖ ਮੰਤਰੀ ਦੇ ਹੱਥ ਹੈ, ਪਰ ਡਿਪਟੀ ਮੁੱਖ ਮੰਤਰੀ ਦੇ ਆਪਣੇ ਕਦਮ ਇਹੋ ਜਿਹੇ ਉਲਝਾਵੇਂ ਹਨ ਕਿ ਹਾਲਾਤ ਨੂੰ ਵਿਗੜਨ ਤੋਂ ਨਹੀਂ ਬਚਾ ਸਕਦੇ। ਲੰਮਾ ਸੰਘਰਸ਼ ਕਰਨ ਦੇ ਬਾਅਦ ਪ੍ਰਾਪਤ ਕੀਤੇ ਗਏ ਅੱਜ ਵਾਲੇ ਪੰਜਾਬ ਦਾ 'ਪੰਜਾਬ ਦਿਵਸ' ਵਾਲਾ ਸਮਾਗਮ ਹੁਣ ਤੱਕ ਹਰ ਵਾਰ ਮੁੱਖ ਮੰਤਰੀ ਦੀ ਹਾਜ਼ਰੀ ਦਾ ਮੁਥਾਜ ਹੁੰਦਾ ਸੀ, ਇਸ ਵਾਰ ਉਹ ਆਪ ਨਹੀਂ ਆਏ, ਉਪ ਮੁੱਖ ਮੰਤਰੀ ਵੀ ਨਹੀਂ ਆਇਆ ਤੇ ਜਿਹੜੇ ਮੰਤਰੀ ਦੀ ਜ਼ਿਮੇਵਾਰੀ ਉਥੇ ਜਾਣ ਦੀ ਲਾਈ ਗਈ, ਉਹ ਆਖਰੀ ਸਮੇਂ ਰੁਝੇਵੇਂ ਦਾ ਬਹਾਨਾ ਕਰ ਗਿਆ। ਪੰਜਾਬ ਦੇ ਸਮਾਗਮ ਲਈ ਤਾਂ ਆਉਣ ਦੀ ਲੋੜ ਨਹੀਂ ਸਮਝੀ ਤੇ ਹਰਿਆਣੇ ਦੀ ਇਨੈਲੋ ਪਾਰਟੀ ਵੱਲੋਂ ਮਨਾਏ 'ਹਰਿਆਣਾ ਦਿਵਸ' ਸਮਾਗਮ ਵਿਚ ਡਿਪਟੀ ਮੁੱਖ ਮੰਤਰੀ ਨੇ ਹਾਜ਼ਰੀ ਜਾ ਲਵਾਈ। ਇਹ ਉਸ ਪਾਰਟੀ ਦਾ ਸਮਾਗਮ ਸੀ, ਜੋ ਪੰਜਾਬ ਵਿਰੁਧ ਸਦਾ ਸਰਗਰਮ ਰਹੀ ਸੀ ਤੇ ਏਥੋਂ ਲੱਗੇ ਹਰ ਕਿਸੇ ਮੋਰਚੇ ਦੇ ਜਵਾਬ 'ਚ ਉਥੇ ਮੋਰਚਾ ਲਾਉਂਦੀ ਰਹੀ ਸੀ।

ਇਸ ਵੇਲੇ ਅਕਾਲੀ ਲੀਡਰਸ਼ਿਪ ਅੱਕੀਂ-ਪਲਾਹੀਂ ਹੱਥ ਮਾਰਦੀ ਨਜ਼ਰ ਆਉਂਦੀ ਹੈ। ਉਸ ਦੀ ਟੇਕ ਪੁਲਿਸ ਅਤੇ ਪ੍ਰਸ਼ਾਸਨ ਦੇ ਕੁਝ ਅਫਸਰਾਂ ਉਤੇ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਪੰਜਾਬ ਵਿਧਾਨ ਸਭਾ ਵਿਚ ਕੀਤੇ ਹੋਏ ਉਸ ਭਾਸ਼ਣ ਦਾ ਵੀ ਚੇਤਾ ਨਹੀਂ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਅਫਸਰ ਕਿਸੇ ਦੇ ਮਿੱਤ ਨਹੀਂ ਹੁੰਦੇ। ਅਮਰਿੰਦਰ ਸਿੰਘ ਨੂੰ ਉਨ੍ਹਾਂ ਕਿਹਾ ਸੀ ਕਿ ਅਫਸਰ ਹਾਲਾਤ ਦੀ ਨਬਜ਼ ਪਛਾਣਦੇ ਹਨ, ਮੇਰੇ ਵਕਤ ਜਿਵੇਂ ਤੁਹਾਡੇ ਨਾਲ ਨੇੜ ਰੱਖਦੇ ਰਹੇ ਸਨ, ਉਵੇਂ ਹੁਣ ਤੁਹਾਡੇ ਰਾਜ ਵਿਚ ਮੇਰੇ ਨਾਲ ਵੀ ਹੋ ਸਕਦੇ ਹਨ। ਬਾਦਲ ਸਾਹਿਬ ਦੀ ਕਹੀ ਇਹ ਗੱਲ ਉਦੋਂ ਵੀ ਠੀਕ ਸੀ, ਅੱਜ ਵੀ ਲਾਗੂ ਹੁੰਦੀ ਹੈ, ਪਰ ਜਿਸ ਦੇ ਹੱਥ ਇਸ ਵਕਤ ਰਾਜਨੀਤੀ ਦੀ ਕਮਾਨ ਹੈ, ਉਸ ਨੂੰ ਇਸ ਦਾ ਖਿਆਲ ਨਹੀਂ ਜਾਪਦਾ ਤੇ ਜਦੋਂ ਤੱਕ ਖਿਆਲ ਆਵੇਗਾ, ਕਰਨ ਵਾਸਤੇ ਸ਼ਾਇਦ ਬਹੁਤਾ ਕੁਝ ਨਹੀਂ ਬਚੇਗਾ।

ਹਾਲਾਤ ਦੇ ਤਾਜ਼ਾ ਵਹਿਣ ਤੋਂ ਅਸੀਂ ਅਜੇ ਕਾਹਲੀ ਵਿਚ ਇਹੋ ਜਿਹੇ ਸਿੱਟੇ ਕੱਢਣ ਲਈ ਤਿਆਰ ਨਹੀਂ ਹਾਂ ਕਿ ਪੰਜਾਬ ਇੱਕ ਵਾਰ ਫਿਰ ਉਸੇ ਅੰਨ੍ਹੀ ਗਲੀ ਵਿਚ ਫਸ ਚੱਲਿਆ ਹੈ, ਜਿਸ ਵਿਚੋਂ ਬਾਰਾਂ ਸਾਲ ਠੇਡੇ ਖਾ ਕੇ ਨਿਕਲਣ ਦਾ ਸਬੱਬ ਬਣਿਆ ਸੀ। ਫਿਰ ਵੀ ਉਸ ਦੇ ਖਦਸ਼ੇ ਹਨ ਤੇ ਜੇ ਇਨ੍ਹਾਂ ਖਦਸ਼ਿਆਂ ਨੂੰ ਵੇਲੇ ਸਿਰ ਸਮਝਿਆ ਨਾ ਗਿਆ ਤਾਂ ਜਿਹੜੀ ਗੱਲ ਹੁਣ ਅਸੀਂ ਖੜੇ ਪੈਰ ਕਹਿਣ ਤੋਂ ਗੁਰੇਜ਼ ਕਰ ਰਹੇ ਹਾਂ, ਉਹ ਸੱਚ ਵੀ ਸਾਬਤ ਹੋ ਸਕਦੀ ਹੈ।

ਤੰਦੂਰੀਏ, ਕੱਰੀ ਕੁੱਕ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਕੱਰੀ ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

46-48

Flat Rate Funding Group

Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com



We also guarantee $.20 off per gallon at all Flying J and Pilot stations!

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਸਿੱਖ ਸਪੋਰਟਸ ਐਸੋਸੀਏਸ਼ਨ ਦੀ 9ਵੀਂ ਮੈਰਾਥਨ ਨੂੰ ਭਰਵਾਂ ਹੁੰਗਾਰਾ

**ਫਰੀਮਾਂਟ (ਬਿਊਰੋ):** ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂ ਐਸ ਏ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਲੰਘੀ 14 ਨਵੰਬਰ ਨੂੰ ਇਥੇ ਕੁਏਰੀ ਲੇਕ 'ਤੇ 12 ਮੀਲ ਲੰਮੀ 9ਵੀਂ ਗੁਰੂ ਨਾਨਕ ਮੈਰਾਥਨ ਕਰਵਾਈ ਗਈ। ਇਸ ਮੈਰਾਥਨ ਦਾ ਮਕਸਦ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ 'ਸਰਬੱਤ ਦਾ ਭਲਾ' ਲੋਕਾਂ ਤੱਕ ਪਹੁੰਚਾਉਣਾ ਸੀ।

ਮੈਰਾਥਨ ਵਿਚ ਬੇਏਰੀਏ ਦੇ ਫਰੀਮਾਂਟ, ਸੈਨ ਫਰਾਂਸਿਸਕੋ ਤੇ ਹੋਰਨਾਂ ਸ਼ਹਿਰਾਂ ਤੋਂ ਦੌੜਾਕਾਂ ਨੇ ਹਿੱਸਾ ਲਿਆ। ਇਹ ਮੈਰਾਥਨ ਮੈਟ ਜਬਲੋਨਸਕੀ ਨੇ ਇਕ ਘੰਟਾ ਤੇ 9.31 ਮਿੰਟ ਵਿਚ ਪੂਰੀ ਕਰਕੇ ਸਭਨਾਂ ਦੀ ਪ੍ਰਸ਼ੰਸਾ ਖੱਟੀ। ਦੂਜੇ ਨੰਬਰ 'ਤੇ ਆਏ ਦੌੜਾਕ ਕੇਲ ਰੋਬਿਨਸਨ ਨੇ ਇਕ ਘੰਟਾ ਤੇ 14.22 ਮਿੰਟ ਇਹ ਮੈਰਾਥਨ ਪੂਰੀ ਕੀਤੀ।

ਲੜਕੀਆਂ ਵਿਚੋਂ ਸਟਿਫਨੀ ਪੈਨਕੋਸਟ ਨੇ ਇਕ ਘੰਟਾ ਤੇ 22.01 ਮਿੰਟ ਵਿਚ ਦੌੜ ਪੂਰੀ



*ਪਲਵਿੰਦਰ ਸਿੰਘ ਗਾਖਲ*

ਕੀਤੀ ਜਦੋਂਕਿ ਆਇਲਾ ਗਰੈਨਾਡੋਸ ਨੇ ਇਕ ਘੰਟਾ ਤੇ 22.02 ਮਿੰਟ ਅਤੇ ਰਿਡਾ ਚੋ ਨੇ ਇਕ ਘੰਟਾ ਤੇ 35.18 ਮਿੰਟ ਵਿਚ ਦੌੜ ਪੂਰੀ ਕਰ ਕੇ ਵਾਹ ਵਾਹ ਖੱਟੀ।

ਇਸੇ ਤਰ੍ਹਾਂ ਪਲਵਿੰਦਰ ਸਿੰਘ ਗਾਖਲ ਇਕ ਘੰਟਾ ਤੇ 47.31 ਮਿੰਟ ਵਿਚ ਦੌੜ ਪੂਰੀ ਕਰ ਕੇ ਆਪਣੇ ਉਮਰ ਵਰਗ ਵਿਚ ਪਹਿਲੇ ਨੰਬਰ 'ਤੇ ਰਿਹਾ। ਜੇਤੂ ਦੌੜਾਕਾਂ ਨੂੰ ਸੰਸਥਾ ਨੇ ਇਨਾਮ ਦਿਤੇ।

ਲਿਵਿੰਗਸਟਨ ਹਾਈ ਸਕੂਲ ਤੋਂ ਆਏ ਵਾਲੰਟੀਅਰ ਅਤੇ ਦੌੜਾਕਾਂ ਦਾ ਵੀ ਸਿੱਖ ਸਪੋਰਟਸ



ਐਸੋਸੀਏਸ਼ਨ ਦੇ ਚੇਅਰਮੈਨ ਹਰਵਿੰਦਰ ਸਿੰਘ ਧਾਲੀਵਾਲ ਨੇ ਸਨਮਾਨ ਕੀਤਾ। ਲਿਵਿੰਗਸਟਨ ਦੇ ਇਕ ਹੋਰ ਹੋਣਹਾਰ ਬੱਚੇ ਨੂੰ ਸੰਸਥਾ ਵਲੋਂ 1000 ਡਾਲਰ ਦਾ ਸਕਾਲਰਸ਼ਿਪ ਵੀ ਦਿੱਤਾ ਗਿਆ ਜਿਸ ਵਿਚ 500 ਡਾਲਰ ਦਾ ਹਿੱਸਾ ਮਨਰਾਜ ਸਿੰਘ ਨੱਤ ਨੇ ਪਾਇਆ।

ਪ੍ਰਬੰਧਕਾਂ ਵਲੋਂ ਜਾਰੀ ਬਿਆਨ ਅਨੁਸਾਰ ਇਸ ਵਾਰ ਦੀ ਗੁਰੂ ਨਾਨਕ ਮੈਰਾਥਨ ਵਿਚ 96 ਟਰਾਫੀਆਂ, 150 ਮੈਡਲ ਅਤੇ 50 ਗਿਫਟ ਤੇ ਸਰਟੀਫਿਕੇਟ ਦਿੱਤੇ ਗਏ। ਦੌੜ ਵਿਚ ਹੋਰਨਾਂ ਭਾਈਚਾਰਿਆਂ ਦੇ ਜੇਤੂ ਰਹੇ ਦੌੜਾਕਾਂ ਦੇ ਗਲਾਂ ਵਿਚ ਤਮਗੇ ਪਾ ਕੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣਾਂ ਨੇ ਉਨ੍ਹਾਂ ਦੀ ਹੌਸਲਾ ਹਫਜ਼ਾਈ ਕੀਤੀ।

ਇਸ ਮੈਰਾਥਨ ਵਿਚ ਪਹਿਲੇ ਥਾਂ (ਮਰਦਾਂ ਵਿਚੋਂ) ਰਹੇ ਦੌੜਾਕ ਨੂੰ ਅਮੋਲਕ ਸਿੰਘ ਗਾਖਲ ਪਰਿਵਾਰ ਵਲੋਂ ਪਹਿਲਾ ਇਨਾਮ; ਜਗਰਾਜ ਸਿੰਘ ਸਹੋਤਾ ਵਲੋਂ ਦੂਜਾ ਇਨਾਮ ਅਤੇ ਰਾਣਾ ਕਾਹਲੋਂ ਤੇ ਕੁਲਦੀਪ ਸਿੱਧੂ ਪਰਿਵਾਰ ਵਲੋਂ ਤੀਜਾ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਮੈਰਾਥਨ ਜੇਤੂ ਔਰਤਾਂ ਨੂੰ ਪਹਿਲਾ ਇਨਾਮ ਗੁਰਚਰਨ ਸਿੰਘ ਮਾਨ ਪਰਿਵਾਰ ਵਲੋਂ, ਦੂਜਾ ਇਨਾਮ ਹਰਵਿੰਦਰ ਸਿੰਘ ਧਾਲੀਵਾਲ ਪਰਿਵਾਰ ਅਤੇ ਤੀਜਾ ਇਨਾਮ ਅਲੋਕ ਭਾਟੀਆ ਪਰਿਵਾਰ ਵਲੋਂ ਦਿੱਤਾ ਗਿਆ। ਇਨਾਮ ਦੇਣ ਦੀ ਰਸਮ ਇਨਾਮਾਂ ਦੇ ਸਪਾਂਸਰ ਪਰਿਵਾਰਾਂ ਦੇ ਬੱਚਿਆਂ- ਅਮਰਵੀਰ ਗਾਖਲ, ਕੈਨੀ ਕਾਹਲੋਂ, ਡਾ. ਮਨਪ੍ਰੀਤ ਮਾਨ (ਐਮ ਡੀ), ਅਟਾਰਨੀ ਅੰਮ੍ਰਿਤਾ ਧਾਲੀਵਾਲ, ਵਿਨੋਦ ਭਾਟੀਆ, ਪਰਮਵੀਰ ਗਾਖਲ, ਅਮਨ ਮਾਂਗਟ ਤੇ ਹੋਰ ਬੱਚਿਆਂ ਨੇ ਦਿਤੇ। ਲੰਗਰ ਦਾ ਪ੍ਰਬੰਧ ਲਛਮਣ ਸਿੰਘ ਮਾਂਗਟ ਪਰਿਵਾਰ ਵਲੋਂ ਸੀ।

















## ਸਿੱਖ ਚੇਤਨਾ ਤੇ ਪ੍ਰਸ਼ੰਸਾ ਦਿਨ ਮਨਾਇਆ

**ਸੈਕਰਾਮੈਂਟੋ (ਬਿਊਰੋ):** ਇਥੇ ਸਾਊਥਗੇਟ ਟਾਊਨ ਐਂਡ ਟੈਰੇਸ ਹੋਸਜ਼ (ਚੰਡੀਗੜ੍ਹ ਅਪਰਾਟਮੈਂਟਸ) ਦੇ ਪੰਜਾਬੀ ਤੇ ਸਿੱਖ ਭਾਈਚਾਰੇ ਵਲੋਂ ਲੰਘੀ ਤਿੰਨ ਨਵੰਬਰ ਨੂੰ 'ਸਿੱਖ ਅਵੇਰਨੈਸ ਐਂਡ ਐਪਰੀਸੀਏਸ਼ਨ' (ਸਿੱਖ ਚੇਤਨਾ ਤੇ ਪ੍ਰਸ਼ੰਸਾ) ਦਿਨ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਸਟੇਟ ਲੈਜਿਸਲੇਚਰ ਵਲੋਂ ਮਤਾ ਨੰਬਰ 147 ਪਾਸ ਕੀਤਾ ਗਿਆ ਹੈ ਕਿ ਹਰ ਸਾਲ ਨਵੰਬਰ ਦਾ ਮਹੀਨਾ ਸਿੱਖਾਂ ਦੀ ਪਹਿਚਾਣ ਅਤੇ ਪ੍ਰਸ਼ੰਸਾ ਵਜੋਂ ਮਨਾਇਆ ਜਾਵੇਗਾ।

ਭਾਈਚਾਰੇ ਦੇ ਪਤਵੰਤੇ ਸੱਜਣਾਂ ਦੇ ਕਰੀਬ 25 ਮੈਂਬਰਾਂ ਨੇ ਸਵੇਰੇ 8 ਤੋਂ 9 ਵਜੇ ਤੱਕ ਸੀ ਆਰ ਸੀ ਜਾਂਦੇ ਵਿਦਿਆਰਥੀਆਂ, ਪ੍ਰੋਫੈਸਰਾਂ ਅਤੇ ਆਮ ਲੋਕਾਂ ਨੂੰ 'ਹੂ ਆਰ ਦਾ ਸਿੱਖਸ' (ਸਿੱਖ ਕੌਣ ਹਨ) ਦੇ ਕਿਤਾਬਦੇ ਵੰਡੇ, ਜਿਨ੍ਹਾਂ ਵਿਚ ਸਿੱਖਾਂ ਦਾ ਪਿਛੋਕੜ, ਉਨ੍ਹਾਂ ਦੀ ਅਮਰੀਕਾ ਵਿਚ ਆਮਦ ਅਤੇ ਧਰਮ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਸੀ। ਭਾਈਚਾਰੇ ਦੇ ਮੈਂਬਰਾਂ ਨੇ ਹੱਥਾਂ ਵਿਚ ਵੱਡੇ ਵੱਡੇ ਬੈਨਰ ਫੜ੍ਹੇ ਹੋਏ ਸਨ ਜਿਨ੍ਹਾਂ ਉਤੇ 'ਸਿੱਖ ਅਵੇਅਰਨੈਸ ਮੰਥ' ਲਿਖਿਆ ਹੋਇਆ ਸੀ। ਲੋਕਾਂ ਨੇ ਇਸ ਉਦਮ ਪ੍ਰਤੀ ਬੜਾ ਉਤਸ਼ਾਹ ਵਿਖਾਇਆ।

ਇਕ ਤੋਂ ਇਲਾਵਾ ਐਲਕ ਗਰੂਵ ਯੂਨਾਈਟਿਡ ਸਕੂਲ ਡਿਸਟ੍ਰਿਕਟ ਨੇ ਵੀ ਆਪਣੀ ਬੋਰਡ ਮੀਟਿੰਗ ਵਿਚ ਨਵੰਬਰ ਮਹੀਨੇ ਨੂੰ ਸਿੱਖ ਚੇਤਨਾ ਤੇ ਪ੍ਰਸ਼ੰਸਾ ਮਹੀਨੇ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ।

# ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਗਦਰੀ ਮੇਲਾ

**ਸੈਕਰਾਮੈਂਟੋ (ਐਸ ਅਸ਼ੋਕ ਭੌਰਾ):** ਗਦਰ ਲਹਿਰ ਨੂੰ ਅਸਲ ਲੀਹਾਂ ਪ੍ਰਦਾਨ ਕਰਨ ਲਈ ਕੈਲੀਫੋਰਨੀਆ ਦੇ ਸ਼ਹਿਰ ਸੈਨ ਫਰਾਂਸਿਸਕੋ ਤੋਂ ਗਦਰ ਅਖਬਾਰ ਚਲਾਉਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਗਦਰੀ ਬਾਬਿਆਂ ਦਾ ਮੇਲਾ ਇਥੇ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ ਵਲੋਂ ਲੰਘੇ ਐਤਵਾਰ ਨੂੰ ਕਰਵਾਇਆ ਗਿਆ। ਮੇਲੇ ਦੇ ਪ੍ਰਧਾਨਗੀ ਮੰਡਲ ਵਿਚ ਮੁਲਖ ਰਾਜ ਸ਼ਰਮਾ, ਸੁਰਜੀਤ ਸਿੰਘ ਅਟਵਾਲ, ਪਰਮਜੀਤ ਸਿੰਘ ਜੌਹਲ, ਰਵਿੰਦਰ ਜੌਹਲ, ਅਮਰਜੀਤ ਸਿੰਘ ਕੰਦੋਲਾ, ਸਨੀ ਸਮਰਾ ਅਤੇ ਟਹਿਲ ਸਿੰਘ ਥਾਂਦੀ ਸੁਸ਼ੋਭਿਤ ਸਨ ਜਿਨ੍ਹਾਂ ਨੇ ਇਸ ਮੇਲੇ ਨੂੰ ਸੰਪੂਰਨਤਾ ਪ੍ਰਦਾਨ ਕਰਨ ਵਿਚ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ।

ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰਿੰਸੀਪਲ ਨਿਰੰਜਣ ਸਿੰਘ ਢੇਸੀ ਨੇ ਗਦਰ ਲਹਿਰ ਬਾਰੇ ਬੋਲਦਿਆਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਜਿਸ ਭਾਵਨਾ ਅਤੇ ਉਡੀਕ ਵਿਚ ਭਾਰਤ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਨੇ ਆਪਣਾ ਬਲੀਦਾਨ ਦਿੱਤਾ ਅਸੀਂ ਉਨ੍ਹਾਂ ਸੁਪਨਿਆਂ 'ਤੇ ਪੂਰਾ ਉਤਰਨਾ ਤਾਂ ਦੂਰ ਦੀ ਗੱਲ, ਨੇੜੇ ਵੀ ਖਲੋਣ ਦੇ ਸਮਰੱਥ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਘੱਟੋ ਘੱਟ ਗਦਰੀ ਬਾਬਿਆਂ ਦੇ ਅਜਿਹੇ ਦਿਹਾੜੇ ਮਨਾਉਣ ਵਾਲੇ ਸਮੇਂ ਹੀ ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਹੁਣ ਤੋਂ ਹੀ ਦੇਸ਼ ਦੇ ਸ਼ਹੀਦਾਂ ਦੀ ਕੁਰਬਾਨੀ ਪ੍ਰਤੀ ਵਫਾਦਾਰ ਬਣ ਸਕੀਏ।

ਉਘੇ ਲੇਖਕ ਅਤੇ ਚਿੰਤਕ ਡਾ. ਗੁਰੂਮੇਲ ਸਿੱਧੂ ਨੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸਾਰੇ ਸ਼ਹੀਦਾਂ ਦੇ ਮਿਸ਼ਨ ਦੀ ਗੱਲ ਕਰਦਿਆਂ ਉਨ੍ਹਾਂ ਦੇ ਸੰਕਲਪ ਨੂੰ ਮੁੜ ਅਪਨਾਉਣ 'ਤੇ ਜ਼ੋਰ ਦਿੱਤਾ। ਕੈਨੇਡਾ ਦੀ ਸਾਬਕਾ ਪਾਰਲੀਮੈਂਟ ਮੈਂਬਰ ਸ਼੍ਰੀਮਤੀ ਜਿਨੀ ਸਿਮਸ ਨੇ ਕਿਹਾ ਕਿ ਘੱਟੋ ਘੱਟ ਆਪਣੀ ਧੀ ਦੀ ਡੋਲੀ ਤੋਰਨ ਵੇਲੇ ਇਸ ਵਿਚਾਰਧਾਰਾ ਨੂੰ ਜ਼ਰੂਰ ਤੋੜਨਾ ਚਾਹੀਦਾ ਹੈ ਕਿ ਧੀ ਬੇਗਾਨੇ ਘਰ ਜਾ ਰਹੀ ਹੈ। ਉਨ੍ਹਾਂ ਨੇ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਇਸ ਯਤਨ ਨੂੰ ਸਰਾਹਿਆ ਤੇ ਕਿਹਾ ਕਿ ਉਹ ਆਉਣ ਵਾਲੇ ਸਾਲਾਂ ਵਿਚ ਇਸ ਮੇਲੇ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੰਦੇ ਰਹਿਣਗੇ ਤਾਂ ਜੋ ਗਦਰੀ ਬਾਬਿਆਂ ਦੀ ਯਾਦ ਨੂੰ ਚਿਰ ਸਦੀਵੀ ਇਤਿਹਾਸ ਵਾਂਗ ਜਿਊਂਦਾ ਰੱਖਿਆ ਜਾ ਸਕੇ।



ਇਸ ਮੌਕੇ ਆਪਣਾ ਸੰਗੀਤ ਦੇ ਅਨੂਪ ਚੀਮਾ ਅਤੇ ਤਰਲੋਕ ਸਿੰਘ, ਗਾਇਕ ਪੰਮੀ ਮਾਨ ਨੇ ਵੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਗੀਤ ਪੇਸ਼ ਕੀਤੇ। ਮੇਲੇ ਦੇ ਮੁੱਖ ਪ੍ਰਬੰਧਕਾਂ ਸੁਰਜੀਤ ਸਿੰਘ ਅਟਵਾਲ, ਕੁਲਦੀਪ ਅਟਵਾਲ, ਸਾਬਕਾ ਐਮ ਪੀ ਜਿਨੀ ਸਿਮਸ ਅਤੇ ਨਿਰੰਜਣ ਸਿੰਘ ਢੇਸੀ ਨੇ ਮੀਡੀਆ ਨਾਲ ਗੱਲ ਕਰਦਿਆਂ ਇਸ ਗਦਰੀ ਮੇਲੇ ਦਾ ਮਾਣਮੱਤਾ ਇਤਿਹਾਸ ਦਰਸ਼ਕਾਂ ਨਾਲ ਸਾਂਝਾ ਕੀਤਾ। ਅਟਵਾਲ ਭਰਾਵਾਂ ਨੇ ਕਿਹਾ ਕਿ ਉਹ ਮੁੱਢ ਤੋਂ ਹੀ ਇਨ੍ਹਾਂ ਬਾਬਿਆਂ ਨੂੰ ਆਪਣੇ ਮਨ ਵਿਚ ਵਸਾਈ ਬੈਠੇ ਹਨ ਜਿਨ੍ਹਾਂ ਨੇ ਸਮੁੱਚੇ ਭਾਰਤੀ ਲੋਕਾਂ ਨੂੰ ਖੁੱਲ੍ਹੀ ਆਬੋ ਹਵਾ ਵਿਚ ਸਾਹ ਲੈਣ ਦੇ ਯੋਗ ਬਣਾਉਣ ਲਈ ਦੇਸ਼ ਤੋਂ ਆਪਾ ਵਾਰ ਦਿੱਤਾ।


ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ ਦੇ ਨਿਰਦੇਸ਼ਨ ਹੇਠ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਦੇ ਮੰਚਨ ਨੂੰ ਮੇਲੇ ਦੀ ਆਖਰੀ ਆਈਟਮ ਵਜੋਂ ਪੇਸ਼ ਕੀਤਾ ਗਿਆ। ਪੰਜਵੀਂ ਵਾਰ ਕੈਲੀਫੋਰਨੀਆ ਦੀ ਧਰਤੀ 'ਤੇ ਖੇਡਿਆ ਜਾਣ ਵਾਲਾ ਇਹ ਨਾਟਕ ਪਰਵਾਸ ਦੀ ਤ੍ਰਾਸਦੀ ਅਤੇ ਵਿਦੇਸ਼ਾਂ ਵਿਚ ਸੰਘਰਸ਼ਮਈ ਜ਼ਿੰਦਗੀ ਨੂੰ ਬਿਆਨ ਕਰਦਾ ਹੈ। ਸਾਰੇ ਅਦਾਕਾਰਾਂ ਦੀ ਅਦਾ ਨੇ ਵੱਡੀ ਗਿਣਤੀ ਵਿਚ ਆਏ ਦਰਸ਼ਕਾਂ ਦਾ ਮਨ ਮੋਹ ਲਿਆ ਅਤੇ ਕਈ ਥਾਈਂ ਅੱਖਾਂ ਵੀ ਨਮ ਕਰ ਦਿੱਤੀਆਂ।

ਗਦਰ ਮੈਮੋਰੀਆਲ ਫਾਊਂਡੇਸ਼ਨ ਵਲੋਂ ਜਿਨ੍ਹਾਂ ਪ੍ਰਮੁੱਖ ਹਸਤੀਆਂ ਦਾ ਸਨਮਾਨ ਕੀਤਾ ਗਿਆ, ਉਨ੍ਹਾਂ ਵਿਚ ਰੋਜ਼ਵਿਲ ਗੁਰੂਘਰ ਦੇ ਪ੍ਰਧਾਨ ਅਤੇ ਸਮੁੱਚੀ ਪ੍ਰਬੰਧਕ ਕਮੇਟੀ, ਅਟਾਰਨੀ ਜੈਸੀ ਅਟਵਾਲ, ਅਟਾਰਨੀ ਅਮਰ ਸ਼ੇਰਗਿੱਲ, ਮੁਲਖ ਰਾਜ ਸ਼ਰਮਾ, ਜਿਨੀ ਸਿਮਸ, ਪਰਮਜੀਤ ਜੌਹਲ, ਰਵਿੰਦਰ ਜੌਹਲ ਅਤੇ ਅਮਰਜੀਤ ਕੰਦੋਲਾ ਸ਼ਾਮਿਲ ਸਨ।

ਪ੍ਰਬੰਧਕਾਂ ਵਲੋਂ ਉਚੇਚੇ ਤੌਰ 'ਤੇ ਪ੍ਰੋ. ਮੱਖਣ ਸਿੰਘ ਸੰਧੂ ਸੈਕਰਾਮੈਂਟੋ, ਮੱਖਣ ਸਿੰਘ ਸੋਢੀ ਫੌਲਸਮ, ਸੁਰਿੰਦਰ ਸਿੰਘ ਸੇਖੋਂ ਤੇ ਬੀਬੀ ਜੋਗਿੰਦਰ ਕੌਰ ਸੇਖੋਂ, ਡਾ. ਬਿੰਦਰਾ, ਭੁਪਿੰਦਰ ਸਿੰਘ ਸਹੋਤਾ, ਗੁਰਸੰਤ ਸਿੰਘ ਗਰੇਵਾਲ, ਪ੍ਰਿੰ. ਰਾਜਪਾਲ ਸਿੰਘ, ਗੁਰਬੀਰ ਸਿੰਘ ਖੰਗੂੜਾ, ਬਹਾਦਰ ਸਿੰਘ ਚੀਮਾ, ਪਰਮਜੀਤ ਭੁੱਟਾ ਅਤੇ ਕੇਵਲ ਬੋਲੀਨਾ ਦਾ ਮੇਲੇ 'ਚ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਕੁਲਦੀਪ ਸਿੰਘ ਅਟਵਾਲ, ਵਾਈਸ ਚੇਅਰਮੈਨ ਯਾਦਵਿੰਦਰ ਸਿੰਘ ਹੈਪੀ, ਪ੍ਰਧਾਨ ਸੁਰਜੀਤ ਸਿੰਘ ਅਟਵਾਲ, ਮੀਤ ਪ੍ਰਧਾਨ ਸਤਵੀਰ ਸਿੰਘ ਬਾਜਵਾ ਤੇ ਜਰਨੈਲ ਸਿੰਘ ਮੰਡੇਰ, ਸਕੱਤਰ ਜਗਜੀਤ ਸਿੰਘ ਕੰਦੋਲਾ ਤੇ ਰਵਿੰਦਰ ਰਵੀ, ਹਰਪਾਲ ਸਿੰਘ ਮਾਨ, ਸਤਿੰਦਰਪਾਲ ਸਿੰਘ ਸਰਹੱਦੀ; ਡਾਇਰੈਕਟਰ-ਜਥੇਦਾਰ ਬਲਵੀਰ ਸਿੰਘ ਗਿੱਲ, ਗਗਨਦੀਪ ਸਿੰਘ ਬਾਵਾ, ਬਲਦੇਵ ਸਿੰਘ ਬੋਲੀਨਾ, ਅਵਤਾਰ ਸਿੰਘ ਢਿੱਲੋਂ ਅਤੇ ਅਮਨ ਢਿੱਲੋਂ ਵੀ ਹਾਜ਼ਰ ਸਨ। ਗਦਰ ਲਹਿਰ ਨਾਲ ਜੁੜੀਆਂ ਸੰਸਥਾਵਾਂ 'ਚੋਂ ਮਹਿੰਦਰ ਸਿੰਘ ਸਰਪੰਚ, ਸੁਰਿੰਦਰ ਮੰਢਾਲੀ ਅਤੇ ਅਵਤਾਰ ਸਿੰਘ ਤਾਰੀ ਨੇ ਵੀ ਹਾਜ਼ਰੀ ਭਰੀ। ਨਾਟਕ ਦੀ ਸਮਾਪਤੀ 'ਤੇ ਕੋਚ ਪਰਮਜੀਤ ਦੀ ਅਗਵਾਈ ਹੇਠ ਪ੍ਰੋਗਰਾਮ ਦੇ ਆਖਰ ਵਿਚ ਪੇਸ਼ ਕੀਤਾ ਗਿਆ ਭੰਗੜਾ ਮੇਲੇ ਦੀ ਸੰਗੀਤਕ ਸਫਲਤਾ ਦਾ ਸਿਖਰ ਸੀ। ਮੰਚ ਸੰਚਾਲਨ ਆਸ਼ਾ ਸ਼ਰਮਾ ਨੇ ਬਾਖੂਬੀ ਕੀਤਾ।

ਮੇਲੇ ਦੌਰਾਨ ਚਾਹ ਪਾਣੀ ਅਤੇ ਲੰਗਰ ਦੀ ਸੇਵਾ ਤੋਂ ਸਿਵਾ ਅਟਵਾਲ ਭਰਾਵਾਂ ਨੇ ਫਰੂਟ ਦੀ ਸੇਵਾ ਕੀਤੀ।























# ਵਿਦੇਸ਼ ਮੰਤਰਾਲੇ ਦੇ ਅਫਸਰਾਂ ਵਲੋਂ ਗਦਰ ਮੈਮੋਰੀਅਲ ਹਾਲ ਦਾ ਦੌਰਾ

**ਸੈਨ ਫਰਾਂਸਿਸਕੋ (ਬਿਊਰੋ):** ਭਾਰਤ ਸਰਕਾਰ ਦੇ ਮਨਿਸਟਰੀ ਆਫ ਓਵਰਸੀਜ਼ ਇੰਡੀਅਨ ਅਫੇਅਰਜ਼ ਦੇ ਦੋ ਸੀਨੀਅਰ ਅਫਸਰਾਂ-ਸੈਕਟਰੀ ਅਨਿਲ ਕੁਮਾਰ ਅਗਰਵਾਲ ਅਤੇ ਜੁਆਇੰਟ ਸੈਕਟਰੀ ਟੀ ਕੇ ਮਨੋਜ ਕੁਮਾਰ ਨੇ ਗਦਰ ਮੈਮੋਰੀਅਲ ਹਾਲ ਸੈਨ ਫਰਾਂਸਿਸਕੋ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ ਦੇ ਆਗੂਆਂ ਨਾਲ ਗਦਰ ਮੈਮੋਰੀਅਲ ਹਾਲ ਦੀ ਨਵੀਂ ਇਮਾਰਤ ਸਬੰਧੀ ਗੱਲਬਾਤ ਕੀਤੀ। ਇਨ੍ਹਾਂ ਅਫਸਰਾਂ ਨੂੰ ਚੇਅਰਮੈਨ ਮਦਨ ਲਾਲ ਸ਼ਰਮਾ, ਸਕੱਤਰ ਜਨਕ ਰਾਜ ਸਿਧਰਾ, ਚਰਨ ਸਿੰਘ ਜੱਜ ਅਤੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਦਾ ਚਾਰ ਮੈਂਬਰੀ ਵਫਦ ਉਸੇ ਹਾਲ ਵਿਚ ਮਿਲਿਆ। ਅਫਸਰਾਂ ਨਾਲ ਦੋ ਘੰਟੇ ਹਾਲ ਦੀ ਨਵੀਂ ਬਿਲਡਿੰਗ ਬਣਨ ਬਾਰੇ ਗੱਲਬਾਤ ਚੱਲਦੀ ਰਹੀ।

ਜਥੇਬੰਦੀ ਦੇ ਆਗੂਆਂ ਨੇ ਹਾਲ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਕਿ ਇਸੇ ਹਾਲ ਵਿਚੋਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੀ ਪਹਿਲੀ ਜੋਤ ਜਗੀ ਸੀ। ਇਹ ਵੀ ਦੱਸਿਆ ਗਿਆ ਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ 2013 ਵਿਚ ਇਸ ਨਵੀਂ ਬਿਲਡਿੰਗ ਦੀ ਸਾਰੀ ਰਕਮ ਬਜਟ ਵਿਚ ਰਾਖਵੀਂ ਰੱਖ ਕੇ ਪਾਸ ਕੀਤੀ ਹੋਈ ਹੈ। ਇਹ ਵੀ ਦੱਸਿਆ ਕਿ ਜਥੇਬੰਦੀ ਨੇ ਕੌਂਸਲ ਜਨਰਲ ਵੈਂਕਟੇਸ਼ਨ ਅਸ਼ੋਕ ਰਾਹੀਂ ਮੌਜੂਦਾ ਸਰਕਾਰ ਨੂੰ ਦੋ ਵਾਰ ਮੈਮੋਰੰਡਮ ਵੀ ਭੇਜੇ ਹਨ।

ਇਸ ਉਪਰੰਤ ਅਫਸਰਾਂ ਨੇ ਬਿਲਡਿੰਗ ਦੀਆਂ ਫੋਟੋਆਂ ਅਤੇ ਰਕਬੇ ਦੀ ਜਾਣਕਾਰੀ ਵੀ ਹਾਸਲ ਕੀਤੀ। ਅਫਸਰਾਂ ਨੂੰ ਦੱਸਿਆ ਗਿਆ ਕਿ ਬਿਲਡਿੰਗ ਦੀਆਂ ਚਾਰ ਮੰਜ਼ਿਲਾਂ ਦਾ ਨਕਸ਼ਾ ਵੀ ਕੇਂਦਰੀ ਸਰਕਾਰ ਵਲੋਂ ਪਾਸ ਹੈ ਜਿਸ ਮੁਤਾਬਕ ਪਹਿਲੀ ਮੰਜ਼ਿਲ 'ਤੇ ਕਾਰ ਪਾਰਕਿੰਗ, ਦੂਜੀ ਮੰਜ਼ਿਲ 'ਤੇ ਮਿਊਜ਼ੀਅਮ, ਤੀਜੀ 'ਤੇ ਲਾਇਬਰੇਰੀ ਅਤੇ ਚੌਥੀ 'ਤੇ ਕਲਚਰਲ ਸੈਂਟਰ ਬਣਨਾ ਹੈ।

ਅਫਸਰਾਂ ਨੇ ਨਵੀਂ ਇਮਾਰਤ ਬਣਨ ਬਾਰੇ ਕੇਂਦਰ ਸਰਕਾਰ ਦੇ ਧਿਆਨ ਵਿਚ ਲਿਆ ਕੇ ਭਾਰਤ ਤੋਂ ਰਕਮ ਭੇਜਣ ਦੀ ਹਾਮੀ ਭਰੀ। ਇਸ ਸਾਰੇ ਕਾਰਜ ਦੀ ਕਾਰਵਾਈ ਕੌਂਸਲ (ਕਲਚਰ ਅਤੇ ਸੂਚਨਾ) ਵੈਂਕਟਾਰਮਨ ਰਾਹੀਂ ਨੇਪਰੇ ਚਾੜ੍ਹੀ ਗਈ।




## ਗੁਰਪੁਰਬ ਸਬੰਧੀ ਸਮਾਗਮ 29 ਨੂੰ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ (7616 ਪਾਵਰਇਨ ਰੋਡ) ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 29 ਨਵੰਬਰ, ਐਤਵਾਰ ਨੂੰ ਮਨਾਇਆ ਜਾਵੇਗਾ।

ਇਸ ਮੌਕੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਦੇ ਯਤਨਾਂ ਨਾਲ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਦਿਲਬੀਰ ਸਿੰਘ ਨਿੱਝਰ ਅਤੇ ਸਕੱਤਰ ਜੋਤੀ ਸਿੰਘ ਦੀ ਅਗਵਾਈ ਵਿਚ ਇਕ ਵਿਸ਼ੇਸ਼ ਕਵੀ ਦਰਬਾਰ ਵੀ ਹੋਵੇਗਾ ਜਿਸ ਵਿਚ ਗੁਰੂ ਜੀ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵਿਖਿਆਨ ਹੋਵੇਗਾ।

ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ ਦੇ ਸੰਚਾਲਕ ਸ. ਕਸ਼ਮੀਰਾ ਸਿੰਘ ਆਏ ਕਵੀਆਂ ਨੂੰ ਗੁਰੂ ਘਰ ਦੀ ਤਰਫੋਂ ਸਿਰਪਾਓ ਭੇਟ ਕਰਨਗੇ। ਚੇਤੇ ਰਹੇ, ਇਸ ਗੁਰੂ ਘਰ ਦੇ ਬਾਨੀ ਬਾਬਾ ਮਾਨ ਸਿੰਘ ਪਿਹੋਵੇ ਵਾਲੇ ਹਨ।

## ਗਾਖਲ ਭਰਾ ਭਾਰਤ ਵਿਚ ਹੋਰ ਗੋਲਡ ਜਿਮ ਖੋਲ੍ਹਣਗੇ


**ਸੈਨ ਫਰਾਂਸਿਸਕੋ (ਐਸ ਅਸ਼ੋਕ ਭੌਰਾ):** ਟਰੱਕਿੰਗ ਅਤੇ ਮੋਟਲ ਦੇ ਕਾਰੋਬਾਰ ਦੇ ਨਾਲ ਨਾਲ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਦਿੱਲੀ ਅਤੇ ਪੰਜਾਬ ਵਿਚ ਗੋਲਡ ਜਿਮ ਵੀ ਚਲਾ ਰਹੇ ਹਨ, ਜਲਦ ਹੀ ਭਾਰਤ ਵਿਚ ਦੋ ਹੋਰ ਗੋਲਡ ਜਿਮ ਖੋਲ੍ਹਣਗੇ।

ਗਾਖਲ ਭਰਾਵਾਂ ਦਾ ਕਬੱਡੀ ਨਾਲ ਵੀ ਨੇੜਲਾ ਰਿਸ਼ਤਾ ਰਿਹਾ ਹੈ ਤੇ ਅਮੋਲਕ ਸਿੰਘ ਗਾਖਲ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਵੀ ਹਨ। ਉਨ੍ਹਾਂ ਦੀ ਅਗਵਾਈ ਹੇਠ ਅਮਰੀਕਾ ਵਿਚ ਛੇ ਵੱਡੇ ਕਬੱਡੀ ਕੱਪ ਵੀ ਹੋ ਚੁੱਕੇ ਹਨ। ਇਸੇ ਕਰਕੇ ਦਿੱਲੀ, ਜਲੰਧਰ, ਲੁਧਿਆਣਾ ਅਤੇ ਮੋਹਾਲੀ ਵਿਚ ਸਿਹਤ ਸੰਭਾਲ ਦੀ ਰੁਚੀ ਨੂੰ ਪ੍ਰਫੁੱਲਤ ਕਰਨ ਲਈ ਉਨ੍ਹਾਂ ਵਲੋਂ ਗੋਲਡ ਜਿਮ ਚਲਾਏ ਜਾ ਰਹੇ ਹਨ।

ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਲੁਧਿਆਣੇ ਵਿਚਲੇ ਗੋਲਡ ਜਿਮ ਦੀ ਉਨ੍ਹਾਂ ਦੀ ਪੰਜਾਬ ਸਰਕਾਰ ਪ੍ਰਤੀ ਨਾਰਾਜ਼ਗੀ ਪਾਰਲੀਮਾਨੀ ਸਕੱਤਰ ਪਵਨ ਕੁਮਾਰ ਟੀਨੂੰ ਦੇ ਸਹਿਯੋਗ ਨਾਲ ਦੂਰ ਹੋ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੋਲਡ ਜਿਮ ਨੂੰ ਨਵੇਂ ਪ੍ਰਬੰਧਕ ਅਤੇ ਅਤਿ ਆਧੁਨਿਕ ਸਾਜ਼ੋ ਸਾਮਾਨ ਵੀ ਮੁਹੱਈਆ ਕੀਤਾ ਜਾ ਰਿਹਾ ਹੈ। ਐਨ ਆਰ ਆਈ ਭਰਾਵਾਂ ਪ੍ਰਤੀ ਸਰਕਾਰ ਦੇ ਹਾਂ-ਪੱਖੀ ਰੁਖ ਨਾਲ ਪਰਵਾਸੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਉਤਸ਼ਾਹ ਮਿਲੇਗਾ। ਉਨ੍ਹਾਂ ਪਵਨ ਕੁਮਾਰ ਟੀਨੂ ਦਾ ਇਸ ਭਰੋਸੇ ਲਈ ਧੰਨਵਾਦ ਕੀਤਾ ਕਿ ਭਵਿੱਖ ਵਿਚ ਉਨ੍ਹਾਂ ਦੇ ਕਾਰੋਬਾਰ ਵਿਚ ਪ੍ਰਸ਼ਾਸਨਿਕ ਤੇ ਰਾਜਨੀਤਕ ਤੌਰ 'ਤੇ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ। ਅਜਿਹਾ ਹੋਣ ਨਾਲ ਗਾਖਲ ਭਰਾਵਾਂ ਦੇ ਚਿਹਰਿਆਂ 'ਤੇ ਮੁੜ ਰੌਣਕ ਹੀ ਨਹੀਂ ਪਰਤੀ ਸਗੋਂ ਉਨ੍ਹਾਂ ਪੰਜਾਬ ਅੰਦਰ ਆਪਣੇ ਨਿਵੇਸ਼ ਨੂੰ ਵੀ ਵਧਾਉਣ ਦਾ ਫੈਸਲਾ ਲਿਆ ਹੈ।

## ਗੀਤਕਾਰ ਅਲਮਸਤ ਦੇਸਰਪੁਰੀ ਅਮਰੀਕਾ 'ਚ

**ਯੂਨੀਅਨ ਸਿਟੀ (ਐਸ ਅਸ਼ੋਕ ਭੌਰਾ):** ਫੱਕਰ ਤਬੀਅਤ ਕਰਕੇ ਜਾਣੇ ਜਾਂਦੇ ਨਾਮਵਰ ਪੰਜਾਬੀ ਸ਼ਾਇਰ ਗੁਰਦਿਆਲ ਅਲਮਸਤ ਦੇਸਰਪੁਰੀ ਅੱਜਕਲ ਅਮਰੀਕਾ ਦੌਰੇ 'ਤੇ ਹਨ



ਅਤੇ ਇਥੇ ਗਾਇਕ ਸੁਲਤਾਨ ਅਖਤਰ ਕੋਲ ਠਹਿਰੇ ਹੋਏ ਹਨ।

'ਬਾਜਾਂ ਵਾਲਾ 'ਵਾਜਾਂ ਮਾਰਦਾ, ਸਿੰਘਾਂ ਨੂੰ ਮੈਦਾਨ ਵਿਚ ਖੜ੍ਹ ਕੇ' ਅਤੇ 'ਖੇੜਿਆਂ ਨੂੰ ਲਈ ਜਾਂਦਾ ਏ, ਕੋਈ ਪੁੱਟ ਕੇ ਸਿਆਲੋਂ ਬੂਟਾ' ਗਾਇਕ ਹੰਸ ਰਾਜ ਦੇ ਗਾਏ ਗੀਤ ਉਸ ਦੀਆਂ ਅਮਰ ਰਚਨਾਵਾਂ ਹਨ। ਅਲਮਸਤ ਦੇਸਰਪੁਰੀ ਨਾਲ ਸੰਪਰਕ ਫੋਨ 510-491-6474 ਰਾਹੀਂ ਕੀਤਾ ਜਾ ਸਕਦਾ ਹੈ।

## ਪੰਥਕ ਆਗੂਆਂ ਦੀ ਗ੍ਰਿਫਤਾਰੀ ਮਨੁੱਖੀ ਹੱਕਾਂ ਦੀ ਉਲੰਘਣਾ: ਜਸਪ੍ਰੀਤ ਸਿੰਘ ਅਟਾਰਨੀ

**ਨਿਊ ਯਾਰਕ (ਬਿਊਰੋ):** ਸਰਬੱਤ ਖਾਲਸਾ ਨੂੰ ਲੋਕਾਂ ਦੇ ਮਿਲੇ ਵੱਡੇ ਹੁੰਗਾਰੇ ਤੋਂ ਡਰੀ ਅਕਾਲੀ ਸਰਕਾਰ ਨੇ ਸਰਬੱਤ ਖਾਲਸਾ ਬੁਲਾਉਣ ਵਾਲੀਆਂ ਧਿਰਾਂ ਦੇ ਆਗੂਆਂ ਅਤੇ ਤਿੰਨਾਂ ਤਖਤਾਂ ਦੇ ਜਥੇਦਾਰਾਂ ਨੂੰ ਗ੍ਰਿਫਤਾਰ ਕਰਕੇ ਤਾਨਾਸ਼ਾਹੀ ਰਾਜ ਦਾ ਸਬੂਤ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਹਾਈ ਪਾਵਰ ਕੋਰ ਕਮੇਟੀ ਦੀ ਚੇਅਰਮੈਨੀ ਤੋਂ ਅਸਤੀਫਾ ਦੇ ਚੁੱਕੇ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਇਥੇ ਜਾਰੀ ਇਕ ਬਿਆਨ ਵਿਚ ਕੀਤਾ।

ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਸਰਬੱਤ ਖਾਲਸਾ ਵਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਦੇ ਜਥੇਦਾਰ ਧਿਆਨ ਸਿੰਘ ਮੰਡ, ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੋਂ ਇਲਾਵਾ ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ ਅਤੇ ਹੋਰਨਾਂ ਸਿੱਖ ਸ਼ਖਸੀਅਤਾਂ ਵਿਰੁਧ ਦੇਸ਼ ਧਰੋਹ ਦੇ ਮੁਕੱਦਮੇ ਦਰਜ ਕਰਕੇ ਸਰਕਾਰ ਨੇ ਪੰਥਕ ਅਵਾਜ਼ ਦਬਾਉਣ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਭਾਈ ਮੋਹਕਮ ਸਿੰਘ ਪ੍ਰਧਾਨ ਯੂਨਾਈਟਿਡ ਅਕਾਲੀ ਦਲ ਵਲੋਂ ਜੇਲ੍ਹ ਜਾਣ ਤੋਂ ਪਹਿਲਾਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਲਈ ਕੀਤੀ ਗਈ ਅਪੀਲ ਆਪਣੇ ਆਪ ਵਿਚ ਇਕ ਮਿਸਾਲ ਹੈ, ਪ੍ਰੰਤੂ ਦੂਜੇ ਪਾਸੇ ਸਰਕਾਰ ਸ਼ਾਂਤੀ ਨੂੰ ਭੰਗ ਕਰਨ 'ਤੇ ਲੱਗੀ ਹੋਈ ਹੈ। ਸਿਮਰਨਜੀਤ ਸਿੰਘ ਮਾਨ ਜਿਨ੍ਹਾਂ ਦੀ ਸਿਹਤ ਖਰਾਬ ਹੈ, ਨੂੰ ਫੜ੍ਹ ਕੇ ਪੁਲਿਸ ਨੇ ਤਸੀਹੇ ਦਿੱਤੇ, ਜੋ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 10 ਨਵੰਬਰ ਦੇ ਸਰਬੱਤ ਖ਼ਾਲਸਾ ਨੂੰ ਮਿਲੇ ਵਿਸ਼ਾਲ ਹੁੰਗਾਰੇ ਨੂੰ ਦੇਖ ਕੇ ਪੂਰੀ ਤਰ੍ਹਾਂ ਘਬਰਾ ਗਈ ਹੈ ਪਰ ਸਭ ਹਥਕੰਡਿਆਂ ਦੇ ਬਾਵਜੂਦ ਸਰਕਾਰ ਪੰਥਕ ਆਵਾਜ਼ ਨੂੰ ਦਬਾ ਨਹੀਂ ਸਕੇਗੀ।

ਸ. ਜਸਪ੍ਰੀਤ ਸਿੰਘ ਨੇ ਸਵਾਲ ਕੀਤਾ ਕਿ ਜੇ ਭਾਈ ਰਣਜੀਤ ਸਿੰਘ ਨੂੰ ਜੇਲ੍ਹ 'ਚ ਬੈਠੇ ਜਥੇਦਾਰ ਬਣਾਇਆ ਜਾ ਸਕਦਾ ਹੈ ਤਾਂ ਜਗਤਾਰ ਸਿੰਘ ਹਵਾਰਾ ਨੂੰ ਕਿਉਂ ਨਹੀਂ? ਬੇਅੰਤ ਸਿੰਘ ਕਤਲ ਕੇਸ ਵਿਚ ਸਜਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਜਿੰਦਾ ਸ਼ਹੀਦ ਦਾ ਖਿਤਾਬ ਦਿੱਤਾ ਜਾ ਸਕਦਾ ਹੈ ਤਾਂ ਭਾਈ ਜਗਤਾਰ ਸਿੰਘ ਹਵਾਰਾ ਵੀ ਉਸੇ ਕੇਸ ਵਿਚ ਸਜਾ ਭੁਗਤ ਰਹੇ ਹਨ।

## ਗਾਖਲ ਭਰਾਵਾਂ ਦੀ ਪੰਜਾਬੀ ਫਿਲਮ 'ਵੈਸਾਖੀ ਲਿਸਟ' ਦੀ ਸ਼ੂਟਿੰਗ ਜਾਰੀ

**ਸੈਨ ਫਰਾਂਸਿਸਕੋ (ਐਸ ਅਸ਼ੋਕ ਭੌਰਾ):** ਟਰੱਕਿੰਗ, ਜਿਮ ਅਤੇ ਮੋਟਲ ਦਾ ਕਾਰੋਬਾਰ ਕਰਨ ਵਾਲੇ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਦੀ ਨਵੀਂ ਪੰਜਾਬੀ ਫਿਲਮ 'ਵੈਸਾਖੀ ਲਿਸਟ' ਦੀ ਸ਼ੂਟਿੰਗ ਇਨ੍ਹਾਂ ਦਿਨਾਂ ਵਿਚ ਬਸੀ ਪਠਾਣਾਂ ਦੇ ਇਰਦ-ਗਿਰਦ ਸਮੀਪ ਕੰਗ ਦੇ ਨਿਰਦੇਸ਼ਨ ਹੇਠ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ।



*ਅਮੋਲਕ ਸਿੰਘ ਗਾਖਲ ਅਤੇ ਗੀਤਕਾਰ ਬਾਬੂ ਸਿੰਘ ਮਾਨ ਫਿਲਮ ਦੇ ਸੈਟ 'ਤੇ*

ਜੀ ਬੀ ਐਂਟਰਟੇਨਮੈਂਟ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਹ ਫਿਲਮ ਉਦੇਸ਼ ਭਰਪੂਰ ਅਤੇ ਸਿਹਤਮੰਦ ਮਨੋਰੰਜਨ ਵਾਲੀ ਪੰਜਾਬੀ ਫਿਲਮ ਹੈ ਅਤੇ ਦਰਸ਼ਕਾਂ ਨੂੰ ਹਾਸੇ ਦੇ ਨਾਲ ਨਾਲ ਬਹੁਤ ਕੁਝ ਹੋਰ ਉਸਾਰੂ ਵੀ ਮਿਲੇਗਾ। ਫਿਲਮ ਵਿਚ ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਬੀ ਐਨ ਸ਼ਰਮਾ, ਰਾਣਾ ਰਣਬੀਰ, ਜੱਸੀ ਗਿੱਲ ਆਦਿ ਕਲਾਕਾਰ ਮੁੱਖ ਭੂਮਿਕਾਵਾਂ ਨਿਭਾ ਰਹੇ ਹਨ। ਸੰਗੀਤ ਜੈ ਦੇਵ ਕੁਮਾਰ ਨੇ ਦਿੱਤਾ ਹੈ। ਕੁਝ ਗੀਤ ਬਾਬੂ ਸਿੰਘ ਮਾਨ ਦੇ ਲਿਖੇ ਹੋਏ ਹਨ। ਨੂਰਾਂ ਭੈਣਾਂ ਇਸ ਫਿਲਮ 'ਚ ਕੱਵਾਲੀ ਪੇਸ਼ ਕਰਨਗੀਆਂ।

ਜ਼ਿਕਰਯੋਗ ਹੈ ਕਿ ਬਾਲੀਵੁੱਡ ਅਤੇ ਪਾਲੀਵੁੱਡ ਵਿਚ ਧੂਮ ਧੜੱਕੇ ਨਾਲ ਗਾਖਲ ਭਰਾਵਾਂ ਨੇ ਪ੍ਰਵੇਸ਼ ਕੀਤਾ ਹੈ ਅਤੇ ਇਸ ਤੋਂ ਪਹਿਲਾਂ ਉਹ ਵੱਡੇ ਬਜਟ ਵਾਲੀ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਬਣਾ ਚੁੱਕੇ ਹਨ। ਇਕਬਾਲ ਸਿੰਘ ਗਾਖਲ ਅਨੁਸਾਰ ਅਗਲੀ ਪੰਜਾਬੀ ਫਿਲਮ ਅਪਰੈਲ ਮਹੀਨੇ ਸੈਟ 'ਤੇ ਜਾ ਰਹੀ ਹੈ। 'ਵੈਸਾਖੀ ਲਿਸਟ' ਦੀ ਸ਼ੂਟਿੰਗ ਦਸੰਬਰ ਦੇ ਅੱਧ ਤੱਕ ਮੁਕੰਮਲ ਹੋ ਜਾਵੇਗੀ। ਸਿਰੜੀ ਅਤੇ ਮਿਹਨਤੀ ਸੁਭਾਅ ਦੇ ਗਾਖਲ ਭਰਾ ਪੰਜਾਬੀ ਫਿਲਮ ਜਗਤ ਵਿਚ ਵਿਲੱਖਣ ਪੈੜਾਂ ਪਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਨ।




*ਨਿਰਦੇਸ਼ਕ ਸਮੀਪ ਕੰਗ, ਨਿਰਮਾਤਾ ਅਮੋਲਕ ਸਿੰਘ ਗਾਖਲ, ਸੰਗੀਤ ਨਿਰਦੇਸ਼ਕ ਜੈਦੇਵ ਕੁਮਾਰ ਬਸੀ ਪਠਾਣਾਂ ਵਿਚ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਬੀ ਐਨ ਸ਼ਰਮਾ ਅਤੇ ਹੋਰ ਕਲਾਕਾਰਾਂ ਨਾਲ।*

## ਗਲੋਬਲ ਸਿੱਖ ਕੌਂਸਲ ਨੇ ਸਰਬੱਤ ਖਾਲਸਾ ਪਿਛੋਂ ਤਸ਼ੱਦਦ ਵਿਰੁਧ ਰੋਸ ਪ੍ਰਗਟਾਇਆ

**ਸ਼ਿਕਾਗੋ (ਬਿਊਰੋ):** ਸਿੱਖ ਜਥੇਬੰਦੀ ਗਲੋਬਲ ਸਿੱਖ ਕੌਂਸਲ ਨੇ 10 ਨਵੰਬਰ ਨੂੰ ਪਿੰਡ ਚੱਬਾ ਵਿਚ ਹੋਏ ਸਰਬੱਤ ਖਾਲਸਾ ਦੀ ਕਾਮਯਾਬੀ ਉਤੇ ਤਸੱਲੀ ਜਾਹਿਰ ਕਰਦਿਆਂ ਜਿਥੇ ਇਸ ਵਿਚ ਲਏ ਗਏ ਫੈਸਲਿਆਂ 'ਤੇ ਫੁੱਲ ਚੜ੍ਹਾਉਣ ਦੀ ਪ੍ਰਤੀਬੱਧਤਾ ਜਾਹਿਰ ਕੀਤੀ ਹੈ, ਉਥੇ ਨਾਲ ਹੀ ਸਿੱਖ ਪੰਥ ਦੀ ਇਸ ਇਕੱਤਰਤਾ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਚਲਾਈ ਗਈ ਫੜੋ-ਫੜੀ ਦੀ ਮੁਹਿੰਮ ਉਤੇ ਡੂੰਘਾ ਰੋਸ ਜਾਹਿਰ ਕੀਤਾ ਹੈ। ਜਥੇਬੰਦੀ ਨੇ ਸਰਬੱਤ ਖਾਲਸਾ ਦੇ ਪ੍ਰਬੰਧਕਾਂ ਨੂੰ ਇਕ ਇਤਿਹਾਸ ਪੰਥਕ ਇਕੱਠ ਕਰਨ ਉਤੇ ਵਧਾਈ ਦਿੱਤੀ ਹੈ।

ਜਥੇਬੰਦੀ ਨੇ ਪੰਜਾਬ ਅਤੇ ਭਾਰਤ ਸਰਕਾਰ ਨੂੰ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਉਨ੍ਹਾਂ ਦੀ ਮੁਕੰਮਲ ਆਜ਼ਾਦੀ ਯਕੀਨੀ ਬਣਾਉਣ ਦਾ ਸੁਝਾਅ ਦਿੱਤਾ ਹੈ। ਜੇ ਸਿੱਖਾਂ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਜਾਰੀ ਰਹੀ ਤਾਂ ਇਸ ਦੇ ਸਿੱਟੇ ਮਾੜੇ ਹੀ ਨਿਕਲ ਸਕਦੇ ਹਨ। ਜਥੇਬੰਦੀ ਨੇ ਕਿਹਾ ਹੈ ਕਿ ਇਹ ਸਰਬੱਤ ਖਾਲਸਾ ਵਿਚ ਲਏ ਗਏ ਬਹੁਗਿਣਤੀ ਫੈਸਲਿਆਂ ਉਪਰ ਫੁੱਲ ਚੜ੍ਹਾਏਗੀ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਹਰ ਸੰਭਵ ਯਤਨ ਕਰੇਗੀ, ਖਾਸ ਕਰ ਸਿੱਖ ਪੰਥ ਦੇ ਮਾਮਲਿਆਂ ਵਿਚ ਦੇਸ਼-ਵਿਦੇਸ਼ ਵਿਚ ਵੱਸਦੇ ਸਭ ਸਿੱਖਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਪ੍ਰਤੀ। ਜਥੇਬੰਦੀ ਨੇ 2016 ਦੀ ਵਿਸਾਖੀ ਮੌਕੇ ਹੋਣ ਵਾਲੇ ਸਰਬੱਤ ਖਾਲਸਾ ਵਿਚ ਸ਼ਮੂਲੀਅਤ ਲਈ ਵੱਖ ਵੱਖ ਮੁਲਕਾਂ 'ਚ ਆਪਣੀਆਂ ਇਕਾਈਆਂ ਦੀਆਂ ਮੀਟਿੰਗਾਂ 18 ਮਾਰਚ 2016 ਤੋਂ ਅਰੰਭ ਕਰਨ ਦਾ ਫੈਸਲਾ ਲਿਆ ਹੈ।

## ਅੰਮ੍ਰਿਤਸਰ-ਦੁਬਈ ਲਈ ਸਿੱਧੀ ਉਡਾਣ ਸ਼ੁਰੂ

**ਅੰਮ੍ਰਿਤਸਰ:** ਪਵਿੱਤਰ ਨਗਰੀ ਤੋਂ ਦੁਬਈ ਅਤੇ ਦੁਬਈ ਤੋਂ ਅੰਮ੍ਰਿਤਸਰ ਲਈ ਸਿੱਧੀ ਹਵਾਈ ਉਡਾਣ ਸ਼ੁਰੂ ਹੋ ਗਈ ਹੈ। ਪਲੇਠੀ ਉਡਾਣ ਰਾਹੀਂ 174 ਮੁਸਾਫਰ ਦੁਬਈ ਤੋਂ ਅੰਮ੍ਰਿਤਸਰ ਪੁੱਜੇ। ਇਸ ਦੌਰਾਨ ਅੰਮ੍ਰਿਤਸਰ ਤੋਂ ਦੁਬਈ ਲਈ ਵੀ ਉਡਾਣ ਰਵਾਨਾ ਹੋਈ।

ਪੰਜਾਬੀਆਂ ਦੀ ਚਿਰੋਕਣੀ ਮੰਗ ਨੂੰ ਸਪਾਈਸ ਜੈੱਟ ਹਵਾਈ ਕੰਪਨੀ ਨੇ ਪੂਰਾ ਕੀਤਾ ਹੈ। ਸਪਾਈਸ ਜੈੱਟ ਕੰਪਨੀ ਦੇ ਮੁੱਖ ਪ੍ਰਸ਼ਾਸਕੀ ਅਧਿਕਾਰੀ ਜੀ.ਵੀ. ਗੁਪਤਾ ਨੇ ਨਵੀਂ ਉਡਾਣ ਦਾ ਸਵਾਗਤ ਕੀਤਾ। ਹਵਾਈ ਜਹਾਜ਼ ਦੇ ਦੋਵੇਂ ਪਾਸਿਉਂ ਪਾਣੀ ਦੀ ਬੌਛਾਰ ਮਾਰ ਕੇ ਰਵਾਇਤੀ ਢੰਗ ਨਾਲ ਸਵਾਗਤ ਕੀਤਾ ਗਿਆ। ਹਵਾਈ ਅੱਡੇ ਦੇ ਡਾਇਰੈਕਟਰ ਵੈਕਟੇਸ਼ਵਰ ਰਾਓ ਨੇ ਦੁਬਈ ਰਵਾਨਾ ਹੋਈ ਉਡਾਣ ਨੂੰ ਹਰੀ ਝੰਡੀ ਦਿਖਾਈ। ਸ਼ਨਿੱਚਰਵਾਰ ਨੂੰ ਛੱਡ ਕੇ ਬਾਕੀ ਛੇ ਦਿਨ ਇਹ ਉਡਾਣ ਚੱਲੇਗੀ। ਹੁਣ ਪੰਜਾਬੀ ਵੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਸਿਰਫ ਤਿੰਨ ਘੰਟਿਆਂ ਵਿਚ ਦੁਬਈ ਆ-ਜਾ ਸਕਣਗੇ। ਉਨ੍ਹਾਂ ਅੰਮ੍ਰਿਤਸਰ-ਨੰਦੇੜ ਸਾਹਿਬ ਅਤੇ ਅੰਮ੍ਰਿਤਸਰ-ਆਬੂਧਾਬੀ ਉਡਾਣ ਸ਼ੁਰੂ ਕਰਨ ਲਈ ਵੀ ਹਾਂ ਪੱਖੀ ਹੁੰਗਾਰਾ ਦਿੱਤਾ।

# ਆਮ ਆਦਮੀ ਪਾਰਟੀ ਪੰਜਾਬ 'ਚ ਅਗਲੀਆਂ ਚੋਣਾਂ ਜਿੱਤੇਗੀ: ਆਪ ਆਗੂ

**ਫਰਿਜ਼ਨੋ (ਬਿਊਰੋ):** ਪੰਜਾਬ ਵਿਚ ਉਤੋੜਿਤੀ ਬਣਦੀਆਂ ਕਾਂਗਰਸ ਅਤੇ ਮੌਜੂਦਾ ਅਕਾਲੀ-ਭਾਜਪਾ ਗਠਜੋੜ ਦੀਆਂ ਸਰਕਾਰਾਂ ਨੇ ਆਪਣੇ ਨਿਜੀ ਮੁਫਾਦ ਲਈ ਪੰਜਾਬ ਦਾ ਇਕ ਤਰ੍ਹਾਂ ਬੇੜਾ ਗਰਕ ਕਰ ਕੇ ਰੱਖ ਦਿੱਤਾ ਹੈ। ਰਿਸ਼ਵਤਖੋਰੀ ਅਤੇ ਨਸ਼ਿਆਂ ਦੇ ਵਹਿਣ ਤੋਂ ਆਮ ਲੋਕ ਬਹੁਤ ਦੁਖੀ ਹਨ। ਹੁਣ ਪੰਜਾਬ ਦੇ ਲੋਕ ਇਸ ਵਰਤਾਰੇ ਨੂੰ ਹੋਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਅਤੇ ਉਨ੍ਹਾਂ ਨੂੰ ਇਕ ਉਸਾਰੂ ਬਦਲ ਦੀ ਤਲਾਸ਼ ਹੈ ਜੋ ਕਿ ਆਮ ਆਦਮੀ ਪਾਰਟੀ (ਆਪ) ਮੁਹੱਈਆ ਕਰਨ ਦੇ ਸਮਰੱਥ ਹੈ।

ਇਹ ਵਿਚਾਰ 'ਆਪ' ਵਲੋਂ ਇਥੇ ਐਡੀਸਨ ਸ਼ੋਸ਼ਲ ਕਲੱਬ ਵਿਚ ਲੰਘੇ ਸਨਿਚਰਵਾਰ ਕੀਤੇ ਗਏ ਇਕ ਸਮਾਗਮ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪ੍ਰਗਟਾਏ। ਇਸ ਸਮਾਗਮ ਦੌਰਾਨ 'ਆਪ' ਦੇ ਕੌਮੀ ਲੀਡਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ, ਕੌਮੀ ਬੁਲਾਰੇ ਆਸ਼ੂਤੋਸ ਅਤੇ ਵਕੀਲ ਹਿੰਮਤ ਸਿੰਘ ਸ਼ੇਰਗਿੱਲ ਆਮ ਲੋਕਾਂ ਦੇ ਰੂਬਰੂ ਹੋਏ।

ਇਨ੍ਹਾਂ ਬੁਲਾਰਿਆਂ ਨੇ ਭਾਰਤੀ ਸਿਆਸਤ ਵਿਚ ਵਧਦੇ ਪਰਿਵਾਰਵਾਦ ਅਤੇ ਸਰਮਾਏਦਾਰੀ ਦੇ ਵਧਦੇ ਕੰਟਰੋਲ ਪ੍ਰਤੀ ਲੋਕਾਂ ਨੂੰ ਸੁਚੇਤ ਕੀਤਾ। ਉਨ੍ਹਾਂ ਇਸ ਗੱਲ 'ਤੇ ਵੀ ਉਂਗਲ ਧਰੀ ਕਿ ਪੰਜਾਬ ਅੰਦਰ ਪਿਛਲੇ ਦਸਾਂ ਸਾਲਾਂ ਵਿਚ ਅਕਾਲੀ ਸਰਕਾਰ ਨੇ ਕਿਵੇਂ ਲੋਕਾਂ ਨੂੰ ਲੁਟਿਆ ਅਤੇ ਕੁਟਿਆ। ਉਨ੍ਹਾਂ ਆਸ ਪ੍ਰਗਟਾਈ ਕਿ ਜਿਸ ਤਰ੍ਹਾਂ ਦਿੱਲੀ ਵਿਚ ਪਿਛਲੀਆਂ ਚੋਣਾਂ ਵਿਚ ਲੋਕਾਂ ਨੇ 'ਆਪ' ਨੂੰ ਜ਼ਬਰਦਸਤ ਹੁੰਗਾਰਾ ਦਿੱਤਾ, 2017 ਵਿਚ ਹੋਣ ਵਾਲੀਆਂ ਚੋਣਾਂ ਵੇਲੇ ਪੰਜਾਬ ਦੇ ਲੋਕ ਵੀ ਦੇਣਗੇ। ਪਾਰਟੀ ਵਿਚ ਚੱਲ ਰਹੀ ਖਿੱਚੋਤਾਣ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਸਥਾਪਤ ਸਿਸਟਮ ਤੋੜਨਾ ਕੋਈ ਆਸਾਨ ਗੱਲ ਨਹੀਂ, ਖਾਸ ਕਰਕੇ ਨਵੀਂ ਪਾਰਟੀ ਵਲੋਂ। ਇਹੋ ਕਾਰਨ ਹੈ ਕਿ ਸਰਮਾਏਦਾਰੀ ਹਿਤ ਕਿਸੇ ਨਾ ਕਿਸੇ ਤਰ੍ਹਾਂ 'ਆਪ' ਵਿਚ ਖਿੱਚੋਤਾਣ ਪੈਦਾ ਕਰਨ ਵਿਚ ਕਿਸੇ ਹੱਦ ਤੱਕ ਕਾਮਯਾਬ ਵੀ ਹੋਏ ਹਨ।

ਬੁਲਾਰਿਆਂ ਨੇ ਕੇਜਰੀਵਾਲ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਇਸ ਗੱਲ ਦਾ ਉਚੇਚਾ ਜ਼ਿਕਰ ਕੀਤਾ ਕਿ ਚੁਰਾਸੀ ਦੇ ਕਤਲੇਆਮ ਦੇ ਦੋਸ਼ੀਆਂ ਵਿਰੁਧ ਕਾਰਵਾਈ ਦੀ ਗੱਲ ਕਰਕੇ ਇਸ ਨੇ ਪੀੜਤ ਸਿੱਖ ਪਰਿਵਾਰਾਂ ਦੇ ਹਿਰਦਿਆਂ 'ਤੇ ਮੱਲਹਮ ਲਾਉਣ ਦਾ ਯਤਨ ਕੀਤਾ ਹੈ।

ਇਸ ਮੌਕੇ ਜੱਗਾ ਸਧਾਰ, ਗੁਰਨੇਕ ਸਿੰਘ ਬਾਗੜੀ, ਮੇਜਰ ਕੁਲਾਰ, ਗੁਰਬਖਸ਼ੀਸ਼ ਸਿੰਘ ਗਰੇਵਾਲ, ਬਬਲਾ ਮਲੂਕਾ ਅਤੇ ਅੰਮ੍ਰਿਤਪਾਲ ਢਿੱਲੋਂ ਨੇ ਵੀ ਆਪਣੇ ਵਿਚਾਰ ਰੱਖੇ। ਲੋਕਲ ਬੁਲਾਰਿਆਂ ਨੇ ਰੁਸੇ 'ਆਪ' ਲੀਡਰਾਂ ਨੂੰ ਮਨਾਉਣ ਲਈ ਹਾਈ ਕਮਾਂਡ ਨੂੰ ਵਾਸਤੇ ਪਾਏ ਅਤੇ ਪੰਜਾਬ ਦੇ ਬੇਦਾਗ ਲੀਡਰਾਂ ਨੂੰ 'ਆਪ' ਵਿਚ ਸ਼ਾਮਲ ਕਰਨ ਦੀ ਗੁਹਾਰ ਵੀ ਲਾਈ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀ ਹਰ ਉਸ ਲੀਡਰ ਨੂੰ ਸਹਿਯੋਗ ਦੇਣ ਲਈ ਤਿਆਰ ਹਨ, ਜੋ ਉਜੜਦੇ ਪੰਜਾਬ ਨੂੰ ਬਚਾਉਣ ਲਈ ਨਿਡਰ ਸੋਚ ਅਤੇ ਸਾਫ ਸੁਥਰੇ ਅਕਸ ਦਾ ਧਾਰਨੀ ਹੋਵੇ।

ਸਮਾਗਮ ਦੀ ਸ਼ੁਰੂਆਤ ਮੰਚ ਸੰਚਾਲਕ ਪੱਤਰਕਾਰ ਨੀਟਾ ਮਾਛੀਕੇ ਨੇ ਸਭ ਨੂੰ ਜੀ ਆਇਆਂ ਆਖ ਕੇ ਕੀਤੀ। ਇਸ ਪਿਛੋਂ ਪੈਰਿਸ ਦੇ ਅਤਿਵਾਦੀ ਹਮਲੇ ਵਿਚ ਸ਼ਹੀਦ ਹੋਏ ਲੋਕਾਂ ਨੂੰ ਯਾਦ ਕਰਦਿਆਂ ਦੋ ਮਿੰਟ ਦਾ ਮੌਨ ਧਾਰਿਆ ਗਿਆ। ਉਪਰੰਤ ਪੰਜਾਬ ਦੀਆਂ ਹਾਲੀਆ ਘਟਨਾਵਾਂ 'ਤੇ ਦੁਖ ਪ੍ਰਗਟਾਉਂਦਿਆਂ ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਝਾੜਾਂ ਪਾਈਆਂ ਅਤੇ ਸਰਬੱਤ ਖਾਲਸਾ ਦੇ ਪ੍ਰਬੰਧਕਾਂ ਅਤੇ ਬੁਲਾਰਿਆਂ ਵਿਰੁਧ ਦੇਸ਼ ਧ੍ਰੋਹੀ ਦੇ ਕੇਸ ਦਰਜ ਕੀਤੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਤਿੰਨ ਘੰਟੇ ਚੱਲੇ ਇਸ ਸਮਾਗਮ ਦੌਰਾਨ ਲੋਕਾਂ ਨੇ ਸਾਹ ਰੋਕ ਕੇ ਲੀਡਰਾਂ ਦੇ ਵਿਚਾਰ ਸੁਣੇ ਅਤੇ ਤਾੜੀਆਂ ਦੀ ਗੂੰਜ ਵਿਚ ਉਨ੍ਹਾਂ ਆਮ ਆਦਮੀ ਪਾਰਟੀ ਦੇ ਏਜੰਡੇ ਨੂੰ ਪ੍ਰਵਾਨਗੀ ਦਿੱਤੀ।

ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਅਮੋਲਕ ਸਿੰਘ ਸਿੱਧੂ, ਜਗੀਰ ਸਿੰਘ ਗਿੱਲ, ਪਾਲ ਮਾਹਲ, ਗੁਰਦੇਵ ਨਿੱਝਰ, ਹਾਕਮ ਸਿੰਘ ਢਿੱਲੋਂ, ਜੱਸੀ (ਸਟੋਨ ਟਰੱਕਿੰਗ), ਨਾਜ਼ਰ ਸਿੰਘ ਸਹੋਤਾ, ਗੁਰਨੇਕ ਸਿੰਘ ਬਾਗੜੀ, ਮਨਵੀਰ ਭੁਲਰ, ਸਤਵੰਤ ਵਿਰਕ, ਪੀਸੀਏ ਮੈਂਬਰਾਂ ਅਤੇ 'ਆਪ' ਦੀ ਕੈਲੀਫੋਰਨੀਆ ਟੀਮ ਨੂੰ ਜਾਂਦਾ ਹੈ।

ਇਸ ਤੋਂ ਇਲਾਵਾ ਐਤਵਾਰ ਨੂੰ ਇਨ੍ਹਾਂ ਲੀਡਰਾਂ ਨੇ ਗੁਰਦੁਆਰਾ ਫੇਅਰਫੀਲਡ ਵਿਖੇ ਵੀ ਪੰਜਾਬੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੰਤ ਸਿੰਘ ਮੱਲ੍ਹਾ, ਯੋਧਵੀਰ ਸਿੰਘ, ਡਾ. ਇਕਵਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ ਧੁੱਗਾ ਅਤੇ ਪਰਵਾਜ਼ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਸਮੂਹ ਬੇ-ਏਰੀਆ ਟੀਮ ਸਿਰ ਜਾਂਦਾ ਹੈ।





Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases
Medicare & Most Private Insurances Accepted

Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

To Advertise with Punjab Times Call: 847-359-0746

ਕਲਾ ਪਰਿਕਰਮਾ

# ਸ਼ਿਵ ਦੀ ਕਿਤਾਬ ਪਾਸ਼ ਦੀਆਂ ਗੱਲਾਂ

## ਗੁਰਵਿੰਦਰ ਬਰਾੜ ਦੀ ਸੁਰ-ਸ਼ਬਦ ਤਾਲ




***ਗਾਇਕ ਗੁਰਵਿੰਦਰ ਬਰਾੜ ਦੇ ਕਈ ਗੀਤ ਅਤੇ ਐਲਬਮਾਂ ਪਹਿਲਾਂ ਵੀ ਸਰੋਤਿਆਂ ਦੇ ਰੂ-ਬ-ਰੂ ਹੋ ਚੁੱਕੇ ਹਨ, ਪਰ ਉਸ ਦੀ ਨਵੀਂ ਐਲਬਮ 'ਸ਼ਿਵ ਦੀ ਕਿਤਾਬ' ਨੇ ਸੰਗੀਤ ਜਗਤ ਵਿਚ ਚੋਖੀ ਹਿਲਜੁਲ ਕੀਤੀ ਹੈ। ਇਸ ਦਾ ਮੁੱਖ ਕਾਰਨ ਇਸ ਐਲਬਮ ਦੀ ਸੁੱਚੀ ਸ਼ਾਇਰੀ ਬਣੀ ਹੈ ਜਿਸ ਨੂੰ ਪੂਰਾ ਸਾਹਿਤਕ ਤੇ ਸਮਾਜਕ ਰੰਗ ਚੜ੍ਹਿਆ ਹੋਇਆ ਹੈ। ਇਸ ਵਿਚ ਪੇਸ਼ ਸਰੋਕਾਰ ਆਮ ਬੰਦੇ ਦੇ ਦਿਲ ਵਾਂਗ ਧੜਕਦੇ ਸੁਣਾਈ ਦਿੰਦੇ ਹਨ। ਇਸ ਐਲਬਮ ਵਿਚ ਸੰਗੀਤ ਪੱਖੋਂ ਭਾਵੇਂ ਕੋਈ ਨਵੀਂ ਪਹਿਲ ਝਾਤੀਆਂ ਨਹੀਂ ਮਾਰਦੀ, ਪਰ ਚਿਰਾਂ ਬਾਅਦ ਅਜਿਹੀ ਐਲਬਮ ਮਾਰਕੀਟ ਵਿਚ ਆਈ ਹੈ ਜਿਹੜੀ ਸੁਣੀ ਜਾ ਸਕਦੀ ਹੈ।***

'ਸ਼ਿਵ ਦੀ ਕਿਤਾਬ' ਗੀਤ ਅਚਾਨਕ ਸੁਣਿਆ ਅਤੇ ਫਿਰ ਕਈ ਵਾਰ ਸੁਣਿਆ। ਗੀਤ ਲਿਖਿਆ ਵੀ ਚੰਗਾ ਹੈ ਅਤੇ ਗੁਰਵਿੰਦਰ ਬਰਾੜ ਨੇ ਗਾਇਆ ਵੀ ਸੋਹਣਾ ਹੈ। ਚਿਰਾਂ ਬਾਅਦ ਕੋਈ ਗੀਤ ਦਿਲ ਵਿਚ ਉਤਰਦਾ ਪ੍ਰਤੀਤ ਹੋਇਆ; ਨਹੀਂ ਤਾਂ ਅੱਜ ਕੱਲ੍ਹ ਜਿਸ ਤਰ੍ਹਾਂ ਦੇ ਗੀਤ ਚੈਨਲਾਂ ਵਾਲੇ ਵਜਾਉਂਦੇ ਅਤੇ ਦਿਖਾਉਂਦੇ ਹਨ, ਕੋਈ ਸੰਜੀਦਾ ਸਰੋਤਾ ਤਾਂ ਉਂਜ ਹੀ ਪੈਰਾਂ ਤੋਂ ਉਖੜ ਜਾਂਦਾ ਹੈ।

'ਸ਼ਿਵ ਦੀ ਕਿਤਾਬ' ਗੀਤ ਕਰ ਕੇ ਇੰਟਰਨੈੱਟ ਉਤੇ ਸਰਚ ਕੀਤੀ ਤਾਂ ਪਤਾ ਲੱਗਿਆ ਕਿ ਗੁਰਬਿੰਦਰ ਬਰਾੜ ਦੀ ਐਲਬਮ 'ਸ਼ਿਵ ਦੀ ਕਿਤਾਬ' ਨਵੀਂ ਨਵੀਂ ਮਾਰਕੀਟ ਵਿਚ ਆਈ ਹੈ। ਇਸ ਐਲਬਮ ਵਿਚਲੇ ਗੀਤਾਂ ਦੀ ਬਦੌਲਤ ਇਸ

**ਨਵਚੇਤਨ ਸਿੰਘ**

ਐਲਬਮ ਦੀ ਚਰਚਾ ਚੱਲ ਨਿਕਲੀ ਅਤੇ ਗੁਰਵਿੰਦਰ ਬਰਾੜ ਸੰਗੀਤ ਦੇ ਸਰਕਲਾਂ ਵਿਚ ਅਹਿਮ ਨਾਂ ਹੋ ਨਿਬੜਿਆ। ਪਹਿਲਾਂ ਵੀ ਉਸ ਦੀ ਐਲਬਮ ਆਈ ਸੀ ਅਤੇ ਉਹਨੇ ਚੋਖੇ ਗੀਤ ਗਾਏ ਹਨ, ਪਰ ਇਸ ਐਲਬਮ ਨਾਲ ਉਸ ਦੀ ਚਰਚਾ ਦੂਰ-ਦੂਰ ਤੱਕ ਹੋਈ ਹੈ।

ਅਸਲ ਵਿਚ ਗੁਰਵਿੰਦਰ ਬਰਾੜ ਦੇ ਗੀਤਾਂ ਦੀ ਸ਼ਬਦਾਵਲੀ ਵੀ ਮਨ ਨੂੰ ਟੁੰਬਣ ਵਾਲੀ ਹੈ। ਉਹ ਖੁਦ ਗੀਤ ਲਿਖਦਾ ਹੈ। ਇਸ ਐਲਬਮ ਦਾ ਇਕੱਲਾ ਇਕੱਲਾ ਗੀਤ ਸਮਾਜਕ ਸਰੋਕਾਰਾਂ ਦੀ ਬਾਤ ਪਾਉਂਦਾ ਹੈ। ਬਿਨਾਂ ਸ਼ੱਕ ਇਸ ਐਲਬਮ ਨੂੰ ਅਮੀਰ ਸਾਹਿਤਕ ਐਲਬਮ ਕਿਹਾ ਜਾ ਸਕਦਾ ਹੈ। 'ਛੱਲਾ' ਉਸ ਨੇ ਅੱਜ ਦੇ ਹਾਲਾਤ ਨਾਲ ਜੋੜ ਕੇ ਗਾਇਆ ਹੈ। 'ਗੋਲਕਾਂ' ਵਿਚ ਖੁਦਾ ਨੂੰ ਉਲਾਂਭਾ ਦਿੱਤਾ ਗਿਆ ਹੈ। 'ਖੁਦਕੁਸ਼ੀਆਂ' ਵਿਚ ਕਿਸਾਨਾਂ ਦੀ ਹਾਲਤ ਦਾ ਵਰਨਣ ਹੈ ਤੇ ਇਸ ਵਿਚ ਉਸ ਨੂੰ ਖੁਦਕੁਸ਼ੀਆਂ ਦੀ ਥਾਂ ਹਾਲਾਤ ਨਾਲ ਲੜਨ ਦਾ ਸੱਦਾ ਦਿੱਤਾ ਗਿਆ ਹੈ। 'ਸੁੱਚਾ' ਵਿਚ ਸੁੱਚੇ ਸੂਰਮੇ ਵਜੋਂ ਪੰਜਾਬੀਆਂ ਦੇ ਦਿਲਾਂ ਅੰਦਰ ਵਸੇ ਨਾਇਕ ਦੀ ਕਥਾ ਛੋਹੀ ਗਈ ਹੈ। 'ਸੁੱਖ' ਗੀਤ ਦਾ ਆਪਣਾ ਰੰਗ ਹੈ ਪਰ 'ਖਾਨਦਾਨੀ' ਗੀਤ



ਇਸ ਐਲਬਮ ਦੀ ਰੂਹ ਨਾਲ ਮੇਲ ਨਹੀਂ ਖਾਂਦਾ ਜਾਪਦਾ। ਗੀਤ ਦੀ ਸ਼ਬਦਾਵਲੀ ਵੀ ਰਤਾ ਕੁ ਚੱਕਵੀਂ ਲੱਗਦੀ ਹੈ। 'ਸ਼ਿਵ ਦੀ ਕਿਤਾਬ' ਇਸ ਐਲਬਮ ਦਾ ਹਾਸਲ ਹੈ। ਪੰਜਾਬੀ ਸਾਹਿਤ ਵਿਚ ਸ਼ਿਵ ਦਾ ਆਪਣਾ ਮੁਕਾਮ ਹੈ, ਪਰ ਸ਼ਿਵ ਦੀ ਚੜ੍ਹਾਈ ਦੇ ਦਿਨਾਂ ਦੌਰਾਨ ਹੀ ਜੁਝਾਰਵਾਦੀ ਲਹਿਰ ਸ਼ੁਰੂ ਹੋ ਗਈ ਸੀ ਅਤੇ ਲੋਕ ਸ਼ਿਵ ਵੱਲੋਂ ਪਾਸ਼ ਤੇ ਉਹਦੀ ਵਿਚਾਰਧਾਰਾ ਵੱਲ ਖਿੱਚੇ ਗਏ ਸਨ। ਇਸ ਕੋਣ ਤੋਂ ਵੀ ਇਹ ਗੀਤ ਅਹਿਮ ਹੈ। ਕੁੱਲ ਮਿਲਾ ਕੇ 'ਸ਼ਿਵ ਦੀ ਕਿਤਾਬ' ਸਕੂਨ ਬਖਸ਼ਦੀ ਹੈ ਅਤੇ ਸੰਗੀਤ ਦੀ ਰੂਹ ਨਾਲ ਜੋੜਦੀ ਹੈ। ਸਾਜ਼ਾਂ ਅਤੇ ਆਵਾਜ਼ਾਂ ਦੇ ਘੜਮੱਸ ਵਿਚ ਇਹ ਐਲਬਮ ਇਕ ਸੁਨੇਹਾ ਲੈ ਕੇ ਆਈ ਹੈ।

### ਓਹ ਸ਼ਿਵ ਦੀ ਕਿਤਾਬ ਵਰਗੀ...

*ਓਹ ਸ਼ਿਵ ਦੀ ਕਿਤਾਬ ਵਰਗੀ...*
*ਓਹ ਸ਼ਿਵ ਦੀ ਕਿਤਾਬ ਵਰਗੀ,*
*ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ।*

*ਓਹ ਸ਼ਿਵ ਦੀ ਕਿਤਾਬ ਵਰਗੀ...*
*ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ।*

*ਓਹ ਲੌਨ ਦੇ ਗੁਲਾਬ ਵਰਗੀ,*
*ਤੇ ਮੈਂ ਜੀਰੀਆਂ 'ਚ ਉੱਗਰੀ ਚਲਾਈ।*
*ਓਹ ਸ਼ਿਵ ਦੀ ਕਿਤਾਬ ਵਰਗੀ,*
*ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ।*

*ਸਾਡੇ ਚੇਤਿਆਂ 'ਚ ਕਹੀਆਂ ਅਤੇ ਦਾਤੀਆਂ ਦੇ ਗੀਤ,*
*ਥੋੜ੍ਹੀ ਖੁਸ਼ੀ ਅਤੇ ਬਹੁਤੀਆਂ ਉਦਾਸੀਆਂ ਦੇ ਗੀਤ।*
*ਓ ਬੌਲੀਵੁੱਡ ਦੇ ਸ਼ਬਾਬ ਵਰਗੀ,*
*ਤੇ ਮੈਂ ਔਲਖ ਦੇ ਨਾਟਕਾਂ ਦਾ ਭਾਈ।*
*ਓਹ ਸ਼ਿਵ ਦੀ ਕਿਤਾਬ ਵਰਗੀ,*
*ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ।*

*ਉਹਨੂੰ ਜਾਪਦਾ ਏ ਕਵਿਤਾ ਰੁਮਾਂਸ ਹੀ ਏ ਹੁੰਦੀ,*
*ਮੈਨੂੰ ਪਤਾ ਹੈ ਕਿ ਕਵਿਤਾ ਦੁਖਾਂਤ ਵੀ ਏ ਹੁੰਦੀ।*
*ਓਹ ਵਧਦੇ ਵਿਆਜ ਵਰਗੀ,*
*ਤੇ ਮੈਂ ਜੰਮਦਾ ਹੀ ਮੁੱਢੋਂ ਕਰਜ਼ਾਈ।*

*ਓਹ ਸ਼ਿਵ ਦੀ ਕਿਤਾਬ ਵਰਗੀ...*
*ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਨਵੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-196



*ਲੈ ਨੀ ਮੰਮੀ ਮੇਰੇ ਹੱਥੋਂ ਖਾ ਕੇ ਭੁੱਖ ਮਿਟਾ ਲੈ।*
*ਹੱਥ ਤੇ ਬਾਹਾਂ ਦਿੱਤੀਆਂ ਨਹੀਂ, ਪਰ ਗੁਣ ਓਸ ਦੇ ਗਾ ਲੈ।*
*ਸੜਕ ਕਿਨਾਰੇ ਝੁੱਗੀਆਂ ਦੇ ਵਿਚ ਰਹਿਣਾ ਆਪਣਾ ਵਾਸਾ,*
*ਨਿੱਕੜੇ ਪੁੱਤ ਦਾ ਬਾਲ ਵਰੇਸੇ ਪੱਲੇ ਬੰਨ ਧਰਵਾਸਾ।*

## ਕੈਪਸ਼ਨ ਮੁਕਾਬਲਾ-194



ਫੋਟੋ ਖਿੱਚਣ ਖਾਤਰ ਮੈਨੂੰ
ਮੱਝ ਦੇ ਉਪਰ ਬਹਾਇਆ।
ਮੋੜ ਕੇ ਗਰਦਨ ਕੌੜੀ ਝਾਕੇ
ਲੱਗਦੈ ਇਹਨੂੰ ਗੁੱਸਾ ਆਇਆ।
ਕਿਉਂ ਵਿਚਾਰੀ ਨੂੰ ਤੰਗ ਹੋ ਕਰਦੇ
ਬਥੇਰਾ ਇਹਨੇ ਦੁੱਧ ਪਿਆਇਆ।
ਭੂਸਰ ਕੇ ਕਿਤੇ ਵਗਾਹ ਨਾ ਮਾਰੇ
ਡਰ ਏਸ ਨੇ ਮੈਨੂੰ ਡਰਾਇਆ।
***-ਜਗਮੀਤ ਸਿੰਘ ਪੰਧੇਰ***

---

ਮੇਰੀਆਂ ਅੜੀਆਂ ਤੋਂ ਤੰਗ ਆ ਕੇ
ਮਾਂ ਨੇ ਚੁੱਕ ਬਿਠਾਇਆ ਮੱਝ 'ਤੇ।
ਭੂੰਜੇ ਡਿੱਗਣ ਤੋਂ ਡਰ ਪਿਆ ਲੱਗੇ
ਮੂੰਹ ਘੁਮਾ ਐਸਾ ਡਰਾਇਆ ਮੱਝ ਨੇ।
ਘੂਰੇ ਮੈਨੂੰ ਅੱਖਾਂ ਕੱਢ ਕੇ
ਕਹਿੰਦੀ ਕੁਝ ਇਸ ਤਰ੍ਹਾਂ ਜਾਪੇ।
'ਦੇਵਾਂ ਗੇੜਾ ਕਿ ਸਿੰਗਾਂ ਵਿਚ ਫਸਾ ਕੇ
ਜਾਂ ਬੰਦਾ ਬਣ ਉਤਰ ਜਾਹ ਆਪੇ।'
ਦੈਂਤ ਤੋਂ ਅੱਜ ਬਚਾ ਲੈ ਮੰਮੀ
ਮਾਂ ਦੇ ਤਰਲੇ-ਮਿੰਨਤਾਂ ਕਰਦਾ।
ਬੀਬਾ ਬਣੂੰ ਮੈਂ ਆਗਿਆਕਾਰੀ
ਸਾਰੀ ਉਮਰ ਰਹੂੰ ਪਾਣੀ ਭਰਦਾ।
***-ਸੇਵਾ ਸਿੰਘ ਨੂਰਪੁਰੀ***

---

ਉਪਰ ਬਹਿ ਕੇ ਝੂਟੇ ਲਈਏ
ਜਦ ਖੁੰਡੇ 'ਤੇ ਜਾਏ ਬੱਝ।
ਤਦੇ ਸਿਆਣਿਆਂ ਕਥੀ ਕਹਾਵਤ
ਅਕਲ ਬੜੀ ਕਿ ਮੱਝ?
***-ਫਕੀਰ ਚੰਦ ਸੈਂਪਲਾ, ਐਲ ਏ।***

---

ਨਾਲੇ ਸਾਨੂੰ ਝੂਟੇ ਮਿਲਦੇ
ਨਾਲੇ ਮਿਲੇ ਪੀਣ ਨੂੰ ਦੁੱਧ।
ਮੱਝ ਸਾਡੀ ਨੇ ਕੱਟਾ ਦਿੱਤਾ
ਨਾਂ ਬੁੱਧਵਾਰ ਤੋਂ ਰੱਖਿਆ ਬੁੱਧ।
ਹਰ ਰੋਜ਼ ਅਸੀਂ ਪੱਠੇ ਪਾਉਂਦੇ
ਖਾਣ ਨੂੰ ਮਿਲੇ ਦਹੀਂ-ਲੱਸੀ ਸ਼ੁੱਧ।
ਮੱਝ ਤੋਂ ਮੈਨੂੰ ਚੁੱਕ ਕੇ ਲਾਹ ਲਉ
ਡਰਦਾ ਹੇਠਾਂ ਮੈਂ ਨਾ ਜਾਵਾਂ ਕੁੱਦ।
***-ਸਤਵਿੰਦਰ ਥਾਂਦੀ ਦੌਲਤਪੁਰੀ***

---

ਬੱਚਾ ਕਰ ਬੈਠਾ ਗਲਤੀ ਕੋਈ ਭਾਰੀ
ਤਾਂ ਹੀ ਮਾਂ ਕਰਵਾ'ਤੀ ਮੱਝ ਦੀ ਸਵਾਰੀ।
ਹੁਣ ਪਿਆ ਮਾਂ ਤੋਂ ਮਾਫੀ ਮੰਗੇ
ਇਸ ਗੱਲ ਦੀ ਮੈਂ ਹਾਮੀ ਭਰਦਾ।
ਹਾੜੇ ਹਾੜੇ ਲਾਹ ਲੈ ਮੱਝ ਤੋਂ
ਅੱਗੋਂ ਤੋਂ ਨਹੀਂ ਗਲਤੀ ਕਰਦਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਲਾਹ ਲੈ ਮੈਨੂੰ ਮੰਮੀਏ ਛੇਤੀ
ਮੁੜ ਤੰਗ ਨਹੀਂ ਕਰਦਾ।
ਕੌੜ ਵੀ ਬੜੀ ਹੈ ਇਹ ਮੱਝ
ਚੁੱਕਦੀ ਕੰਨ ਅਤੇ ਸਿੰਗ
ਭਾਵੇਂ ਦਰਖਤ ਨਾਲ ਹੈ ਬੰਨੀ।
ਕਾਂ ਜੇ ਮਾਰੇ ਠੂੰਗਾ
ਸੀਲ ਉਸੇ ਤਰ੍ਹਾਂ ਟਿਕੀ ਰਹਿੰਦੀ।
ਖਾਹ-ਮਖਾਹ ਤੰਗ ਕਰੇ ਕੋਈ
ਫਿਰ ਜਲਵਾ ਹੈ ਦਿਖਾ ਦਿੰਦੀ।
ਹੈ ਪਰ ਪੰਜ ਕਲਿਆਣੀ
ਮੱਥੇ ਫੁੱਲ, ਨਸਲ ਚੰਗੀ ਗਿਣਦੇ।
***-ਦਰਸ਼ਨਪਾਲ ਦੋਸਾਂਝ***

# ਭਾਵੁਕਤਾ 'ਚ ਵਹਿਣ ਦੀ ਥਾਂ ਗੰਭੀਰ ਚਿੰਤਨ ਦੀ ਲੋੜ

**ਮਿਲਪੀਟਸ, ਕੈਲੀਫੋਰਨੀਆ (ਤਰਲੋਚਨ ਸਿੰਘ ਦੁਪਾਲਪੁਰ):** "ਬੇਸ਼ਕ ਇਤਿਹਾਸ ਪੜ੍ਹਨ-ਸੁਣਨ ਵੇਲੇ ਕੰਨ-ਰਸ ਅਤੇ ਭਾਵੁਕਤਾ ਦੀ ਵੀ ਜ਼ਰੂਰਤ ਹੁੰਦੀ ਹੈ ਪਰ ਜੇ ਇਤਿਹਾਸ ਤੋਂ ਕੋਈ ਪ੍ਰੇਰਨਾ ਲੈ ਕੇ ਭਵਿੱਖ ਸੰਵਾਰਨ ਦੀ ਮਨਸ਼ਾ ਹੋਵੇ ਤਾਂ ਇਸ ਦਾ ਗੰਭੀਰ-ਚਿੰਤਨ ਹੀ ਅਤਿ ਲੋੜੀਂਦਾ ਹੁੰਦਾ ਹੈ। ਇਸੇ ਅਣਹੋਂਦ ਸਦਕਾ ਸਿੱਖ ਆਪਣੇ ਆਗੂਆਂ ਹੱਥੋਂ ਵਾਰ ਵਾਰ




ਧੋਖਿਆਂ ਦਾ ਸ਼ਿਕਾਰ ਬਣਦੇ ਆ ਰਹੇ ਹਨ।" ਇਹ ਵਿਚਾਰ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਇਥੇ ਗੁਰਦੁਆਰਾ ਸਿੰਘ ਸਭਾ, ਮਿਲਪੀਟਸ ਵਿਖੇ ਇਕ ਕੌਮਾਂਤਰੀ ਵਿਚਾਰ ਗੋਸ਼ਟੀ ਮੌਕੇ ਬੋਲਦਿਆਂ ਪ੍ਰਗਟਾਏ।

ਇਸ ਗੁਰਦੁਆਰੇ ਦੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿਚ ਜੁੜੇ ਸੰਗਤ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ. ਢਿੱਲੋਂ ਨੇ ਇਤਿਹਾਸਕ ਹਵਾਲੇ ਦਿੰਦਿਆਂ ਦੱਸਿਆ ਕਿ ਜਿੱਥੇ ਅਸੀਂ ਵੱਖ ਵੱਖ ਸਮਿਆਂ 'ਤੇ ਲੀਡਰਾਂ ਦੇ ਥਿੜ੍ਹਕਵੇਂ ਪੈਂਤੜਿਆਂ ਕਾਰਨ ਨੁਕਸਾਨ ਉਠਾਉਂਦੇ ਰਹੇ, ਉਥੇ ਸਿੱਖ ਜਨਤਾ ਦੀ ਆਪਣੇ ਨਿਸ਼ਾਨਿਆਂ ਪ੍ਰਤੀ ਪੇਤਲੀ ਪਹੁੰਚ ਵੀ ਕਸੂਰਵਾਰ ਮੰਨੀ ਜਾਣੀ ਚਾਹੀਦੀ ਹੈ।

ਇਸ ਮੌਕੇ ਲੰਡਨ ਤੋਂ ਆਏ ਡਾ. ਇਕਤਦਾਰ ਕਰਮਾਤ ਚੀਮਾ ਨੇ ਆਪਣੀ ਤਕਰੀਰ ਵਿਚ ਗੁਰੂ ਕਾਲ ਵੇਲੇ ਰਚੇ ਗਏ ਫਾਰਸੀ ਗ੍ਰੰਥ 'ਦਬਿਸਤਾਨੇ ਅਜ਼ਾਹਬ' ਵਿਚੋਂ ਹਵਾਲੇ ਦਿੰਦਿਆਂ ਸਿੱਖ ਮਾਨਸਕਿਤਾ ਦੇ ਜੁਝਾਰੂਪਣ ਦੀ ਵਿਆਖਿਆ ਕੀਤੀ। ਡਾ. ਚੀਮਾ ਦੇ ਭਾਸ਼ਣ ਦੀ ਵਿਸ਼ੇਸ਼ਤਾ ਇਹ ਰਹੀ ਕਿ ਉਨ੍ਹਾਂ ਸਿੱਖ ਨਸਲਕੁਸ਼ੀ ਪ੍ਰਤੀ ਤਤਕਾਲੀ ਸਰਕਾਰ ਦੀਆਂ ਪਹਿਲਾਂ ਤੋਂ ਗਿਣੀਆਂ-ਮਿਥੀਆਂ ਕਪਟੀ ਵਿਉਂਤਾਂ ਦਾ ਪਰਦਾ ਫਾਸ਼ ਕਰਦਿਆਂ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਵੀ ਬਰੀਕੀ ਨਾਲ ਪੁਣ-ਛਾਣ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਦੀ ਮੌਜੂਦਾ ਹਕੂਮਤ ਦੀ ਫਾਸੀਵਾਦੀ ਪਾਰਟੀ ਨਾਲ ਯਾਰੀ ਦੇ ਫੋਲਣੇ ਫੋਲੇ।

ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਵਲੋਂ ਨਵੰਬਰ ਚੁਰਾਸੀ ਦੀ ਸਿੱਖ ਨਸਲਕੁਸ਼ੀ ਬਾਬਤ ਕਰਵਾਈ ਗਈ ਗੋਸ਼ਟੀ ਵਿਚ ਸੰਸਥਾ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕੁੰਜੀਵਤ ਸ਼ਬਦ ਕਹੇ। ਬਾਅਦ ਵਿਚ ਸਵਾਲਾਂ-ਜਵਾਬਾਂ ਦਾ ਭਖਵਾਂ ਸੈਸ਼ਨ ਚੱਲਿਆ। ਸਿੱਖ ਸਰੋਕਾਰਾਂ ਬਾਰੇ ਲਿਖੀਆਂ ਕੁਝ ਕਿਤਾਬਾਂ ਦਾ ਸਟਾਲ ਵੀ ਲਾਇਆ ਗਿਆ।

# ਸਰਬੱਤ ਖਾਲਸਾ ਪਿਛੋਂ ਸਿੱਖਾਂ ਦੀ ਫੜੋ-ਫੜੀ ਵਿਰੁਧ ਭਾਰੀ ਰੋਸ

**ਫਰੀਮਾਂਟ (ਬਿਊਰੋ):** ਕੈਲੀਫੋਰਨੀਆ ਦੇ ਸਿੱਖ ਲੰਘੀ 10 ਨਵੰਬਰ ਨੂੰ ਸਰਬੱਤ ਖਾਲਸਾ ਵਲੋਂ ਥਾਪੇ ਗਏ ਤਖਤਾਂ ਦੇ ਜਥੇਦਾਰਾਂ ਦੇ ਹਰ ਹੁਕਮ ਉਪਰ ਅਮਲ ਕਰਨਗੇ ਅਤੇ ਜੇ ਬਾਦਲ ਸਰਕਾਰ ਨੇ ਆਪਣਾ ਇਹੋ ਰਵੱਈਆ ਜਾਰੀ ਰੱਖਿਆ ਤਾਂ ਇਸ ਵਿਰੁਧ ਫੈਸਲਾਕੁਨ ਲੜਾਈ ਅਰੰਭੀ ਜਾਵੇਗੀ। ਇਹ ਰਾਏ ਇਥੇ ਗੁਰਦੁਆਰਾ ਫਰੀਮਾਂਟ ਵਿਖੇ ਪੰਥਕ ਜਥੇਬੰਦੀਆਂ ਅਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦੀ ਇਕ ਹੰਗਾਮੀ ਮੀਟਿੰਗ ਵਿਚ ਪ੍ਰਗਰਾਈ ਗਈ। ਮੀਟਿੰਗ ਵਿਚ ਸਰਬੱਤ ਖਾਲਸਾ ਤੋਂ ਬਾਅਦ ਪੰਜਾਬ ਅੰਦਰ ਹਕੂਮਤ ਵੱਲੋਂ ਸ਼ੁਰੂ ਕੀਤੇ ਗਏ 'ਜ਼ੁਲਮੋ-ਸਿਤਮ', ਫੜੋ-ਫੜਾਈ ਅਤੇ ਸਰਬੱਤ ਖਾਲਸਾ ਵਿਚ ਹੋਏ ਲੱਖਾਂ ਦੇ ਇਕੱਠ ਵੱਲੋਂ ਥਾਪੇ ਗਏ ਸਿੰਘ ਸਾਹਿਬਾਨ ਤੇ ਸਰਬੱਤ ਖਾਲਸਾ ਦੇ ਪ੍ਰਬੰਧਕਾਂ ਵਿਰੁਧ ਦੇਸ਼ ਧ੍ਰੋਹੀ ਦੇ ਕੇਸ ਦਰਜ ਕਰਨ, ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਅਜੇ ਤੱਕ ਕਾਬੂ ਨਾ ਕੀਤੇ ਜਾਣ ਵਿਰੁਧ ਸੰਘਰਸ਼ ਵਿੱਢਣ ਲਈ ਵਿਚਾਰਾਂ ਹੋਈਆਂ। ਇਸ ਮੌਕੇ ਸਰਬ ਸੰਮਤੀ ਨਾਲ ਕੁਝ ਮਤੇ ਪਾਸ ਕੀਤੇ ਗਏ।

ਪਹਿਲੇ ਮਤੇ ਵਿਚ ਭਾਰਤੀ ਅਤੇ ਬਾਦਲੀ ਹਕੂਮਤ ਨੂੰ ਸਖ਼ਤ ਤਾੜਨਾ ਕੀਤੀ ਗਈ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਹਕੂਮਤੀ ਦਖਲਅੰਦਾਜ਼ੀ ਨਾ ਕੀਤੀ ਜਾਵੇ, ਜਥੇਦਾਰਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਅਤੇ ਝੂਠੇ ਕੇਸ ਵਾਪਿਸ ਲਏ ਜਾਣ।

ਦੂਜੇ ਮਤੇ ਰਾਹੀਂ ਆਉਂਦੇ ਸਨਿੱਚਰਵਾਰ ਨੂੰ ਗੁਰਦੁਆਰਾ ਸਟਾਕਟਨ ਵਿਚ ਕੈਲੀਫੋਰਨੀਆ ਦੇ ਸਮੂਹ ਗੁਰੂ ਘਰਾਂ ਦੀ ਇੱਕ ਮੀਟਿੰਗ ਬੁਲਾਉਣ ਦਾ ਫੈਸਲਾ ਲਿਆ ਗਿਆ ਜਿਸ 'ਚ ਬਾਦਲ ਹਕੂਮਤ ਤੇ ਭਾਰਤੀ ਨਿਜ਼ਾਮ ਦੇ ਖਿਲਾਫ ਫੈਸਲਾਕੁਨ ਸੰਘਰਸ਼ ਸ਼ੁਰੂ ਕਰਨ 'ਤੇ ਵਿਚਾਰ ਕੀਤੀ ਜਾਏਗੀ।

ਤੀਜੇ ਮਤੇ ਰਾਹੀਂ ਫੈਸਲਾ ਲਿਆ ਗਿਆ ਕਿ ਸਮੂਹ ਗੁਰੂਘਰਾਂ ਵਿਚ ਨਵੇਂ ਥਾਪੇ ਗਏ ਸਿੰਘ ਸਾਹਿਬਾਨ ਵੱਲੋਂ ਭੇਜੇ ਗਏ ਹਰ ਹੁਕਮ ਦੀ ਪਾਲਣਾ ਕੀਤੀ ਜਾਵੇਗੀ ਅਤੇ ਸਰਬੱਤ ਖਾਲਸਾ ਵੱਲੋਂ ਹਟਾਏ ਗਏ ਸਰਕਾਰੀ ਕਾਰਿੰਦਿਆਂ/ਜਥੇਦਾਰਾਂ ਨੂੰ ਗੁਰੂ ਘਰਾਂ ਵਿਚ ਆਉਣ ਨਹੀਂ ਦਿੱਤਾ ਜਾਵੇਗਾ।

ਇਕ ਹੋਰ ਮਤੇ ਅਨੁਸਾਰ ਆਉਣ ਵਾਲੇ ਕੁਝ ਦਿਨਾਂ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵਲੋਂ ਰਲ ਕੇ ਅਮਰੀਕਾ ਦੇ ਕਾਂਗਰਸਮੈਨਾਂ, ਸੈਨੇਟਰਾਂ ਅਤੇ ਸਟੇਟ ਡਿਪਾਰਟਮੈਂਟ ਨੂੰ ਮਿਲ ਕੇ ਬਾਦਲ ਸਰਕਾਰ ਦੇ ਵਜ਼ੀਰਾਂ, ਪੰਜਾਬ ਪੁਲਿਸ ਦੇ ਜਾਲਮ ਤੇ ਕਾਤਲ ਅਫਸਰਾਂ ਅਤੇ ਮੁਲਾਜ਼ਮਾਂ ਦੀਆਂ ਲਿਸਟਾਂ ਸੌਂਪੀਆਂ ਜਾਣਗੀਆਂ ਤਾਂ ਕਿ ਇਨ੍ਹਾਂ ਦੇ ਅਮਰੀਕਾ ਆਉਣ ਉਤੇ ਰੋਕ ਲਗਵਾਈ ਦਾ ਸਕੇ।

ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਬਾਦਲ ਅਤੇ ਭਾਰਤ ਸਰਕਾਰ ਦੇ ਸਿੱਖਾਂ ਉਪਰ ਤਸ਼ੱਦਦ ਅਤੇ ਉਨ੍ਹਾਂ ਨਾਲ ਅਨਿਆਂ ਪ੍ਰਤੀ ਅਮਰੀਕਾ ਦੇ ਕਾਨੂੰਨ ਘਾੜਿਆਂ ਅਤੇ ਆਮ ਲੋਕਾਂ ਨੂੰ ਜਾਣੂ ਕਰਵਾਉਣ ਲਈ ਅਗਲੇ ਹਫ਼ਤੇ ਸੈਕਰਾਮੈਂਟੋ ਸਟੇਟ ਕੈਪੀਟਲ ਬਿਲਡਿੰਗ ਮੂਹਰੇ ਰਾਜ ਪੱਧਰੀ ਮੁਜ਼ਾਹਰਾ ਕੀਤਾ ਜਾਵੇਗਾ।

ਮੀਟਿੰਗ ਵਿਚ ਗੁਰਦੁਆਰਾ ਫਰੀਮਾਂਟ ਤੋਂ ਜਸਦੇਵ ਸਿੰਘ, ਹਰਜੀਤ ਸਿੰਘ, ਲਖਵੀਰ ਸਿੰਘ, ਭਾਈ ਗੁਰਮੀਤ ਸਿੰਘ ਖਾਲਸਾ, ਕਸ਼ਮੀਰ ਸਿੰਘ, ਬਲਜੀਤ ਸਿੰਘ, ਅਮਨਦੀਪ ਸਿੰਘ, ਗੁਰਮੀਤ ਸਿੰਘ, ਬਲਵਿੰਦਰਪਾਲ ਸਿੰਘ ਖਾਲਸਾ, ਪਰਮਿੰਦਰ ਸਿੰਘ, ਕਮਲਜੀਤ ਸਿੰਘ ਅਟਵਾਲ; ਗੁਰਦੁਆਰਾ ਸਾਹਿਬ ਟਰੇਸੀ ਤੋਂ ਦੀਪ ਸਿੰਘ, ਲਖਵਿੰਦਰ ਸਿੰਘ; ਗੁਰਦੁਆਰਾ ਸਾਹਿਬ ਮਨਟੀਕਾ ਤੋਂ ਸਾਹਿਬ ਸਿੰਘ, ਜੋਗਿਦਰ ਸਿੰਘ, ਜਰਨੈਲ ਸਿੰਘ; ਗੁਰਦੁਆਰਾ ਦਸਮੇਸ਼ ਦਰਬਾਰ ਟੂਲੈਰੀ ਤੋਂ ਤਰਸੇਮ ਸਿੰਘ ਖਾਲਸਾ; ਗੁਰਦੁਆਰਾ ਸੈਨ ਹੋਜ਼ੇ ਤੋਂ ਸੁਖਦੇਵ ਸਿੰਘ ਬੈਨੀਵਾਲ; ਗੁਰਦੁਆਰਾ ਬਰਾਡਸ਼ਾਹ (ਸੈਕਰਾਮੈਂਟੋ) ਤੋਂ ਕਸ਼ਮੀਰ ਸਿੰਘ, ਜਰਨੈਲ ਸਿੰਘ ਸੰਘਾ; ਗੁਰਦੁਆਰਾ ਟਰਲਕ ਤੋਂ ਗੁਰਜੀਤ ਸਿੰਘ; ਕੈਪੀਟਲ ਸਿੱਖ ਸੈਂਟਰ ਗੁਰਦੁਆਰਾ (ਸੈਕਰਾਮੈਂਟੋ) ਤੋਂ ਬਲਵਿੰਦਰ ਸਿੰਘ ਬੁਟਰ, ਕਰਮਜੀਤ ਸਿੰਘ; ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਪ੍ਰੀਤਮ ਸਿੰਘ ਜੋਗਾ ਨੰਗਲ, ਦਰਸ਼ਨ ਸਿੰਘ ਸੰਧੂ, ਰਾਜਿੰਦਰ ਸਿੰਘ ਰਾਜਾ ਅਤੇ ਬਲਦੇਵ ਸਿੰਘ ਆਦਿ ਨੇ ਹਿੱਸਾ ਲਿਆ।






# ਪੰਥਕ ਸਰਕਾਰ ਨੂੰ ਯਾਦ ਨਾ ਰਿਹਾ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ



**ਸੰਗਰੂਰ:** ਪੰਥਕ ਅਖਵਾਉਣ ਵਾਲੀ ਅਕਾਲੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜਾ ਨੂੰ ਵੀ ਮਨੋਂ ਵਿਸਾਰ ਦਿੱਤਾ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਦੇ ਐਲਾਨ ਤੋਂ 18 ਵਰ੍ਹੇ ਬਾਅਦ ਵੀ ਸ਼ੇਰ-ਏ-ਪੰਜਾਬ ਦਾ ਘੋੜੇ ਉਤੇ ਸਵਾਰ ਕਾਂਸ਼ੀ ਦਾ ਬੁੱਤ ਨਹੀਂ ਲੱਗ ਸਕਿਆ। ਅਕਾਲੀ ਸਰਕਾਰ ਵੱਲੋਂ ਵੱਖ-ਵੱਖ ਸਮੇਂ ਆਪਣੇ ਕਾਰਜਕਾਲ ਦੌਰਾਨ ਚਾਰ ਵਾਰ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਉਨ੍ਹਾਂ ਦੇ ਜਨਮ ਸਥਾਨ ਪਿੰਡ ਬਡਰੁੱਖਾਂ ਵਿਖੇ ਸਰਕਾਰੀ ਤੌਰ ਉਤੇ ਰਾਜ ਪੱਧਰੀ ਸਮਾਗਮ ਕਰ ਕੇ ਮਨਾਇਆ ਜਾ ਚੁੱਕਿਆ ਹੈ। ਸੰਨ 1997, 2001, 2007 ਤੇ 2013 ਵਿਚ ਹੋਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਸਮੇਤ ਕਈ ਵਜ਼ੀਰਾਂ ਵੱਲੋਂ ਸ਼ੇਰ-ਏ-ਪੰਜਾਬ ਦੇ ਸੋਹਲੇ ਗਾਏ ਗਏ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਲੋਕਾਂ ਨੂੰ ਸ਼ੇਰ-ਏ-ਪੰਜਾਬ ਦੇ ਰਾਜ ਵਰਗਾ ਰਾਜ ਦੇਣ ਦਾ ਵਾਅਦਾ ਵੀ ਕੀਤਾ ਗਿਆ। ਸਮਾਗਮਾਂ ਦੌਰਾਨ ਚਾਰ ਵਾਰ ਇਹੋ ਐਲਾਨ ਕੀਤਾ ਗਿਆ ਕਿ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਇਕ ਸੁੰਦਰ ਪਾਰਕ ਬਣਾ ਕੇ ਉਸ ਵਿਚ ਕਾਂਸੀ ਦਾ ਬੁੱਤ ਲਗਾਇਆ ਜਾਵੇਗਾ, ਪਰ 18 ਸਾਲ ਬੀਤਣ ਦੇ ਬਾਵਜੂਦ ਵੀ ਅਜੇ ਤੱਕ ਸ਼ੇਰ-ਏ-ਪੰਜਾਬ ਦਾ ਬੁੱਤ ਬਡਰੁੱਖਾਂ ਨਹੀਂ ਪੁੱਜਿਆ। ਮੁੱਖ ਮੰਤਰੀ ਦੇ ਐਲਾਨ ਦੇ 16 ਸਾਲ ਬਾਅਦ ਸ਼ੇਰ-ਏ-ਪੰਜਾਬ ਯਾਦਗਾਰੀ ਪਾਰਕ ਜ਼ਰੂਰ ਬਣਿਆ ਹੈ ਜਿਸ ਵਿਚ ਬੁੱਤ ਲਗਾਉਣ ਵਾਸਤੇ ਥੜ੍ਹਾ ਵੀ ਬਣ ਚੁੱਕਿਆ ਹੈ, ਜੋ ਪਿਛਲੇ ਡੇਢ ਸਾਲ ਤੋਂ ਬੁੱਤ ਦੀ ਉਡੀਕ ਕਰ ਰਿਹਾ ਹੈ।

ਸੰਨ 2007 ਵਿਚ ਸ. ਬਾਦਲ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਸੀ ਕਿ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਪਿੰਡ ਬਡਰੁੱਖਾਂ ਵਿਖੇ ਤਿੰਨ ਕਰੋੜ ਦੀ ਲਾਗਤ ਨਾਲ ਇਕ ਆਦਰਸ਼ ਸਕੂਲ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਸ. ਬਾਦਲ ਵੱਲੋਂ ਮੈਡੀਕਲ ਕਾਲਜ ਬਣਾਉਣ ਤੇ ਸ਼੍ਰੋਮਣੀ ਕਮੇਟੀ ਵੱਲੋਂ ਲੜਕੀਆਂ ਦਾ ਸਕੂਲ ਖੋਲ੍ਹਣ ਦੇ ਐਲਾਨ ਵੀ ਹੋ ਚੁੱਕੇ ਹਨ, ਪਰ ਇਹ ਸਭ ਐਲਾਨ ਸਿਰਫ ਕਾਗਜ਼ਾਂ ਤੱਕ ਸੀਮਤ ਹਨ। ਪਿੰਡ ਵਿਚ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਬਾਬਾ ਬਾਬੂ ਸਿੰਘ ਦੀ ਦੇਖ ਰੇਖ ਹੇਠ ਇਕ ਵਿਸ਼ਾਲ ਗੁਰਦੁਆਰਾ ਬਣਾਇਆ ਗਿਆ ਸੀ, ਜਿਸ ਦੇ ਕੰਪਲੈਕਸ ਵਿਚ ਸਿੱਖ ਕੌਮ ਦੇ ਚਾਰ ਜਰਨੈਲਾਂ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ਼ਾਮ ਸਿੰਘ ਅਟਾਰੀ ਦੇ ਬੁੱਤ ਸਥਾਪਤ ਕੀਤੇ ਗਏ। ਪਿੰਡ ਦੀ ਸਰਪੰਚ ਹਰਬੰਸ ਕੌਰ ਦਾ ਕਹਿਣਾ ਹੈ ਕਿ ਸ਼ੇਰ-ਏ-ਪੰਜਾਬ ਯਾਦਗਾਰੀ ਪਾਰਕ ਬਣ ਕੇ ਤਿਆਰ ਹੋ ਚੁੱਕਿਆ ਹੈ, ਸਿਰਫ ਬੁੱਤ ਦੀ ਘਾਟ ਰੜਕ ਰਹੀ ਹੈ। ਪਿੰਡ ਵਿਚ ਮੌਜੂਦ ਇਤਿਹਾਸਕ ਕਿਲ੍ਹੇ ਦੇ ਉਹ ਬੁਰਜ ਨੂੰ ਵੀ ਸਮੇਂ ਦੀ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਸੰਭਾਲਣ ਦੀ ਕੋਈ ਲੋੜ ਨਹੀਂ ਸਮਝੀ ਗਈ, ਜਿਸ ਵਿਚ ਇਤਿਹਾਸਕਾਰਾਂ ਮੁਤਾਬਕ ਮਹਾਰਾਜਾ ਰਣਜੀਤ ਸਿੰਘ ਦਾ 13 ਨਵੰਬਰ 1776 ਨੂੰ ਜਨਮ ਹੋਇਆ ਸੀ। ਪਿੰਡ ਵਾਸੀਆਂ ਦੀ ਪੁਰਜ਼ੋਰ ਮੰਗ ਹੈ ਕਿ ਜਿਸ ਤਰ੍ਹਾਂ ਕੁੱਪ ਰੋਹੀੜਾ ਵਿਖੇ ਸ਼ਹੀਦਾਂ ਦੀਆਂ ਸ਼ਾਨਦਾਰ ਯਾਦਗਾਰਾਂ ਸਥਾਪਤ ਕੀਤੀਆਂ ਗਈਆਂ ਹਨ, ਉਸੇ ਤਰਜ਼ 'ਤੇ ਸ਼ੇਰ-ਏ-ਪੰਜਾਬ ਦੀ ਯਾਦਗਾਰ ਸਥਾਪਤ ਕੀਤੀ ਜਾਵੇ।

### ਵਿਰੋਧ ਕਾਰਨ ਸਮਾਗਮ ਵਿਚ ਨਾ ਪੁੱਜ ਸਕੇ ਢੀਂਡਸਾ

**ਸੰਗਰੂਰ:** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਪਿੰਡ ਬਡਰੁੱਖਾਂ ਦੇ ਗੁਰਦੁਆਰੇ ਵਿਚ ਕਰਵਾਏ ਸਮਾਗਮ ਦੌਰਾਨ ਸਿੱਖ ਨੌਜਵਾਨਾਂ ਦੇ ਵਿਰੋਧ ਕਾਰਨ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਸ਼ਾਮਲ ਨਹੀਂ ਹੋ ਸਕੇ। ਇਸ ਮੌਕੇ ਸਿੱਖ ਨੌਜਵਾਨ ਕਾਲੀਆਂ ਝੰਡੀਆਂ ਲੈ ਕੇ ਪੰਚਾਇਤ ਵੱਲੋਂ ਰੱਖੇ ਸਮਾਗਮ ਵਾਲੀ ਥਾਂ ਦੇ ਨਜ਼ਦੀਕ ਵੀ ਪੁੱਜ ਗਏ, ਪਰ ਉਥੇ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ। ਸ਼ੇਰ-ਏ-ਪੰਜਾਬ ਦਾ ਬੁੱਤ ਲਾਉਣ ਬਾਰੇ ਮੰਤਰੀ ਨੇ ਕਿਹਾ ਕਿ ਬੁੱਤ ਲਈ ਗਰਾਂਟ ਮਨਜ਼ੂਰ ਹੋ ਚੁੱਕੀ ਹੈ ਅਤੇ ਇਸ ਨੂੰ ਛੇਤੀ ਹੀ ਲਗਾ ਦਿੱਤਾ ਜਾਵੇਗਾ।

## ਹਵਾਰਾ ਦੀ ਰਿਹਾਈ ਲਈ ਆਨਲਾਈਨ ਪਟੀਸ਼ਨ

**ਵਾਸ਼ਿੰਗਟਨ:** ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਜਿਨ੍ਹਾਂ ਨੂੰ ਪੰਥਕ ਜਥੇਬੰਦੀਆਂ ਵੱਲੋਂ ਸਰਬੱਤ ਖਾਲਸਾ ਵਿਚ ਅਕਾਲ ਤਖਤ ਦਾ ਜਥੇਦਾਰ ਚੁਣਿਆ ਸੀ, ਦੀ ਰਿਹਾਈ ਲਈ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਮਦਦ ਮੰਗਣ ਵਾਸਤੇ ਵ੍ਹਾਈਟ ਹਾਊਸ ਦੀ ਵੈੱਬਸਾਈਟ ਉਤੇ ਪਾਈ ਆਨਲਾਈਨ ਪਟੀਸ਼ਨ 'ਤੇ ਪੰਜ ਦਿਨਾਂ ਵਿਚ 46 ਹਜ਼ਾਰ ਤੋਂ ਵੀ ਵੱਧ ਵਿਅਕਤੀਆਂ ਨੇ ਦਸਤਖਤ ਕੀਤੇ ਹਨ।

ਸਿੱਖਸ ਫਾਰ ਜਸਟਿਸ ਨੇ ਆਨਲਾਈਨ ਪਟੀਸ਼ਨ ਵਿਚ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਉਹ ਭਾਰਤ ਤੋਂ ਜਥੇਦਾਰ ਹਵਾਰਾ ਦੀ ਰਿਹਾਈ ਦੀ ਮੰਗ ਕਰਨ। ਪਟੀਸ਼ਨ ਦਾ ਵ੍ਹਾਈਟ ਹਾਊਸ ਤੋਂ ਜਵਾਬ ਲੈਣ ਲਈ ਇਕ ਲੱਖ ਦਸਤਖਤਾਂ ਦੀ ਲੋੜ ਹੁੰਦੀ ਹੈ। 'ਸਿੱਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਅਮਰੀਕੀ ਪ੍ਰਸ਼ਾਸਨ 1998 ਦੇ ਕੌਮਾਂਤਰੀ ਧਾਰਮਿਕ ਆਜ਼ਾਦੀ ਐਕਟ 1998 ਤਹਿਤ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਦਖਲ ਦੇਣ ਲਈ ਪਾਬੰਦ ਹੈ।

## ਆਰਥਿਕ ਤੰਗੀ ਕਾਰਨ ਦੋ ਕਿਸਾਨਾਂ ਵੱਲੋਂ ਖੁਦਕੁਸ਼ੀ

**ਬਠਿੰਡਾ:** ਅੰਮ੍ਰਿਤਸਰ ਤੇ ਬਠਿੰਡਾ ਵਿਚ ਆਰਥਿਕ ਤੰਗੀ ਕਾਰਨ ਦੋ ਕਿਸਾਨਾਂ ਨੇ ਖੁਦਕੁਸ਼ੀ ਕਰ ਲਈ। ਬਠਿੰਡਾ-ਫਿਰੋਜ਼ਪੁਰ ਰੇਲਵੇ ਮਾਰਗ 'ਤੇ ਚੰਦ ਭਾਨ ਰੇਲਵੇ ਸਟੇਸ਼ਨ ਨੇੜੇ ਕਿਸਾਨ ਰੇਸ਼ਮ ਸਿੰਘ ਨੇ ਰੇਲ ਗੱਡੀ ਹੇਠਾਂ ਆ ਕੇ ਖੁਦਕੁਸ਼ੀ ਕਰ ਲਈ। ਕਪਾਹ ਦੀ ਫਸਲ ਬਰਬਾਦ ਹੋਣ ਕਾਰਨ ਉਕਤ ਕਿਸਾਨ ਆਰਥਿਕ ਤੰਗੀ ਦਾ ਸ਼ਿਕਾਰ ਸੀ ਤੇ ਸਿਰ ਕਰਜ਼ਾ ਹੋਣ ਕਰਕੇ ਪਰੇਸ਼ਾਨ ਰਹਿੰਦਾ ਸੀ, ਜਿਸ ਕਰਕੇ ਉਸ ਨੇ ਇਹ ਕਦਮ ਚੁੱਕਿਆ।

ਇਸੇ ਤਰ੍ਹਾਂ ਸਰਹੱਦੀ ਪਿੰਡ ਸਿੰਘੋਕੇ ਦੇ ਕਿਸਾਨ ਸੁਖਦੇਵ ਸਿੰਘ ਵੱਲੋਂ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਸੁਖਦੇਵ ਸਿੰਘ ਪੁੱਤਰ ਜਗੀਰ ਸਿੰਘ ਛੋਟਾ ਕਿਸਾਨ ਸੀ ਤੇ ਉਸ ਕੋਲ ਆਪਣੀ ਮਾਲਕੀ ਜ਼ਮੀਨ ਸਿਰਫ ਅੱਧਾ ਕਿੱਲਾ ਸੀ, ਉਸ ਨੇ ਚਾਰ ਏਕੜ ਜ਼ਮੀਨ ਠੇਕੇ ਉਤੇ ਲੈ ਕੇ ਕਾਸ਼ਤ ਕੀਤੀ। ਬਾਸਮਤੀ ਦਾ ਰੇਟ ਘੱਟ ਮਿਲਣ ਕਾਰਨ ਉਹ ਪਿਛਲੇ ਕੁਝ ਦਿਨਾਂ ਤੋਂ ਤਣਾਅ ਵਿਚ ਸੀ, ਜਿਸ ਦੇ ਚੱਲਦਿਆਂ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ।

## ਗੁਰੂ ਗ੍ਰੰਥ ਸਾਹਿਬ ਦਾ ਉਰਦੂ ਅਨੁਵਾਦ ਛਾਪਣ ਤੋਂ ਪਿੱਛੇ ਹਟੀ ਸ਼੍ਰੋਮਣੀ ਕਮੇਟੀ

**ਪਟਿਆਲਾ:** ਆਲ ਇੰਡੀਆ ਰੇਡੀਓ ਦੇ ਸੇਵਾਮੁਕਤ ਡਾਇਰੈਕਟਰ ਰਤਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਉਰਦੂ ਵਿਚ ਅਨੁਵਾਦ ਕੀਤਾ ਹੈ, ਪਰ ਸ਼੍ਰੋਮਣੀ ਕਮੇਟੀ ਇਸ ਨੂੰ ਛਪਵਾਉਣ ਲਈ ਤਿਆਰ ਨਹੀਂ ਹੈ। ਪੰਜਾਬੀ ਦੀਆਂ 10 ਤੇ ਉਰਦੂ ਦੀਆਂ 33 ਕਿਤਾਬਾਂ ਲਿਖਣ ਵਾਲੇ 88 ਸਾਲਾ ਰਤਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਉਰਦੂ ਵਿਚ ਅਨੁਵਾਦ ਪੂਰਾ ਤਾਂ ਕਰ ਲਿਆ ਹੈ, ਪਰ ਸ਼ਾਇਦ ਉਨ੍ਹਾਂ ਦੀਆਂ ਅੱਖਾਂ ਇਸ ਨੂੰ ਛਪਿਆ ਹੋਇਆ ਨਾ ਦੇਖ ਸਕਣ, ਕਿਉਂਕਿ ਸ਼੍ਰੋਮਣੀ ਕਮੇਟੀ ਨੇ ਤਾਂ ਬਿਲਕੁਲ ਹੀ ਜਵਾਬ ਦੇ ਦਿੱਤਾ ਹੈ।

ਰਤਨ ਸਿੰਘ ਪੰਜਾਬੀ ਯੂਨੀਵਰਸਿਟੀ ਵਿਚ ਉਰਦੂ ਦੀ ਕਾਨਫਰੰਸ ਵਿਚ ਭਾਸ਼ਣ ਦੇਣ ਪੁੱਜੇ ਸਨ। ਉਨ੍ਹਾਂ ਕਿਹਾ ਕਿ ਜਦੋਂ ਉਹ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰ ਰਹੇ ਸਨ ਤਾਂ ਉਨ੍ਹਾਂ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਗੱਲ ਹੋਈ ਸੀ, ਪਰ ਕੁਝ ਕਾਰਨਾਂ ਕਰ ਕੇ ਗੱਲ ਅੱਧ ਵਿਚਾਲੇ ਰਹਿ ਗਈ। ਉਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਨੂੰ ਛਾਪਣ ਲਈ ਉਰਦੂ ਅਕਾਦਮੀ ਨੇ ਹਾਮੀ ਭਰੀ, ਜਿਸ ਲਈ ਸ਼੍ਰੋਮਣੀ ਕਮੇਟੀ ਤੋਂ 'ਕੋਈ ਇਤਰਾਜ਼ ਨਹੀਂ' ਦਾ ਪ੍ਰਮਾਣ ਪੱਤਰ ਵੀ ਲਿਆ ਗਿਆ, ਪਰ ਅਕਾਦਮੀ ਦੇ ਅਧਿਕਾਰੀ ਬਦਲ ਜਾਣ ਕਰ ਕੇ ਉਨ੍ਹਾਂ ਨੇ ਧਾਰਮਿਕ ਗ੍ਰੰਥ ਹੋਣ ਦਾ ਬਹਾਨਾ ਲਾ ਕੇ ਛਾਪਣ ਤੋਂ ਇਨਕਾਰ ਕਰ ਦਿੱਤਾ। ਰਤਨ ਸਿੰਘ ਨੇ ਮੁੜ ਸ਼੍ਰੋਮਣੀ ਕਮੇਟੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ ਬਾਂਹ ਨਹੀਂ ਫੜਾਈ। ਰਤਨ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰ੍ਹਾਂ ਸਮਝਣ ਲਈ ਉਰਦੂ, ਫ਼ਾਰਸੀ, ਅਰਬੀ ਆਦਿ ਭਾਸ਼ਾਵਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਜਦੋਂ ਉਨ੍ਹਾਂ ਨੇ ਅਨੁਵਾਦ ਪੂਰਾ ਕਰ ਲਿਆ ਤਾਂ ਉਨ੍ਹਾਂ ਦੀ ਲੇਖਣੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਭਾਵ ਪੈਣ ਕਰ ਕੇ ਕੁਝ ਵਿਦਵਾਨਾਂ ਨੇ ਉਨ੍ਹਾਂ ਨੂੰ 'ਗਿਆਨ ਧਿਆਨ ਦਾ ਮੁਸਾਫ਼ਰ' ਵੀ ਕਿਹਾ। ਕਈ ਵਾਰ ਉਹ ਸੋਚਦੇ ਹਨ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਨੂੰ ਖੁਦ ਹੀ ਛਪਵਾ ਦੇਣ, ਪਰ ਹਾਲੇ ਵੀ ਉਨ੍ਹਾਂ ਨੂੰ ਆਸ ਹੈ ਕਿ ਕੋਈ ਸੰਸਥਾ ਉਨ੍ਹਾਂ ਦੀ ਘਾਲਣਾ ਨੂੰ ਸੰਗਤ ਤੱਕ ਪਹੁੰਚਾਏਗੀ।

## ਕੈਨੇਡਾ ਦੇ ਸਿੱਖ ਮੰਤਰੀ 'ਤੇ ਨਸਲੀ ਟਿੱਪਣੀ



**ਟੋਰਾਂਟੋ:** ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਬਣੇ ਹਰਜੀਤ ਸਿੰਘ ਸੱਜਣ ਖਿਲਾਫ ਕੈਨੇਡੀਅਨ ਸੈਨਾ ਦੇ ਇਕ ਅਫਸਰ ਨੇ ਨਸਲੀ ਟਿੱਪਣੀ ਕੀਤੀ ਹੈ। ਇਹ ਟਿੱਪਣੀ ਹਰਜੀਤ ਸੱਜਣ ਦੇ ਰੱਖਿਆ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਕੁਝ ਦੇਰ ਬਾਅਦ ਕੀਤੀ ਗਈ ਸੀ।

ਮੀਡੀਆ ਰਿਪੋਰਟ ਅਨੁਸਾਰ ਕਿਊਬਿਕ ਸਿਟੀ ਵਿਚ ਕੈਨੇਡੀਅਨ ਫੋਰਸ ਬੇਸ ਦੇ ਇਕ ਗੈਰ-ਕਮਿਸ਼ਨਰ ਅਧਿਕਾਰੀ ਨੇ ਸੋਸ਼ਲ ਮੀਡੀਆ ਉੱਤੇ ਪੰਜ ਨਵੰਬਰ ਨੂੰ ਹਰਜੀਤ ਸਿੰਘ ਸੱਜਣ ਖਿਲਾਫ ਨਸਲੀ ਟਿੱਪਣੀ ਕੀਤੀ ਸੀ। ਅਧਿਕਾਰੀਆਂ ਦੇ ਦਖਲ ਤੋਂ ਬਾਅਦ ਸੋਸ਼ਲ ਮੀਡੀਆ ਤੋਂ ਇਹ ਟਿੱਪਣੀ ਹਟਾ ਲਈ ਗਈ। ਇਸ ਮੁੱਦੇ ਉੱਤੇ ਕੈਨੇਡੀਅਨ ਸੈਨਾ ਦੇ ਬੁਲਾਰੇ ਨੇ ਆਖਿਆ ਹੈ ਕਿ ਦੇਸ਼ ਦੀ ਸੈਨਾ ਵਿਚ ਨਸਲੀ ਭੇਦਭਾਵ ਦੀ ਕੋਈ ਥਾਂ ਨਹੀਂ ਹੈ ਤੇ ਅਜਿਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 'ਟੋਰਾਂਟੋ ਸਟਾਰ' ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਫੌਜ ਦੇ ਚੀਫ ਵਾਰੰਟ ਅਧਿਕਾਰੀ ਕੈਬਿਨ ਵੈਸਟ ਨੇ ਪੰਜ ਨਵੰਬਰ ਨੂੰ ਸੈਨਿਕਾਂ ਨੂੰ ਇਕ ਈਮੇਲ ਭੇਜੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਇਕ ਅਜਿਹੀ ਘਟਨਾ ਵਾਪਰੀ ਹੈ, ਜਿਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਫੌਜ ਦੇ ਇਕ ਮੈਂਬਰ ਨੇ ਆਪਣੇ ਫੇਸਬੁੱਕ ਪੰਨੇ ਉੱਤੇ ਰੱਖਿਆ ਮੰਤਰੀ ਬਾਰੇ ਨਾਂਹ-ਪੱਖੀ ਟਿੱਪਣੀ ਕੀਤੀ ਹੈ। ਅਜਿਹੀ ਟਿੱਪਣੀ ਨੂੰ ਕਿਸੇ ਵੀ ਕੀਮਤ ਉੱਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ।

### ਮੱਕੜ ਵੱਲੋਂ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਉਤੇ ਉਥੋਂ ਦੀ ਫੌਜ ਦੇ ਵੱਡੇ ਅਫਸਰ ਵੱਲੋਂ ਨਸਲੀ ਟਿੱਪਣੀ ਕਰਨਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰੀ ਢੰਗ ਨਾਲ ਚੁਣੇ ਗਏ ਹਰਜੀਤ ਸਿੰਘ ਸੱਜਣ ਨੂੰ ਉਥੋਂ ਦੀ ਸਰਕਾਰ ਵਿਚ ਰੱਖਿਆ ਵਿਭਾਗ ਦੀ ਅਹਿਮ ਜ਼ਿੰਮੇਵਾਰੀ ਵਾਲਾ ਅਹੁਦਾ ਸੌਂਪਿਆ ਗਿਆ ਹੈ। ਜੇਕਰ ਰੱਖਿਆ ਮੰਤਰੀ ਉਤੇ ਹੀ ਉਥੋਂ ਦੀ ਫੌਜ ਦੇ ਕਿਸੇ ਵੱਡੇ ਅਫਸਰ ਵੱਲੋਂ ਨਸਲੀ ਟਿੱਪਣੀ ਕੀਤੀ ਜਾ ਸਕਦੀ ਹੈ ਤਾਂ ਫਿਰ ਇਸ ਤੋਂ ਮੰਦਭਾਗੀ ਹੋਰ ਕਿਹੜੀ ਗੱਲ ਹੋ ਸਕਦੀ ਹੈ।

## ਫੂਲਕਾ ਦੀ ਸਾਈਕਲ ਰੈਲੀ ਨੇ ਬਾਦਲਾਂ ਨੂੰ ਵੰਗਾਰਿਆ

**ਬਠਿੰਡਾ:** ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਦੀ ਸਾਈਕਲ ਰੈਲੀ ਨੂੰ ਤਾਰਪੀਡੋ ਕਰਨ ਦੀ ਸ਼੍ਰੋਮਣੀ ਅਕਾਲੀ ਦਲ ਦੀ ਯੋਜਨਾ ਦੀ ਫੂਕ ਨਿਕਲ ਗਈ। ਸ੍ਰੀ ਫੂਲਕਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਬਰਗਾੜੀ ਤੋਂ ਬਠਿੰਡਾ ਤੱਕ ਸਾਈਕਲ ਰੈਲੀ ਕੱਢੀ।

ਅਕਾਲੀ ਦਲ ਨੇ ਇਸ ਰੈਲੀ ਨੂੰ ਪ੍ਰਭਾਵਹੀਣ ਕਰਨ ਵਾਸਤੇ 1984 ਸਿੱਖ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦਾ ਬਠਿੰਡਾ ਵਿਚ ਬਰਾਬਰ ਰੋਸ ਮਾਰਚ ਰਖਵਾ ਦਿੱਤਾ ਤੇ ਇਸ ਸੁਸਾਇਟੀ ਨੇ ਸਿੱਧਾ ਨਿਸ਼ਾਨਾ ਸ੍ਰੀ ਫੂਲਕਾ ਨੂੰ ਬਣਾਇਆ। ਸੁਸਾਇਟੀ ਦੇ ਆਗੂਆਂ ਦੇ ਰੋਸ ਮਾਰਚ ਵਿਚ ਸਥਾਨਕ ਦੰਗਾ ਪੀੜਤ ਪਰਿਵਾਰਾਂ ਨੇ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ, ਜਿਸ ਕਰ ਕੇ ਅਕਾਲੀ ਦਲ ਨੂੰ ਵੀ ਨਮੋਸ਼ੀ ਝੱਲਣੀ ਪਈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਬਠਿੰਡਾ ਦਫਤਰ ਦੇ ਇੰਚਾਰਜ ਨੇ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦੇ ਰੋਸ ਮਾਰਚ ਦੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਤੇ ਰੋਸ ਮਾਰਚ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਗੱਡੀ ਵੀ ਸ਼ਾਮਲ ਸੀ। ਗੱਡੀਆਂ ਉਤੇ ਸਪੀਕਰ ਵੀ ਅਕਾਲੀ ਆਗੂ ਵੱਲੋਂ ਲਗਵਾਏ ਗਏ ਸਨ।

ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਸਵੇਰੇ ਪ੍ਰੈੱਸ ਕਾਨਫਰੰਸ ਵਿਚ ਆਖਿਆ ਕਿ ਹੁਣ ਸ. ਫੂਲਕਾ ਦੰਗਾ ਪੀੜਤਾਂ ਦੇ ਕੇਸਾਂ ਵੱਲ ਧਿਆਨ ਨਹੀਂ ਦੇ ਰਹੇ ਹਨ ਅਤੇ ਦੰਗਿਆਂ 'ਤੇ ਸਿਆਸਤ ਕਰ ਰਹੇ ਹਨ। ਸੁਸਾਇਟੀ ਦੀ ਬਠਿੰਡਾ ਇਕਾਈ ਦੇ ਪ੍ਰਧਾਨ ਅਮਰਜੀਤ ਸਿੰਘ ਨੇ ਆਖਿਆ ਕਿ ਸ. ਫੂਲਕਾ ਨੇ ਦੰਗਾ ਪੀੜਤਾਂ ਦੇ ਕੇਸ ਪੂਰੀ ਸੰਜੀਦਗੀ ਨਾਲ ਲੜੇ ਹਨ ਅਤੇ ਉਹ ਉਨ੍ਹਾਂ ਦਾ ਵਿਰੋਧ ਨਹੀਂ ਕਰਨਗੇ। ਦੂਜੇ ਪਾਸੇ ਸ. ਫੂਲਕਾ ਦੀ ਇਨਸਾਫ ਰੈਲੀ ਵਿਚ ਸੈਂਕੜੇ ਲੋਕ ਸ਼ਾਮਲ ਹੋਏ, ਜਿਨ੍ਹਾਂ ਕੋਲ ਕਾਲੀਆਂ ਝੰਡੀਆਂ ਸਨ। ਉਨ੍ਹਾਂ ਨੇ ਬਠਿੰਡਾ ਵਿਚ ਰੈਲੀ ਸਮਾਪਤ ਕਰਨ ਮੌਕੇ ਆਖਿਆ ਕਿ ਜੋ ਲੋਕ ਬਠਿੰਡਾ ਵਿਚ ਆ ਕੇ ਰੈਲੀ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਨੂੰ ਕਤਲੇਆਮ ਦੇ ਦੋਸ਼ੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ। ਸਾਈਕਲ ਰੈਲੀ ਦਾ ਪਿੰਡਾਂ ਵਿਚ ਸਵਾਗਤ ਕੀਤਾ ਗਿਆ ਤੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ।




### ਫੂਲਕਾ ਵੱਲੋਂ ਹਰਸਿਮਰਤ 'ਤੇ ਮਾਣਹਾਨੀ ਦਾ ਕੇਸ ਕਰਨ ਦਾ ਫੈਸਲਾ

**ਬਠਿੰਡਾ:** ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਉਤੇ ਮਾਣਹਾਨੀ ਦਾ ਕੇਸ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਸ. ਫੂਲਕਾ ਨੇ ਬੀਬੀ ਬਾਦਲ ਵੱਲੋਂ ਸਿੱਖ ਕਤਲੇਆਮ ਪੀੜਤਾਂ ਦੇ ਕੇਸ ਦੀਆਂ ਫੀਸਾਂ ਲੈਣ ਤੇ ਅਦਾਲਤ ਵਿਚ ਪੀੜਤਾਂ ਦੇ ਕੇਸਾਂ ਦੀ ਯੋਗ ਪੈਰਵੀ ਕਰਨ ਦੀ ਥਾਂ ਸਿਰਫ ਮੀਡੀਆ ਵਿਚ ਬਿਆਨਬਾਜ਼ੀ ਕਰਨ ਦੇ ਲਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਹ ਫੈਸਲਾ ਲਿਆ ਹੈ। ਉਨ੍ਹਾਂ ਨੇ ਪੀੜਤਾਂ ਲਈ ਕੀਤੇ ਕੰਮਾਂ ਦੇ ਮਾਮਲੇ ਵਿਚ ਹਰਸਿਮਰਤ ਬਾਦਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਸ. ਫੂਲਕਾ ਨੇ ਐਲਾਨ ਕੀਤਾ ਕਿ ਜੇ ਕੋਈ ਇਹ ਸਾਬਤ ਕਰ ਦੇਵੇ ਕਿ ਉਸ ਨੇ ਪਿਛਲੇ 30 ਸਾਲਾਂ ਵਿਚ ਕਿਸੇ ਵੀ ਪੀੜਤ ਜਾਂ ਐਸ.ਜੀ.ਪੀ.ਸੀ. ਤੋਂ ਫੀਸ ਲਈ ਹੈ ਤਾਂ ਉਹ ਵਕਾਲਤ ਤੱਕ ਛੱਡ ਦੇਣਗੇ।

# ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦਾ ਮੈਂਬਰ ਗੁਰਿੰਦਰ ਸਿੰਘ ਗਿੱਲ ਸੁਰਗਵਾਸ

**ਕਰਾਊਨ ਪੁਆਇੰਟ, ਇੰਡੀਆਨਾ (ਬਿਊਰੋ):** ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਅਤੇ ਪੰਜਾਬੀ ਅਮੈਰਿਕਨ ਯੂਥ ਕਲੱਬ, ਇੰਡੀਆਨਾ ਦੇ ਸਰਗਰਮ ਮੈਂਬਰ



*ਗੁਰਿੰਦਰ ਸਿੰਘ ਗਿੱਲ*

ਗੁਰਿੰਦਰ ਸਿੰਘ ਗਿੱਲ ਲੰਘੀ 11 ਨਵੰਬਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਸਿਰਫ 45 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ ਪਰ ਇੰਨਾ ਜਿਗਰਾ ਦਿਖਾਇਆ ਕਿ ਆਪਣੇ ਨੇੜਲੇ ਪਰਿਵਾਰਕ ਮੈਂਬਰਾਂ ਤੇ ਕੁਝ ਦੋਸਤਾਂ ਤੋਂ ਇਲਾਵਾ ਇਸ ਬਾਰੇ ਕਿਸੇ ਨੂੰ ਪਤਾ ਨਹੀਂ ਲੱਗਣ ਦਿਤਾ।

ਗੁਰਿੰਦਰ ਸਿੰਘ ਗਿੱਲ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ ਆਪਣੇ ਪਿਛੇ ਮਾਤਾ ਬਲਵਿੰਦਰ ਕੌਰ, ਪਤਨੀ ਵਰਿੰਦਰ ਕੌਰ ਗਿੱਲ, 14 ਸਾਲਾ ਪੁੱਤਰ ਗੁਰਵੀਰ ਸਿੰਘ ਗਿੱਲ ਅਤੇ ਇਕ 10 ਸਾਲਾ ਬੇਟੀ ਪੁਨੀਤ ਕੌਰ ਛਡ ਗਏ ਹਨ। ਉਨ੍ਹਾਂ ਦੇ ਪਿਤਾ ਨਛੱਤਰ ਸਿੰਘ ਕਾਫੀ ਸਮਾਂ ਪਹਿਲਾਂ ਹੀ ਗੁਜ਼ਰ ਗਏ ਸਨ। ਉਹ ਪੰਜਾਬ ਦੇ ਪਿੰਡ ਜੱਬੋਮਜਾਰਾ, ਜਿਲਾ ਲੁਧਿਆਣਾ ਤੋਂ ਸਨ ਅਤੇ 1992 'ਚ ਅਮੈਰਿਕਾ ਆਏ ਸਨ।

ਵਿਛੜੀ ਰੂਹ ਦਾ ਅੰਤਿਮ ਸਸਕਾਰ ਲੰਘੇ ਸਨਿਚਰਵਾਰ ਕਰ ਦਿਤਾ ਗਿਆ ਅਤੇ ਭੋਗ ਵੀ ਉਸੇ ਦਿਨ ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਪਾ ਦਿਤਾ ਗਿਆ। ਇਸ ਮੌਕੇ ਇੰਡੀਆ ਤੋਂ ਉਸ ਦੇ ਮਾਮੇ ਦਾ ਪੁਤਰ ਜਸਜੀਤ ਸਿੰਘ ਹਨੀ ਅਤੇ ਕੈਨੇਡਾ ਤੇ ਇੰਗਲੈਂਡ ਤੋਂ ਇਲਾਵਾ ਓਹਾਇਓ, ਵਰਜੀਨੀਆ, ਕੈਲੀਫੋਰਨੀਆ ਅਤੇ ਮਿਡਵੈਸਟ ਤੋਂ ਰਿਸ਼ਤੇਦਾਰ ਅਤੇ ਮਿੱਤਰ-ਦੋਸਤ ਪਹੁੰਚੇ ਹੋਏ ਸਨ।ਪਰਿਵਾਰ ਨਾਲ ਸੰਪਰਕ ਫੋਨ: 219-880-6163 ਰਾਹੀਂ ਕੀਤਾ ਜਾ ਸਕਦਾ ਹੈ।

ਅਦਾਰਾ ਪੰਜਾਬ ਟਾਈਮਜ਼ ਤੇ ਇਸ ਦੀ ਸਲਾਹਕਾਰ ਕਮੇਟੀ ਨੇ ਸ. ਗਿੱਲ ਦੇ ਵਿਛੋੜੇ 'ਤੇ ਦੁਖ ਦਾ ਪ੍ਰਗਟਾਵਾ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ। ਪੰਜਾਬੀ ਅਮੈਰਿਕਨ ਯੂਥ ਕਲੱਬ, ਇੰਡੀਆਨਾ ਅਤੇ ਮਿਡਵੈਸਟ ਦੀਆਂ ਬਹੁਤ ਸਾਰੀਆਂ ਖੇਡ ਤੇ ਸਭਿਆਚਾਰਕ ਸੰਸਥਾਵਾਂ ਨੇ ਸ. ਗਿੱਲ ਦੇ ਚਲਾਣੇ 'ਤੇ ਦੁਖ ਦਾ ਇਜ਼ਹਾਰ ਕੀਤਾ ਹੈ।

# ਗਮਦੂਰ ਸਿੰਘ ਗਿੱਲ ਸੁਰਗਵਾਸ



**ਹੇਵਰਡ (ਬਿਊਰੋ):** ਸਥਾਨਕ ਪਤਵੰਤੇ ਗਮਦੂਰ ਸਿੰਘ ਗਿੱਲ ਲੰਘੀ 14 ਨਵੰਬਰ ਨੂੰ ਸੰਖੇਪ ਬਿਮਾਰੀ ਪਿੱਛੋਂ ਅਕਾਲ ਚਲਾਣਾ ਕਰ ਗਏ ਹਨ। ਉਹ 75 ਵਰ੍ਹਿਆਂ ਦੇ ਸਨ ਅਤੇ ਪੰਜਾਬ ਦੇ ਪਿੰਡ ਘੋਲੀਆ, ਜਿਲ੍ਹਾ ਮੋਗਾ ਤੋਂ ਸਨ।

ਮਰਹੂਮ ਸ. ਗਿੱਲ ਦਾ ਅੰਤਿਮ ਸੰਸਕਾਰ 21 ਨਵੰਬਰ, ਸਨਿਚਰਵਾਰ ਨੂੰ ਇਥੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਚ ਸਵੇਰੇ 10 ਵਜੇ ਤੋਂ 12 ਵਜੇ ਤੱਕ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ।

ਸਵਰਗੀ ਸ. ਗਿੱਲ ਆਪਣੇ ਪਿੰਡ ਦੇ ਸਤਿਕਾਰਤ ਮੋਹਤਬਰਾਂ ਵਿਚ ਗਿਣੇ ਜਾਂਦੇ ਸਨ। ਉਹ ਲੰਬਾ ਸਮਾਂ ਫਿਲੀਪੀਨ ਵੀ ਰਹੇ। 90ਵਿਆਂ ਦੇ ਸ਼ੁਰੂ ਵਿਚ ਉਨ੍ਹਾਂ ਦੇ ਤਿੰਨ ਪੁੱਤਰ ਅਮਰੀਕਾ ਆ ਵਸੇ ਅਤੇ ਕੋਈ ਦਸ ਸਾਲ ਪਹਿਲਾਂ ਸ. ਗਿੱਲ ਵੀ ਉਨ੍ਹਾਂ ਪਾਸ ਅਮਰੀਕਾ ਆ ਗਏ। ਉਹ ਆਪਣੇ ਪਿੱਛੇ ਪਤਨੀ, ਬੇਟੀ, ਤਿੰਨ ਪੁੱਤਰਾਂ, ਪੋਤਰਿਆਂ-ਦੋਹਤਰਿਆਂ ਦਾ ਵੱਡਾ ਪਰਿਵਾਰ ਛੱਡ ਗਏ। ਪਰਿਵਾਰ ਨਾਲ ਸੰਪਰਕ ਮਨਜੀਤ ਸਿੰਘ ਗਿੱਲ 510-750-5224, ਚਰਨਜੀਤ ਗਿੱਲ 510-750-7414 ਅਤੇ ਦਲਜੀਤ ਗਿੱਲ 510-760-2102 ਰਾਹੀਂ ਕੀਤਾ ਜਾ ਸਕਦਾ ਹੈ।

## ਮਾਸਟਰ ਹਰਭਜਨ ਸਿੰਘ ਬਾਸੀ ਨੂੰ ਸਦਮਾ, ਭਰਾ ਦਾ ਦੇਹਾਂਤ

ਕੈਲੇਫੋਰਨੀਆ (ਬਿਊਰੋ): ਮਾਸਟਰ ਹਰਭਜਨ ਸਿੰਘ ਬਾਸੀ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਕੈਨੇਡਾ ਰਹਿੰਦੇ ਉਨ੍ਹਾਂ ਦੇ ਛੋਟੇ ਭਰਾ ਸੰਤੋਖ ਸਿੰਘ ਬਾਸੀ ਦਾ ਅਚਾਨਕ ਦੇਹਾਂਤ ਹੋ ਗਿਆ। ਉਹ ਪੰਜਾਬਵੀ ਅਖਬਾਰ ਸਾਂਝੀ ਸੋਚ ਦੇ ਸੰਪਾਦਕ ਬੂਟਾ ਸਿੰਘ ਬਾਸੀ ਦੇ ਚਾਚਾ ਜੀ ਸਨ। ਬਾਸੀ ਪਰਿਵਾਰ ਦਾ ਪਿਛਲਾ ਪਿੰਡ ਦਾਦੂਵਾਲ, ਜਿਲ੍ਹਾ ਜਲੰਧਰ ਹੈ।

ਸੰਤੋਖ ਸਿੰਘ ਬਾਸੀ ਦੇ ਪਿਤਾ ਪ੍ਰੀਤਮ ਸਿੰਘ ਅਤੇ ਦੋ ਭਰਾ ਰੇਸ਼ਮ ਸਿੰਘ ਬਾਸੀ ਤੇ ਗੁਰਮੁਖ ਸਿੰਘ ਬਾਸੀ ਪਹਿਲਾਂ ਹੀ ਸਵਰਗ ਸਿਧਾਰ ਚੁੱਕੇ ਹਨ। ਇਕ ਭਰਾ ਬਲਵੀਰ ਸਿੰਘ ਐਡਵੋਕੇਟ ਸੈਕਰਾਮੈਂਟੋ ਰਹਿੰਦਾ ਹੈ। ਦੋ ਭੈਣਾਂ ਵਿਚੋਂ ਭਜਨ ਕੌਰ ਇਸ ਦੁਨੀਆਂ 'ਤੇ ਨਹੀਂ ਰਹੇ ਜਦ ਕਿ ਦੂਜੀ ਭੈਣ ਗੁਰਦੇਵ ਕੌਰ ਇੰਡੀਆ ਰਹਿੰਦੀ ਹੈ।

ਸੰਤੋਖ ਸਿੰਘ ਬਾਸੀ ਕੋਈ 40 ਸਾਲ ਪਹਿਲਾਂ ਕੈਨੇਡਾ ਵਿਚ ਆਏ ਸਨ। ਉਹ ਆਪਣੇ ਪਿਛੇ ਪਤਨੀ ਬਲਵਿੰਦਰ ਕੌਰ, ਬੇਟੀ ਕਿਰਨ ਕੌਰ ਤੇ ਬੇਟਾ ਰੌਬੀ ਬਾਸੀ ਛੱਡ ਗਏ ਹਨ। ਮਾਸਟਰ ਹਰਭਜਨ ਸਿੰਘ ਬਾਸੀ ਨਾਲ ਸੰਪਰਕ ਫੋਨ 209-545-3084 ਰਾਹੀਂ ਕੀਤਾ ਜਾ ਸਕਦਾ ਹੈ।

## ਅਕਬਰੁਦੀਨ ਹੋਣਗੇ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਪ੍ਰਤੀਨਿਧ

**ਨਵੀਂ ਦਿੱਲੀ:** ਵਿਦੇਸ਼ ਮੰਤਰਾਲੇ ਦੇ ਸਾਬਕਾ ਬੁਲਾਰੇ ਸਈਦ ਅਕਬਰੁਦੀਨ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧ ਨਿਯੁਕਤ ਕੀਤੇ ਗਏ ਹਨ।

ਉਹ ਅਸ਼ੋਕ ਮੁਖਰਜੀ ਦਾ ਸਥਾਨ ਲੈਣਗੇ। ਸਾਲ 1985 ਬੈਚ ਦੇ ਆਈ.ਐਫ.ਐਸ. ਅਧਿਕਾਰੀ ਅਕਬਰੁਦੀਨ ਫਿਲਹਾਲ ਵਿਦੇਸ਼ ਮੰਤਰਾਲੇ ਵਿਚ ਵਧੀਕ ਸਕੱਤਰ ਹਨ।

ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ:
ਸੰਨੀ, ਫੋਨ: 608-630-0287
44-47

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਜ਼ੀਰਵੀ ਇਕੋ ਵੇਲੇ ਅਕਬਰ ਵੀ ਤੇ ਬੀਰਬਲ ਵੀ

***ਸੁਰਜਨ ਜ਼ੀਰਵੀ ਪਿਛਲੇ ਢਾਈ ਦਹਾਕਿਆਂ ਤੋਂ ਕੈਨੇਡਾ ਰਹਿੰਦੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਕਈ ਦਹਾਕੇ 'ਨਵਾਂ ਜ਼ਮਾਨਾ' ਦੇ ਸੰਪਾਦਕ ਰਹੇ। ਇਸ ਅਰਸੇ ਦੌਰਾਨ ਉਨ੍ਹਾਂ ਬਹੁਤ ਸਾਰੇ ਪੰਜਾਬੀ ਪੱਤਰਕਾਰਾਂ ਨੂੰ ਗੁੜ੍ਹਤੀ ਵੀ ਦਿੱਤੀ। ਉਹ ਹਮੇਸ਼ਾਂ ਚਰਚਾ ਵਿਚ ਰਹੇ ਹਨ। ਅਜਕਲ੍ਹ ਉਨ੍ਹਾਂ ਦੀ ਸਿਹਤ ਭਾਵੇਂ ਬਹੁਤੀ ਠੀਕ ਨਹੀਂ ਪਰ ਫਿਰ ਵੀ ਪੂਰੇ ਸਰਗਰਮ ਹਨ। ਗੁਰਦੇਵ ਚੌਹਾਨ ਦਾ ਇਹ ਲੇਖ ਸੁਰਜਨ ਜ਼ੀਰਵੀ ਦੀ ਸ਼ਖਸੀਅਤ ਦੀ ਭਰਵੀਂ ਤਸਵੀਰ ਪੇਸ਼ ਕਰਦਾ ਹੈ। -ਸੰਪਾਦਕ***



**ਗੁਰਦੇਵ ਚੌਹਾਨ**

ਸਾਲ 2003 ਦੀ ਗੱਲ ਹੈ, ਮੈਂ ਕੈਨੇਡਾ ਵਿਜ਼ਿਟਰ ਵਜੋਂ ਆਇਆ ਸਾਂ ਅਤੇ ਆਪਣੀ ਬੇਟੀ ਕੋਲ ਟਰਿੰਟਨ ਰਹਿੰਦਾ ਸਾਂ। ਮੈਨੂੰ ਮਿਸੀਸਾਗਾ ਤੋਂ ਫੋਨ ਆਇਆ। ਬੋਲਣ ਵਾਲੇ ਦੀ ਆਵਾਜ਼ ਤੋਂ ਮੈਂ ਵਾਕਿਫ ਨਹੀਂ ਸਾਂ ਪਰ ਉਸ ਇਹ ਕਹਿ ਕੇ ਫੋਨ ਕਿਸੇ ਹੋਰ ਨੂੰ ਫੜਾ ਦਿੱਤਾ, "ਲਓ ਗੁਰਬਚਨ ਨਾਲ ਗੱਲ ਕਰੋ।" ਗੁਰਬਚਨ ਚੰਡੀਗੜ੍ਹ ਰਹਿੰਦਾ ਹੈ, ਕਈ ਦਹਾਕਿਆਂ ਤੋਂ ਮੇਰਾ ਮਿੱਤਰ ਹੈ। ਉਹ ਅਜਿਹਾ ਸਾਹਿਤਕਾਰ ਹੈ, ਜਿਸ ਦੀ ਲਿਖਤ ਜਿੰਨੀ ਤਿੱਖੀ ਅਤੇ ਜ਼ਾਇਕੇਦਾਰ ਹੁੰਦੀ ਹੈ, ਉਨੀ ਹੀ ਇਹ ਉਸ ਬੰਦੇ ਦੇ ਮੂੰਹ ਦਾ ਜ਼ਾਇਕਾ ਕਈ ਕਈ ਸਾਲ ਖਰਾਬ ਕਰ ਸਕਣ ਦੀ ਸ਼ਕਤੀ ਵੀ ਰਖਦੀ ਹੈ, ਜਿਸ ਬਾਰੇ ਉਹ ਲਿਖਤ ਹੋਵੇ, ਭਾਵੇਂ ਉਸ ਦਾ ਮਿੱਤਰ ਹੀ ਹੋਵੇ ਜਾਂ ਕਦੇ ਰਿਹਾ ਹੋਵੇ। ਗੁਰਬਚਨ ਨੂੰ ਫੋਨ ਦੇਣ ਵਾਲਾ ਸੁਰਜਨ ਜ਼ੀਰਵੀ ਸੀ ਜਿਸ ਪਾਸ ਉਹ ਰੁਕਿਆ ਹੋਇਆ ਸੀ। ਮੈਂ ਸੋਚਿਆ, ਰੱਬ ਖੈਰ ਕਰੇ।

ਜ਼ੀਰਵੀ ਅਤੇ ਉਸ ਨਾਲ ਦੋਸਤੀ ਦਾ ਜ਼ਿਕਰ ਗੁਰਬਚਨ ਨੇ ਪਹਿਲਾਂ ਵੀ ਕਈ ਵਾਰ ਕੀਤਾ ਸੀ। ਮੈਂ 35 ਸੈਕਟਰ ਵਿਚ ਸਾਂ ਅਤੇ ਗੁਰਬਚਨ ਦੋ ਸੈਕਟਰ ਛਡ ਕੇ 33 ਸੈਕਟਰ ਵਿਚ ਅਤੇ ਫਿਰ ਕੁਝ ਕੁ ਸਾਲਾਂ ਦੇ ਵਕਫੇ ਨਾਲ 45 ਵਿਚ ਰਹਿੰਦਾ ਸੀ। ਅਸੀਂ ਅਕਸਰ ਇਕੱਠਿਆਂ ਸੈਰ ਕਰਦੇ। ਮੈਂ ਸੋਚਦਾ, ਇਹ ਜ਼ੀਰਵੀ ਨਾਂ ਦਾ ਸਖਸ਼ ਕੋਈ ਖਾਸ ਹੀ ਹੋਵੇਗਾ। ਨਹੀਂ ਤਾਂ ਅਕਸਰ ਉਹ ਜਿਸ ਦਾ ਵੀ ਜ਼ਿਕਰ ਕਰਦਾ, ਉਹ ਮਾੜੇ ਪਾਸੇ ਵਲ ਵੱਧ ਝੁੱਕਿਆ ਹੁੰਦਾ। ਪਰ ਜ਼ੀਰਵੀ ਬਾਰੇ ਜ਼ਿਕਰ ਹਮੇਸ਼ਾ ਹੀ ਪ੍ਰਸੰਸਾ ਭਰਿਆ ਹੁੰਦਾ। ਪਹਿਲੀ ਵੇਰ ਉਸੇ ਤੋਂ ਮੈਨੂੰ ਪਤਾ ਲਗਾ ਕਿ ਭਾਰਤੀ ਸਾਹਿਤ ਅਕਾਦਮੀ ਵਲੋਂ ਸਨਮਾਨਿਤ ਪ੍ਰਸਿੱਧ ਕਵੀ ਅਤੇ ਮਨੋਵਿਗਿਆਨੀ ਜਸਵੰਤ ਸਿੰਘ ਨੇਕੀ ਜਿਹੜੇ ਪੀ ਜੀ ਆਈ ਚੰਡੀਗੜ੍ਹ ਦੇ ਡਾਇਰੈਕਟਰ ਵੀ ਰਹੇ ਹਨ, ਦੀ ਭੈਣ ਅੰਮ੍ਰਿਤ, ਸੁਰਜਨ ਜ਼ੀਰਵੀ ਦੀ ਧਰਮ ਪਤਨੀ ਹੈ। ਉਨ੍ਹਾਂ ਦੀ ਇਕੋ ਇਕ ਬੇਟੀ ਸੀਰਤ ਨਵਤੇਜ ਨੂੰ ਵਿਆਹੀ ਹੋਈ ਹੈ। ਸੁਰਜਨ ਜ਼ੀਰਵੀ ਨੇ ਆਪਣਾ ਨਾਂ ਆਪਣੀ ਜਨਮ ਭੂਮੀ ਕਸਬਾ ਜ਼ੀਰਾ, ਤੋਂ ਪ੍ਰਭਾਵਿਤ ਹੋ ਕੇ ਰਖਿਆ ਹੈ। ਉਸ ਦਾ ਛੋਟਾ ਭਰਾ ਜਗਜੀਤ ਜ਼ੀਰਵੀ ਪ੍ਰਸਿੱਧ ਗ਼ਜ਼ਲ ਗਾਇਕ ਹੈ।

ਇਸ ਵਾਰ ਜਦੋਂ ਮੈਂ ਕੈਨੇਡਾ ਆਇਆ ਤਾਂ ਤਾਂਘ ਸੀ ਕਿ ਉਦੋਂ ਤਾਂ ਭਾਵੇਂ ਮੈਂ ਜ਼ੀਰਵੀ ਦੇ ਦਰਸ਼ਨ ਨਾ ਕਰ ਸਕਿਆ ਪਰ ਹੁਣ ਤਾਂ ਕਦੇ ਨਾ ਕਦੇ ਇਸ ਸਖਸ਼ ਨਾਲ ਦੇਰ-ਸਵੇਰ ਮੇਲ ਹੋ ਹੀ ਜਾਵੇਗਾ। ਛੇਤੀ ਹੀ ਅਜਿਹਾ ਮੌਕਾ ਬਣ ਗਿਆ। ਫਿਰ ਅਸੀਂ ਅਕਸਰ ਮਿਲਣ ਲੱਗੇ। ਮੇਰਾ ਮਿੱਤਰ ਬਲਰਾਜ ਚੀਮਾ ਵੀ ਅਗੋਂ ਉਸ ਦਾ ਮਿੱਤਰ ਸੀ ਅਤੇ ਇਸ ਮਿੱਤਰਤਾ ਦਾ ਇਕ ਖਾਸ ਰਾਜ਼ ਅਤੇ ਕਾਰਣ ਬਲਰਾਜ ਚੀਮਾ ਦੀ ਮਿਲਣਸਾਰ ਸੁਭਾਅ ਵਾਲੀ ਕਾਰ ਸੀ ਜਿਹੜੀ ਉਨ੍ਹਾਂ ਦੋਨਾਂ ਨੂੰ ਜਿੱਥੇ ਉਹ ਚਾਹੁੰਦੇ, ਲੈ ਜਾਂਦੀ। ਜ਼ੀਰਵੀ ਨੂੰ ਕਾਰ ਤਾਂ ਇਕ ਪਾਸੇ ਰਹੀ, ਸਾਈਕਲ ਵੀ ਚੱਜ ਨਾਲ ਨਹੀਂ ਸੀ ਚਲਾਉਣਾ ਆਉਂਦਾ।

ਜ਼ੀਰਵੀ ਕਈ ਦਹਾਕੇ 'ਨਵਾਂ ਜ਼ਮਾਨਾ' ਅਖਬਾਰ ਦਾ ਸੰਪਾਦਕ ਰਿਹਾ ਹੈ ਜਿਹੜੀ ਪੰਜਾਬੀ ਵਿਚ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਉਰਦੂ ਵਿਚ ਨਿਕਲਦੀ ਸੀ। ਜ਼ੀਰਵੀ ਨੇ ਉਸ ਦੇ ਦੋਵੇਂ ਰੂਪ ਸੰਪਾਦਿਤ ਕੀਤੇ ਹਨ। ਇਹ ਉਸ ਦੀ ਦੇਖ-ਰੇਖ ਵਾਲੇ ਸਮੇਂ ਵਿਚ ਹੀ ਹੋਇਆ ਸੀ ਕਿ ਇਹ ਅਖਬਾਰ ਵੱਡੀ ਸੰਖਿਆ ਵਿਚ ਆਪਣੇ ਪੰਜਾਬੀ ਪਾਠਕ ਬਣਾ ਸਕੀ। ਇਹ ਉਹੀ ਦਿਨ ਸਨ, ਜਦ ਇਸ ਵਿਚ ਫਿਕਰ ਤੌਂਸਵੀ ਦਾ ਪ੍ਰਸਿੱਧ ਹਾਸਰਸ ਵਿਅੰਗ 'ਪਿਆਜ ਦੇ ਛਿਲਕੇ' ਛਪਦਾ ਹੁੰਦਾ ਸੀ ਅਤੇ ਅਸੀਂ ਸਕੂਲ ਤੋਂ ਪਰਤਦੇ ਕਿੱਕਰਾਂ ਦੀ ਛਿੱਦੀ ਛਾਵੇਂ ਰੁਕ ਕੇ ਪੜ੍ਹਦੇ। ਸਾਡੇ ਪਿੰਡ ਵਿਚ ਡਾਕਖਾਨਾ ਨਾ ਹੋਣ ਕਰਕੇ ਕਾਮਰੇਡ ਮਾਸਟਰ ਈਸ਼ਰ ਸਿੰਘ ਦੀ ਅਖਬਾਰ ਡਾਕੀਆ ਸਕੂਲ ਵਿਚ ਹੀ ਸਾਨੂੰ ਦੇ ਜਾਂਦਾ ਸੀ। ਪੰਜਾਬ ਵਿਚ ਖੱਬੇ ਪੱਖੀ ਲਹਿਰ ਕਾਇਮ ਕਰਨ ਵਲ ਜ਼ੀਰਵੀ ਅਤੇ ਉਸ ਦੀ ਅਖਬਾਰ 'ਨਵਾਂ ਜ਼ਮਾਨਾ' ਦਾ ਅਹਿਮ ਰੋਲ ਰਿਹਾ ਹੈ। ਇਨ੍ਹਾਂ ਸਾਲਾਂ ਵਿਚ ਪੰਜਾਬ ਵਿਚ ਹਰਾ ਅਤੇ ਚਿੱਟਾ ਇਨਕਲਾਬ ਆ ਰਿਹਾ ਸੀ।

ਜ਼ੀਰਵੀ ਦੇ ਨਜ਼ਰ ਵਾਲੇ ਚਸ਼ਮੇ ਵਿਚੋਂ ਉਸ ਦੀ ਪੈਨੀ ਦ੍ਰਿਸ਼ਟੀ ਸਭ ਉਨ੍ਹਾਂ ਚੀਜ਼ਾਂ 'ਤੇ ਪੈਂਦੀ ਸੀ ਜੋ ਮੀਡੀਆ ਦੇ ਰਹਿਮੋ ਕਰਮ 'ਤੇ ਸਨ। ਉਨ੍ਹਾਂ ਦਿਨਾਂ ਵਿਚ ਪ੍ਰਿੰਟ ਮੀਡੀਆ ਹੀ ਪ੍ਰਮੁੱਖ ਸੀ। ਇਹ ਖਬਰਾਂ ਦੇ ਦਿਨ ਸਨ ਅਤੇ ਇਸ ਲਈ ਅਖਬਾਰਾਂ ਦੇ। ਉਨ੍ਹੀਂ ਦਿਨੀਂ ਅਖਬਾਰ ਵੱਧ ਕਾਰਾਗਾਰ ਸਨ।

ਹੁਣ ਉਸ ਦੇ ਅਖਬਾਰ ਤੋਂ ਸੇਵਾ ਮੁਕਤ ਹੋਇਆਂ ਕਈ ਸਾਲ ਹੋ ਚੁੱਕੇ ਹਨ ਅਤੇ ਕੈਨੇਡਾ ਵਿਚ ਰਹਿੰਦਿਆਂ ਵੀ ਕਈ ਸਾਲ। ਇਨ੍ਹਾਂ ਵਰ੍ਹਿਆਂ ਵਿਚ ਬਹੁਤ ਕੁਝ ਬੀਤ ਗਿਆ ਅਤੇ ਤਬਦੀਲ ਹੋ ਚੁੱਕਾ ਹੈ। ਇਕ ਹੋਰ ਤਬਦੀਲੀ ਉਸ ਦੀ ਦਾਹੜੀ ਵਿਚ ਚਿੱਟੇ ਵਾਲਾਂ ਦੀ ਗਿਣਤੀ ਦੇ ਸਿਆਣਪੀ ਵਾਧੇ ਦੀ ਹੋਈ ਹੈ ਅਤੇ ਦੂਜੀ ਉਸ ਦੇ ਕਾਲੇ ਵਾਲਾਂ ਦੇ ਸੰਜਮੀ ਘਾਟੇ ਦੀ। ਪਰ ਉਸ 'ਤੇ ਇਹ ਵਾਧੇ-ਘਾਟੇ ਅਕਸਰ ਘਟ ਵੱਧ ਹੀ ਅਸਰ ਕਰਦੇ ਹਨ। ਉਸ ਦੀ ਜ਼ਿੰਦਗੀ 'ਤੇ ਕੇਵਲ ਇਕ ਚੀਜ਼ ਨੇ ਹੀ ਅਸਰ ਕੀਤਾ ਹੈ, ਇਹ ਹੈ, ਸੋਵੀਅਤ ਯੂਨੀਅਨ ਦਾ ਵਿਗੰਠਨ। ਇਸ ਨੇ ਉਸ ਦੀ ਜ਼ਿੰਦਗੀ ਭਰ ਦੀ ਆਸਥਾ ਨੂੰ ਤੋੜ ਦਿੱਤਾ।

ਜ਼ੀਰਵੀ ਨੇ ਆਪਣੀਆਂ ਸੰਪਾਦਕੀਆਂ ਨੂੰ ਕਦੇ ਨਹੀਂ ਸੰਭਾਲਿਆ, ਭਾਵੇਂ ਇਨ੍ਹਾਂ ਨੂੰ ਬਹੁਤ ਸਾਰੇ ਪਾਠਕ ਅਜੇ ਤੀਕ ਆਪਣੀ ਸਿਮਰਤੀ ਵਿਚ ਸਾਂਭੀ ਬੈਠੇ ਹਨ। ਪਰ ਹੁਣ ਉਸ ਆਪਣੀ ਅਖਬਾਰੀ ਜ਼ਿੰਦਗੀ ਤੋਂ ਵਿਹਲਾ ਹੋ ਕੇ ਲਿਖਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਨ੍ਹਾਂ ਲੇਖਾਂ ਨੂੰ ਸਾਂਭਣਾ ਵੀ। ਉਸ ਦੇ ਲੇਖਾਂ ਦੀ ਪੁਸਤਕ 'ਇਹ ਹੈ ਬਾਰਬੀ ਸੰਸਾਰ' ਦੋ ਕੁ ਸਾਲ ਪਹਿਲਾਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਸ਼ਾਮਲ ਲੇਖ



*ਸੁਰਜਨ ਜ਼ੀਰਵੀ*

ਉਸ ਵਿਚਲੇ ਵਿਅੰਗਕਾਰ ਨੂੰ ਵੀ ਉਘਾੜਦੇ ਹਨ। ਉਹ ਆਪਣੀ ਚੁਸਤ ਬਿਆਨੀ ਲਈ ਮਸ਼ਹੂਰ ਹੈ। ਲਤੀਫੇ ਤਾਂ ਉਸ ਦੇ ਮੂੰਹ ਤੋਂ ਬਾਹਰ ਨਿਕਲਣ ਲਈ ਹਮੇਸ਼ਾਂ ਹੀ ਕਾਹਲੇ ਰਹਿੰਦੇ ਹਨ। ਲੋਕਾਂ ਨੂੰ ਹੈਰਾਨੀ ਹੁੰਦੀ ਹੈ ਕਿ ਇਤਨੇ ਲਤੀਫਿਆਂ ਦੇ ਬਾਵਜੂਦ ਉਸ ਦਾ ਆਪਣਾ ਪੇਟ ਹਾਸੇ ਨਾਲ ਫਟਣੋਂ ਕਿਵੇਂ ਬਚਿਆ ਰਿਹਾ।

'ਇਹ ਹੈ ਬਾਰਬੀ ਸੰਸਾਰ' ਵਿਚ ਕੁਝ ਅਜਿਹੇ ਮਸਲੇ ਹਨ ਜਿਹੜੇ ਪੰਜਾਬੀ ਵਿਚ ਪਹਿਲੀ ਵੇਰ ਛੋਹੇ ਗਏ ਹਨ। ਇਹ ਉਹ ਮਸਲੇ ਹਨ ਜਿਹੜੇ ਕੈਨੇਡਾ ਅਤੇ ਅਮਰੀਕੀ ਰਾਜਨੀਤੀ ਅਤੇ ਅਰਥਚਾਰੇ ਨਾਲ ਸਬੰਧਤ ਹੀ ਨਹੀਂ ਹਨ ਸਗੋਂ ਇਨ੍ਹਾਂ ਉਤੇ ਕਰਾਰੀ ਚੋਟ ਵੀ ਕਰਦੇ ਹਨ, ਜਾਂ ਫਿਰ ਭਾਰਤ ਦੀ ਰਾਜਨੀਤੀ ਅਤੇ ਭਾਰਤ ਬਾਰੇ ਅਮਰੀਕੀ ਸਾਮਰਾਜੀ ਨੀਤੀ ਦਾ ਤਿੱਖਾ ਲੇਖਾ-ਜੋਖਾ। ਅਸਲ ਵਿਚ ਭਾਰਤ ਨੂੰ ਪਹਿਲਾਂ ਪੂਰਬੀਅਤ ਦਾ ਨਾਂ ਦੇ ਕੇ ਭਾਰਤੀ ਚਿੰਤਨ ਦੀ ਅਮੀਰੀ ਦੀ ਥਾਂ ਇਸ ਦੇ ਪਛੜੇਪਣ ਨੂੰ ਹੀ ਮਨੋਰੰਜਨ ਦਾ ਸਾਧਨ ਬਣਾਇਆ ਜਾਂਦਾ ਰਿਹਾ ਹੈ। ਮਿਸਾਲ ਲਈ ਇਥੋਂ ਦੀ ਗਰੀਬੀ ਦੇ ਕਿੱਸੇ, ਹਾਥੀ ਸਵਾਰ, ਬੀਨ ਨਾਲ ਸੱਪ ਕਢਣ ਵਾਲੇ ਸਪੇਰੇ, ਜਾਦੂਗਰ ਖਾਸ ਕਰ ਕੇ ਰੱਸੀ ਨੂੰ ਅਸਮਾਨ ਵਿਚ ਟੰਗ ਕੇ ਉਸ ਨੂੰ ਫੜ ਕੇ ਅਸਮਾਨ ਵਿਚ ਚੜ੍ਹਨ ਵਾਲੇ ਅਤੇ ਫਿਰ ਗੁੰਮ ਹੋ ਜਾਣ ਵਾਲੇ ਜਾਦੂਗਰਾਂ ਆਦਿ ਨੂੰ ਹੀ ਪੂਰਬੀਅਤ ਦਾ ਨਾਂ ਦਿਤਾ ਜਾਂਦਾ ਰਿਹਾ ਹੈ। ਇਸ ਤੋਂ ਵੀ ਹਲਕੇ ਮੰਨੋਰੰਜਨੀ ਰੌਅ ਵਿਚ ਭਾਰਤ ਦੀ ਪ੍ਰਸੰਸਾ ਕੀਤੀ ਜਾਂਦੀ ਰਹੀ ਹੈ ਜਿਸ ਦਾ ਜ਼ਿਕਰ ਐਲਬਰਤ ਸਈਅਦ ਨੇ ਆਪਣੀ ਇਸੇ ਨਾਂ ਦੀ ਪੁਸਤਕ ਵਿਚ ਕੀਤਾ ਹੈ। ਜ਼ੀਰਵੀ ਅਨੁਸਾਰ ਇਸੇ ਤਰ੍ਹਾਂ ਹੀ ਪਛਮ ਨੇ ਭਾਰਤ ਦੇ ਸਭ ਤੋਂ ਵੱਡੇ ਲੋਕਰਾਜ ਹੋਣ ਅਤੇ ਜਾਂ ਹੋਰਨਾਂ ਖੇਤਰਾਂ ਨੂੰ ਮਜ਼ਾਕੀਆ ਹੱਦ ਤੀਕ ਆਪਣੇ ਹਿੱਤਾਂ ਲਈ ਵਰਤਿਆ ਹੈ ਜਿਸ ਦਾ ਸ਼ਾਨਦਾਰ ਜ਼ਿਕਰ ਉਸ 'ਐ ਵਤਨ...ਸਲਾਮਤ ਦੇਖੂੰ' ਆਦਿ ਲੇਖਾਂ ਵਿਚ ਕੀਤਾ ਹੈ। ਉਸ ਦੇ ਹੋਰ ਲੇਖ ਕਾਰਪੋਰੇਟ ਸੈਕਟਰ ਜਿਹੜਾ ਹੁਣ ਸਾਮਰਾਜ ਦਾ ਹੀ ਦੂਜਾ ਰੂਪ ਹੈ, ਵਲੋਂ 'ਖੁੱਲੇ ਵਣਜ' ਦੀ ਵਕਾਲਤ ਅਤੇ ਵਡਿਆਈ ਦੇ ਕੁਥਾਵੇਂ ਅਤੇ ਭੁਲੇਖਾਕਾਰੀ ਅਰਥਾਂ ਦਾ ਪਾਜ ਖੋਲਦੇ ਹਨ। ਸਮਲਿੰਗੀ ਵਿਆਹਾਂ ਦੇ ਬਿਲ ਬਾਰੇ ਉਸ ਦੇ ਲੇਖ ਨੂੰ ਪੜ੍ਹ ਕੇ ਤੁਸੀਂ ਸਹਿਜੇ ਹੀ ਇਸ ਤੱਥ 'ਤੇ ਪਹੁੰਚ ਸਕਦੇ ਹੋ ਕਿ ਉਹ ਪਿਛਲੀ ਸਦੀ ਦੀ ਦਿੱਖ ਵਾਲਾ ਇੱਕੀਵੀਂ ਸਦੀ ਦਾ ਸ਼ਾਹਸਵਾਰ ਹੈ।

'ਇਹ ਹੈ ਬਾਰਬੀ ਸੰਸਾਰ' ਲੇਖ ਵਿਚ ਉਸ ਨੇ ਅਮਰੀਕੀ ਬਹੁ-ਕੌਮੀ ਕੰਪਨੀਆਂ ਵਲੋਂ ਬੱਚਿਆਂ ਲਈ ਮਾਪਿਆਂ ਦੇ ਮੋਹ ਨੂੰ ਕੁਸ਼ਲਤਾ ਨਾਲ ਕੈਸ਼ ਕਰਨ ਦੀ ਕੋਸ਼ਿਸ਼ ਵਿਚ ਬਾਰਬੀ ਦਾ ਸਿਲਸਿਲਾ ਸ਼ੁਰੂ ਕਰਨ ਦੀ ਪਰੋਖ ਸਾਜਿਸ਼ ਦਾ ਪਰਦਾ ਫਾਸ਼ ਕੀਤਾ ਹੈ। ਹਰ ਸਾਲ ਕਿਸੇ ਸੱਚੀਂ-ਮੁਚੀਂ ਦੀ ਕੁੜੀ ਨੂੰ 'ਬਾਰਬੀ' ਬਣਾਉਣ ਲਈ ਚੁਣਿਆ ਜਾਂਦਾ ਹੈ ਫਿਰ ਉਸ ਦੀ ਸ਼ਕਲ ਦੀਆਂ ਗੁਡੀਆਂ ਤਿਆਰ ਕੀਤੀਆਂ ਅਤੇ ਵੇਚੀਆਂ ਜਾਂਦੀਆਂ ਹਨ। ਫਿਰ ਇਨ੍ਹਾਂ ਦੇ ਡਰੈਸਾਂ ਨੂੰ ਬਾਜਾਰ ਵਿਚ ਲਿਆ ਕੇ ਹੋਰ ਪੈਸੇ ਵਸੂਲ ਕੀਤੇ ਜਾਂਦੇ ਹਨ ਅਤੇ ਫਿਰ ਬਾਰਬੀ ਲਈ ਫਰਨੀਚਰ, ਭਾਂਡੇ, ਦਿਲ ਲਾਉਣ ਲਈ ਸੁਹਣਾ ਮੁੰਡਾ ਅਤੇ ਫਿਰ ਉਨ੍ਹਾਂ ਦਾ ਘਰ, ਕਾਰਾਂ-ਗਲ ਕੀ ਨਿੱਤ ਨਵੀਂ ਮੰਗ ਪੈਦਾ ਕਰਨ ਲਈ ਪਹਿਲਾਂ ਇਨ੍ਹਾਂ ਵਸਤਾਂ ਨੂੰ ਬਾਜ਼ਾਰ ਵਿਚ ਸੁਟਿਆ ਜਾਂਦਾ ਹੈ। ਇਸ ਕਹਾਣੀ ਨੂੰ ਜਿੰਨਾ ਵੀ ਵਧਾ ਲਵੋ ਇਹ ਸਿਲਸਿਲਾ ਖਤਮ ਹੋਣ ਵਾਲਾ ਨਹੀਂ। ਅਸਲ ਵਿਚ ਬਾਰਬੀ ਆਪਣੇ ਆਪ ਵਿਚ ਵੀ ਪ੍ਰਤੀਕ ਹੈ ਅਜਿਹੀ ਲੁਟ ਖਸੁਟ ਦਾ।

'ਹੋਰ ਅਤੇ ਹੋਰ' ਲੇਖ ਵਿਚ ਅਮਰੀਕਾ ਰਾਹੀਂ ਪ੍ਰਚਾਰੀ ਗਈ ਜ਼ਿੰਦਗੀ ਦਾ ਬਿਆਨ ਹੈ ਜੋ ਇਕੋ ਇਕ ਜਨੂੰਨ ਬਣ ਗਿਆ ਹੈ ਜਿਸ ਦਾ ਜ਼ਿਕਰ ਇਤਾਲਵੀ ਚਿੰਤਕ ਅਤੇ ਨਾਵਲਿਸਟ ਇੰਬਾਰਤੋ ਈਕੋ ਨੇ ਵੀ ਆਪਣੀ ਪੁਸਤਕ 'ਟਰੈਵਲਜ਼ ਇਨ ਹਾਈਪਰ ਰਿਐਲਿਟੀ' ਵਿਚ ਕੀਤਾ ਹੈ ਜਿਹੜੀ ਅਚੇਤ ਹੀ ਜ਼ੀਰਵੀ ਦੀ ਇਸ ਪੁਸਤਕ ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਇਸ ਕਥਨ ਦਾ ਉਲਟਾ ਰੂਪ ਵੀ ਉਤਨਾ ਹੀ ਸੱਚ ਹੈ।

ਇਰਾਕ ਉਤੇ ਅਮਰੀਕੀ ਜੰਗ ਦੇ ਅਗੇ-ਪਿੱਛੇ ਕੀ ਸੀ? ਇਸੇ ਤਰ੍ਹਾਂ ਨੈਟੋ ਦੇ ਸੰਗਠਨ ਪਿੱਛੇ ਵੀ। ਮਹਾਂ ਸ਼ਕਤੀ ਕਿਵੇਂ ਉਲਾਰ ਹੋ ਜਾਂਦੀ ਹੈ? ਇਹ ਪੁਸਤਕ ਇਨ੍ਹਾਂ ਪ੍ਰਸ਼ਨਾਂ ਅਤੇ ਅਜਿਹੇ ਸੰਦੇਹਾਂ ਉਤੋਂ ਗਰਦ ਝਾੜਦੀ ਹੈ। ਪਿਕਾਸੋ ਦਾ ਚਿਤਰ ਗੁਇਰਨਿਕਾ ਸਪੇਨੀ ਖਾਨਾਜੰਗੀ ਵੇਲੇ ਇਸ ਨਾਂ ਦੇ ਪਿੰਡ ਵਿਚ ਹੋਏ ਭਿਆਨਕ ਕਤਲੇਆਮ ਅਤੇ ਤਬਾਹੀ ਨੂੰ ਮੂਰਤੀਮਾਨ ਕਰਦਾ ਹੈ। ਜਦ ਅਮਰੀਕਾ ਇਰਾਕ ਉਤੇ ਹਮਲਾ ਕਰਨ ਜਾ ਰਿਹਾ ਸੀ, ਤਦ ਯੂ ਐਨ ਓ ਦੀ ਸੁਰੱਖਿਆ ਕੌਂਸਲ ਵਿਚ ਅਮਰੀਕੀ ਵਿਦੇਸ਼ ਸਕੱਤਰ ਕੋਲਿਨ ਪਾਵਲ ਵਲੋਂ ਇਰਾਕ ਖਿਲਾਫ ਦੋਸ਼ ਪਤਰ ਪੇਸ਼ ਕਰਨ ਸਮੇਂ ਉਸ ਦਫਤਰ ਵਿਚ ਟੰਗੀ ਪਿਕਾਸੋ ਦੀ ਤਸਵੀਰ ਉਤੇ ਪਰਦਾ ਦੇ ਦਿੱਤਾ ਗਿਆ ਸੀ ਕਿਉਂਕਿ ਇਸ ਤਸਵੀਰ ਦੀ ਹਾਜ਼ਰੀ ਵਿਚ ਕੋਲਿਨ ਕਿਵੇਂ ਝੂਠ ਬੋਲ ਕੇ ਹਮਲਾ ਕਰਨ ਦੀ ਤਜਵੀਜ਼ ਰਖ ਸਕਦਾ ਸੀ। ਕਲਾ ਅਤੇ ਸਾਹਿਤ ਦੀ ਤਾਕਤ ਨੂੰ ਉਘਾੜਨ ਲਈ ਅਜਿਹੀਆਂ ਮਿਸਾਲਾਂ ਨੂੰ ਆਧਾਰ ਬਣਾ ਕੇ ਲਿਖਣਾ, ਇਹ ਕੇਵਲ ਸੁਰਜਨ ਜ਼ੀਰਵੀ ਹੀ ਕਰ ਸਕਦਾ ਹੈ।

'ਮਾਮਲਾ ਉਮਰਾਂ ਦਾ' ਵਿਚ ਉਹ ਜਵਾਨੀ ਨੂੰ ਰੋਕਣ ਵਾਲੀਆਂ ਦਵਾਵਾਂ ਉਤੇ ਵਿਅੰਗ ਕੱਸਦਾ




ਹੈ। 'ਰੈਚਲ ਕੋਰੀ ਦੇ ਲਹੂ ਦੀ ਪੁਕਾਰ' ਵਿਚ 23 ਸਾਲਾ ਅਮਰੀਕਨ ਅਮਨ ਵਾਲੰਟੀਅਰ ਕੁੜੀ ਦਾ ਜ਼ਿਕਰ ਹੈ, ਜਿਸ ਨੂੰ ਗਾਜ਼ਾ ਪੱਟੀ ਵਿਚ ਇਕ ਇਸਰਾਈਲੀ ਨੇ ਆਪਣੇ ਬੁਲਡੋਜ਼ਰ ਹੇਠ ਦੇ ਕੇ ਮਾਰ ਦਿੱਤਾ ਸੀ। ਇਸ ਦਰਦਨਾਕ ਘਟਨਾ ਨੇ ਲੱਖਾਂ ਦਿਲ ਹਿਲਾ ਕੇ ਰੱਖ ਦਿੱਤੇ ਸਨ। ਸੋ ਇਹ ਪੁਸਤਕ ਨਵੀਂ ਸਦੀ ਵਿਚ ਮਨੁੱਖ ਨੂੰ ਦਰਪੇਸ਼ ਮਸਲਿਆਂ ਨੂੰ ਇਸੇ ਸਦੀ ਦੀ ਸ਼ਬਦਾਵਲੀ ਅਤੇ ਅੰਦਾਜ਼ੇ ਬਿਆਨ ਵਿਚ ਅਗਰਭੂਮਿਤ ਕਰਦੀ ਹੈ।

ਦੋ ਕੁ ਮਹੀਨੇ ਪਹਿਲਾਂ ਇਕ ਸ਼ਾਮ ਅਸੀਂ ਜ਼ੀਰਵੀ ਦੇ ਘਰ ਬੈਠੇ ਸਾਂ ਕਿ ਉਸ ਨੇ ਪੁੱਛਿਆ, ਕੀ ਪੀਣਾ ਹੈ। ਮੈਂ ਸੁਭਾਵਕ ਕਿਹਾ, ਕੁਝ ਨਹੀਂ। ਜ਼ੀਰਵੀ ਕਹਿਣ ਲਗਾ, ਵੇਖੋ ਸ਼ਰਾਬ ਪੀਣੀ ਮਾੜੀ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਪਰ ਨਾ ਪੀਣੀ ਹੋਰ ਵੀ ਮਾੜੀ ਹੈ।

ਨਿਰਸੰਦੇਹ ਸੁਰਜਨ ਜ਼ੀਰਵੀ ਪੰਜਾਬੀ ਸਾਹਿਤ ਦੇ ਦਰਬਾਰ ਦਾ ਇਕੋ ਵੇਲੇ ਅਕਬਰ ਵੀ ਹੈ ਤੇ ਬੀਰਬਲ ਵੀ।

## ਕਾਵਿ-ਕਿਆਰੀ

### ਰਮਜ਼

ਨੱਕੋ-ਨੱਕ ਭਰਿਆ
ਦੁੱਧ ਦਾ ਕਟੋਰਾ ਲੈ ਕੇ
ਮੈਂ ਫ਼ਕੀਰ ਕੋਲ ਗਿਆ
'ਰੱਬ ਬਹੁਤਾ ਦੇਵੇ'
ਕਹਿ ਕੇ ਫ਼ਕੀਰ ਨੇ
ਨੱਕੋ-ਨੱਕ ਭਰਿਆ
ਦੁੱਧ ਦਾ ਕਟੋਰਾ ਪੀ ਲਿਆ।

ਨੱਕੋ-ਨੱਕ ਭਰਿਆ
ਦੁੱਧ ਦਾ ਕਟੋਰਾ ਲੈ ਕੇ
ਮੈਂ ਰੁੱਖ ਕੋਲ ਗਿਆ
ਫੁੱਲ ਟੁੱਟ ਕੇ
ਨੱਕੋ-ਨੱਕ ਭਰੇ
ਦੁੱਧ ਦੇ ਕਟੋਰੇ 'ਤੇ ਆ ਤਰਿਆ।

*-ਸੁਰਿੰਦਰ ਸੋਹਲ*

### ਕਾਲੀ ਦੀਵਾਲੀ

ਵੇਖ ਕੇ ਦੁਨੀਆਂ ਦੀ ਦੀਵਾਲੀ
ਦਿਲ ਮੇਰਾ ਉਦਾਸ ਹੋ ਗਿਆ।
ਵਲੈਤ ਗਿਆ, ਨਾ ਵਾਪਸ ਮੁੜਿਆ
ਜਿਵੇਂ ਸਵਰਗੀਂ ਵਾਸ ਹੋ ਗਿਆ।
ਆਪਣੇ ਮੁਲਕ 'ਚ ਮਾਲਕ ਸੀ ਜੋ
ਬਾਹਰ ਆ ਕੇ ਦਾਸ ਹੋ ਗਿਆ।

ਅਮਰੀਕਾ ਵਿਚ 'ਲੇਬਰ' ਸੀ ਜੋ
ਇੰਡੀਆ ਆ ਕੇ 'ਬਾਸ' ਹੋ ਗਿਆ।
ਹਰ ਖੇਤਰ ਵਿਚ ਫੇਲ੍ਹ ਸੀ ਜਿਹੜਾ
ਛੋਲੇ ਦੇ ਕੇ ਪਾਸ ਹੋ ਗਿਆ।
'ਗਿੱਲ' ਨੇ ਭੇਜਿਆ ਪੈਨ ਦਾ ਤੋਹਫਾ
ਤੇਰੇ ਲਈ ਨਾ-ਖਾਸ ਹੋ ਗਿਆ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

### ਵਾਰਿਸ

ਜਦੋਂ ਮੈਂ ਜੰਮਿਆ
ਮਾਪਿਆਂ ਮੇਰੇ ਲੱਡੂ ਵੰਡੇ, ਸੂਟ ਵੰਡੇ
ਕਿ ਘਰ ਦਾ ਵਾਰਿਸ ਆ ਗਿਆ।
ਮੇਰਾ ਵਿਆਹ ਹੋ ਗਿਆ
ਮਾਪਿਆਂ ਮੇਰੇ ਲੱਡੂ ਵੰਡੇ, ਸੂਟ ਵੰਡੇ
ਕਿ ਚਲੋ ਲੜਕਾ ਵਸਦਾ ਹੋ ਗਿਆ।

ਫੇਰ ਮੇਰੇ ਲੜਕਾ ਹੋਇਆ
ਅਸਾਂ ਲੱਡੂ ਵੰਡੇ, ਸੂਟ ਵੰਡੇ
ਕਿ ਚਲੋ ਪੀੜ੍ਹੀ ਚਲਦੀ ਹੋ ਗਈ।
ਲੜਕੇ ਮੇਰੇ ਦਾ ਵਿਆਹ ਹੋ ਗਿਆ
ਅਸਾਂ ਲੱਡੂ ਵੰਡੇ, ਸੂਟ ਵੰਡੇ
ਕਿ ਬੁਢਾਪੇ 'ਚ ਰੋਟੀ ਦਾ ਸਹਾਰਾ ਹੋ ਗਿਆ।

ਅੱਜ ਕੱਲ੍ਹ ਬੇਟਾ ਸਾਡਾ ਅਲੱਗ ਰਹਿ ਰਿਹਾ,
ਅਸੀਂ ਮੀਆਂ-ਬੀਵੀ ਅਲੱਗ
ਤੇ ਰੱਬ ਸਾਡਾ 'ਵਾਰਿਸ' ਹੈ।

*-ਠਾਕਰ ਸਿੰਘ ਬਾਸਤੀ, ਸ਼ਿਕਾਗੋ*

### ਕਰਵਾ'ਤੀ ਬੱਲੇ ਬੱਲੇ

ਵਿਚ ਕੈਨੇਡਾ ਮਾਰੀਆਂ ਮੱਲਾਂ, ਮਾਰੀਆਂ ਪਹਿਲੇ ਹੱਲੇ।
ਪੰਜਾਬੀਆਂ, ਵਿਚ ਕੈਨੇਡਾ ਦੇ ਕਰਵਾਈ ਬੱਲੇ ਬੱਲੇ।
ਪੰਜ ਦਰਿਆ ਦੇ ਪੁੱਤਰਾਂ ਨੇ ਪੰਜਾਬ ਦਾ ਮਾਣ ਵਧਾਇਆ,
ਧਰਤੀ ਉਤੋਂ ਉਠ ਸ਼ੇਰਾਂ ਨੇ ਅੰਬਰ ਨੂੰ ਹੱਥ ਪਾਇਆ।
ਅਟਕਾਂ ਨੂੰ ਅਟਕਾਵਣ ਵਾਲੇ, ਕਉਣ ਇਨ੍ਹਾਂ ਨੂੰ ਠੱਲ੍ਹੇ।...
ਗਦਰੀ ਬਾਬਿਆਂ ਦੇ ਇਹ ਵਾਰਸ ਗੈਰਤਮੰਦ ਅਣਖੀਲੇ,
ਊਧਮ ਭਗਤ ਸਿੰਘ ਦੇ ਵਾਰਸ, ਨਲੂਏ ਜਿਹੇ ਅਣਖੀਲੇ।
ਸੱਤ ਸਮੁੰਦਰੋਂ ਪਾਰ ਆਣ ਕੇ ਤਖ਼ਤ ਗੋਰੇ ਦੇ ਮੱਲੇ।...

ਵਿਚ ਪੰਜਾਬ ਦੇ ਪੈਂਦੇ ਭੰਗੜੇ ਘਰ ਘਰ ਖੁਸ਼ੀਆਂ ਛਾਈਆਂ,
ਇੰਟਰਨੈਟ 'ਤੇ ਦੇਣ ਪੰਜਾਬੀ ਆਪਸ ਵਿਚ ਵਧਾਈਆਂ।
ਅੱਜ ਪੰਜਾਬ ਦੀ ਪਉਣ ਪੂਰੇ ਦੀ ਵਿਚ ਕੈਨੇਡਾ ਚੱਲੇ।...
ਸਭ ਦੁਨੀਆਂ ਵਿਚ ਹੋਈਆਂ ਗੱਲਾਂ ਹਰ ਚੈਨਲ ਦੇ ਉਤੇ,
ਬਾਗਾਂ ਵਿਚ ਬਹਾਰਾਂ ਆਈਆਂ ਅੱਜ ਪਤਝੜ ਦੀ ਰੁੱਤੇ।
ਸਿਰ ਹੋਇਆ ਪੰਜਾਬ ਦਾ ਉਚਾ, ਦੁਨੀਆਂ ਰਹਿ ਗਈ ਥੱਲੇ।...
ਪੰਜ ਆਬਾਂ ਦੀਆਂ ਜਾਈਆਂ ਹੋਈਆਂ ਅੱਜ ਦੁਨੀਆਂ ਤੋਂ ਅੱਗੇ,
ਦੇਸ਼ ਮੇਰੇ ਦੀਆਂ ਜਾਈਆਂ ਨੂੰ ਨਾ ਨਜ਼ਰ ਕਿਸੇ ਦੀ ਲੱਗੇ।
ਅੱਜ 'ਸੁਰਜੀਤ' ਪੰਜਾਬੀਆਂ ਪਾਏ ਦੁਨੀਆਂ ਵਿਚ ਤਰਥੱਲੇ।
ਪੰਜਾਬੀਆਂ, ਵਿਚ ਕੈਨੇਡਾ ਦੇ ਕਰਵਾਈ ਬੱਲੇ ਬੱਲੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

### ਗਜ਼ਲ

ਜੋ ਤੁਹਾਡੇ ਵਾਸਤੇ ਕਠਪੁਤਲੀਆਂ ਜਾਂ ਢੋਰ ਹਨ,
ਉਹ ਬਗਾਵਤ ਕਰਨਗੇ ਬੇਸ਼ਕ ਅਜੇ ਕਮਜ਼ੋਰ ਹਨ।
ਵੇਚ ਦਿੰਦੇ ਹਨ ਖਿੜੇ ਫੁਲ ਟਾਹਣੀਆਂ ਤੋਂ ਤੋੜ ਕੇ,
ਇਸ ਚਮਨ ਵਿਚ ਮਾਲੀਆਂ ਦੀ ਥਾਂ ਵਸੇ ਕੁਝ ਚੋਰ ਹਨ।
ਮਾਪਿਆਂ ਦੇ ਬੋਲ ਭਾਵੇਂ ਕੌੜ ਤੁੰਮੇ ਵਾਂਗ, ਪਰ,
ਅੰਦਰੋਂ ਮਾਪੇ ਨਿਰੇ ਗੰਨੇ ਦੀ ਪਿਛਲੀ ਪੋਰ ਹਨ।
ਧੁੰਦ ਦੇ ਤੂੰ ਬੱਦਲਾਂ 'ਚੋਂ ਭਾਲਦਾ ਕਿਉਂ ਬਾਰਸ਼ਾਂ,
ਵਰ੍ਹਨੀਆਂ ਬਣ ਕੇ ਝੜੀ ਜੋ ਉਹ ਘਟਾਵਾਂ ਹੋਰ ਹਨ।
ਨਾ ਕਰੀਂ ਵਿਸ਼ਵਾਸ਼ ਉਸ ਦੇ ਵਾਇਦਿਆਂ 'ਤੇ ਕਦੇ,
ਟੁੱਟ ਜਾਣੇ ਹਨ ਉਹ ਕੱਚੇ ਸੂਤ ਦੀ ਹੀ ਡੋਰ ਹਨ।
ਅੱਜ ਤੀਕਰ ਚੇਤਿਆਂ ਵਿਚ ਗੀਤ ਬਣ ਜੋ ਲਰਜ਼ਦੇ,
ਸੋਹਣਿਆ ਉਹ ਤੇਰੀਆਂ ਹੀ ਝਾਂਜਰਾਂ ਦੇ ਬੋਰ ਹਨ।
ਮੈਂ 'ਅਜੇ ਤਨਵੀਰ' ਧਰਨੇ ਹਨ ਜਗਾ ਕੇ ਦੀਪ ਕੁਝ,
ਜਿਸ ਥਾਂ ਖੱਲਾਂ ਖੂੰਜਿਆਂ ਵਿਚ ਨੇਰ੍ਹਿਆਂ ਦੇ ਜ਼ੋਰ ਹਨ।

*-ਅਜੇ ਤਨਵੀਰ*

# ਮਨਮੋਹਨ ਵਾਰਿਸ-ਕੀ ਕਹਿ ਕੇ ਬੁਲਾਵਾਂ ਤੈਨੂੰ?

**ਪੰਜਾਬੀ ਗਾਇਕੀ ਦੇ ਅੰਦਰ ਬਾਹਰ**



**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਚੰਗੇ ਗੀਤ ਸੰਗੀਤ ਦੀ ਦੁਨੀਆਂ ਵਿਚ ਜਦੋਂ ਮਨੁੱਖ ਉਤਰਦਾ ਹੈ ਤਾਂ ਸਿਰ ਤੋਂ ਪੈਰਾਂ ਤੱਕ ਰਿਸ਼ਟ ਪੁਸ਼ਟ ਹੋ ਜਾਂਦਾ ਹੈ। ਇਸ ਲਈ ਦੁਨੀਆਂ ਵਿਚ ਕੋਈ ਅਜਿਹਾ ਮਨੁੱਖ ਨਹੀਂ ਜਿਸ ਨੂੰ ਸੰਗੀਤ ਨਾਲ ਪਿਆਰ ਨਹੀਂ। ਜੇਕਰ ਕੋਈ ਹੋਵੇਗਾ ਤਾਂ ਉਸ ਦੀ ਬਿਰਤੀ ਮਨੁੱਖਾਂ ਵਾਲੀ ਨਹੀਂ ਹੋਵੇਗੀ।

ਸਫਰ ਚਾਹੇ ਕਲਾ ਦਾ ਹੋਵੇ, ਚਾਹੇ ਜ਼ਿੰਦਗੀ ਦਾ ਤੈਅ ਤਾਂ ਤੁਸੀਂ ਆਪ ਹੀ ਕਰਨਾ ਹੁੰਦਾ ਹੈ। ਪਰ ਜਿਹੜੇ ਰਾਹ ਬਣਾ ਕੇ ਦੇਣ ਉਨ੍ਹਾਂ ਨੂੰ ਜੇ ਕਦੇ ਸਲਾਮ ਨਹੀਂ ਕਰ ਸਕਦੇ ਤਾਂ ਉਨ੍ਹਾਂ ਦੇ ਹੁੱਝ ਵੀ ਨਹੀਂ ਮਾਰਨੀ ਚਾਹੀਦੀ। ਮੈਂ ਯਤਨ ਉਵੇਂ ਕਰਨ ਲੱਗਾ ਹਾਂ ਜਿਵੇਂ ਸਿਆਣੀ ਔਰਤ ਰੋ ਕੇ ਹਟਣ ਤੋਂ ਬਾਅਦ ਹੋਰ ਸਿਆਣੀ ਲੱਗਣ ਲੱਗ ਪੈਂਦੀ ਹੈ।

ਪੰਜਾਬੀ ਗਾਇਕੀ ਦੇ ਪਿਛਲੇ ਦੋ ਦਹਾਕਿਆਂ ਵਿਚ ਮਨਮੋਹਨ ਵਾਰਿਸ ਦਾ ਨਾਂ ਪਿਆਰ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਇਸ ਕਰਕੇ ਵੀ ਕਿ ਉਹ ਸੁਨੱਖਾ ਹੈ, ਸੁਰੀਲਾ ਹੈ ਅਤੇ ਚੰਗਾ ਗਾਇਕ ਹੈ। ਉਹਨੇ ਹਾਲੇ ਤੱਕ ਕੁਝ ਵੀ ਅਜਿਹਾ ਨਹੀਂ ਗਾਇਆ ਜਿਸ 'ਤੇ ਕੋਈ ਇਤਰਾਜ਼ ਉਠਿਆ ਹੋਵੇ। ਪਰ ਉਸ ਦਾ ਮੇਰੇ ਨਾਲ ਰਿਸ਼ਤਾ ਕਿਤੇ ਕਿਤੇ ਉਵੇਂ ਬਣਦਾ ਰਿਹਾ ਹੈ ਜਿਵੇਂ ਚਾਟੀ ਦਾ ਮਧਾਣੀ ਨਾਲ ਜਾਂ ਫਿਰ ਢੋਲਕੀ ਦਾ ਵਾਜੇ ਨਾਲ। ਇਸ ਕਰਕੇ ਇਹ ਕਹਾਣੀ ਥੋੜੀ ਥੋੜੀ ਦਿਲਚਸਪ ਵੀ ਲੱਗੇਗੀ ਤੇ ਕਿਤੇ ਕਿਤੇ ਕੁੜੱਤਣ ਵਾਲੀ ਵੀ।

ਗੱਲ 1993 ਦੀ ਹੈ। ਮੈਂ ਮਾਹਿਲ ਗਹਿਲਾਂ ਦੇ ਜਿਸ ਸਕੂਲ ਵਿਚ ਪੜ੍ਹਦਾ ਰਿਹਾ ਹਾਂ ਉਥੇ ਮੁੱਖ ਅਧਿਆਪਕ ਸ. ਗੁਰਮੇਲ ਸਿੰਘ ਦੀ ਸੇਵਾ ਮੁਕਤੀ 'ਤੇ ਵਿਸ਼ੇਸ਼ ਸਮਾਗਮ ਹੋ ਰਿਹਾ ਸੀ। ਮਾਹਿਲਪੁਰ ਸਕੂਲ ਤੋਂ ਇਕ ਅਧਿਆਪਕ ਵਰਿੰਦਰ ਸਿੰਘ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਮੇਰੇ ਨਾਲ ਇਕ ਹੱਲੂਵਾਲ ਦਾ ਮੁੰਡਾ ਹੈ ਜਿਸ ਨੂੰ ਮੈਂ ਤੁਹਾਨੂੰ ਮਿਲਾਉਣਾ ਚਾਹੁੰਦਾ ਹਾਂ। ਮੇਰੇ ਕਿਉਂ ਕਹਿਣ ਤੋਂ ਪਹਿਲਾਂ ਹੀ ਉਹ ਬੋਲਿਆ, 'ਇਹ ਗਾਉਂਦਾ ਹੈ ਤੇ ਵੈਨਕੂਵਰ ਤੋਂ ਆਇਆ ਹੈ।' ਉਸ ਨੇ ਮੈਨੂੰ ਇਕ ਟੇਪ ਦਿੱਤੀ। ਮੈਂ ਉਸ ਮੁੰਡੇ ਨੂੰ ਮਿਲਿਆ ਤੇ 'ਕੁਝ ਕਰਾਂਗੇ' ਕਹਿ ਕੇ ਉਸ ਨੂੰ ਤੋਰ ਦਿੱਤਾ। ਇਹ ਉਹੀ ਮੁੰਡਾ ਸੀ ਜਿਸ ਨੂੰ ਤੁਸੀਂ ਹੁਣ ਮਨਮੋਹਨ ਵਾਰਿਸ ਦੇ ਨਾਂ ਨਾਲ ਜਾਣਦੇ ਹੋ। ਕਈ ਦਿਨ ਗੁਜ਼ਰ ਗਏ। ਅਚਾਨਕ ਇਕ ਦਿਨ ਮੇਰੇ ਵੱਡੇ ਭਤੀਜੇ ਨੇ ਕਿਤੇ ਮੇਰੇ ਸਕੂਟਰ ਦੀ ਡਿੱਗੀ ਵਿਚੋਂ ਉਹ ਟੇਪ ਕੱਢ ਕੇ ਚਲਾਈ ਤਾਂ ਮੇਰੇ ਕੰਨ ਇਕ ਦਮ ਖੜ੍ਹੇ ਹੋ ਗਏ। ਗੀਤ ਦੇ ਬੋਲ ਸਨ,

ਸਮਝਿਆ ਨਾ ਮਖਸੂਸਪੁਰੀ ਤੇਰੇ ਚੁਸਤੀ ਵਾਲੇ ਗੇੜਾਂ ਨੂੰ,
ਛੱਡ ਪਰ੍ਹੇ ਹੁਣ ਭਰਨਾ ਨਹੀਂ ਰਿਸ਼ਤੇ ਵਿਚ ਆਈਆਂ ਤੇੜਾਂ ਨੂੰ,
ਸੰਭਲੇ ਦਿਲ ਨੂੰ ਮੇਲ ਤੇਰੇ ਦਾ ਝੂਠਾ ਲਾਰਾ ਕਿਉਂ ਦਈਏ,
ਗੈਰਾਂ ਨਾਲ ਪੀਂਘਾਂ ਝੂਟਦੀਏ ਤੈਨੂੰ ਅਸੀਂ ਹੁਲਾਰਾ ਕਿਉਂ ਦਈਏ।

ਗੀਤ ਦੇ ਬੋਲ ਅਤੇ ਆਵਾਜ਼ ਮਨ ਮੋਹ ਲੈਣ ਵਾਲੇ ਸਨ। ਇਥੋਂ ਹੀ ਮਨਮੋਹਨ ਵਾਰਿਸ ਨਾਲ ਮੇਰਾ ਪਿਆਰ ਸ਼ੁਰੂ ਹੋਇਆ। ਫਿਰ ਮੈਨੂੰ ਮਨਮੋਹਨ ਵਾਰਿਸ ਮਾਹਿਲਪੁਰ ਟੱਕਰਿਆ। ਅਚਾਨਕ ਹੀ ਏਦਾਂ ਹੋਇਆ ਕਿ ਜਾਗ੍ਰਿਤੀ ਕਲਾ ਕੇਂਦਰ ਔੜ ਦਾ ਮੇਲਾ ਆ ਗਿਆ। ਮੈਂ ਮਨਮੋਹਨ ਨੂੰ ਇਸ ਮੇਲੇ ਲਈ ਸਕੂਟਰ 'ਤੇ ਬਿਠਾ ਕੇ ਲੈ ਗਿਆ। 'ਕਿਤੇ ਰੰਗ ਨਾ ਵਟਾ ਲਈ ਕੁੜੀਏ' ਅਤੇ 'ਗੈਰਾਂ ਨਾਲ ਪੀਂਘਾਂ ਝੂਟਦੀਏ' ਗੀਤਾਂ ਨਾਲ ਮਨਮੋਹਨ ਨੇ ਜਿਵੇਂ ਮੇਲੇ ਵਿਚ ਸਿਖਰ ਕਰ ਦਿੱਤੀ ਹੋਵੇ। 'ਮਿੱਤਰਾਂ ਦੀ ਲੂਣ ਦੀ ਡਲੀ' ਵਾਲਾ ਕਰਮਜੀਤ ਧੂਰੀ ਮੇਰੇ ਕੰਨ ਵਿਚ ਕਹਿਣ ਲੱਗਾ, 'ਅਸ਼ੋਕ ਤੂੰ ਹੁਣ ਜੱਸੋਵਾਲ ਵਾਂਗ ਨਵੀਆਂ ਸੁਰਾਂ ਨੂੰ ਪੇਸ਼ ਕਰਨ ਵਿਚ ਵੀ ਨਿੱਤਰੇਂਗਾ।'

ਉਨ੍ਹਾਂ ਦਿਨਾਂ ਵਿਚ ਮੈਂ ਕੋਟ ਫਤੂਹੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਅਧਿਆਪਕ ਸਾਂ। ਪਲਾਜ਼ਮਾ ਦਾ ਹੁਣ ਵਾਲਾ ਐਮ ਡੀ ਦੀਪਕ ਬਾਲੀ ਤੇ ਮਨਮੋਹਨ ਵਾਰਿਸ ਫਿਰ ਇਥੇ ਮੇਰੇ ਕੋਲ ਗੇੜੇ ਮਾਰਨ ਲੱਗ ਪਏ। ਮਨਮੋਹਨ ਵਾਰਿਸ ਆਪਣੀ ਗੱਲ ਇਥੋਂ ਸ਼ੁਰੂ ਕਰਦਾ ਕਿ ਦੇਬੀ ਅਤੇ ਅਸੀਂ ਇਕੱਠੇ ਹਾਂ। ਮੈਂ ਬਹੁਤਾ ਮੈਟਰ ਦੇਬੀ ਦਾ ਹੀ ਗਾਇਆ ਕਰਾਂਗਾ। 'ਗੈਰਾਂ ਨਾਲ ਪੀਂਘਾਂ ਝੂਟਦੀਏ' ਐਲਬਮ ਨੂੰ ਮਨਿੰਦਰ ਗਿੱਲ ਨੇ ਰਾਜਾ ਐਂਟਰਟੇਨਮੈਂਟ ਦੇ ਬੈਨਰ ਹੇਠ ਰਿਲੀਜ਼ ਕੀਤਾ ਸੀ। ਇੱਕ ਦਿਨ ਮਨਮੋਹਨ ਮੇਰੇ ਕੋਲ ਸਕੂਲ ਆਇਆ, ਸਕੂਟਰ ਸਕੂਲੇ ਖੜ੍ਹਾ ਕੀਤਾ ਤੇ ਮਰੂਤੀ ਵੈਨ ਲੈ ਕੇ ਮੈਂ ਉਸ ਨੂੰ ਅਜੀਤ ਅਖ਼ਬਾਰ ਦੇ ਦਫਤਰ ਭਾਜੀ ਬਰਜਿੰਦਰ ਸਿੰਘ ਨੂੰ ਮਿਲਾਉਣ ਲੈ ਗਿਆ। ਮੁਹੱਬਤ ਦੀ ਸਿਖਰ ਦੇਖੋ ਮੈਂ ਭਾਜੀ ਨੂੰ ਕਿਹਾ 'ਭਾਜੀ ਅੱਜ ਸੋਮਵਾਰ ਹੈ ਤੇ ਇਸ ਨੂੰ ਬੁੱਧਵਾਰ ਦੇ ਫਿਲਮ ਅਡੀਸ਼ਨ ਦੇ ਪਿਛਲੇ ਪੰਨੇ ਤੇ ਮੁੱਖ ਰੂਪ ਵਿਚ ਛਾਪਣਾ ਹੈ।' ਖੈਰ ਚਾਹ ਦਾ ਕੱਪ ਪੀਣ ਤੋਂ ਬਾਅਦ ਮਨਮੋਹਨ ਤਾਂ ਦਫਤਰ ਵਿਚੋਂ ਬਾਹਰ ਆ ਗਿਆ ਪਰ ਭਾਜੀ ਨੇ ਮੈਨੂੰ ਅੰਦਰ ਬੁਲਾ ਕੇ ਕਿਹਾ, 'ਅਸ਼ੋਕ ਛਾਪ ਵੀ ਬੁੱਧਵਾਰ ਨੂੰ ਦਿਆਂਗੇ, ਪਰ ਏਦਾਂ ਨਾ ਕਰਿਆ ਕਰ ਕਿਉਂਕਿ ਮਨਮੋਹਨ ਨੂੰ ਕੋਈ ਵੀ ਨਹੀਂ ਜਾਣਦਾ ਤੇ ਨਾ ਹੀ ਅਜੇ ਇਸ ਦਾ ਕੋਈ ਗੀਤ ਹਿੱਟ ਹੋਇਆ ਹੈ।' ਚਲੋ ਮੈਂ ਚੁੱਪ ਰਿਹਾ ਤੇ ਕੁਝ ਨਾ ਬੋਲਿਆ। ਬੁੱਧਵਾਰ ਨੂੰ ਫਿਲਮ ਅੰਕ ਦੇ ਪਿਛਲੇ ਪੰਨੇ ਤੇ ਜਿਹੜਾ ਲੇਖ ਛਪਿਆ ਉਹਦਾ ਸਿਰਲੇਖ ਸੀ 'ਪੰਜਾਬੀ ਗਾਇਕੀ ਦਾ ਵਾਰਿਸ ਬਣੇਗਾ ਮਨਮੋਹਨ ਵਾਰਿਸ' ਇਹ ਗੱਲ ਮੈਂ ਮਾਣ ਨਾਲ ਕਹਾਂਗਾ ਕਿ



*ਮਾਹਿਲਪੁਰ ਦੇ ਸ਼ੌਂਕੀ ਮੇਲੇ 'ਤੇ ਮਨਮੋਹਨ ਵਾਰਿਸ ਦਾ ਪਹਿਲਾ ਪ੍ਰਵੇਸ਼ ਉਸੇ ਅਸਮਾਨੀ ਕੁੜਤੇ ਦੇ ਰੰਗ ਵਿਚ ਜਿਸ ਦਾ ਇਥੇ ਜ਼ਿਕਰ ਹੋਇਆ ਹੈ।*

ਮੈਂ ਜੋਤਿਸ਼ੀ ਤਾਂ ਨਹੀਂ ਪਰ ਮੇਰੀ ਭਵਿੱਖ ਵਾਣੀ ਸੱਚ ਨਿਕਲੀ।

ਉਨ੍ਹਾਂ ਦਿਨਾਂ ਵਿਚ ਜਲੰਧਰ ਦੂਰਦਰਸ਼ਨ ਵਿਚ ਗੁਰਦੀਪ ਕੋਲ ਪ੍ਰੋਗਰਾਮ ਸੀ 'ਇਕ ਲੱਪ ਸੁਰਮੇ ਦੀ।' ਇਸ ਪ੍ਰੋਗਰਾਮ ਵਿਚ ਗੁਰਦੀਪ ਸਿੰਘ ਨੇ ਮੇਰੇ ਕਹਿਣ 'ਤੇ ਗੀਤ, "ਨਾਲ ਵਾਰਿਸ ਦੇ ਹੱਲੂਵਾਲ ਉਡ ਚੱਲ ਛੱਡ ਗੋਲੀ ਮਾਰ ਜੱਗ ਨੂੰ, ਤੈਨੂੰ ਰੱਖੂਗਾ ਬਣਾ ਕੇ ਰਾਣੀ ਦਿਲ ਦੀ ਤੇ ਸਾਂਭੂ ਸੰਗਤਾਰ ਜੱਗ ਨੂੰ..." ਚਲਾ ਦਿਤਾ ਤੇ ਮਨਮੋਹਨ ਵਾਰਿਸ ਨੂੰ ਪਹਿਲੀ ਬਰੇਕ ਮਿਲ ਗਈ। ਮਾਹਿਲਪੁਰ ਨਾਲ ਸ਼ੌਂਕੀ ਮੇਲੇ ਕਰਕੇ ਮੇਰਾ ਰੱਜ ਕੇ ਮੋਹ ਸੀ ਤੇ ਮਾਹਿਲਪੁਰ ਤੋਂ ਚਾਰ ਕਿਲੋਮੀਟਰ ਮਨਮੋਹਨ ਦਾ ਪਿੰਡ ਹੱਲੂਵਾਲ। ਮੈਂ ਉਹਦੇ ਘਰ ਗਿਆ। ਉਹਦੀ ਮਾਤਾ ਨੇ ਮੈਨੂੰ ਕੋਟ ਪੈਂਟ ਲਈ ਕੱਪੜਾ ਤੇ ਪੰਜ ਸੌ ਰੁਪਿਆ ਉਪਰ ਰੱਖ ਕੇ ਦਿੱਤਾ, ਇਹ ਕਹਿ ਕੇ ਕਿ ਪੁੱਤ ਤੂੰ ਮੇਰੇ ਪੁੱਤ ਦਾ ਚਾਅ ਪੂਰਾ ਕੀਤਾ ਹੈ। ਮਨਮੋਹਨ ਵਾਰਿਸ ਨੇ ਉਦਣ ਮੈਨੂੰ ਇਹ ਵੀ ਦੱਸਿਆ ਕਿ ਗੁਰਦੀਪ ਸਿੰਘ ਨੂੰ ਅਸੀਂ ਇਸ ਗੀਤ ਨੂੰ ਚਲਾਉਣ ਦੇ ਧੰਨਵਾਦ ਵਿਚ ਇਕ ਤੋਲੇ ਸੋਨੇ ਦੀ ਮੁੰਦਰੀ ਵੀ ਦਿੱਤੀ ਹੈ।

ਕੈਟਰੈਕ ਕੰਪਨੀ ਦੇ ਗੌਰਵ ਤ੍ਰੇਹਨ ਨੂੰ ਮੈਂ 'ਗੈਰਾਂ ਨਾਲ ਪੀਂਘਾਂ ਝੂਟਦੀਏ' ਕੈਸਿਟ ਰਿਲੀਜ਼ ਕਰਨ ਦੀ ਬੇਨਤੀ ਕੀਤੀ। ਪੰਜਾਬੀ ਗਾਇਕੀ ਲਈ ਮਨਮੋਹਨ ਵਾਰਿਸ ਇਥੋਂ ਹੀ ਧੰਨਭਾਗ ਬਣ ਗਿਆ। ਗੱਲ ਇਕ ਹੋਰ ਬੜੀ ਦਿਲਚਸਪ ਹੈ। ਉਸ ਵੇਲੇ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਦਿਲਬਾਗ ਸਿੰਘ ਸਨ। ਉਨ੍ਹਾਂ ਦਾ ਨਿਜੀ ਸਹਾਇਕ ਪਿੰਡ ਉਸਮਾਨਪੁਰ ਦਾ ਸੀ, ਉਹਦਾ ਵਿਆਹ ਆ ਗਿਆ। ਸਰਦਾਰ ਜੀ ਨੇ ਮੈਨੂੰ ਕਿਹਾ ਅਸ਼ੋਕ, ਇਸ ਮੁੰਡੇ ਦੇ ਵਿਆਹ 'ਤੇ ਕੁਝ ਰੌਣਕਾਂ ਲਾ ਦੇ, ਮੈਨੂੰ ਉਨ੍ਹਾਂ ਤੋਂ ਕਹਾਇਆ ਉਸ ਵਿਆਹੁੰਦੜ ਨੇ ਹੀ ਸੀ। ਮੈਂ ਰਣਜੀਤ ਮਣੀ ਨੂੰ ਵਗਾਰ ਪਾਈ ਜੋ ਉਦੋਂ 'ਚੰਨਾ ਪਾਸਪੋਰਟ ਬਣਾ ਲਿਆ' ਨਾਲ ਸੁਪਰ ਹਿੱਟ ਸੀ। ਮਨਮੋਹਨ ਨੂੰ ਮੈਂ ਮਾਹਿਲਪੁਰੋਂ ਗੱਡੀ ਵਿਚ ਲੈਣ ਗਿਆ। ਇਸ ਕਰਕੇ ਕਿ ਇਸ ਵਿਆਹ 'ਚ ਇਸ ਦੀ ਵੀ ਹਾਜ਼ਰੀ ਲੁਆ ਦਿਆਂਗੇ। ਮੈਨੂੰ ਯਾਦ ਹੈ, ਮਨਮੋਹਨ ਨੇ ਨਵਾਂ ਬਜਾਜ ਚੇਤਕ ਸਕੂਟਰ ਵੀ ਉਸੇ ਦਿਨ ਹੀ ਲਿਆ ਸੀ ਤੇ ਖੜ੍ਹਾ ਵੀ ਜੇਜੋਂ ਵਾਲੇ ਅੱਡੇ 'ਚ ਇਕ ਬੇਕਰੀ ਦੀ ਦੁਕਾਨ ਮੋਹਰੇ ਕੀਤਾ ਤੇ ਉਥੋਂ ਮੇਰੇ ਨਾਲ ਬਹਿ ਕੇ ਉਸਮਾਨਪੁਰ ਪੁੱਜਿਆ। ਪਿੰਡ ਦੇ ਐਨ ਵਿਚਕਾਰ ਬੋਹੜ ਥੱਲੇ ਅਖਾੜਾ ਲੱਗਿਆ। ਰਣਜੀਤ ਮਣੀ ਟਾਈਮ ਨਾ ਦੇਵੇ। ਜਦੋਂ ਅਖੀਰ ਵਿਚ ਟਾਈਮ ਦਿੱਤਾ ਤਾਂ ਸੱਚ ਮੰਨਿਓ! ਮਨਮੋਹਨ ਨੇ ਦੱਸ ਦਿੱਤਾ ਕਿ ਗਾਇਕੀ 'ਚ ਬਹੁਤ ਕੁਝ ਨਵਾਂ ਹੋਣ ਲੱਗਾ ਹੈ। 'ਰਾਂਝਣਾਂ ਨੂਰਮਹਿਲ ਦੀ ਮੋਰੀ' ਗਾ ਕੇ ਉਹਨੇ ਮੇਰੀ ਤੇ ਸ਼ੌਂਕੀ ਮੇਲੇ ਦੀ ਹਾਜ਼ਰੀ ਪ੍ਰਵਾਨ ਕਰਾ ਦਿੱਤੀ। ਮੈਨੂੰ ਇਹ ਦੱਸਣ 'ਚ ਝਿਜਕ ਨਹੀਂ ਕਿ ਵਿਆਹ ਵਾਲੇ ਮੁੰਡੇ ਨੇ ਮੇਰੀ ਗੱਡੀ 'ਚ ਧੱਕੇ ਨਾਲ ਅਰਿਸਟੋਕਰੈਟ ਪ੍ਰੀਮੀਅਮ ਦੀ ਬੋਤਲ ਵੀ ਰੱਖੀ ਸੀ।

ਫਿਰ ਮਨਮੋਹਨ ਵਾਰਿਸ ਵਾਪਿਸ ਕੈਨੇਡਾ ਚਲਿਆ ਗਿਆ ਇਹ ਕਹਿ ਕੇ ਕਿ ਹੁਣ ਮਾਹਿਲਪੁਰ ਸ਼ੌਂਕੀ ਮੇਲੇ 'ਤੇ ਹਾਜ਼ਰ ਹੋਵਾਂਗਾ। ਉਹ ਆ ਵੀ ਜਨਵਰੀ ਦੇ ਪਹਿਲੇ ਹਫਤੇ ਹੀ ਗਿਆ ਤੇ ਆਉਂਦੇ ਨੇ ਮੈਨੂੰ ਦੋ ਤਿੰਨ ਚਾਦਰੇ ਕੁੜਤੇ ਸਿਲਾਏ ਹੋਏ ਦਿਖਾਏ ਜਿਨ੍ਹਾਂ ਵਿਚੋਂ ਮੈਂ ਅਸਮਾਨੀ ਰੰਗ ਦਾ ਚਾਦਰਾ ਕੁੜਤਾ ਸ਼ੌਂਕੀ ਮੇਲੇ 'ਤੇ ਪਾ ਕੇ ਗਾਉਣ ਲਈ ਚੋਣ ਕੀਤੀ। ਮੇਲਾ 28 ਤੇ 29 ਜਨਵਰੀ ਨੂੰ ਹੋਣਾ ਸੀ, 20 ਜਨਵਰੀ ਨੂੰ ਸੁਨੇਹਾ ਮਿਲਿਆ ਕਿ ਕੈਨੇਡਾ ਦੇ ਇਕ ਪ੍ਰੋਮੋਟਰ ਦਾ ਭਰਾ ਮੇਲੇ ਵਾਸਤੇ 20,000 ਰੁਪਿਆ ਦੇਣਾ ਚਾਹੁੰਦਾ ਹੈ। ਭਾਵੇਂ ਉਹ ਇਨਸਾਨ ਇਸ ਦੁਨੀਆਂ 'ਤੇ ਨਹੀਂ ਰਿਹਾ ਪਰ ਉਸ ਦਾ ਜ਼ਿਕਰ ਮੈਂ ਇਸ ਕਰਕੇ ਵੀ ਕਰਨਾ ਚਾਹਾਂਗਾ ਕਿ ਪੰਜਾਬੀ ਗਾਇਕੀ ਦੇ ਈਰਖਾਵਾਦ ਦੀ ਘਟਨਾ ਇਹਦੇ ਵਿਚੋਂ ਹੀ ਨਿਕਲਦੀ ਹੈ। ਬਾਹਰ ਲੈ ਜਾਣ ਦੇ ਚੱਕਰ ਵਿਚੋਂ ਕੁਝ ਗਾਇਕਾਂ ਦੀ ਸ਼ੂਟਿੰਗ ਹੁਸ਼ਿਆਰਪੁਰ ਇਲਾਕੇ ਵਿਚ ਕਰ ਰਹੇ ਸਨ। ਉਸ ਨੂੰ ਮਿਲਣ ਲਈ ਮੈਂ ਹੁਸ਼ਿਆਰਪੁਰ ਦੇ ਇਕ ਹੋਟਲ ਵਿਚ ਗਿਆ ਜਿਥੇ ਉਹ ਠਹਿਰਿਆ ਹੋਇਆ ਸੀ। ਪੈਂਦੀ ਸੱਟੇ ਉਹ ਕਹਿਣ ਲੱਗਾ ਕਿ ਅਸੀਂ ਮੇਲੇ ਨੂੰ ਵੀਹ ਹਜ਼ਾਰ ਰੁਪਿਆ ਦੇਣਾ ਚਾਹੁੰਦੇ ਹਾਂ। ਮੈਂ ਧੰਨਵਾਦ ਕੀਤਾ ਤਾਂ ਉਹ ਕਹਿਣ ਲੱਗਾ, 'ਸਾਡੀ ਇਕ ਸ਼ਰਤ ਹੈ।' ਮਨ ਵਿਚ ਮੈਂ ਸੋਚਿਆ ਕਿ ਸ਼ਾਇਦ ਇਹ ਕੋਈ ਵੀਡੀਓ ਫਿਲਮ ਬਣਾਉਣ ਲਈ ਕਹੇਗਾ। ਪਰ ਉਹਦੀ ਮੰਗ ਬੜੀ ਕਸੂਤੀ ਸੀ। ਇਹ ਗੱਲ 1994 ਦੇ ਸ਼ੌਂਕੀ ਮੇਲੇ ਦੀ ਹੈ। ਉਹ ਬੋਲਿਆ, 'ਹਰਭਜਨ ਮਾਨ ਮੇਲੇ ਵਿਚ ਆ ਰਿਹਾ ਹੈ, ਉਸ ਨੂੰ ਉਦੋਂ ਟਾਈਮ ਦੇਣਾ ਜਦੋਂ ਖਾਲੀ ਕੁਰਸੀਆਂ ਰਹਿ ਜਾਣ, ਮਨਮੋਹਨ ਵਾਰਿਸ ਨੂੰ ਉਦੋਂ ਜਦੋਂ ਮੇਲੇ ਦੀ ਸਿਖਰ ਹੋਵੇ।' ਇਥੇ ਜ਼ਿਕਰਯੋਗ ਹੈ ਕਿ 'ਜੱਗ ਜਿਊਂਦਿਆਂ ਦੇ ਮੇਲੇ' ਨਾਲ ਹਰਭਜਨ ਮਾਨ ਉਨ੍ਹੀਂ ਦਿਨੀਂ ਸਿਖਰ 'ਤੇ ਸੀ। ਜੋ ਉਤਰ ਮੈਂ ਉਸ ਨੂੰ ਦਿੱਤਾ, ਇੰਨ-ਬਿੰਨ ਉਸ ਦੀ ਇਬਾਰਤ ਦੱਸਣ ਲੱਗਾ ਹਾਂ, 'ਹਰਭਜਨ ਮਾਨ ਨੇ ਮੇਰੀ ਬੇਨਤੀ 'ਤੇ ਆਪਣੇ ਪੂਰੇ ਸੰਗੀਤ ਗਰੁਪ ਨਾਲ ਪਿੰਡ ਖੇਮੂਆਣੇ ਤੋਂ ਪਹੁੰਚਣਾ ਹੈ ਜਿਸ ਬਦਲੇ ਉਸ ਨੂੰ ਇਕ ਧੇਲਾ ਵੀ ਨਹੀਂ ਦੇ ਰਿਹਾ, ਮੈਂ ਹਰਭਜਨ ਨਾਲ ਧੋਖਾ ਨਹੀਂ ਕਰ ਸਕਦਾ ਤੇ ਮੈਨੂੰ ਤੁਹਾਡਾ ਵੀਹ ਹਜ਼ਾਰ ਰੁਪਿਆ ਨਹੀਂ ਚਾਹੀਦਾ, ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਹਰਭਜਨ ਮਾਨ ਦੇ ਗਾਉਣ ਤੋਂ ਪਹਿਲਾਂ ਮਨਮੋਹਨ ਵਾਰਿਸ ਨੂੰ ਟਾਈਮ ਦਿਆਂਗਾ, ਕਿਉਂਕਿ ਮੈਂ ਵੀ ਥੋੜੇ ਨਾਲੋਂ ਵੱਧ ਮਨਮੋਹਨ ਨੂੰ ਪਿਆਰ ਕਰਦਾ ਹਾਂ।' ਇਹ ਉਹੀ ਮੇਲਾ ਸੀ ਜਿਸ ਵਿਚ ਮੰਚ ਸੰਚਾਲਕਾ ਵਜੋਂ ਆਸ਼ਾ ਸ਼ਰਮਾ ਨੇ ਪਹਿਲੀ ਹਾਜ਼ਰੀ ਦੇਣੀ ਸੀ। ਸਾਰਾ ਕੁਝ ਸੁੱਖੀਂ ਸਾਂਦੀ ਨਿੱਬੜ ਗਿਆ। ਇਸੇ ਸਾਲ ਹੀ ਦੇਬੀ ਨੇ ਪਹਿਲੀ ਹਾਜ਼ਰੀ ਭਰੀ, ਮਨਮੋਹਨ ਵਾਰਿਸ ਨੇ ਵੀ, ਜੈਜ਼ੀ ਬੈਂਸ, ਕਮਲਜੀਤ ਨੀਰੂ ਤੇ ਹਰਭਜਨ ਨੇ ਵੀ। ਸੰਗੀਤ ਸਮਰਾਟ ਚਰਨਜੀਤ ਆਹੂਜਾ ਦਿੱਲੀ ਤੋਂ ਆਇਆ ਸੀ। ਇਸ ਮੇਲੇ ਦੀ ਇਕ ਘੰਟੇ ਦੀ ਰਿਪੋਰਟ ਜਲੰਧਰ ਦੂਰਦਰਸ਼ਨ ਨੇ ਉਚੇਚੇ ਤੌਰ 'ਤੇ ਰਿਕਾਰਡ ਕਰਕੇ ਦਿਖਾਈ। ਇਤਫਾਕ ਇਹ ਸੀ ਕਿ ਇਸੇ ਵਰ੍ਹੇ ਹੀ ਵੀਹ ਫਰਵਰੀ ਨੂੰ ਮੇਰੇ ਪਿੰਡ ਗਾਇਕਾਂ ਨੇ ਮੇਰਾ ਮਾਰੂਤੀ ਕਾਰ ਨਾਲ ਸਨਮਾਨ ਕਰਨਾ ਸੀ। ਹਰਭਜਨ ਵੀ ਆਇਆ, ਸਰਦੂਲ ਵੀ ਤੇ ਗੁਰਸੇਵਕ ਵੀ। ਪਰਮਿੰਦਰ ਸੰਧੂ ਵੀ ਆਈ ਪਰ ਮਨਮੋਹਨ ਵਾਰਿਸ ਨਾ ਆਇਆ। ਮੈਨੂੰ ਰੰਜ ਸੀ ਕਿ ਜਿਸ ਮਨਮੋਹਨ ਨੂੰ ਮੈਂ ਬਿੱਲੀ ਦੇ ਬਲੂੰਗੜੇ ਵਾਂਗ ਹਿੱਕ ਨਾਲ ਲਾ ਕੇ ਥਾਂ ਥਾਂ ਘੁੰਮਦਾ ਰਿਹਾ, ਉਹ ਕਿਉਂ ਨਹੀਂ ਆਇਆ? ਦੂਰਦਰਸ਼ਨ ਤੋਂ ਆਏ ਦੋ ਮੁਲਾਜ਼ਮਾਂ ਨੇ, ਜੋ ਮਨਮੋਹਨ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਸਨ, ਨਾਰਾਜ਼ਗੀ ਦੀ ਗੱਲ ਮੇਰੇ ਕੰਨ ਵਿਚ ਦੱਸੀ ਕਿ ਤੁਸੀਂ ਉਸ ਨੂੰ ਦੂਜਾ ਗੀਤ ਗਾਉਣ ਵੇਲੇ ਅੱਧ ਵਿਚੋਂ ਰੋਕ ਦਿੱਤਾ ਸੀ।

ਇਸ ਗੱਲ ਨੂੰ ਜੁੱਗੜੇ ਬੀਤ ਗਏ ਨੇ ਪਰ ਸੱਚ ਇਹ ਹੈ ਕਿ ਮੈਨੂੰ ਏਦਾਂ ਦਾ ਕੋਈ ਇਲਮ ਨਹੀਂ ਸੀ ਤੇ ਨਾ ਹੀ ਮੈਂ ਉਸ ਨੂੰ ਰੋਕਿਆ ਸੀ। ਕਿਉਂਕਿ ਗਾਇਕ ਬਹੁਤੇ ਸਨ, ਇਸ ਕਰਕੇ ਆਸ਼ਾ ਸ਼ਰਮਾ ਨੇ ਸ਼ਾਇਦ ਦੂਜਾ ਗੀਤ ਗਾਉਣ ਤੋਂ ਰੋਕ ਦਿੱਤਾ ਹੋਵੇ। ਇਥੋਂ ਹੀ ਸਾਡੇ ਦੋਵਾਂ ਵਿਚ ਨਾਰਾਜ਼ਗੀ ਪੈਦਾ ਹੋ ਗਈ ਸੀ।

ਫਿਰ ਮਨਮੋਹਨ ਵਾਰਿਸ ਮੈਥੋਂ ਦੂਰੀ ਬਣਾ ਕੇ ਰੱਖਣ ਲੱਗ ਪਿਆ। ਮੇਲੇ ਵਿਚ ਨਾਰਾਜ਼ਗੀਆਂ ਉਠਣ ਲੱਗ ਪਈਆਂ। ਸ਼ੌਂਕੀ ਦਾ ਪਰਿਵਾਰ ਅਗਲੇ ਮੇਲੇ ਵਿਚ ਨੱਕੋ ਨੱਕ ਵਿਰੋਧ ਵਿਚ ਖੜ੍ਹਾ ਹੋ ਗਿਆ। ਦੂਜਾ ਮੇਲਾ ਲੱਗਣ ਦਾ ਐਲਾਨ ਹੋ ਗਿਆ। ਜਿਸ ਆਸ਼ਾ ਸ਼ਰਮਾ ਨੂੰ ਮੈਂ ਲੱਭ ਕੇ ਲਿਆਇਆ ਸੀ, ਖੌਰੇ ਕਿਉਂ ਉਹਨੇ ਵੀ ਦੂਸਰੇ ਪਾਸੇ ਹੀ ਜਾਣਾ ਠੀਕ ਸਮਝਿਆ ਹੋਵੇਗਾ। ਫਿਰ ਅਸੀਂ ਕੁਝ ਵਰ੍ਹਿਆਂ ਤੱਕ ਚੁੱਪ ਚਾਪ ਰਹੇ। ਅਚਾਨਕ ਕਮਲ ਹੀਰ ਮੈਨੂੰ ਘਰ ਮਨਮੋਹਨ ਦੇ ਵਿਆਹ ਦਾ ਕਾਰਡ ਦੇਣ ਆਇਆ। ਉਸ ਦਿਨ ਮੈਨੂੰ ਪਤਾ ਲੱਗਾ ਸੀ ਕਿ ਮਨਮੋਹਨ ਢਾਡੀ ਅਮਰ ਸਿੰਘ ਸ਼ੌਂਕੀ ਦੇ ਪਿੰਡ ਗੜ੍ਹਸ਼ੰਕਰ ਲਾਗੇ ਭੱਜਲਾਂ ਵਿਚ ਵਿਆਹਿਆ ਜਾਵੇਗਾ। ਖੈਰ! ਮੈਂ ਵਿਆਹ 'ਤੇ ਤਾਂ ਨਹੀਂ ਜਾ ਸਕਿਆ ਪਰ ਜਲੰਧਰ ਦੇ ਇਕ ਪੈਲੇਸ ਵਿਚ ਉਸ ਦੀ ਰਿਸੈਪਸ਼ਨ ਪਾਰਟੀ 'ਤੇ ਜ਼ਰੂਰ ਪਹੁੰਚਿਆ। ਚੰਡੀਗੜ੍ਹੀਆ ਗਿੱਲ ਹਰਦੀਪ ਗਾ ਰਿਹਾ ਸੀ, ਮੈਂ ਹੰਸ ਰਾਜ ਹੰਸ ਤੇ ਭਾਜੀ ਬਰਜਿੰਦਰ ਸਿੰਘ ਪਹਿਲੀ ਕਤਾਰ 'ਚ ਬੈਠੇ ਸਾਂ। ਹੰਸ ਵੀ ਉਨ੍ਹੀਂ ਦਿਨੀਂ ਕੁਝ ਕਾਰਨਾਂ ਕਰਕੇ ਮੇਰੇ ਨਾਲ ਨਾਰਾਜ਼ ਸੀ। ਉਹ ਗਿੱਲ ਹਰਦੀਪ ਨੂੰ ਕੁਝ ਪੈਸੇ ਦੇਣ ਗਿਆ ਤੇ ਉਹਦੀ ਜੇਬ ਵਿਚੋਂ ਪੰਜ ਹਜ਼ਾਰ ਦੀ ਦੱਥੀ ਹੇਠਾਂ ਡਿੱਗ ਪਈ। ਮੈਂ ਚੁੱਕ ਕੇ ਫੜਾਈ ਤਾਂ ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ। ਮੈਨੂੰ ਯਾਦ ਹੈ, ਹੰਸ ਕਹਿਣ ਲੱਗਾ, 'ਆਪਣੀ ਨਾਰਾਜ਼ਗੀ ਹੈ ਪਰ ਟੁੱਟੀ ਨਹੀਂ!'

ਕਈ ਵਰ੍ਹਿਆਂ ਪਿਛੋਂ ਮਨਮੋਹਨ ਮੇਰੇ ਭਾਣਜੇ ਦੀ ਲੋਹੜੀ 'ਤੇ ਪਿੰਡ ਲੰਗੜੋਏ ਆਇਆ। ਉਹ ਸਾਡੇ ਵਿਆਹ ਦੀ 20ਵੀਂ ਵਰ੍ਹੇਗੰਢ 'ਤੇ ਮੇਰੇ ਪਿੰਡ ਭੌਰੇ ਅੱਧੀ ਰਾਤ ਤੱਕ ਹਾਜ਼ਰ ਰਿਹਾ ਅਤੇ ਵਿਹੜੇ ਵਿਚ ਬੈਠ ਕੇ ਹਾਰਮੋਨੀਅਮ 'ਤੇ ਗਾਉਂਦਾ ਰਿਹਾ।

ਅਮਰੀਕਾ ਆ ਕੇ ਜਦੋਂ ਮੈਂ ਵੈਨਕੂਵਰ ਗਿਆ ਤਾਂ ਉਸੇ ਹੀ ਮਾਂ ਨਾਲ ਅਤੇ ਮਨਮੋਹਨ ਵਾਰਿਸ ਦੇ ਪਰਿਵਾਰ ਨਾਲ ਬੈਠ ਕੇ ਉਸੇ ਮੁਹੱਬਤ ਨਾਲ ਖਾਣਾ ਖਾਧਾ। ਉਹ ਮੈਨੂੰ ਟੋਰਾਂਟੋ ਜਾਣ ਲਈ ਏਅਰਪੋਰਟ 'ਤੇ ਛੱਡਣ ਵੀ ਆਇਆ। ਪਰ ਉਸ ਤੋਂ ਬਾਅਦ ਖੌਰੇ ਪਤਾ ਨਹੀਂ ਕੀ ਹੋਇਆ ਕਿ ਦੋ ਹਜ਼ਾਰ ਬਾਰਾਂ ਵਿਚ ਕੁਲਦੀਪ ਮਾਣਕ ਦੀ ਮੌਤ ਤੋਂ ਬਾਅਦ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਚ ਨਾਜਰ ਸਹੋਤਾ ਨੇ ਮੇਲੇ ਦੇ ਰੂਪ ਵਿਚ ਉਹਦੇ 'ਪੰਜਾਬੀ ਵਿਰਸੇ' ਦੀ ਸ਼ੂਟਿੰਗ ਵੇਲੇ ਮੈਨੂੰ ਇਸ ਕਰਕੇ ਬੁਲਾਇਆ ਕਿ ਇਹ ਮੇਲਾ ਕੁਲਦੀਪ ਮਾਣਕ ਨੂੰ ਸਮਰਪਿਤ ਕੀਤਾ ਗਿਆ ਸੀ ਅਤੇ ਮੇਰੀ ਤੇ ਕੁਲਦੀਪ ਮਾਣਕ ਦੀ ਯਾਰੀ ਜੱਗ ਜ਼ਾਹਰ ਸੀ। ਸਟੇਜ 'ਤੇ ਬੁਲਾ ਕੇ ਤਿੰਨਾ ਭਰਾਵਾਂ-ਮਨਮੋਹਨ, ਸੰਗਤਾਰ ਤੇ ਕਮਲ ਹੀਰ ਦੇ ਹੱਥੋਂ ਮੇਰਾ ਸਨਮਾਨ ਵੀ ਕਰਵਾਇਆ ਪਰ ਮੈਨੂੰ ਦੁੱਖ ਇਸ ਗੱਲ ਦਾ ਸੀ ਕਿ ਜਿਸ ਮਨਮੋਹਨ ਨਾਲ ਮੈਂ ਆਪਣੇ ਵਲੋਂ ਸ਼ਾਇਦ ਇਕ ਵੀ ਵਧੀਕੀ ਨਹੀਂ ਕੀਤੀ, ਉਸ ਨੇ ਤਾਂ ਕੀ ਉਸ ਦੇ ਦੋ ਭਰਾਵਾਂ ਨੇ ਵੀ ਆਪਣੀ ਜ਼ੁਬਾਨ ਤੋਂ ਮੇਰਾ ਨਾਂ ਤੱਕ ਨਹੀਂ ਲਿਆ।

ਆਪਣੇ ਹੱਥਾਂ ਦੀਆਂ ਰੇਖਾਵਾਂ ਆਪ ਕਿਸੇ ਤੋਂ ਵੀ ਨਹੀਂ ਪੜ੍ਹੀਆਂ ਜਾਂਦੀਆਂ। ਜੇ ਪੜ੍ਹੀਆਂ ਜਾਂਦੀਆਂ ਹੁੰਦੀਆਂ ਤਾਂ ਜੋਤਿਸ਼ ਸ਼ਬਦ ਦੇ ਕੋਈ ਅਰਥ ਨਹੀਂ ਰਹਿਣੇ ਸਨ। ਮੈਨੂੰ ਸਮਝ ਹਾਲੇ ਤੱਕ ਨਹੀਂ ਆਈ ਕਿ ਮੈਂ ਏਦਾਂ ਦਾ ਕੀ ਕੀਤਾ ਸੀ ਕਿ ਮਨਮੋਹਨ ਦੂਰੀ ਰੱਖਦਾ ਰਿਹਾ ਤੇ ਮੈਂ ਖੂਹ ਵਿਚੋਂ ਲੱਜ ਖਿੱਚਣ ਵਾਂਗ ਉਸ ਨੂੰ ਆਪਣੇ ਵੱਲ ਖਿੱਚਦਾ ਰਿਹਾ। ਖੈਰ! ਇਹ ਹੁਣ ਉਹ ਵਰਕੇ ਨੇ ਜਿਨ੍ਹਾਂ 'ਤੇ ਸ਼ਾਇਦ ਸਿਆਹੀ ਡੁੱਲ੍ਹ ਗਈ ਹੈ ਪਰ ਇਕ ਗੱਲ ਜ਼ਰੂਰ ਹੈ ਕਿ ਮੇਰੇ ਕੋਲ ਮਨਮੋਹਨ ਵਾਰਿਸ ਨਾਲ ਆਉਣ ਵਾਲਾ ਦੀਪਕ ਬਾਲੀ ਅੱਜਕੱਲ੍ਹ ਪੰਜਾਬੀ ਮਾਂ ਬੋਲੀ ਦਾ ਵਫਾਦਾਰ ਸਿਪਾਹੀ ਹੀ ਨਹੀਂ ਬਣਿਆ ਇਕ ਸੁਹਿਰਦ, ਗੰਭੀਰ ਬੁਲਾਰਾ ਵੀ ਬਣ ਗਿਆ ਹੈ।

ਮੈਂ ਜਾਣਦਾ ਹਾਂ ਕਿ ਗਾਇਕੀ, ਗਾਇਕੀ ਦਾ ਖੇਤਰ ਅਤੇ ਗਾਇਕਾਂ ਦਾ ਕਾਫਲਾ ਬਹੁਤਾ ਵਫਾਦਾਰ ਨਹੀਂ ਤੇ ਇਹ ਗੱਲ ਭਾਵੇਂ ਕੁਝ ਵੀ ਨਾ ਹੋਵੇ ਪਰ ਮੈਂ ਇਸ ਨੂੰ ਇਕ ਝਟਕਾ ਸਮਝ ਕੇ ਗਾਇਕੀ ਅਤੇ ਗਾਇਕਾਂ ਵੱਲ ਇਕ ਤਰ੍ਹਾਂ ਨਾਲ ਉਚੀ ਕੰਧ ਕਰ ਲਈ। ਇਨ੍ਹਾਂ ਬਾਰੇ ਬਹੁਤੀ ਗੱਲ ਕਰਨ ਤੋਂ ਪਾਸਾ ਵੱਟ ਲਿਆ। ਮੈਂ ਜ਼ਿੰਦਗੀ ਦੀਆਂ ਇਨ੍ਹਾਂ ਪ੍ਰਸਥਿਤੀਆਂ ਨਾਲ ਕੋਈ ਵੀ ਬਹਿਸ ਨਹੀਂ ਕਰਨਾ ਚਾਹੁੰਦਾ ਕਿਉਂਕਿ ਜਿਨ੍ਹਾਂ ਨੇ ਵਿਕਾਸ ਕਰਨਾ ਹੁੰਦਾ ਹੈ ਉਹ ਨਵੇਂ ਰਾਹ ਵੀ ਲੱਭ ਲੈਂਦੇ ਹਨ ਅਤੇ ਇਹ ਵੀ ਜ਼ਰੂਰੀ ਨਹੀਂ ਕਿ ਚੁਬਾਰੇ ਚੜ੍ਹਨ ਲਈ ਸਾਰੀਆਂ ਪੌੜੀਆਂ ਅੱਗੇ ਹੀ ਬਣੀਆਂ ਹੋਣ।



ਪੰਜਾਬੀ ਗਾਇਕੀ ਦਾ ਵਾਰਿਸ ਬਣੇਗਾ

ਮਨਮੋਹਨ ਵਾਰਿਸ

*ਮਨਮੋਹਨ ਵਾਰਿਸ ਬਾਰੇ ਛਪਿਆ ਐਸ. ਅਸ਼ੋਕ ਭੌਰਾ ਦਾ ਪਹਿਲਾ ਲੇਖ ਜਿਸ ਨੂੰ ਸ਼ਾਇਦ ਉਦੋਂ ਕੋਈ ਪੰਜਾਬ ਵਿਚ ਨਹੀਂ ਜਾਣਦਾ ਸੀ।*

# ਬਾਤਾਂ ਗਦਰ ਸੰਗਰਾਮ ਦੀਆਂ

*ਲਾਲਾ ਹਰਦਿਆਲ ਗਦਰ ਪਾਰਟੀ ਦੇ ਜਨਰਲ ਸਕੱਤਰ ਅਤੇ 'ਗਦਰ' ਅਖ਼ਬਾਰ ਦੇ ਐਡੀਟਰ ਸਨ। ਉਹ ਗਦਰ ਪਾਰਟੀ ਦੇ ਮੈਂਬਰਾਂ ਅਤੇ ਵਰਕਰਾਂ ਵਿਚ ਆਜ਼ਾਦੀ ਦੀ ਅਥਾਹ ਲਗਨ ਅਤੇ ਉਤਸ਼ਾਹ ਤੋਂ ਬਹੁਤ ਪ੍ਰਭਾਵਿਤ ਸਨ। ਉਨ੍ਹਾਂ ਆਪਣੀ ਕਿਸੇ ਵੀ ਗੱਲ ਨੂੰ ਪਾਰਟੀ ਅਤੇ ਵਰਕਰਾਂ ਉਤੇ ਕਦੇ ਵੀ ਠੋਸਣ ਦਾ ਯਤਨ ਨਹੀਂ ਸੀ ਕੀਤਾ। ਉਹ ਉਨ੍ਹਾਂ ਨੂੰ ਆਪਣੀ ਬੋਲੀ ਵਿਚ ਲਿਖਣ, ਭਾਸ਼ਣ ਕਰਨ ਅਤੇ ਕਵਿਤਾਵਾਂ ਲਿਖਣ ਤੇ ਪੜ੍ਹਨ ਤੋਂ ਕਦੇ ਵੀ ਨਾ ਰੋਕਦੇ। ਲਾਲਾ ਜੀ ਉਨ੍ਹਾਂ ਦੇ ਹੱਕ ਵਿਚ ਰਹਿੰਦੇ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਆਮ ਲੋਕਾਂ ਦੀ ਸਿੱਧੀ ਅਤੇ ਸਪਸ਼ਟ ਬੋਲੀ ਹੈ। ਇਸੇ ਕਰ ਕੇ ਹੀ 'ਗਦਰ' ਅਖਬਾਰ ਦੀਆਂ ਲਿਖਤਾਂ ਲੋਕ ਦਿਲਾਂ ਉਤੇ ਸਿੱਧਾ ਅਸਰ ਕਰਦੀਆਂ ਤੇ ਮੁਰਦੇ ਦਿਲਾਂ ਵਿਚ ਜਾਨ ਪਾਉਣ ਦਾ ਦਮ ਭਰਦੀਆਂ ਹਨ। ਸਿਧ-ਪੱਧਰੇ ਲੋਕ ਅੰਗਰੇਜ਼ੀ ਰਾਜ ਤੇ ਉਸ ਦੇ ਚਾਟੜਿਆਂ ਨੂੰ ਸਿੱਧਾ ਵੰਗਾਰਨ ਲੱਗੇ। ਉਨ੍ਹਾਂ ਦੀ ਆਪਣੀ ਲੇਖਣੀ ਬੇਸ਼ੱਕ, ਬੜੀ ਖਰਵੀ ਅਤੇ ਮੂੰਹ-ਫੱਟ ਹੁੰਦੀ ਸੀ। ਗਦਰ ਦੀ ਗੂੰਜ ਦੀਆਂ ਇਨ੍ਹਾਂ ਖਬਰਾਂ ਦੀਆਂ ਸੁਰਖੀਆਂ ਅਤੇ ਲੇਖਾਂ ਵਿਚ ਸਿੱਧੀ ਤੇ ਸਪਸ਼ਟ ਭਾਸ਼ਾ ਵਿਚ ਕੀਤੀ ਗੱਲ ਦਾ ਲਿਸ਼ਕਾਰਾ ਪੈਂਦਾ ਹੈ। ਇਸ ਦੀਆਂ ਦੋ ਵੰਨਗੀਆਂ ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ, ਕੈਲੀਫੋਰਨੀਆ) ਨੇ ਭੇਜੀਆਂ ਹਨ।*

**(ਗਦਰ ਦੀ ਗੂੰਜ, 17 ਮਾਰਚ 1914)**

ਗਦਰ ਦੇ ਸਿਪਾਹੀਆਂ ਦੀ ਆਵਾਜ਼: ਸਕੱਤਰ ਯੁਗਾਂਤਰ ਆਸ਼ਰਮ ਦੇ ਪਾਸ ਜਿਹੜੇ ਕਿਰਪਾ ਪੱਤਰ ਆਉਂਦੇ ਹਨ, ਉਨ੍ਹਾਂ ਤੋਂ ਸਾਰੇ ਸੇਵਕਾਂ ਨੂੰ ਬੜੀ ਖੁਸ਼ੀ ਹੁੰਦੀ ਹੈ ਅਤੇ ਸੇਵਾ ਵਾਸਤੇ ਦੂਗਣੀ-ਚੌਗਣੀ ਹਿੰਮਤ ਹੋ ਜਾਂਦੀ ਹੈ। ਅੱਜ ਅਸੀਂ ਕੁਝ ਆਵਾਜ਼ਾਂ ਆਪਣੇ ਦੂਜੇ ਭਰਾਵਾਂ ਤੱਕ ਪੁੱਜਦਾ ਕਰਦੇ ਹਾਂ। ਭਾਈ ਸਭਨਾਂ ਨੂੰ ਮਾਲੂਮ ਹੋ ਜਾਵੇ ਕਿ ਚੌਹੀਂ ਪਾਸੀਂ ਦੇਸ਼ ਭਗਤੀ ਦਾ ਰੌ ਤੁਰਿਆ ਹੋਇਆ ਹੈ। ਅਖ਼ਬਾਰ 'ਗਦਰ' ਸਾਰੇ ਭਾਈਆਂ ਨੂੰ ਇਕੱਠਾ ਕਰ ਰਿਹਾ ਹੈ। ਉਨ੍ਹਾਂ ਦੇ ਦਿਲਾਂ ਦੀ ਬਾਤ ਕਹਿ ਰਿਹਾ ਹੈ। ਉਨ੍ਹਾਂ ਨੂੰ ਆਪਣੇ ਖਿਆਲ ਪ੍ਰਗਟ ਕਰਨ ਦਾ ਸਮਾਂ ਦੇ ਰਿਹਾ ਹੈ। ਕਈ ਭਾਈਆਂ ਨੇ ਪੱਤਰ ਭੇਜੇ ਹਨ ਜਿਨ੍ਹਾਂ ਤੋਂ ਸਾਰੇ ਵਿਚਾਰ ਮਾਲੂਮ ਹੁੰਦੇ ਹਨ। ਕੁਝ ਸਤਰਾਂ ਹੇਠਾਂ ਲਿਖਦੇ ਹਾਂ-

**ਮੁਸਲਮਾਨ ਵਿਦਿਆਰਥੀ ਦਾ ਪੱਤਰ:** ਸਕੱਤਰ ਸਾਹਿਬ, ਬੰਦੇ ਮਾਤ੍ਰਮ। ਤੁਸਾਂ ਦਾ ਅਖਬਾਰ ਮਿਲਿਆ। ਮੈਂ ਤੁਸਾਂ ਦਾ ਧੰਨਵਾਦ ਕਰਦਾ ਹਾਂ ਕਿ ਤੁਸਾਂ ਨੇ ਆਪਣੇ ਵਤਨ ਖਾਤਰ ਇਹ ਨੇਕ ਕੰਮ ਸ਼ੁਰੂ ਕੀਤਾ ਹੈ ਜਿਸ ਦੀ ਉਪਮਾ ਹਰ ਆਦਮੀ, ਜਿਸ ਨੂੰ ਆਪਣੇ ਦੇਸ਼ ਨਾਲ ਮੁਹੱਬਤ ਹੈ, ਕਰੇ ਬਗੈਰ ਨਹੀਂ ਹਟਦਾ। ਈਸ਼ਵਰ/ਪਰਮਾਤਮਾ ਤੁਸਾਂ ਨੂੰ ਜ਼ਿਆਦਾ ਤਾਕਤ ਬਖਸ਼ੇ ਅਤੇ ਤੁਸੀਂ ਆਪਣੇ ਵਤਨ ਦੀ ਜ਼ਿਆਦਾ ਸੇਵਾ ਕਰ ਸਕੋਂ।

**ਸਿਪਾਹੀ ਦਾ ਪੱਤਰ:** ਪਿਆਰੇ ਖਾਲਸਾ ਜੀ, ਤੁਸਾਂ ਦਾ ਗਦਰ ਅਖਬਾਰ ਪੁੱਜਾ ਅਤੇ ਬੜੀ ਖੁਸ਼ੀ ਹੋਈ। ਪਿਆਰੇ ਖਾਲਸਾ ਜੀ, ਗੁਰੂ ਮਹਾਰਾਜ ਦੀ ਮਿਹਰਬਾਨੀ ਸੇ ਤੁਸਾਂ ਦੇ ਸਾਰੇ ਸਿੰਘ ਲੜਨ ਮਰਨ ਵਾਸਤੇ ਤਿਆਰ ਬਰ ਤਿਆਰ ਹਨ। ਤੁਸਾਂ ਦਾ 'ਗਦਰ' ਅਖਬਾਰ ਪੜ੍ਹ ਕਰ ਮੱਲੋ-ਮੱਲੀ ਜੋਸ਼ ਆਉਂਦਾ ਹੈ। ਤੁਸਾਂ ਦੇ ਸਿੰਘ ਹਮੇਸ਼ਾ ਮਦਦ ਦਿੰਦੇ ਰਹਿਣਗੇ ਅਤੇ ਤੁਸਾਂ ਦਾ ਫੰਡ ਭਰਪੂਰ ਰਹੂਗਾ। ਗੁਰੂ ਮਹਾਰਾਜ ਏਸ ਦੀ ਉਮਰ ਬੜੀ ਕਰੇ।


**ਦੁੱਖ ਭਰੀ ਆਵਾਜ਼:** ਤੁਸਾਂ ਦਾ ਗਦਰ ਅਖਬਾਰ ਕਿਸੇ ਹੋਰ ਆਦਮੀ ਪਾਸੋਂ ਮਿਲਿਆ, ਜਿਸ ਵਿਚ ਸ਼ਿਕਸ਼ਾ ਦੇ ਸ਼ਬਦ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਹਿੰਦੁਸਤਾਨੀਆਂ (ਗੁਲਾਮਾਂ) ਨੂੰ ਸਾਰਾ ਜ਼ੋਰ ਲਾ ਕੇ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਪਰ ਮਾਲੂਮ ਨਹੀਂ ਕਿ ਸਾਰੇ ਭਾਈਆਂ ਨੂੰ ਕੀ ਹੋ ਗਿਆ ਹੈ। ਕੁੰਭਕਰਨ ਵਾਂਗ ਜਾਗ ਨਹੀਂ ਆਉਂਦੀ। ਹਰ ਥਾਂ ਤੋਂ ਸਾਡੇ ਭਾਈ ਅਮਰੀਕਾ ਅਤੇ ਕੈਨੇਡਾ ਵਿਚ ਜਾਣ ਵਾਸਤੇ ਜਹਾਜ਼ਾਂ ਵਿਚ ਗਏ, ਪਰ ਸੌ ਵਿਚੋਂ ਨੱਬੇ ਪਿਛੇ ਹੀ ਮੁੜੇ ਹਨ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਾਡਲੇ, ਜਿਹੜੇ ਏਸ ਨਾਮ ਦੇ ਲੈਕ ਨਹੀਂ ਹਨ ਕਿਉਂਕਿ ਉਨ੍ਹਾਂ ਨੇ ਨਹੀਂ ਕਿਹਾ ਸੀ ਕਿ ਗੁਲਾਮ ਬਣ ਕੇ ਰਹੋ। ਅਬ ਏਸ ਤਰ੍ਹਾਂ ਖਰਾਬ ਹੋ ਰਹੇ ਹਨ ਕਿ ਉਨ੍ਹਾਂ ਦੀ ਕੋਈ ਫਰਿਆਦ ਨਹੀਂ ਸੁਣਦਾ ਅਤੇ ਹਰ ਇਕ, ਚਾਹੇ ਕੇਹਾ ਆਦਮੀ ਹੋਵੇ, ਕੁਲੀ ਕੁਲੀ ਕੇਹ ਕੇ ਸੱਦਿਆ ਜਾਂਦਾ ਹੈ।

ਨਵੇਂ ਦਿਨ ਜਿਸ ਵੇਲੇ 1914 ਚੜ੍ਹਿਆ ਹੈ, ਰਾਤ ਨੂੰ 'ਹੈਪੀ ਨਿਊ ਯੀਅਰ' ਦੀਆਂ ਆਵਾਜ਼ਾਂ ਆ ਰਹੀਆਂ ਹਨ, ਪਰ ਇਹ ਸਾਨੂੰ ਕਦ ਅੱਛੀਆਂ ਲੱਗਦੀਆਂ ਹਨ। ਇਹ ਤਾਂ ਉਨ੍ਹਾਂ ਨੂੰ ਅੱਛੀਆਂ ਸਨ ਜਿਹੜੇ ਆਜ਼ਾਦ ਹੋਣ, ਕਿਉਂਕਿ ਗੁਲਾਮ ਨੂੰ ਤਿਓਹਾਰ ਦਾ ਦਿਨ ਵੈਸਾ ਹੀ ਹੈ, ਜੈਸਾ ਦੂਜਾ ਦਿਨ। ਤੁਸਾਂ ਦੀ ਸੇਵਾ ਵਿਚ ਮੈਂ ਕੁਝ ਮਦਦ ਥੋੜ੍ਹੇ ਚਿਰ ਮਗਰੋਂ ਦੂਜੇ ਭਾਈਆਂ ਤੋਂ ਲੈ ਕੇ ਭੇਜੂੰਗਾ। -ਸੇਵਕ ਬ. ਸ.।

**ਸ਼ੁਭ ਦਿਨ:** ਰਾਜਨੀਤੀ ਦੇ ਬੰਦੋਬਸਤ ਕਰਨ ਵਾਲੇ ਤੇ ਉਲੂ ਤੋਂ ਆਦਮੀ ਬਣਾਉਣ ਵਾਲੇ ਭਾਈ ਸਾਹਿਬ। ਬੇਨਤੀ ਹੈ ਕਿ ਤੁਸਾਂ ਦਾ 'ਗਦਰ' ਪੜ੍ਹਿਆ ਜਿਸ ਤੋਂ ਰਾਜਨੀਤੀ ਦੇ ਕੁਲ ਹਾਲ ਮਾਲੂਮ ਹੋ ਜਾਂਦੇ ਹਨ ਅਤੇ ਪੜ੍ਹ ਕੇ ਬੜਾ ਜੋਸ਼ ਅਤੇ ਗੁੱਸਾ ਅਤੇ ਕਰੋਧ ਆਉਂਦਾ ਹੈ, ਪਰ ਅਸੀਂ ਵਿਚਾਰਦੇ ਹਾਂ, ਜੇ ਤੁਸਾਂ ਦਾ ਗਦਰ ਏਸ ਤਰ੍ਹਾਂ ਇਕ ਸਾਲ ਰਿਹਾ ਤਾਂ ਜ਼ਰੂਰ-ਬ-ਜ਼ਰੂਰ ਕੋਈ ਨਾ ਕੋਈ ਹਿਲਜੁਲ ਹੋਵੇਗੀ। ਕਿਉਂਕਿ ਜੋ ਕੁਝ ਤੁਸੀਂ ਲਿਖਦੇ ਹੋ, ਏਸ ਵਿਚ ਕੋਈ ਚੂ-ਚਾਂ ਨਹੀਂ ਹੈ। ਏਸ ਵਿਚ ਹੋਰ ਕੋਈ ਬਾਤ ਨਹੀਂ। ਬਸ ਏਹੀ ਮਾਲੂਮ ਹੁੰਦਾ ਹੈ ਕਿ ਅਸਾਡੇ ਨਸੀਬ ਏਸ ਗਦਰ ਤੋਂ ਮੋੜੇ ਪਾ ਰਹੇ ਹਨ। ਸ਼ੈਦ ਥੋੜ੍ਹੇ ਦਿਨਾਂ ਤੱਕ ਇੰਡੀਆ ਦੇ ਦਿਨ ਬਦਲ ਜਾਣਗੇ। -ਸੇਵਕ ਜ. ਸ.।

**ਸੈਕਰਾਮਿੰਟੋ ਵਿਚ ਸਭਾ:** 22 ਮਾਰਚ, ਐਤਵਾਰ ਨੂੰ ਸੈਕਰਾਮਿੰਟੋ ਵਿਚ ਬੜਾ ਜਲਸਾ ਹੋਵੇਗਾ। ਲਾਲਾ ਹਰਦਿਆਲ ਵਸ਼ਿੰਗਟਨ ਦਾ ਹਾਲ ਸੁਣਾਉਣਗੇ। ਸਾਰੇ ਭਾਈ ਜ਼ਰੂਰ ਆਵਨ।

**ਕੈਨੇਡਾ ਦੀ ਕੌਂਸਲ ਵਿਚ ਏਸ਼ੀਆ ਦੇ ਲੋਕਾਂ ਬਾਬਤ ਬੈਹਸ:** ਮਾਰਚ ਦੇ ਪਹਿਲੇ ਹਫਤੇ ਕੈਨੇਡਾ ਦੀ ਪਾਰਲੀਮਿੰਟ ਵਿਚ ਹੋਰ ਦੇਸ਼ਾਂ ਦੇ ਆਦਮੀ ਆਉਣ ਉਪਰ ਬੈਹਸ ਹੋਈ। ਇਕ ਮੈਂਬਰ ਨੇ ਜ਼ੋਰ ਦਿੱਤਾ ਕਿ ਤੀਹ ਮਾਰਚ ਮਗਰੋਂ ਸਾਰੇ ਏਸ਼ੀਆ ਦੇ ਲੋਕਾਂ ਨੂੰ ਬੰਦ ਕਰਨ ਦਾ ਕਾਨੂੰਨ ਚਾਹੀਦਾ ਹੈ। ਮਿਸਟਰ ਲੈਮਕਸ ਨੇ ਜਪਾਨੀਆਂ



ਪ੍ਰਿੰਟਿੰਗ ਪ੍ਰੈੱਸ ਜਿਸ ਉਤੇ 'ਗਦਰ' ਛਪਦਾ ਹੁੰਦਾ ਸੀ।

ਦੀ ਉਪਮਾ ਕਰਦੇ ਹੋਏ ਕਿਹਾ ਕਿ ਜਪਾਨੀਆਂ ਨੂੰ ਕੈਨੇਡਾ ਵਿਚ ਆਉਣ ਤੋਂ ਨਹੀਂ ਰੋਕ ਸਕਦੇ ਅਤੇ ਚੀਨੀਆਂ ਬਾਬਤ ਜਪਾਨ ਦੀ ਗਵਰਮਿੰਟ ਵਾਂਗ ਉਨ੍ਹਾਂ ਦੀ ਗਵਰਮਿੰਟ ਨਾਲ ਭੀ ਸ਼ਰਤ ਕਰ ਲੈਣੀ ਚਾਹੀਦੀ ਹੈ ਕਿ ਹਰ ਸਾਲ ਉਤਨੇ ਹੀ ਚੀਨੇ ਏਥੇ ਆਇਆ ਕਰਨ, ਪਰ ਹਿੰਦੂਆਂ ਨੂੰ ਏਥੋਂ ਕੱਢ ਦਿੱਤਾ ਜਾਵੇ। ਹਿੰਦੂ ਸਾਡੀ ਸੁਚਤਾ ਨੂੰ ਤਬਾਹ ਕਰਨ ਵਾਲੇ ਹਨ।

ਮਿਸਟਰ ਸਟੀਫਨ ਨੇ ਕਿਹਾ ਕਿ ਜਪਾਨ ਨਾਲ ਸ਼ਰਤ ਰੱਖੀ ਰਹੇ ਅਤੇ ਉਤਨੇ ਹੀ ਜਪਾਨੀ ਉਤਾਰੇ ਜਾਣ ਤੇ ਚੀਨੀਆਂ ਨੂੰ ਵੀ ਅਜਿਹੀ ਸ਼ਰਤ ਦੇ ਅਨੁਸਾਰ ਉਤਾਰਿਆ ਜਾਵੇ। ਮਿਸਟਰ ਆਲਵਰ ਨੇ ਕਿਹਾ ਕਿ ਜਦ ਜਪਾਨੀਆਂ ਤੇ ਚੀਨੀਆਂ ਨੂੰ ਕੈਨੇਡਾ ਵਿਚ ਉਤਰਨ ਦਿੱਤਾ ਜਾਂਦਾ ਹੈ ਤਾਂ ਹਿੰਦੂ ਕਿਉਂ ਬੰਦ ਕੀਤੇ ਜਾਂਦੇ ਹਨ। ਮਿਸਟਰ ਲੈਮਕਸ ਨੇ ਏਸ ਦਾ ਜਵਾਬ ਦਿੱਤਾ ਕਿ ਕੈਨੇਡਾ ਵਿਚ ਹਿੰਦੂਆਂ ਦਾ ਸਵਾਲ ਬੜਾ ਗੋਲਮੋਲ ਹੈ। ਹਿੰਦੂਆਂ ਨੂੰ ਨਿਊਜ਼ੀਲੈਂਡ, ਆਸਟਰੇਲੀਆ ਵਿਚੋਂ ਤਾਂ ਬੰਦ ਕਰ ਦਿੱਤਾ ਗਿਆ ਹੈ। ਅੱਜ ਕੱਲ੍ਹ ਅਫਰੀਕਾ ਵਿਚ ਕੀ ਕੁਝ ਬੀਤ ਰਿਹਾ ਹੈ। ਹਿੰਦੂਆਂ ਦਾ ਸਵਾਲ ਕੈਨੇਡਾ ਅਤੇ ਇੰਗਲੈਂਡ ਦੇ ਫੈਦੇ ਦੀ ਖਾਤਰ ਸੋਚਣ ਦੇ ਯੋਗ ਹੈ। ਹਿੰਦੂ ਉਪਦੇਸ਼ਕ ਭਗਵਾਨ ਸਿੰਘ ਨੂੰ ਜਬਰਨ ਬੰਨ੍ਹ ਕੇ ਜਹਾਜ਼ ਵਿਚ ਸੁੱਟ ਦੇਣਾ ਭਾਵੇਂ ਪਸ਼ੂਆਂ ਵਾਲਾ ਕੰਮ ਹੈ, ਪਰ ਹਿੰਦੂ ਕੈਨੇਡਾ ਵਿਚ ਨਾ ਆਵਨ ਕਿਉਂਕਿ ਇਹ ਮੁਲਕ ਉਨ੍ਹਾਂ ਵਾਸਤੇ ਠੰਢਾ ਹੈ ਅਤੇ ਇਹ ਮਜ਼ਦੂਰਾਂ ਵਿਚ ਵੀ ਗੜਬੜ ਕਰਦੇ ਹਨ। ਹਾਂ ਜਪਾਨੀ ਅੱਛੇ ਲੋਕ ਹਨ, ਉਨ੍ਹਾਂ ਨੂੰ ਸਕੂਲ ਅਤੇ ਕਾਲਜਾਂ ਵਿਚ ਅੱਛੀ ਵਿਦਿਆ ਦਿੱਤੀ ਜਾਂਦੀ ਹੈ।

**ਹਿੰਦੂ ਹਿੰਦੋਸਤਾਨ ਵਿਚ ਗੁਲਾਮ**

ਮਿਸਟਰ ਸਟੀਵਨ ਨੇ ਕਿਹਾ ਕਿ ਕੈਨੇਡਾ ਦੇ ਕਾਰਖਾਨਿਆਂ ਵਿਚ ਜਿਥੇ ਪਹਿਲਾਂ ਗੋਰੇ ਕੰਮ ਕਰਦੇ ਸਨ, ਉਥੇ ਏਸ਼ੀਆ ਦੇ ਲੋਕਾਂ ਨੇ ਗੋਰੇ ਕੱਢ ਦਿੱਤੇ ਹਨ। ਹਿੰਦੂਆਂ ਬਾਬਤ ਉਸ ਨੇ ਕਿਹਾ ਕਿ ਅੰਗਰੇਜ਼ੀ ਰਈਅਤ ਅਤੇ ਅੰਗਰੇਜ਼ਾਂ ਵਿਚ ਫਰਕ ਹੈ। ਅੰਗਰੇਜ਼ੀ ਰਈਅਤ ਦਾ ਬਚਾ ਕਰਨਾ ਅੰਗਰੇਜ਼ਾਂ ਦਾ ਫਰਜ਼ ਹੈ, ਪਰ ਹਿੰਦੂਆਂ ਦਾ ਹਿੰਦੋਸਤਾਨ ਵਿਚ ਅੰਗਰੇਜ਼ਾਂ ਵਰਗਾ ਹੱਕ ਨਹੀਂ ਹੈ। ਜਦ ਉਹ ਆਪਣੇ ਦੇਸ਼ ਵਿਚ ਹੀ ਗੁਲਾਮ ਹਨ ਤਾਂ ਉਨ੍ਹਾਂ ਨੂੰ ਕੈਨੇਡਾ ਵਿਚ ਹੱਕ ਜਤਾਉਣ ਦਾ ਕੀ ਹੱਕ ਹੈ। ਜਦ ਹਿੰਦੋਸਤਾਨ ਵਿਚ ਉਨ੍ਹਾਂ ਦਾ ਕੋਈ ਹੱਕ ਨਹੀਂ ਤਾਂ ਉਹ ਕੈਨੇਡਾ ਵਿਚ ਆਪਣਾ ਹੱਕ ਕਿਸ ਮੂੰਹ ਨਾਲ ਦੱਸਦੇ ਹਨ। (ਸ਼ਾਬਾਸ਼ੇ ਨਰ ਦੇ ਬੱਚੇ। ਤੇਰੀ ਸੱਚੀ ਬਾਤ ਨਾਲ ਸਾਡਾ ਦਿਲ ਖੁਸ਼ ਹੋ ਗਿਆ, ਹਿੰਦੋਸਤਾਨੀ ਜੇ ਬੰਦੇ ਦੇ ਪੁੱਤ ਹਨ ਤਾਂ ਉਹ ਹੁਣ ਹਿੰਦੋਸਤਾਨ ਜਾ ਕੇ ਝਟ ਗਦਰ ਕਰ ਕੇ ਆਪਣਾ ਹੱਕ ਲੈਣ)। -ਅਡੀਟਰ

**ਭਾਈ ਭਗਵਾਨ ਸਿੰਘ:** ਭਾਈ ਭਗਵਾਨ ਸਿੰਘ ਦੀ ਬਾਬਤ ਏਸੇ ਮੈਂਬਰ ਨੇ ਕਿਹਾ ਕਿ ਵਤਨ ਛੋੜਾ ਦੇ ਮਹਿਕਮੇ ਨੇ ਹਿੰਦੂ ਉਪਦੇਸ਼ਕ ਨੂੰ ਦੇਸ਼ ਨਿਕਾਲਾ ਦੇਣ ਦਾ ਬੜਾ ਅੱਛਾ ਕੰਮ ਕੀਤਾ। ਵਤਨ ਛੋੜਾ ਨੇ ਐਨਾ ਆਪਣਾ ਫਰਜ਼ ਕੀਤਾ ਹੈ। ਭਗਵਾਨ ਸਿੰਘ ਦੇਸ਼ ਭਗਤੀ ਦਾ ਪ੍ਰਚਾਰ ਕਰਦਾ ਸੀ।

**ਅਖਬਾਰ ਗਦਰ:** ਏਸੇ ਮੈਂਬਰ ਨੇ ਅਖਬਾਰ ਗਦਰ ਬਾਬਤ ਵੀ ਕਿਹਾ ਹੈ ਕਿ ਹਿੰਦੂ ਪੈਸੇਫਿਕ ਕੋਸਟ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ ਤੱਕ ਰੌਲਾ ਪਾ ਰਹੇ ਹਨ। ਏਹ ਲੋਕ ਹਿੰਦੋਸਤਾਨ ਵਿਚ ਦੂਜਾ ਗਦਰ ਕਰ ਕੇ ਆਪਣਾ ਰਾਜ ਕਰਨਾ ਚਾਹੁੰਦੇ ਹਨ। (ਹਾਂ ਚਾਹੁੰਦੇ ਹਾਂ, ਸੂਰ ਦੇ ਪੁੱਤ ਤੂੰ ਕਿਉਂ ਜਲਦਾ ਹੈਂ) ਇਨ੍ਹਾਂ ਦਾ ਇਕ ਅਖਬਾਰ ਸ਼ਹਿਰ ਸਾਨ ਫਰਾਂਸਿਸਕੋ ਵਿਚ ਨਿਕਲਦਾ ਹੈ ਅਤੇ ਖੁੱਲ੍ਹਮ-ਖੁੱਲ੍ਹਾ ਗਦਰ ਕਰਨ ਦਾ ਉਪਦੇਸ਼ ਕਰਦਾ ਹੈ। ਏਸ ਦਾ ਨਾਂ 'ਵੱਡਾ ਗਦਰ' ਹੈ।

**ਹਿੰਦੂ ਔਰਤਾਂ ਨੂੰ ਰੋਕ:** ਇਕ ਹੋਰ ਗੰਜੇ ਮੈਂਬਰ ਨੇ ਕਿਹਾ ਕਿ ਹਿੰਦੂਆਂ ਦੀਆਂ ਔਰਤਾਂ ਏਸ ਦੇਸ਼ ਵਿਚ ਬਿਲਕੁਲ ਨਹੀਂ ਆਉਣੀਆਂ ਚਾਹੀਦੀਆਂ ਕਿਉਂਕਿ ਇਕ ਹਿੰਦੂ ਦੀਆਂ ਪੰਜ-ਪੰਜ ਔਰਤਾਂ ਹੁੰਦੀਆਂ ਹਨ। ਜੇਕਰ ਉਹ ਕੈਨੇਡਾ ਵਿਚ ਆ ਜਾਣ ਤਾਂ ਗੋਰਿਆਂ ਨੂੰ ਬੜੀ ਤਕਲੀਫ ਹੋਵੇਗੀ। ਛੇਕੜ ਵਿਚ ਫੈਸਲਾ ਹੋਇਆ ਕਿ ਸਾਰੇ ਏਸ਼ੀਆ ਅਤੇ ਅਸਲ ਵਿਚ ਸਾਰੇ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚ ਰੋਕਣਾ ਚਾਹੀਦਾ ਹੈ।

**ਗਦਰ ਪਾਰਟੀ ਦੇ ਬਹਾਦਰ ਸਿਪਾਹੀਓ:** ਏਸ ਉਪਰ ਲਿਖੇ ਮਜ਼ਮੂਨ ਰੂਪੀ ਆਰਸੀ ਵਿਚ ਆਪਣਾ ਮੂੰਹ ਦੇਖ ਲਵੋ ਕਿ ਦੁਨੀਆਂ ਵਿਚ ਤੁਸਾਂ ਦੀ ਕੀ ਕਦਰ ਹੈ। ਕੈਨੇਡਾ ਸਾਡੇ ਮੁਆਫਕ ਨਹੀਂ, ਪਰ ਹਿੰਦੋਸਤਾਨ ਗੋਰਿਆਂ ਨੂੰ ਮੁਆਫਕ ਹੈ। ਕੋਈ ਪੁੱਛਣ ਵਾਲਾ ਨਹੀਂ ਹੈ। ਹੈ ਨਾ ਗਜ਼ਬ ਦੀ ਬਾਤ ਕਿ ਗੋਰੇ ਲੋਕ ਆਪਣੀਆਂ ਰਾਜ ਸਭਾਵਾਂ ਵਿਚ ਸਾਡੀਆਂ ਔਰਤਾਂ ਦੀ ਬੇਇਜ਼ਤੀ ਕਰਦੇ ਹਨ ਅਤੇ ਸਾਫ ਪਏ ਕਹਿੰਦੇ ਹਨ ਕਿ ਹਿੰਦੋਸਤਾਨੀ ਲੋਕ ਜਿਹੜੇ ਹਿੰਦੋਸਤਾਨ ਵਿਚ ਗੁਲਾਮ ਹਨ, ਬਾਹਰ ਆ ਕੇ ਆਪਣਾ ਹੱਕ ਕਿਸ ਤਰ੍ਹਾਂ ਮੰਗਦੇ ਹਨ?

ਅਸੀਂ ਹੁਣ ਏਸ ਦਾ ਕੀ ਜਵਾਬ ਦੇਈਏ। ਬਸ ਚੱਲੋ ਹਿੰਦੋਸਤਾਨ ਨੂੰ ਅਤੇ ਗਦਰ ਦੀ ਤਿਆਰੀ ਕਰੋ। ਪਹਿਲਾਂ ਆਪਣਾ ਹੱਕ ਹਿੰਦੋਸਤਾਨ ਪਰ ਜਮਾਓ, ਫੇਰ ਬਾਹਰ ਆਓ। ਤਦ ਜਪਾਨੀਆਂ ਵਾਂਗ ਸਾਡੇ ਹੱਕ ਮੰਨੇ ਜਾਣਗੇ।

# ਮੈਕਸੀਕੋ ਵਿਚ ਗਦਰ: ਜਰਨੈਲ ਪਾਸ਼ੋ ਵੀਯਾਂ ਦੀ ਬਹਾਦਰੀ

(ਗਦਰ ਦੀ ਗੂੰਜ, 17 ਮਾਰਚ 1914)

**ਸਿਖਸ਼ਾ-** ਮੈਕਸੀਕੋ ਦਾ ਗਦਰ ਇਕ ਅਨੋਖਾ ਨਾਟਕ ਹੈ, ਜਿਸ ਦਾ ਆਖਰੀ ਤਮਾਸ਼ਾ ਅਜੇ ਖਤਮ ਨਹੀਂ ਹੋਇਆ। ਪਹਿਲਾਂ ਬੇ-ਕਾਨੂੰਨ ਹਾਕਮ ਜ਼ਾਲਮ ਡਿ ਮਾਜ਼ ਨੂੰ ਪ੍ਰੈਜ਼ੀਡੈਂਟ ਦੀ ਗੱਦੀ ਤੋਂ ਉਤਾਰ ਕੇ 'ਮਡੇਰੋ' ਨੇ ਥੋੜ੍ਹੀ ਸੀ ਆਜ਼ਾਦੀ ਦੀ ਗਵਰਮਿੰਟ ਬਣਾਈ, ਫੇਰ ਮਡੇਰੋ ਨੂੰ ਹਰੇਤਾ ਨਾਵੇਂ ਇਕ ਜਰਨੈਲ ਨੇ ਮਰਵਾ ਦਿੱਤਾ ਅਤੇ ਆਪ ਪ੍ਰੈਜ਼ੀਡੈਂਟ ਬਣ ਗਿਆ। ਤਦ ਆਜ਼ਾਦੀ ਦੀ ਪਾਰਟੀ ਨੇ ਉਤਰ ਵਿਚ ਗਦਰ ਦੀ ਜੜ੍ਹ ਬੰਨ੍ਹ ਲਈ। ਏਸ ਪਾਰਟੀ ਦਾ ਰਾਜ ਹੁਣ ਮੈਕਸੀਕੋ ਦੇ ਉਤਰ ਵਿਚ ਹੈ ਤੇ ਦੱਖਣ 'ਹਰੇਤਾ' ਦੇ ਅਖਤਿਆਰ ਵਿਚ ਹੈ। ਮਡੇਰੋ ਦੀ ਮੌਤ ਦਾ ਦਿਨ ਮਨਾਇਆ ਗਿਆ, ਕਿਉਂਕਿ ਮਡੇਰੋ ਇਸ ਆਜ਼ਾਦੀ ਦੀ ਪਾਰਟੀ ਵਿਚੋਂ ਸ਼ਹੀਦ ਗਿਣਿਆ ਜਾਂਦਾ ਹੈ। ਦੇਸ਼ ਭਗਤ ਪਾਰਟੀ ਦੇ ਦੋ ਬੜੇ ਲੀਡਰ ਪ੍ਰੈਜ਼ੀਡੈਂਟ ਕਰਾਨਜ਼ਾ ਅਤੇ ਜਰਨੈਲ ਵੀਯਾ ਹਨ। ਹੁਣ ਉਤਰੀ ਮੈਕਸੀਕੋ ਵਿਚ ਜਰਨੈਲ ਵੀਯਾ ਨੇ ਹਰੇਤਾ ਦੀ ਫੌਜ ਨੂੰ ਹਾਰ ਦਿੱਤੀ। ਏਸ ਫਤਿਹ ਤੋਂ ਦੇਸ਼ ਦੀ ਬੜੀ ਧੁਮ ਮਚ ਗਈ। ਹੁਣ ਸ਼ਹਿਰ ਟੋਰੀਓਨ ਲੈਣ ਦੀ ਤਿਆਰੀ ਕਰ ਰਿਹਾ ਹੈ ਅਤੇ ਹਰੇਤਾ ਦੇ ਕਈ ਜਹਾਜ਼ ਗਦਰ ਪਾਰਟੀ ਨਾਲ ਮਿਲ ਗਏ ਹਨ। ਉਮੀਦ ਹੈ ਕਿ ਛੇਤੀ ਹੀ ਸਾਰੇ ਮੈਕਸੀਕੋ ਵਿਚ ਗਦਰ ਪਾਰਟੀ ਦੀ ਜਿੱਤ ਹੋਵੇਗੀ।

ਅਸੀਂ ਅੱਜ ਜਰਨੈਲ ਵੀਯਾ ਦਾ ਜੀਵਨ ਬ੍ਰਿਤਾਂਤ ਲਿਖਦੇ ਹਾਂ। ਭਾਈ ਹਿੰਦੋਸਤਾਨ ਦੇ ਦੇਸ਼ ਭਗਤ ਏਸ ਤੋਂ ਸਿੱਖਿਆ ਲੈਣ ਕਿ ਅੰਗਰੇਜ਼ਾਂ ਨਾਲ ਲੜਾਈ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ।

ਵੀਯਾ ਇਕ ਛੋਟੇ ਜਿਹੇ ਪਿੰਡ ਵਿਚ ਗਰੀਬ ਕਿਸਾਨ ਦੇ ਘਰ ਜੰਮਿਆ ਸੀ। ਛੋਟੀ ਉਮਰ ਤੋਂ ਹੀ ਬੱਕਰੀਆਂ, ਗਊਆਂ ਚਾਰਦਾ ਤੇ ਖੇਤੀ ਦਾ ਕੰਮ ਕਰਦਾ ਸੀ। ਬੜਾ ਬਹਾਦਰ ਅਤੇ ਦਿਲ ਵਾਲਾ ਸੀ। ਪਿੰਡ ਦੇ ਲੋਕ ਏਸ ਨੂੰ ਸ਼ੇਰ ਕਿਹਾ ਕਰਦੇ ਸਨ। ਉਸ ਨੂੰ ਵੀ ਛੇਤੀ ਹੀ ਆਪਣੀ ਸ਼ੇਰਦਿਲੀ ਨੂੰ ਦਿਖਾਣਾ ਪਿਆ। ਮੈਕਸੀਕੋ ਵਿਚ ਉਸ ਵੇਲੇ ਬੇ-ਲਗਾਮ ਹਾਕਮ ਡਿਆਜ਼ ਦਾ ਰਾਜ ਸੀ। ਡਿਆਜ਼ ਨੇ ਰਾਜ ਸਭਾ ਦੇ ਸਾਰੇ ਹੱਕ ਖੋਹ ਲਏ ਸਨ। ਆਪਣੇ ਸਾਥੀਆਂ ਨੂੰ ਨੌਕਰੀਆਂ ਦੇ ਰਿਹਾ ਸੀ। ਅਮਰੀਕਨ ਅਤੇ ਅੰਗਰੇਜ਼ ਦੂਜੀ ਕੌਮ ਤੋਂ ਵੱਡੀ ਲੈ ਕੇ ਉਨ੍ਹਾਂ ਨੂੰ ਜ਼ਮੀਨਾਂ ਦੇ ਰਿਹਾ ਸੀ।

ਗਰੀਬ ਕਿਸਾਨਾਂ ਨੂੰ ਇਨ੍ਹਾਂ ਜਗੀਰਦਾਰਾਂ ਦੀ ਗੁਲਾਮੀ ਵਿਚ ਵੇਚ ਦਿੰਦਾ ਸੀ। ਕਿਸਾਨ ਤਾਂ ਸਮਝਦਾ ਕਿ ਜ਼ਮੀਨ ਮੇਰੀ ਹੈ, ਪਰ ਕਿਸੇ ਦਿਨ ਉਸ ਨੂੰ ਪ੍ਰਵਾਨਾ ਆ ਜਾਂਦਾ ਸੀ ਕਿ ਇਹ ਜ਼ਮੀਨ ਫਲਾਣੀ ਕੰਪਨੀ ਨੂੰ ਵੇਚ ਦਿੱਤੀ ਹੈ। ਅਤੇ ਅੱਗੇ ਵਾਸਤੇ ਤੂੰ ਏਸ ਦਾ ਕਾਸ਼ਤਕਾਰ ਨਹੀਂ ਅਤੇ ਏਸ ਕੰਪਨੀ ਨੂੰ ਮਾਮਲਾ ਦੇਵੀਂ। ਐਹਲਕਾਰ ਬੜੇ ਲਾਲਚੀ ਤੇ ਜ਼ਾਲਮ ਸਨ। ਡਿਆਜ਼ ਨੇ ਪਿੰਡਾਂ ਵਿਚ ਪੁਲਿਸ ਦੇ ਦਸਤੇ ਬਣਾਏ ਸਨ, ਜਿਨ੍ਹਾਂ ਨਾਲ ਸਾਰੇ ਦੇਸ਼ ਨੂੰ ਦਬਾਈ ਰੱਖਦਾ ਸੀ। ਜੋ ਕੋਈ ਆਦਮੀ ਸਿਰ ਚੁੱਕਦਾ ਸੀ ਤਾਂ ਪੁਲਿਸ ਉਸ ਨੂੰ ਝੱਟ ਫੜ ਲੈਂਦੀ ਸੀ। ਏਸ ਤਰ੍ਹਾਂ ਇਕ ਜ਼ਿਲ੍ਹੇ ਦਾ ਹਾਕਮ ਵੀਆ ਦੀ ਭੈਣ ਨੂੰ ਚੁੱਕ ਕੇ ਲੈ ਗਿਆ ਅਤੇ ਜ਼ਬਰਦਸਤੀ ਇਕ ਪਾਰਟੀ ਦੀ ਮਦਦ ਨਾਲ ਨਿਕਾਹ ਪੜ੍ਹਾ ਲਿਆ। ਤਦ ਵੀਆ ਵੀ ਆਪਣੀ ਭੈਣ ਨੂੰ ਭਾਲਣ ਚੜ੍ਹਿਆ। ਲੜਕੀ ਬੜੀ ਸੁੰਦਰ ਸੀ। ਵੀਯਾ ਖੋਜ ਕੱਢਦਾ ਹੋਇਆ ਉਸ ਹਾਕਮ ਤੱਕ ਪੁੱਜ ਗਿਆ ਅਤੇ ਉਸ ਨੂੰ ਕੰਧ ਦੇ ਨਾਲ ਖੜ੍ਹਾ ਕਰ ਕੇ ਗੋਲੀ ਮਾਰ ਦਿੱਤੀ ਅਤੇ ਆਪਣੀ ਭੈਣ ਨੂੰ ਨਾਲ ਲੈ ਆਇਆ। ਜਦ ਇਹ ਖਬਰ ਡਿਆਜ਼ ਦੀ ਗਵਰਮਿੰਟ ਨੂੰ ਪੁਜੀ ਤਾਂ ਉਹ ਬੜੇ ਹੈਰਾਨ ਹੋਏ। ਕਿਉਂਕਿ ਕਿਸਾਨ ਅਜਿਹੇ ਡਰਾਕਲ ਸਨ ਕਿ ਕਹਿਰ ਤੋਂ ਕਹਿਰ ਦਾ ਜ਼ੁਲਮ ਸਹਿ ਕੇ ਕਦੇ ਹੱਥ ਨਹੀਂ ਚੁਕਦੇ ਸਨ। ਹਰ ਵੇਲੇ ਹਾਕਮਾਂ ਤੋਂ ਡਰਦੇ ਚੁੱਪ ਬੈਠੇ ਰਹਿੰਦੇ ਸਨ। ਵੀਯਾ ਨੇ ਜਿਹੜੀ ਸਜ਼ਾ ਜ਼ਿਲ੍ਹੇ ਦੇ ਹਾਕਮ ਨੂੰ ਦਿੱਤੀ ਉਸ ਤੋਂ ਸਾਰੇ ਸਰਕਾਰੀ ਇਲਾਕਿਆਂ ਵਿਚ ਰੌਲਾ ਪੈ ਗਿਆ। ਪਿੰਡਾਂ ਦੀ ਪੁਲਿਸ ਨੂੰ ਹੁਕਮ ਦਿੱਤਾ ਕਿ ਵੀਯਾ ਨੂੰ ਫੜ ਲਵੋ, ਪਰ ਉਹ ਅਜਿਹਾ ਪੰਛੀ ਨਾ ਸੀ ਜਿਹੜਾ ਫੜਿਆ ਜਾਵੇ। ਉਹ ਪਿੰਡੋਂ ਭੱਜ ਗਿਆ ਅਤੇ ਪੁਲਿਸ ਦੇ ਹੱਥ ਨਾ ਆਇਆ। ਗਵਰਮਿੰਟ ਨੇ ਹੁਕਮ ਦੇ ਦਿੱਤਾ ਕਿ ਜਿਹੜਾ ਆਦਮੀ ਵੀਯਾ ਨੂੰ ਜਿਉਂਦਾ ਜਾਂ ਮੁਰਦਾ ਲਿਆਵੇ, ਉਸ ਨੂੰ 30 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਇਨ੍ਹਾਂ ਕੋਸ਼ਿਸ਼ਾਂ ਤੋਂ ਕੁਝ ਨਾ ਬਣਿਆ। ਵੀਯਾ ਪਹਾੜੀ ਜਾ ਵੜਿਆ ਤੇ ਗਵਰਮਿੰਟ ਦੇ ਖ਼ਜ਼ਾਨੇ ਲੁੱਟਣ ਲੱਗ ਪਿਆ। ਬਸ ਫੇਰ ਕੀ ਸੀ, ਕਈ ਸੂਰਮੇ ਉਸ ਦੇ ਸਾਥ ਮਿਲ ਗਏ। ਪਿੰਡ ਦੀ ਪੁਲਿਸ ਦੇ ਕਈ ਦਸਤੇ ਮਾਰ



ਗਦਰੀਆਂ ਵੱਲੋਂ ਛਾਪੇ ਜਾਂਦੇ ਅਖਬਾਰ 'ਗਦਰ' ਦਾ ਮੁੱਖ ਸਫਾ।

ਦਿੱਤੇ। ਕਈ ਜ਼ਿਲ੍ਹਿਆਂ ਵਿਚ ਰੌਲਾ ਪੈ ਗਿਆ ਅਤੇ ਕਈ ਜਾਲਮ ਹਾਕਮਾਂ ਅਤੇ ਅਮੀਰ ਜਗੀਰਦਾਰਾਂ ਨੇ ਉਸ ਦੀ ਤਲਵਾਰ ਦਾ ਸੁਆਦ ਦੇਖਿਆ। ਵੀਯਾ ਆਪਣੇ ਸਾਥੀਆਂ ਨਾਲ ਜਗੀਰਦਾਰਾਂ ਦੇ ਘਰ ਲੁੱਟ ਲੈਂਦਾ ਸੀ। ਦਾਣੇ ਫਲ ਜੋ ਚੀਜ ਮਿਲਦੀ ਸੀ, ਗਰੀਬਾਂ ਨੂੰ ਵੰਡ ਦਿੰਦਾ ਸੀ। ਸਰਕਾਰੀ ਖਜ਼ਾਨੇ ਲੁੱਟ ਕੇ ਕਿਸਾਨਾਂ ਨੂੰ ਵੰਡ ਦਿੰਦਾ ਸੀ। ਇਸ ਤਰ੍ਹਾਂ ਵੀਯਾ ਸਭ ਨੂੰ ਪਿਆਰਾ ਹੋ ਗਿਆ। ਲੋਕ ਉਸ ਦੀ ਖਾਤਰ ਜਾਨਾਂ ਦੇਣ ਨੂੰ ਤਿਆਰ ਹੋ ਗਏ। ਉਹ ਪਿੰਡਾਂ ਵਿਚ ਛਿਪ ਰਹਿੰਦਾ, ਪਰ ਕੋਈ ਉਹਦਾ ਭੇਦ ਨਾ ਦੱਸਦਾ। ਗਵਰਮਿੰਟ ਅਤੇ ਜਗੀਰਦਾਰ ਕਹਿੰਦੇ ਸਨ ਕਿ ਵੀਯਾ ਲੁਟੇਰਾ ਹੈ, ਪਰ ਲੋਕ ਕਹਿੰਦੇ ਸਨ ਕਿ ਵੀਯਾ ਪਰਜਾ ਭਗਤ ਹੈ। ਇਸ ਤਰ੍ਹਾਂ ਵੀਯਾ ਨੇ ਮੈਕਸੀਕੋ ਦੇ ਗਦਰ ਵਿਚ ਅਨਮੋਲ ਕੰਮ ਕੀਤਾ।

ਜਦ ਮਡੇਰੋ ਨੇ ਡਿਆਜ਼ ਦੇ ਵਿਰੁੱਧ ਖੁੱਲ੍ਹਮ-ਖੁੱਲ੍ਹਾ ਗਦਰ ਕੀਤਾ ਤਾਂ ਵੀਯਾ ਮਡੇਰੋ ਦੀ ਫੌਜ ਵਿਚ ਜਾ ਮਿਲਿਆ। ਉਸ ਨੂੰ ਕਰਨੈਲ ਦਾ ਦਰਜਾ ਮਿਲ ਗਿਆ। ਵੀਯਾ ਦੀ ਬਹਾਦਰੀ ਨੇ ਉਸ ਨੂੰ ਛੇਤੀ ਹੀ ਕਰਨੈਲ ਤੋਂ ਜਰਨੈਲ ਬਣਾ ਦਿੱਤਾ। ਵੀਯਾ ਬੜਾ ਹੁਸ਼ਿਆਰ ਜਰਨੈਲ ਸੀ। ਕਈ ਹਜ਼ਾਰ ਗਰੀਬ ਬੇ-ਇਲਮ ਕਿਸਾਨਾਂ ਤੇ ਮਜ਼ਦੂਰਾਂ ਨੂੰ ਇਕੱਠੇ ਕਰ ਕੇ ਉਸ ਨੇ ਇਕ ਜਿੱਤ ਦੀ ਫੌਜ ਬਣਾ ਲਈ ਹੈ। ਉਸ ਨੇ ਇਨ੍ਹਾਂ ਵਿਚ ਨਵੀਂ ਜਾਨ ਪਾ ਦਿੱਤੀ ਹੈ। ਉਸ ਨੇ ਕੋਈ ਲੜਾਈ ਨਹੀਂ ਹਾਰੀ ਹੈ। ਉਸ ਨੂੰ ਰੁਪਏ ਦਾ ਲਾਲਚ ਬਿਲਕੁਲ ਨਹੀਂ ਹੈ। ਜਿਹੜਾ ਰੁਪਿਆ ਹੱਥ ਲਗਦਾ ਹੈ, ਗਰੀਬਾਂ ਅਤੇ ਸਿਪਾਹੀਆਂ ਨੂੰ ਵੰਡ ਦਿੰਦਾ ਹੈ। ਕਿਸੇ ਨਾਲ ਉਸ ਦਾ ਵੈਰ ਨਹੀਂ। ਅਮੀਰਾਂ ਅਤੇ ਹਾਕਮਾਂ ਦਾ ਜਾਨੀ ਦੁਸ਼ਮਣ ਹੈ। ਉਸ ਨੇ ਕਹਿ ਦਿੱਤਾ ਹੈ ਕਿ ਮੈਂ ਹਰੇਤਾ ਦੇ ਟੁਕੜੇ ਕਰ ਕੇ ਮੱਛੀਆਂ ਨੂੰ ਪਾਵਾਂਗਾ। ਪਿਛਲੇ ਮਹੀਨੇ ਉਸ ਨੇ ਸ਼ਹਿਰ ਨੌਗਾਲੇ ਵਿਚ ਵਖਿਆਨ ਕੀਤਾ ਤੇ ਕਿਹਾ, "ਓਏ ਪਿਆਰੇ ਦੋਸਤੋ! ਮੈਕਸੀਕੋ ਵਿਚ ਅਜਿਹਾ ਰਾਜ ਬਣਾਵਾਂਗੇ ਜਿਸ ਵਿਚ ਨਾ ਅਮੀਰ ਹੋਣ ਤੇ ਨਾ ਗਰੀਬ। ਕਿਸਾਨਾਂ ਦੀ ਜ਼ਮੀਨ ਜਿਹੜੀ ਜ਼ਬਰਦਸਤਾਂ ਨੇ ਖੋਹ ਲਈ ਹੈ, ਉਨ੍ਹਾਂ ਨੂੰ ਮਿਲ ਜਾਊਗੀ ਤਾਂ ਸਾਡੀ ਆਜ਼ਾਦੀ ਹੋਵੇਗੀ।"

ਇਕ ਲੱਖਪਤੀ ਮਿਸਟਰ ਟਰਾਜ਼ ਕਈ ਪਿੰਡਾਂ ਦਾ ਮਾਲਕ ਸੀ। ਉਸ ਦੇ ਪਾਸ ਲਿਖੇ ਕਾਗਜ਼ ਸਨ ਕਿ ਉਹ ਇਤਨੇ ਪਿੰਡਾਂ ਤੋਂ ਲਗਾਨ ਲੈਂਦਾ ਹੈ। ਵੀਯਾ ਨੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਅਤੇ ਕਿਸਾਨਾਂ ਨੂੰ ਕਹਿ ਦਿੱਤਾ ਕਿ ਲਗਾਨ ਨਾ ਦਿਓ। ਹੁਣ ਉਹ ਰਈਸ ਲਾਸ ਏਂਜਲਸ ਦੇ ਪਾਸ ਇਕ ਬਾਗ ਵਿਚ ਖੋਤੀ ਕਰਦਾ ਹੈ। ਇਸ ਤਰ੍ਹਾਂ ਗਦਰ ਨਾਲ ਮਜ਼ਦੂਰਾਂ ਅਤੇ ਕਿਸਾਨਾਂ ਵਿਚ ਨਵੀਂ ਜਾਨ ਆ ਗਈ ਹੈ। ਕਿਉਂਕਿ ਉਨ੍ਹਾਂ ਪੂਰੋਂ ਜਾਲਮ ਦਾ ਨਾਸ ਕਰ ਦਿੱਤਾ ਹੈ। ਵੀਯਾ ਨੇ ਇਕ ਬੰਟਨ ਨਾਵੇਂ ਅੰਗਰੇਜ਼ ਰਈਸ ਨੂੰ ਮਾਰ ਦਿੱਤਾ ਹੈ ਕਿਉਂਕਿ ਉਹ ਹਰੇਤਾ ਦੀ ਮਦਦ ਕਰਦਾ ਸੀ। ਅਤੇ ਬਹੁਤ ਸਾਰੀ ਜ਼ਮੀਨ ਦਾ ਮਾਲਕ ਸੀ। ਵੀਯਾ ਅਜਿਹੇ ਆਦਮੀਆਂ ਦਾ ਦੁਸ਼ਮਣ ਹੈ, ਜਿਹੜੇ ਕਈ ਕਿਸਾਨਾਂ ਪਰ ਮਾਲਕ ਬਣ ਕੇ ਬੈਠ ਜਾਵੇ ਤੇ ਬਗੈਰ ਕੰਮ ਕਰੇ ਪੈਸਾ ਕਮਾਏ। ਵੀਯਾ ਅਮੀਰਾਂ ਅਤੇ ਹਾਕਮਾਂ ਨੂੰ ਦੇਖ ਕੇ ਨਹੀਂ ਰਾਜ਼ੀ। ਏਸ ਕਰ ਕੇ ਲੋਕ ਉਸ ਪਰ ਜਾਨਾਂ ਦੇਣ ਨੂੰ ਤਿਆਰ ਹਨ। ਵੀਯਾ ਕੋਈ ਜ਼ਿਆਦਾ ਪੜ੍ਹਿਆ ਲਿਖਿਆ ਨਹੀਂ ਹੈ। ਸਿਰਫ ਖਤ ਪੱਤਰ ਕਰ ਸਕਦਾ ਹੈ। ਉਹ ਵੀ ਹੁਣੇ ਹੀ ਸਿੱਖਿਆ ਹੈ, ਪਰ ਹਿੰਮਤ ਬਹਾਦਰੀ ਤੇ ਸੱਚੀ ਦੇਸ਼ ਭਗਤੀ ਵਿਚ ਇਕ ਮਸਾਲ ਹੈ।

ਹਿੰਦੋਸਤਾਨ ਦੇ ਪਿੰਡਾਂ ਵਾਲੇ ਲੜਕਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਵੀ ਗਦਰ ਕਰ ਕੇ ਜਰਨੈਲ ਬਣਨ ਅਤੇ ਆਪਣਾ ਜੀਵਨ ਸਫਲ ਕਰਨ।

***

# ਪੰਜਾਬੀ ਮਾਂ ਦਾ ਸਰਵਣ ਪੁੱਤਰ!

**ਸਤਿਯੁਗੀ ਬੰਦੇ**

***ਬੋਲੀ ਬੰਦੇ ਦੀ ਸਭਿਆਚਾਰਕ ਪਛਾਣ ਹੁੰਦੀ ਹੈ ਨਾ ਕਿ ਧਾਰਮਕ ਪਛਾਣ, ਪਰੰਤੂ ਸਵਾਰਥੀ ਤੇ ਸਿਆਸੀ ਹਿਤਾਂ ਨੇ ਪੰਜਾਬ ਵਿਚ ਇਸ ਨੂੰ ਧਰਮ ਨਾਲ ਜੋੜ ਦਿਤਾ। 'ਕੋਈ ਹਰਿਆ ਬੂਟ ਰਹਿਓ ਰੀ' ਦੀ ਉਕਤੀ 'ਤੇ ਪੂਰਾ ਢੁਕਦੇ ਕਈ ਅਜਿਹੇ ਜਿਊੜੇ ਹਨ ਜਿਨ੍ਹਾਂ ਨੇ ਨਾ ਸਿਰਫ ਖੁਦ ਮਾਂ ਬੋਲ ਨਾਲ ਵਫਾ ਨਿਭਾਈ ਸਗੋਂ ਇਸ ਖਾਤਰ ਜਦੋ-ਜਹਿਦ ਵੀ ਕੀਤੀ। ਅਜਿਹਾ ਹੀ ਇਕ ਜਿਊੜਾ ਹੈ-ਐਨ ਆਰ ਗੋਇਲ, ਜਿਸ ਨੇ ਦਿੱਲੀ ਵਿਚ ਪੰਜਾਬੀ ਖਾਤਰ ਹਰ ਭਾਸ਼ਾਈ ਯੁੱਧ ਸਮੇਂ "ਸਾਥੀਓ, ਹੱਲਾ ਬੋਲੋ" ਦੀ ਲਲਕਾਰ ਮਾਰੀ। ਪੰਜਾਬੀ ਮਾਂ ਦੇ ਇਸੇ ਸਰਵਣ ਪੁੱਤਰ ਬਾਰੇ ਸ. ਗੁਰਬਚਨ ਸਿੰਘ ਭੁੱਲਰ ਨੇ ਇਹ ਲੇਖ ਲਿਖਿਆ ਹੈ। -ਸੰਪਾਦਕ***

ਭਾਸ਼ਾ ਕਿਸੇ ਧਰਮ ਜਾਂ ਫ਼ਿਰਕੇ ਨਾਲ ਜੁੜੀ ਹੋਈ ਨਹੀਂ ਹੁੰਦੀ। ਇਹ ਕਿਸੇ ਇਲਾਕੇ ਵਿਚ ਵਸਦੇ ਸਭਨਾਂ ਲੋਕਾਂ ਦੀ ਸਾਂਝੀ ਸਭਿਆਚਾਰਕ ਧਰੋਹਰ ਹੁੰਦੀ ਹੈ। ਇਹ ਅਣਹੋਣੀ ਸਾਡੇ ਦੇਸ ਵਿਚ ਹੀ ਹੋਈ ਹੈ ਕਿ ਭਾਸ਼ਾਵਾਂ ਨੂੰ ਧਰਮਾਂ ਨਾਲ ਜੋੜ ਦਿੱਤਾ ਗਿਆ ਹੈ। ਇਥੇ ਰਾਜਨੀਤਕ ਜ਼ੋਰਾਵਰਾਂ ਨੇ ਆਪਣੀ ਖ਼ੁਦਗਰਜ਼ੀ ਅਤੇ ਚੌਧਰ ਵਾਸਤੇ ਹਿੰਦੀ ਨੂੰ ਹਿੰਦੂਆਂ, ਉਰਦੂ ਨੂੰ ਮੁਸਲਮਾਨਾਂ ਅਤੇ ਪੰਜਾਬੀ ਨੂੰ ਸਿੱਖਾਂ ਨਾਲ ਜੋੜ ਦਿੱਤਾ ਹੈ। ਪੰਜਾਬ ਵਿਚ ਤਾਂ ਭਾਸ਼ਾ ਦੀਆਂ ਵੰਡੀਆਂ ਤੋਂ ਅੱਗੇ ਵਧ ਕੇ ਲਿਪੀਆਂ ਵੀ ਵੰਡ ਦਿੱਤੀਆਂ ਗਈਆਂ। ਗੁਰਮੁਖੀ ਸਿੱਖਾਂ ਨਾਲ, ਦੇਵਨਾਗਰੀ ਹਿੰਦੂਆਂ ਨਾਲ ਤੇ ਸ਼ਾਹਮੁਖੀ ਮੁਸਲਮਾਨਾਂ ਨਾਲ ਟਾਂਕ ਦਿੱਤੀ ਗਈ।

ਕੁਝ ਦਹਾਕੇ ਪਹਿਲਾਂ ਤੱਕ ਦਿੱਲੀ ਨੂੰ ਪੰਜਾਬੀਆਂ ਦਾ ਸਭ ਤੋਂ ਵੱਡਾ ਸ਼ਹਿਰ ਕਿਹਾ ਜਾਂਦਾ ਸੀ। ਦੇਸ-ਵੰਡ ਕਾਰਨ ਪੱਛਮੀ ਪੰਜਾਬ ਤੋਂ ਉਜੜ ਕੇ ਦਿੱਲੀ ਆ ਟਿਕੇ ਲੱਖਾਂ ਪੰਜਾਬੀਆਂ ਨਾਲ ਇਹਦੇ

**ਗੁਰਬਚਨ ਸਿੰਘ ਭੁੱਲਰ**
**ਫੋਨ: 01191-1142502364**

ਨੈਣ-ਨਕਸ਼ ਪੂਰੀ ਤਰ੍ਹਾਂ ਪੰਜਾਬੀ ਹੋ ਗਏ। ਉਸ ਸਮੇਂ ਪਾਕਿਸਤਾਨ ਦੇ ਹਿੱਸੇ ਆਏ ਪੱਛਮੀ ਪੰਜਾਬ ਵਿਚੋਂ ਬੇਘਰ-ਬੇਦਰ ਹੋ ਕੇ ਦਿੱਲੀ ਆਏ ਲੋਕਾਂ ਵਿਚ ਅਨੇਕ ਉਘੇ ਪੰਜਾਬੀ ਲੇਖਕ ਵੀ ਸ਼ਾਮਲ ਸਨ ਜਿਨ੍ਹਾਂ ਸਦਕਾ ਇਹ ਪੰਜਾਬੀ ਸਾਹਿਤ ਤੇ ਸਭਿਆਚਾਰ ਦਾ ਇਕ ਮੁੱਖ ਜਾਂ ਸਗੋਂ ਪ੍ਰਮੁੱਖ ਸ਼ਹਿਰ ਬਣ ਗਿਆ। ਵਧਦੀ-ਫੈਲਦੀ 'ਪੰਜਾਬੀ ਦਿੱਲੀ' ਵਿਚ ਆਪੋ-ਆਪਣੇ ਕਾਰਨਾਂ ਕਰਕੇ ਆ ਵਸੇ ਅਨੇਕ ਇਧਰਲੇ ਪੰਜਾਬ ਦੇ ਲੇਖਕਾਂ ਸਦਕਾ ਸ਼ਹਿਰ ਦਾ ਇਹ ਪੰਜਾਬੀ ਸਰੂਪ ਹੋਰ ਬਹੁਤਾ ਉਭਰ-ਨਿੱਖਰ ਆਇਆ। ਇਕ ਸਮਾਂ ਅਜਿਹਾ ਆਇਆ ਕਿ ਦਿੱਲੀ ਵਿਚ ਵੱਡੀ ਗਿਣਤੀ ਮੋਹਰੀ ਪੰਜਾਬੀ ਲੇਖਕ ਕਲਮ ਦਾ ਜੌਹਰ ਦਿਖਾ ਰਹੇ ਸਨ। ਉਨ੍ਹਾਂ ਸਭ ਦੀ ਦੇਣ ਅਨਮੋਲ ਰਹੀ। ਪੱਤਰਕਾਰੀ ਵੱਲ ਨਜ਼ਰ ਮਾਰੀਏ ਤਾਂ ਇਥੋਂ ਛਪਦੇ ਤ੍ਰੈਮਾਸਕ, ਮਾਸਕ ਤੇ ਖ਼ਾਸ ਕਰ ਸਪਤਾਹਿਕ ਪੰਜਾਬੀ ਅਖ਼ਬਾਰਾਂ-ਰਸਾਲਿਆਂ ਦੀ ਗਿਣਤੀ ਵੀ ਬੜੀ ਵੱਡੀ ਰਹੀ।

ਪਰ ਇਸ ਸਾਹਿਤਕ ਅਤੇ ਪੱਤਰਕਾਰੀ ਪੱਖ ਤੋਂ ਇਲਾਵਾ ਭਾਸ਼ਾ ਦਾ ਇਕ ਹੋਰ ਬਹੁਤ ਅਹਿਮ ਪੱਖ ਹੁੰਦਾ ਹੈ। ਉਹ ਹੈ, ਵਿਦਿਅਕ-ਅਕਾਦਮਿਕ ਪੱਖ। ਸਕੂਲਾਂ-ਕਾਲਜਾਂ ਵਿਚ ਮਾਧਿਅਮ ਵਜੋਂ, ਨਹੀਂ ਤਾਂ ਘੱਟੋ-ਘੱਟ ਇਕ ਅਹਿਮ ਵਿਸ਼ੇ ਵਜੋਂ ਪੜ੍ਹਾਈ। ਸਾਹਿਤਕਾਰਾਂ ਦੀ ਰਚਨਾਕਾਰੀ ਅਤੇ ਪੱਤਰਕਾਰਾਂ ਦੇ ਵਿਚਾਰ-ਪ੍ਰਗਟਾਵੇ ਉਤੇ ਰੋਕ ਲਾਉਣ ਦਾ ਜੇਰਾ ਤਾਂ ਕੋਈ ਕਰ ਨਹੀਂ ਸੀ ਸਕਦਾ ਪਰ ਫ਼ਿਰਕੂ-ਸਿਆਸੀ ਕਾਰਨਾਂ ਕਰਕੇ ਪੰਜਾਬੀ ਨੂੰ ਕੌੜੀ ਅੱਖ ਨਾਲ ਦੇਖਣ ਵਾਲੇ ਸਿਆਸਤਦਾਨਾਂ, ਫ਼ਿਰਕੂ ਆਗੂਆਂ ਤੇ ਉਨ੍ਹਾਂ ਦੀ ਅੱਖ ਪਛਾਣਨ ਵਾਲੇ ਅਧਿਕਾਰੀਆਂ ਵਾਸਤੇ ਵਿਦਿਅਕ-ਅਕਾਦਮਿਕ ਖੇਤਰ ਇਕ ਅਜਿਹਾ ਪਿੜ ਸੀ ਜਿਥੇ ਉਹ ਪੰਜਾਬੀ ਦੇ ਵਿਕਾਸ ਦਾ ਰਾਹ ਰੋਕਣ ਦੀ ਗੰਦੀ ਖੇਡ ਖੁੱਲ੍ਹ ਕੇ ਖੇਡ ਸਕਦੇ ਸਨ, ਉਨ੍ਹਾਂ ਨੇ ਇਹ ਖੇਡ ਖੇਡੀ ਵੀ। ਨਾਲ ਹੀ ਭਾਸ਼ਾ ਤੇ ਲਿਪੀ ਦੀਆਂ ਇਨ੍ਹਾਂ ਵੰਡੀਆਂ ਕਾਰਨ ਪੰਜਾਬੀਆਂ ਦੇ ਵੱਡੇ ਹਿੱਸੇ ਆਪਣੀ ਮਾਤਭਾਸ਼ਾ ਤੋਂ ਮੂੰਹ ਮੋੜਨ ਲੱਗੇ।

ਹੌਲੀ ਹੌਲੀ ਸਕੂਲੀ ਖੇਤਰ ਵਿਚ ਪੰਜਾਬੀ ਨਾਲ ਪ੍ਰਤੱਖ ਵਿਤਕਰਾ ਕੀਤਾ ਜਾਣ ਲਗਿਆ ਜੋ ਦਿਨੋ-ਦਿਨ ਵਧਣ ਲਗਿਆ। ਨੇਮਾਂ ਨੂੰ ਬੇਅਸਰ ਕੀਤਾ ਜਾਣ ਲਗਿਆ। ਮਿਸਾਲ ਵਜੋਂ ਦਿੱਲੀ ਵਿਚ ਬੜੀ ਜਦੋਜਹਿਦ ਨਾਲ ਇਹ ਨੇਮ ਹੋਂਦ ਵਿਚ ਆਇਆ ਸੀ ਕਿ ਜੇ ਕਿਸੇ ਸਕੂਲ ਦੀ ਕਿਸੇ ਜਮਾਤ ਵਿਚ ਛੇ ਵਿਦਿਆਰਥੀ ਪੰਜਾਬੀ ਵਿਸ਼ਾ ਮੰਗਦੇ ਹਨ ਤਾਂ ਉਨ੍ਹਾਂ ਦੀ ਮੰਗ ਪੂਰੀ ਕੀਤੀ ਜਾਵੇਗੀ। ਅਮਲ ਵਿਚ ਇਹ ਹੋਣ ਲਗਿਆ ਕਿ ਜਦੋਂ ਕੋਈ ਵਿਦਿਆਰਥੀ ਪੰਜਾਬੀ ਵਿਸ਼ਾ ਮੰਗਦਾ, ਉਹਦੀ ਬੇਨਤੀ ਪ੍ਰਵਾਨ ਕਰ ਕੇ ਇਹ ਨਹੀਂ ਸੀ ਕਿਹਾ ਜਾਂਦਾ ਕਿ ਪੰਜ ਵਿਦਿਆਰਥੀ ਹੋਰ ਆ ਜਾਣ ਦੀ ਸੂਰਤ ਵਿਚ ਤੈਨੂੰ ਪੰਜਾਬੀ ਵਿਸ਼ਾ ਜ਼ਰੂਰ ਮਿਲ ਜਾਵੇਗਾ, ਨਹੀਂ ਤਾਂ ਤੈਨੂੰ ਕਿਸੇ ਹੋਰ ਵਿਸ਼ੇ ਦੀ ਚੋਣ ਕਰਨੀ ਪਵੇਗੀ। ਇਸ ਦੇ ਉਲਟ ਉਹਨੂੰ ਉਸੇ ਸਮੇਂ ਇਹ ਆਖ ਦਿੱਤਾ ਜਾਂਦਾ ਕਿ ਹੋਰ ਕੋਈ ਵਿਦਿਆਰਥੀ ਤਾਂ ਪੰਜਾਬੀ ਵਾਲਾ ਹੈ ਨਹੀਂ, ਇਸ ਲਈ ਤੂੰ ਜਾਂ ਹੋਰ ਕੋਈ ਵਿਸ਼ਾ ਚੁਣ ਲੈ ਜਾਂ ਕਿਸੇ ਪੰਜਾਬੀ ਵਾਲੇ ਸਕੂਲ ਵਿਚ ਚਲਿਆ ਜਾ। ਵਿਦਿਆਰਥੀ ਦਿੱਲੀ ਵਰਗੇ ਸ਼ਹਿਰ ਵਿਚ ਘਰੋਂ ਦੂਰ ਦੇ ਪੰਜਾਬੀ ਵਾਲੇ ਸਕੂਲ ਤੱਕ ਆਵਾਜਾਈ ਦੀਆਂ ਮੁਸ਼ਕਲਾਂ ਦੇਖਦਿਆਂ ਪੰਜਾਬੀ ਦੀ ਥਾਂ ਕੁਝ ਹੋਰ ਪੜ੍ਹਨਾ ਹੀ ਬਿਹਤਰ ਸਮਝਦਾ। ਅਜਿਹੀਆਂ ਸਾਜ਼ਿਸ਼ਾਂ ਦੇਖਦਿਆਂ ਦਿੱਲੀ ਵਿਚ ਪੰਜਾਬੀ ਅਧਿਆਪਕ ਐਸੋਸੀਏਸ਼ਨ ਹੋਂਦ ਵਿਚ ਆਈ, ਜਿਸ ਨੇ ਸਕੂਲੀ ਵਿਦਿਆ ਦੇ ਖੇਤਰ ਵਿਚ ਪੰਜਾਬੀ ਦੇ ਹਿਤਾਂ ਦੀ ਰਾਖੀ ਲਈ ਨਿਸ਼ਕਾਮ ਸੰਘਰਸ਼ ਸ਼ੁਰੂ ਕੀਤਾ ਜੋ ਅੱਜ ਵੀ ਜਾਰੀ ਹੈ।

ਬਿਨਾਂ-ਸ਼ੱਕ ਉਨ੍ਹਾਂ ਲੋਕਾਂ ਦੀ ਕਰਨੀ ਨੂੰ ਧੰਨ ਕਹਿਣਾ ਬਣਦਾ ਹੈ ਜਿਨ੍ਹਾਂ ਨੇ ਇਹ ਲੰਮੀ, ਔਖੀ, ਬੇਗਰਜ਼ ਅਤੇ ਅਕਾਊ-ਥਕਾਊ ਲੜਾਈ ਅੱਕੇ-ਥੱਕੇ ਤੋਂ ਬਿਨਾਂ, ਹੌਸਲੇ, ਹਿੰਮਤ, ਸਬਰ ਤੇ ਠਰ੍ਹੰਮੇ ਨਾਲ, ਦ੍ਰਿੜ੍ਹ ਤੇ ਸਿਰੜੀ ਰਹਿੰਦਿਆਂ ਲਗਾਤਾਰ ਜਾਰੀ ਰੱਖੀ। ਇਕ ਨਾਂ ਅਜਿਹਾ ਹੈ ਜੋ ਇਸ ਸੰਘਰਸ਼ ਨਾਲ ਆਰੰਭ ਤੋਂ ਲੈ ਕੇ ਹੁਣ ਤੱਕ ਜੁੜਿਆ ਹੋਇਆ ਹੈ। ਉਹ ਹੈ ਐਨ.ਆਰ. ਗੋਇਲ। ਉਹ ਆਪ ਹੀ ਸਰਗਰਮ ਨਾ ਹੋਇਆ ਸਗੋਂ ਐਸੋਸੀਏਸ਼ਨ ਵਿਚ ਹੋਰਾਂ ਨੂੰ ਸਰਗਰਮ ਕਰਨ ਵਿਚ ਵੀ ਉਹਦੀ ਭੂਮਿਕਾ ਪ੍ਰਮੁੱਖ ਰਹੀ। ਉਹ ਪੰਜਾਬ ਤੋਂ ਗੁਆਂਢੀ ਹੈ ਅਤੇ ਮੈਥੋਂ ਡੇਢ ਕੁ ਸਾਲ ਵੱਡਾ ਲਗਭਗ ਮੇਰਾ ਹਾਣੀ ਹੈ। ਉਹਦਾ ਪਿੰਡ ਮੇਰੇ ਪਿੰਡ ਤੋਂ ਕੁੱਲ ਪੰਜ ਕੋਹ ਵਾਟ ਹੈ। ਉਨ੍ਹਾਂ ਦਿਨਾਂ ਵਿਚ ਸਾਡੇ ਇਲਾਕੇ ਵਿਚ ਸਕੂਲ ਵਿਰਲੇ-ਟਾਂਵੇਂ ਹੀ ਹੁੰਦੇ ਸਨ। ਜਿਸ ਪਿੰਡ ਵਿਚ ਸਕੂਲ ਹੁੰਦਾ ਵੀ ਸੀ, ਉਹ ਆਮ ਕਰਕੇ ਚਾਰ ਜਮਾਤਾਂ ਦਾ ਪ੍ਰਾਇਮਰੀ ਸਕੂਲ ਹੀ ਹੁੰਦਾ। ਚਾਰ ਜਮਾਤਾਂ ਪਾਸ ਕਰ ਕੇ ਬਹੁਤੇ ਵਿਦਿਆਰਥੀ ਘਰ ਬਹਿ ਜਾਂਦੇ। ਵਿਦਿਆ ਦੇ ਮਹੱਤਵ ਤੋਂ ਅਣਜਾਣ ਉਸ ਜ਼ਮਾਨੇ ਵਿਚ ਅਗਲੀ ਪੜ੍ਹਾਈ ਵਾਸਤੇ ਬੱਚੇ ਨੂੰ ਦੂਰ ਦੇ ਸਕੂਲ ਕੌਣ ਭੇਜੇ! ਘਰ-ਵਾਲੇ, ਖ਼ਾਸ ਕਰਕੇ ਕਿਸਾਨ ਪਰਿਵਾਰ ਆਖਦੇ, "ਬਹੁਤ ਪੜ੍ਹ ਲਿਆ। ਹੋਰ ਪੜ੍ਹ ਕੇ ਤੂੰ ਕੀ ਡੀ.ਸੀ. ਲੱਗਣੈ। ਅਸੀਂ ਨਹੀਂ ਤੈਨੂੰ ਕਿਸੇ ਸ਼ਹਿਰ-ਸ਼ੂਹਰ ਭੇਜਣਾ।" ਜਿਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਪੜ੍ਹਾਈ ਦੀ ਕਦਰ ਹੁੰਦੀ, ਉਹ ਹੀ ਕਿਸੇ ਸ਼ਹਿਰੀ ਮਿਡਲ ਜਾਂ ਹਾਈ ਸਕੂਲ ਦਾ ਰੁਖ਼ ਕਰਦੇ।

ਗੋਇਲ ਨੇ ਤੇ ਮੈਂ ਆਪਣੇ ਆਪਣੇ ਪਿੰਡ ਤੋਂ ਪ੍ਰਾਇਮਰੀ ਪਾਸ ਕੀਤੀ ਤਾਂ ਮੈਂ ਰਾਮਪੁਰਾ ਫੂਲ ਦੇ ਸਟੇਟ ਹਾਈ ਸਕੂਲ ਵਿਚ ਪਹੁੰਚ ਗਿਆ ਅਤੇ ਉਹਨੇ ਬਰਨਾਲੇ ਦੇ ਸਟੇਟ ਹਾਈ ਸਕੂਲ ਦਾ ਰਾਹ ਫੜ ਲਿਆ। ਸਾਡੀ ਪਹਿਲੀ ਮੁਲਾਕਾਤ ਹੋਈ ਤਾਂ ਦਿੱਲੀ ਦੀ ਧਰਤੀ ਉਤੇ, ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਦੇ ਮੇਰੇ ਦਫ਼ਤਰ ਵਿਚ। ਮੈਂ ਮਈ 1967 ਵਿਚ ਦਿੱਲੀ ਆਇਆ ਤਾਂ ਗੋਇਲ ਪਹਿਲਾਂ ਹੀ ਕੋਈ ਸਾਢੇ ਦਸ ਸਾਲ ਤੋਂ ਦਿੱਲੀ-ਵਾਸੀ ਬਣਿਆ ਹੋਇਆ ਸੀ। ਸਬੱਬ ਨਾਲ ਉਹ ਮੇਰੇ ਦਫ਼ਤਰ ਵਾਲੇ ਪਾਸੇ ਹੀ ਰਹਿੰਦਾ ਸੀ। ਇਸੇ ਕਰਕੇ ਇਕ ਦਿਨ ਇਕ ਲੇਖਕ ਮਿੱਤਰ ਨੇ ਉਹਨੂੰ ਇਕ ਪੁਸਤਕ ਮੇਰੇ ਤੱਕ ਪੁਜਦੀ ਕਰਨ ਲਈ ਦੇ ਦਿੱਤੀ। ਉਸ ਪਹਿਲੀ ਮੁਲਾਕਾਤ ਵਿਚ ਜਿਉਂ ਹੀ ਅਸੀਂ ਇਕ ਦੂਜੇ ਦੇ ਭੂਗੋਲ-ਇਤਿਹਾਸ ਤੋਂ ਜਾਣੂ ਹੋਏ, ਬਚਪਨ ਦੇ ਗੁਆਂਢੀ ਹੋਣ ਦੀ ਭਾਵਨਾ ਦੋਵਾਂ ਦਿਲਾਂ ਵਿਚ ਲਗਰਾਂ ਫੁੱਟਣ ਲੱਗੀ। ਪਰ ਇਸ ਪੁਰਾਣੀ ਸਾਂਝ ਦੀ ਨਵੀਂ-ਨਰੋਈ ਸੁਰਜੀਤੀ ਤੋਂ ਵੀ ਪਹਿਲਾਂ ਗੋਇਲ ਲਈ ਉਸ ਗੱਲ ਨੂੰ ਤਰਜੀਹ ਦੇਣੀ ਜ਼ਰੂਰੀ ਸੀ ਜੋ ਉਹਦੇ ਜੀਵਨ ਦਾ ਧੁਰਾ ਹੈ, ਭਾਵ ਦਿੱਲੀ



*ਗੁਰਬਚਨ ਸਿੰਘ ਭੁੱਲਰ ਆਪਣੇ ਪੁਰਾਣੇ ਮਿੱਤਰ ਐਨ ਆਰ ਗੋਇਲ ਨਾਲ*

ਵਿਚ ਪੰਜਾਬੀ ਮਾਤਭਾਸ਼ਾ ਦਾ ਸਥਾਨ! ਗੱਲਬਾਤ ਦੇ ਸ਼ੁਰੂ ਵਿਚ ਹੀ ਉਹ ਬੋਲਿਆ, "ਮੈਨੂੰ ਪਤਾ ਲਗਿਆ ਹੈ, ਤੁਸੀਂ ਇਥੇ ਇਕ ਰਸਾਲੇ ਵਿਚ ਨਿਯੁਕਤ ਹੋਏ ਹੋ। ਉਸ ਵਿਚ ਦਿੱਲੀ ਵਿਚ, ਖ਼ਾਸ ਕਰਕੇ ਸਕੂਲਾਂ 'ਚ ਮਾਤ ਭਾਸ਼ਾ ਪੰਜਾਬੀ ਨੂੰ ਆਉਂਦੀਆਂ ਦਿੱਕਤਾਂ ਬਾਰੇ ਜ਼ਰੂਰ ਲਿਖਿਆ ਕਰੋ।"

ਮੈਂ ਬੇਨਤੀ ਕੀਤੀ, "ਗੋਇਲ ਜੀ, ਸਾਡਾ ਰਸਾਲਾ ਰੂਸੀਆਂ ਦਾ ਹੈ ਤੇ ਇਸ ਵਿਚ ਆਪਣੇ ਦੇਸ ਬਾਰੇ ਕੁਝ ਨਹੀਂ ਛਪਦਾ।" ਉਹ ਮੇਰੀ ਨਾਂਹ ਨਾਲ ਨਿਰਾਸ ਨਹੀਂ ਹੋਇਆ। ਬੜੇ ਸਹਿਜ ਨਾਲ ਉਹਨੇ ਮੈਥੋਂ ਮੰਗੇ ਸਹਿਯੋਗ ਦਾ ਰੂਪ ਬਦਲ ਦਿੱਤਾ, "ਤੁਸੀਂ ਪੰਜਾਬੀ ਭਾਸ਼ਾ ਦੇ ਲੇਖਕ ਤਾਂ ਹੋ ਨਾ, ਆਪਣੇ ਦਿੱਲੀ ਤੇ ਪੰਜਾਬ ਦੇ ਅਖ਼ਬਾਰਾਂ-ਰਸਾਲਿਆਂ ਵਿਚ ਲਿਖੋ।" ਮੈਂ ਇਕਦਮ ਬੋਲਿਆ, "ਹਾਂ, ਇਹ ਠੀਕ ਹੈ। ਦਿੱਲੀ ਵਿਚ ਪੰਜਾਬੀ ਦੀਆਂ ਸਮੱਸਿਆਵਾਂ ਬਾਰੇ ਮੈਥੋਂ ਜੋ ਵੀ ਲਿਖਿਆ ਜਾ ਸਕਿਆ, ਜ਼ਰੂਰ ਲਿਖਿਆ ਕਰਾਂਗਾ।" ਉਹ ਸੰਤੁਸ਼ਟ ਤੇ ਖ਼ੁਸ਼ ਹੋ ਗਿਆ। ਉਹਦੀ ਮੁੱਖ ਪਛਾਣ ਹੀ ਪੰਜਾਬੀ ਲਈ ਦਿਨ-ਰਾਤ ਦਾ ਸੰਗਰਾਮੀਆ ਹੋਣਾ ਹੈ।

ਮੇਰੇ ਦਿੱਲੀ ਆਉਣ ਤੋਂ ਵੀ ਪਹਿਲਾਂ, 1965 ਵਿਚ ਪੰਜਾਬੀ ਅਧਿਆਪਕ ਲੱਗਿਆ ਗੋਇਲ ਤੀਹ ਸਾਲ ਤੱਕ ਮਾਣਯੋਗ ਕੰਮ ਕਰ ਕੇ ਨੌਕਰੀ ਤੋਂ ਤਾਂ 1995 ਵਿਚ ਸੇਵਾ-ਮੁਕਤ ਹੋ ਗਿਆ ਪਰ ਮਾਤ ਭਾਸ਼ਾ ਦੀ ਸੇਵਾ ਤੋਂ ਉਹਨੂੰ ਕੋਈ ਮਾਈ ਦਾ ਲਾਲ ਮੁਕਤ ਨਹੀਂ ਕਰ ਸਕਦਾ। ਜਦੋਂ ਤੱਕ ਸਵਾਸ ਹਨ ਤਦ ਤੱਕ ਉਹ ਮਾਤ ਭਾਸ਼ਾ ਦੀ ਸੇਵਾ ਵਿਚ ਹੈ। ਅੱਜ ਵੀ ਉਹਦਾ ਬਹੁਤਾ ਸਮਾਂ ਇਸੇ ਪਾਸੇ ਲਗਦਾ ਹੈ। ਉਹਦੀ ਸਰਗਰਮ ਸਹਾਇਤਾ ਨਾਲ ਬਣੀ ਸੰਸਥਾ 'ਪੰਜਾਬੀ ਹੈਲਪਲਾਈਨ' ਉਸ ਦੇ ਮਿਸ਼ਨ ਨੂੰ ਹੋਰ ਅੱਗੇ ਵਧਾ ਰਹੀ ਹੈ। ਉਹ ਐਸੋਸੀਏਸ਼ਨ ਤੇ ਹੈਲਪਲਾਈਨ ਦੀ ਮਦਦ ਨਾਲ ਅੱਜ ਵੀ ਪੰਜਾਬੀ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਨਿਰਾਸ਼ ਕਰਨ ਵਾਲੇ ਮੁੱਖ ਅਧਿਆਪਕਾਂ ਨਾਲ ਟੱਕਰ ਲੈਂਦਾ ਹੈ ਅਤੇ ਵਿਦਿਆਰਥੀਆਂ ਦੀ ਲੋੜੀਂਦੀ ਗਿਣਤੀ ਪੂਰੀ ਕਰਨ ਲਈ ਪੰਜਾਬੀ ਮਾਪਿਆਂ ਨੂੰ ਘਰ ਘਰ ਜਾ ਕੇ ਮਿਲਦਾ ਤੇ ਸਮਝਾਉਂਦਾ ਹੈ। ਜਿਹੜੇ ਸਕੂਲ ਮੁਖੀ ਫੇਰ ਵੀ ਕਾਬੂ ਨਹੀਂ ਆਉਂਦੇ ਅਤੇ ਵਿਭਾਗ ਤੋਂ ਪੰਜਾਬੀ ਅਧਿਆਪਕ ਮੰਗਣ ਦੀ ਥਾਂ ਖਾਨਾ-ਪੂਰਤੀ ਲਈ ਜਮਾਤ ਦਾ ਸਮਾਂ ਪੂਰਾ ਕਰਨ ਵਾਸਤੇ ਪੰਜਾਬੀ ਨਾ ਜਾਣਨ ਵਾਲੇ ਕਿਸੇ ਵਿਹਲੇ ਅਧਿਆਪਕ ਜਾਂ ਪੀ.ਟੀ. ਮਾਸਟਰ ਨੂੰ ਭੇਜ ਛਡਦੇ ਹਨ, ਉਨ੍ਹਾਂ ਦੀ ਖੇਡ ਖ਼ਤਮ ਕਰਨ ਲਈ ਉਹ ਅੱਜ ਵੀ ਡਾਇਰੈਕਟੋਰੇਟ ਦਾ ਬੂਹਾ ਜਾ ਖੜਕਾਉਂਦਾ ਹੈ। ਪਰ ਦਿੱਲੀ ਦੇ ਵਿਦਿਅਕ ਢਾਂਚੇ ਵਿਚ ਪੰਜਾਬੀ ਦਾ (ਤੇ ਉਰਦੂ ਦਾ) ਵਿਰੋਧ ਏਨਾ ਜ਼ੋਰਾਵਰ ਹੈ ਕਿ ਇਸ ਸਖ਼ਤ ਜਦੋਜਹਿਦ ਦੇ ਬਾਵਜੂਦ ਹਾਲਤ ਬਹੁਤੀ ਸੁਧਰਦੀ ਨਹੀਂ। ਹੁਣੇ ਹੁਣੇ ਆਈ ਦਿੱਲੀ ਘੱਟ-ਗਿਣਤੀ ਕਮਿਸ਼ਨ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸਾਰੀ ਦਿੱਲੀ ਦੇ ਸਰਕਾਰੀ ਸਕੂਲਾਂ ਲਈ ਮਨਜ਼ੂਰ ਪੰਜਾਬੀ ਅਧਿਆਪਕਾਂ ਦੀਆਂ 28 ਨੌਕਰੀਆਂ ਵਿਚੋਂ 10 (ਤੇ ਉਰਦੂ ਦੀਆਂ 29 ਵਿਚੋਂ 12) ਖ਼ਾਲੀ ਪਈਆਂ ਹਨ!

ਜੇ ਇਸ ਮੋਰਚੇ ਉਤੇ ਗੋਇਲ ਆਪ ਹਰ ਵੇਲੇ ਨੇਮਾਂ-ਕਾਨੂੰਨਾਂ ਤੇ ਅੰਕੜਿਆਂ ਦੇ ਆਪਣੇ ਸ਼ਸਤਰ ਰੇਤ-ਮਾਂਜ ਕੇ ਨਾ ਰਖਦਾ ਅਤੇ ਅਗਵਾਈ ਦਾ ਪ੍ਰਚਮ ਲਹਿਰਾਉਂਦਾ ਹੋਇਆ ਹਰ ਭਾਸ਼ਾਈ ਯੁੱਧ ਸਮੇਂ "ਸਾਥੀਓ, ਹੱਲਾ ਬੋਲੋ" ਦੀ ਲਲਕਾਰ ਨਾਲ ਦੂਜਿਆਂ ਨੂੰ ਲਗਾਤਾਰ ਹੱਲਾਸ਼ੇਰੀ ਨਾ ਦਿੰਦਾ ਰਹਿੰਦਾ, ਇਹ ਗੱਲ ਪੂਰੇ ਵਿਸ਼ਵਾਸ ਨਾਲ ਆਖੀ ਜਾ ਸਕਦੀ ਹੈ ਕਿ ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਨੂੰ ਉਹ ਮਾੜੀ-ਮੋਟੀ ਹੈਸੀਅਤ ਵੀ ਹਾਸਲ ਨਾ ਹੁੰਦੀ ਜੋ ਅੱਜ ਹੈ। ਇਸੇ ਕਰਕੇ ਦਿੱਲੀ ਦੇ ਪੰਜਾਬੀ ਹਲਕਿਆਂ 'ਚ ਉਹਨੂੰ ਸਰਬਸੰਮਤੀ ਨਾਲ 'ਪੰਜਾਬੀ ਮਾਂ ਦਾ ਸਰਵਣ ਪੁੱਤਰ' ਆਖਿਆ ਜਾਂਦਾ ਹੈ!

ਉਹਦੀ ਇਸ ਪੰਜਾਬੀ ਸੇਵਾ ਤੇ ਘਾਲਣਾ ਸਦਕਾ ਹੀ ਸੀ ਕਿ ਕੁਝ ਦਿਨ ਪਹਿਲਾਂ ਦਿੱਲੀ ਦੀਆਂ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਜੁੜੀਆਂ ਕਈ ਸੰਸਥਾਵਾਂ ਨੇ ਮਿਲ ਕੇ ਅੱਸੀਵੇਂ ਜਨਮ-ਦਿਨ ਸਮੇਂ ਉਹਦਾ ਜਨਤਕ ਆਦਰ-ਮਾਣ ਕੀਤਾ। ਇਸ ਸਮੇਂ ਵੱਖ ਵੱਖ ਵਿਅਕਤੀਆਂ ਦੇ ਉਸ ਬਾਰੇ ਲਿਖੇ ਲੇਖਾਂ ਦੀ ਇਕ ਪੁਸਤਕ ਵੀ ਪਾਠਕਾਂ ਨੂੰ ਭੇਟ ਕੀਤੀ ਗਈ ਜਿਸ ਦੇ ਸੰਪਾਦਨ ਦਾ ਜ਼ਿੰਮਾ ਮੈਨੂੰ ਸੌਂਪਿਆ ਗਿਆ ਸੀ ਅਤੇ ਜਿਸ ਦਾ ਨਾਂ 'ਪੰਜਾਬੀ ਮਾਂ ਦਾ ਸਰਵਣ ਪੁੱਤਰ' ਤੋਂ ਬਿਨਾਂ ਭਲਾ ਹੋਰ ਕੁਝ ਕਿਵੇਂ ਹੋ ਸਕਦਾ ਸੀ!

## ਵਿਅੰਗ

ਫੋਨ ਟੈਪਿੰਗ ਦੇ ਡਰ ਤੋਂ ਯਾਰ ਵੀ ਹੁਣ
ਖੁਦ ਨੂੰ ਬਿਜ਼ੀ ਕਹਾਉਣ ਦੀ ਕਾਹਲ ਕਰਦਾ।
ਤੇਜ਼ੀ ਫੜ ਗਏ ਨੇ ਝੂਠੇ ਕੇਸ ਬਣਨੇ
ਪੰਜਾਬ ਪੁਲਿਸ ਤੋਂ ਬਚਣ ਦੀ ਕਾਹਲ ਕਰਦਾ।
ਦੇਸ਼ ਧ੍ਰੋਹ ਦਾ ਕਿਤੇ ਨਾ ਕੇਸ ਬਣ ਜਾਏ
ਹੁਣ ਨਾ ਫੰਡ ਭਿਜਵਾਉਣ ਦੀ ਕਾਹਲ ਕਰਦਾ।
ਦੁਖੀ ਜੱਟ ਦਾ ਭਾਵੇਂ ਨਾ ਤਪੇ ਚੁੱਲ੍ਹਾ
ਖਾਕੀ ਜਾਮ ਛਲਕਾਉਣ ਦੀ ਕਾਹਲ ਕਰਦਾ।
ਸਿੱਖ ਸਿੱਖ ਦੀ ਦਾਹੜੀ ਨੂੰ ਹੱਥ ਪਾਵੇ
ਖ਼ਬਰੀ ਫੋਟੋ ਛਪਾਉਣ ਦੀ ਕਾਹਲ ਕਰਦਾ।
ਜੋਸ਼ ਵੇਖ ਕੇ ਬਾਡੀਗਾਰਡ 'ਗਿੱਲ' ਦਾ
ਕੰਧ ਤੋੜ ਭਜਾਉਣ ਦੀ ਕਾਹਲ ਕਰਦਾ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-259-6693*

# ਗੁਰਿ ਮਿਲਿਐ ਹਰਿ ਮੇਲਾ ਹੋਈ

**ਗੁਰਬਾਣੀ ਗਿਆਨ**

**ਰਾਗੁ ਗਉੜੀ ਗੁਆਰੇਰੀ ਮਹਲਾ ੩**
ਗੁਰਿ ਮਿਲਿਐ ਹਰਿ ਮੇਲਾ ਹੋਈ॥
ਆਪੇ ਮੇਲਿ ਮਿਲਾਵੈ ਸੋਈ॥
ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ॥
ਹੁਕਮੇ ਮੇਲੇ ਸਬਦਿ ਪਛਾਣੈ॥੧॥
ਸਤਿਗੁਰ ਕੈ ਭਇ ਭ੍ਰਮੁ ਭਉ ਜਾਇ॥
ਭੈ ਰਾਚੈ ਸਚ ਰੰਗਿ ਸਮਾਇ ॥੧॥ਰਹਾਉ॥
ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ॥
ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ॥
ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ॥
ਮੇਰਾ ਪ੍ਰਭੁ ਬਖਸੇ ਬਖਸਣਹਾਰੁ॥੨॥
ਗੁਰਿ ਮਿਲਿਐ ਸਭ ਮਤਿ ਬੁਧਿ ਹੋਇ॥
ਮਨਿ ਨਿਰਮਲਿ ਵਸੈ ਸਚੁ ਸੋਇ॥
ਸਾਚਿ ਵਸਿਐ ਸਾਚੀ ਸਭ ਕਾਰ॥
ਊਤਮ ਕਰਣੀ ਸਬਦ ਬੀਚਾਰ॥੩॥
ਗੁਰ ਤੇ ਸਾਚੀ ਸੇਵਾ ਹੋਇ॥
ਗੁਰਮੁਖਿ ਨਾਮੁ ਪਛਾਣੈ ਕੋਇ॥
ਜੀਵੈ ਦਾਤਾ ਦੇਵਣਹਾਰੁ॥
ਨਾਨਕ ਹਰਿ ਨਾਮੇ ਲਗੈ ਪਿਆਰੁ॥੪॥

ਗੁਰਦੇਵ ਆਖਦੇ ਹਨ, ਹੇ ਭਾਈ! ਜੇ ਗੁਰੂ ਮਿਲ ਪਵੇ ਤਾਂ ਉਸ ਮਿਹਰਵਾਨ ਪ੍ਰਭੂ ਨਾਲ ਵੀ ਮਿਲਾਪ ਹੋ ਜਾਂਦਾ ਹੈ; ਆਪੇ ਮੇਲਿ ਮਿਲਾਵੈ ਸੋਈ, ਉਹ ਪ੍ਰਭੂ ਆਪ ਹੀ ਜੀਵ ਨੂੰ ਗੁਰੂ ਨਾਲ ਮਿਲਾ ਕੇ ਆਪਣੇ ਨਾਲ ਮਿਲਾ ਲੈਂਦਾ ਹੈ; ਮੇਰਾ ਪ੍ਰਭੂ ਸਭ ਬਿਧਿ ਆਪੇ ਜਾਣੈ, ਉਹ ਪ੍ਰੀਤਮ ਪ੍ਰਭੂ ਆਪ ਹੀ ਜੀਵਾਂ ਨੂੰ ਆਪਣੇ ਨਾਲ ਮਿਲਾਉਣ ਦੇ ਸਾਰੇ ਰਸਤੇ ਜਾਣਦਾ ਹੈ। ਪ੍ਰਭੂ ਆਪਣੇ ਹੁਕਮ ਅਨੁਸਾਰ ਜੀਵ ਨੂੰ ਗੁਰੂ ਨਾਲ ਮਿਲਾਉਂਦਾ ਹੈ ਅਤੇ ਫਿਰ ਉਹ ਜੀਵ ਗੁਰੂ ਦੇ ਸ਼ਬਦ ਰਾਹੀਂ ਆਪਣੇ ਪ੍ਰੀਤਮ ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ।

ਸਤਿਗੁਰ ਕੈ ਭਇ ਭ੍ਰਮੁ ਭਉ ਜਾਇ॥
ਭੈ ਰਾਚੈ ਸਚ ਰੰਗਿ ਸਮਾਇ॥੧॥ਰਹਾਉ॥

ਗੁਰੂ ਅਮਰਦਾਸ ਜੀ ਇਸ ਸ਼ਬਦ ਵਿਚ ਉਪਦੇਸ਼ ਕਰਦੇ ਆਖਦੇ ਹਨ, ਹੇ ਭਾਈ! ਆਪਣੇ ਸਤਿਗੁਰੂ ਦੇ ਭੈ ਅਦਬ ਵਿਚ ਰਹਿ ਕੇ ਜੀਵ ਦੀ ਮੋਹ ਮਾਇਆ ਵਾਲੀ ਭਟਕਣਾ ਤੇ ਸਾਰੇ ਡਰ ਦੂਰ ਹੋ ਜਾਂਦੇ ਹਨ। ਜਿਹੜਾ ਜੀਵ ਆਪਣੇ ਸਤਿਗੁਰੂ ਦੇ ਅਦਬ ਸਤਿਕਾਰ ਵਿਚ ਮਸਤ ਰਹਿੰਦਾ ਹੈ, ਉਹ ਉਸ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਸਮਾਇਆ ਰਹਿੰਦਾ ਹੈ।

ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ॥
ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ॥
ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ॥
ਮੇਰਾ ਪ੍ਰਭੁ ਬਖਸੇ ਬਖਸਣਹਾਰੁ॥੨॥

ਹੇ ਭਾਈ! ਜੇ ਗੁਰੂ ਮਿਲ ਪਵੇ ਤਾਂ ਉਹ ਮਿਹਰਵਾਨ ਪ੍ਰਭੂ ਵੀ ਆਪਣੇ ਸੁਭਾਉ ਅਨੁਸਾਰ ਜੀਵ ਦੇ ਅੰਦਰ ਆ ਵੱਸਦਾ ਹੈ। ਉਹ ਪ੍ਰੀਤਮ ਪ੍ਰਭੂ ਤਾਂ ਬੇਅੰਤ ਗੁਣਾਂ ਦਾ ਮਾਲਕ ਹੈ ਤੇ ਕੋਈ ਵੀ ਜੀਵ ਉਸ ਦੀ ਕੀਮਤ ਨਹੀਂ ਪਾ ਸਕਦਾ, ਤੇ ਨਾ ਹੀ ਕੋਈ ਦੱਸ ਸਕਦਾ ਹੈ ਕਿ ਕਿਸੇ ਦੁਨਿਆਵੀ ਦੌਲਤ ਦੇ ਵੱਟੇ ਪ੍ਰਭੂ ਮਿਲ ਸਕਦਾ ਹੈ। ਜਿਹੜਾ ਜੀਵ ਗੁਰੂ ਸ਼ਬਦ ਨਾਲ ਜੁੜ ਕੇ ਪ੍ਰਭੂ ਦੀ ਸਿਫਤ ਕਰਦਾ ਹੈ, ਜਿਸ ਦਾ ਕੋਈ ਅੰਤ ਜਾਂ ਪਾਰਾਵਾਰ ਨਹੀਂ, ਪ੍ਰਭੂ ਉਸ ਦੇ ਸਾਰੇ ਗੁਨਾਹ ਬਖ਼ਸ਼ ਦਿੰਦਾ ਹੈ।

ਗੁਰਿ ਮਿਲਿਐ ਸਭ ਮਤਿ ਬੁਧਿ ਹੋਇ॥
ਮਨਿ ਨਿਰਮਲਿ ਵਸੈ ਸਚੁ ਸੋਇ॥
ਸਾਚਿ ਵਸਿਐ ਸਾਚੀ ਸਭ ਕਾਰ॥
ਊਤਮ ਕਰਣੀ ਸਬਦ ਬੀਚਾਰ॥੩॥

ਹੇ ਭਾਈ! ਜੇ ਗੁਰੂ ਮਿਲ ਪਵੇ ਤਾਂ ਜੀਵ ਦੇ ਅੰਦਰ ਉਤਮ ਬੁੱਧੀ ਪੈਦਾ ਹੋ ਜਾਂਦੀ ਹੈ; ਫਿਰ ਜੀਵ ਦੇ ਪਵਿੱਤਰ ਹੋ ਚੁੱਕੇ ਮਨ ਵਿਚ ਉਹ ਸਦਾ ਅਟੱਲ ਰਹਿਣ ਵਾਲਾ ਮਿਹਰਵਾਨ ਪ੍ਰੀਤਮ ਪ੍ਰਭੂ ਆਪ ਪ੍ਰਗਟ ਹੋ ਜਾਂਦਾ ਹੈ। ਜਦੋਂ ਉਹ ਸੱਚਾ ਮਾਲਕ ਜੀਵ ਦੇ ਅੰਦਰ ਆ ਕੇ ਵੱਸ ਜਾਂਦਾ ਹੈ ਤਾਂ ਉਹ ਸੱਚੇ ਮਾਲਕ ਦੀ ਸਿਫਤ ਸਾਲਾਹ ਹੀ ਉਸ ਜੀਵ ਦੀ ਕਾਰ ਹੋ ਜਾਂਦੀ ਹੈ, ਕਰਨੀ ਉਤਮ ਹੋ ਜਾਂਦੀ ਹੈ ਤੇ ਗੁਰੂ ਸ਼ਬਦ ਦੀ ਵਿਚਾਰ ਉਹਦੇ ਅੰਦਰ ਟਿਕ ਜਾਂਦੀ ਹੈ।

ਗੁਰ ਤੇ ਸਾਚੀ ਸੇਵਾ ਹੋਇ॥
ਗੁਰਮੁਖਿ ਨਾਮੁ ਪਛਾਣੈ ਕੋਇ॥
ਜੀਵੈ ਦਾਤਾ ਦੇਵਣਹਾਰੁ॥
ਨਾਨਕ ਹਰਿ ਨਾਮੇ ਲਗੈ ਪਿਆਰੁ॥੪॥

ਉਸ ਸਦਾ ਅਟੱਲ ਰਹਿਣ ਵਾਲੇ ਸੱਚੇ ਪ੍ਰਭੂ ਦੀ ਸੇਵਾ ਭਗਤੀ ਗੁਰੂ ਪਾਸੋਂ ਹੀ ਪ੍ਰਾਪਤ ਹੁੰਦੀ ਹੈ; ਕੋਈ ਵਿਰਲਾ ਜੀਵ ਹੀ ਗੁਰੂ ਦੇ ਸਨਮੁਖ ਰਹਿ ਕੇ ਪ੍ਰਭੂ ਦੇ ਨਾਮ ਨਾਲ ਸਾਂਝ ਪਾ ਸਕਦਾ ਹੈ।

ਹੇ ਨਾਨਕ! ਜਿਸ ਵਡਭਾਗੇ ਜੀਵ ਦਾ ਪਿਆਰ ਉਸ ਮਿਹਰਵਾਨ ਪ੍ਰਭੂ ਦੇ ਨਾਮ ਨਾਲ ਬਣ ਜਾਂਦਾ ਹੈ, ਉਸ ਜੀਵ ਨੂੰ ਅਟੱਲ ਵਿਸ਼ਵਾਸ ਹੋ ਜਾਂਦਾ ਹੈ ਕਿ ਸਭ ਦਾਤਾਂ ਦੇਣ ਵਾਲਾ ਦਾਤਾਰ ਪ੍ਰਭੂ ਸਦਾ ਉਸ ਦੇ ਸਿਰ ਉਤੇ ਜਿਉਂਦਾ ਜਾਗਦਾ ਕਾਇਮ ਬੈਠਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਵਾਪਸੀ-4




**ਯਹੂਦੀਆਂ ਦੀ ਵਤਨ ਵਾਪਸੀ ਦੀ ਦੋ ਹਜ਼ਾਰ ਸਾਲ ਲੰਮੀ ਕਹਾਣੀ**

# ਯਹੂਦੀ ਸਵਾਲ ਤੇ ਹਰਜ਼ਲ

***ਪ੍ਰੋ. ਹਰਪਾਲ ਸਿੰਘ ਪੰਨੂ ਨੇ ਆਪਣੇ ਲੰਮੇ ਲੇਖ 'ਵਾਪਸੀ' ਵਿਚ ਯਹੂਦੀਆਂ ਦੀ ਵਤਨ ਵਾਪਸੀ ਦੀ ਲੰਮੀ ਕਹਾਣੀ ਸੁਣਾਈ ਹੈ। ਯਹੂਦੀਆਂ ਨੂੰ ਦੋ ਹਜ਼ਾਰ ਸਾਲ ਬਾਅਦ ਆਪਣਾ ਨਗਰ ਯੋਰੋਸ਼ਲਮ ਅਤੇ ਮੁਲਕ ਇਜ਼ਰਾਈਲ ਮਿਲਿਆ। ਉਹ ਕਦਮ ਕਦਮ ਉਜੜੇ, ਭਟਕੇ, ਗੁਲਾਮ ਹੋਏ, ਨਸਲਘਾਤ ਹੋਈ, ਪਰ ਸਬਰ ਨਾਲ ਕਦਮ ਕਦਮ ਯਹੂਦੀਆਂ ਦੀ ਵਾਪਸੀ ਹੁੰਦੀ ਗਈ। ਇਨ੍ਹਾਂ ਦੋ ਹਜ਼ਾਰ ਸਾਲਾਂ ਦੌਰਾਨ ਉਜਾੜਾ, ਸਜ਼ਾ, ਪਛਤਾਵਾ, ਰਜ਼ਾ, ਖਿਮਾ ਤੇ ਸ਼ੁਕਰਾਨਾ ਯਹੂਦੀ ਜ਼ਿੰਦਗੀ ਦੇ ਅਹਿਮ ਪਹਿਲੂ ਰਹੇ। ਪਹਿਲਾਂ ਮਿਸਰ ਦੇ ਸੁਲਤਾਨ ਫਰਾਊਨ, ਫਿਰ ਈਸਾਈਆਂ ਅਤੇ ਫਿਰ ਮੁਸਲਮਾਨਾਂ ਤੋਂ ਉਨ੍ਹਾਂ ਨੂੰ ਨਿਰੰਤਰ ਦੁੱਖ ਮਿਲੇ। ਸਭ ਤੋਂ ਵੱਡਾ ਕਹਿਰ ਉਦੋਂ ਢੱਠਾ ਜਦੋਂ ਦੂਜੀ ਸੰਸਾਰ ਜੰਗ ਸਮੇਂ ਹਿਟਲਰ ਨੇ ਸੱਠ ਲੱਖ ਯਹੂਦੀਆਂ ਦਾ ਘਾਣ ਕੀਤਾ। ਉਨ੍ਹਾਂ ਨੂੰ ਖੁਦ ਨਹੀਂ ਪਤਾ, ਇਸ ਹਨੇਰਗਰਦੀ ਵਿਚੋਂ ਬਚੇ ਕਿਵੇਂ ਰਹੇ। ਉਨ੍ਹਾਂ ਦੇ ਮਨ ਮੰਦਰ ਦੀ ਯਾਦ ਵਿਚ ਇਜ਼ਰਾਈਲ ਦਾ ਰੇਗਿਸਤਾਨ ਸਦਾ ਵਸਿਆ ਰਿਹਾ। ਐਤਕੀਂ ਵਾਲੇ ਲੇਖ ਵਿਚ ਹਰਜ਼ਲ ਨਾਂ ਦੇ ਉਸ ਜਿਊੜੇ ਦੀ ਚਰਚਾ ਹੈ ਜੋ ਹਰ ਹਾਲ, ਯਹੂਦੀਆਂ ਦੀ ਦੇਸ ਵਾਪਸੀ ਲਈ ਅਹੁਲਦਾ ਰਿਹਾ।***

ਪੂਰਬੀ ਯੂਰਪ ਵਾਸਤੇ ਮਦਦਗਾਰ ਟੀਮ ਪੱਛਮ ਵਿਚੋਂ ਪੈਦਾ ਹੋਈ। ਇਹ ਲੋਕ ਨੌਜਵਾਨ ਸਨ, ਆਧੁਨਿਕ ਵਿਦਿਆ ਵਿਚ ਪ੍ਰਬੀਨ, ਆਜ਼ਾਦ ਫਿਜ਼ਾ ਵਿਚ ਪੈਦਾ ਹੋਣ ਸਦਕਾ ਆਜ਼ਾਦੀ ਦੀ ਅਹਿਮੀਅਤ ਦਾ ਅਹਿਸਾਸ ਅਤੇ ਇਸ ਫਿਜ਼ਾ ਵਿਚ ਬਾਕੀ ਵੀ ਸਾਹ ਲੈਣ, ਵਾਸਤੇ ਉਦਮ, ਇਨ੍ਹਾਂ ਦੇ ਲੱਛਣ ਸਨ। ਆਜ਼ਾਦੀ ਨੇ ਇਨ੍ਹਾਂ ਨੂੰ ਆਪਹੁਦਰੇ, ਗੈਰ ਸੰਜੀਦਾ, ਹਠੀ ਅਤੇ ਹੰਕਾਰੀ ਵੀ ਬਣਾਇਆ ਪਰ ਇਨ੍ਹਾਂ ਦੀ ਸ਼ਕਤੀ ਯਹੂਦੀਆਂ ਨੂੰ ਮੁਕਤ ਕਰਨ ਵਾਸਤੇ ਕੰਮ ਆਈ। ਹਰਜ਼ਲ ਅਜਿਹਾ ਸ਼ਖਸ ਸੀ ਜਿਸ ਵਿਚ ਇਹ ਸਾਰੀਆਂ ਕਮੀਆਂ-ਖੂਬੀਆਂ ਸਨ; ਜੋ ਕਾਰਲਾਇਲ ਵੀ ਆਪਣੀ ਕਿਤਾਬ 'ਹੀਰੋ ਐਂਡ ਹੀਰੋ ਵਰਸ਼ਿਪ' ਵਿਚ ਦਰਜ ਕਰਦਾ ਹੈ। ਮੁਰੀਦ ਉਸ ਨੂੰ ਨਾਇਕ ਸਮਝਦੇ ਸਨ, ਖੁਦ ਨੂੰ ਉਹ ਨਾਇਕ ਵਜੋਂ ਜਾਣਦਾ ਸੀ। ਕਾਰਲਾਇਲ ਅਨੁਸਾਰ: ਇਤਬਾਰ ਕਰ ਕੇ ਜੇ ਹੀਰੋ ਨੂੰ ਸਾਰੀ ਤਾਕਤ ਸੌਂਪ ਦਿੱਤੀ ਜਾਵੇ, ਉਹ ਦੁਨੀਆਂ ਨੂੰ ਸਰਬੋਤਮ ਸਰਕਾਰ ਅਤੇ ਲਾਸਾਨੀ ਇਨਸਾਫ ਦਏਗਾ। ਉਸ ਮਰਦ ਅਗੰਮੜੇ ਦੀ ਰਹਿਨੁਮਾਈ ਅਤੇ ਤਾਬਿਆਦਾਰੀ ਰਾਹੀਂ ਰੌਸ਼ਨ ਭਵਿਖ ਨਸੀਬ ਹੋਵੇਗਾ। ਜਿੱਡਾ ਕੱਦਾਵਰ ਹੈ, ਓਨੀਆਂ ਹੀ ਪਰਬਤ ਜਿੱਡੀਆਂ



**ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਗਲਤੀਆਂ ਕਰੇਗਾ, ਤਾਂ ਵੀ ਕਲਿਆਣ ਉਸੇ ਸਦਕਾ ਸੰਭਵ ਹੋਵੇਗਾ।

ਹਰਜ਼ਲ ਨੇ ਕਮਜ਼ੋਰ, ਅਨਿਸ਼ਚਿਤ, ਡਾਵਾਂਡੋਲ ਗੁਲਾਮ ਕੌਮ ਨੂੰ ਜਿਵੇਂ ਕਿਵੇਂ ਜਦੋਂ ਆਪਣੇ ਮਗਰ ਤੋਰ ਲਿਆ, ਤਦ ਇਹ ਕੌਮਾਂਤਰੀ ਪੱਧਰ ਦੀ ਜ਼ਬਰਦਸਤ ਸਿਆਸੀ ਹਨੇਰੀ ਬਣ ਗਈ। ਰਸਤੇ ਵਿਚ ਦੁਚਿਤੀ ਦੀਆਂ ਰੁਕਾਵਟਾਂ ਟੁੱਟ ਗਈਆਂ। ਉਹ ਕੇਵਲ 8-9 ਸਾਲ ਪਬਲਿਕ ਵਿਚ ਗਤੀਸ਼ੀਲ ਰਿਹਾ, 44 ਸਾਲ ਦੀ ਉਮਰ ਵਿਚ ਚੱਲ ਵਸਿਆ। ਉਸ ਦੀ ਵਿਛਾਈ ਪਟੜੀ ਉਪਰ ਦੌੜਿਆ ਇੰਜਣ ਨਹੀਂ ਰੁਕਿਆ।

ਉਸ ਨੂੰ ਆਪਣੀ ਜਰਮਨ ਨਾਗਰਿਕਤਾ 'ਤੇ ਫਖ਼ਰ ਸੀ। ਜਦੋਂ ਕਦੀ ਲਿਖਤ ਵਿਚ ਯਹੂਦੀ ਵਿਰਾਸਤ ਦੀ ਸ਼ਾਨ ਬਿਆਨਦਾ, ਗ਼ੈਰ ਯਹੂਦੀਆਂ ਨੂੰ ਤਕਲੀਫ ਹੁੰਦੀ। ਯਹੂਦੀਆਂ ਨੂੰ ਲਗਦਾ, ਵਧਾ-ਚੜ੍ਹਾ ਕੇ ਛੱਡ ਰਿਹਾ ਹੈ। ਉਸ ਨੂੰ ਅਹਿਸਾਸ ਸੀ, ਜਰਮਨ ਧਰਤੀ ਉਪਰ ਯਹੂਦੀਆਂ ਦਾ ਸਾਹ ਘੁਟਣ ਲੱਗਾ ਹੈ; ਕਿਹਾ ਕਰਦਾ, ਇਸੇ ਕਰ ਕੇ ਇਲਾਜ ਇਥੋਂ ਸ਼ੁਰੂ ਹੋਵੇਗਾ, ਜੜ੍ਹ ਲੱਭ ਗਈ ਹੈ।

ਮਾਪਿਆਂ ਦਾ ਇਕਲੌਤਾ ਬੇਟਾ ਸੀ। 18 ਸਾਲ ਦੀ ਉਮਰੇ ਭੈਣ ਅਤੇ ਫਿਰ ਵਿਆਹ ਤੋਂ ਕੁਝ ਸਮੇਂ ਬਾਅਦ ਪਤਨੀ ਦੀ ਮੌਤ ਹੋ ਗਈ। ਜਿਸ ਉਮਰੇ ਬੱਚੇ ਮਾਪਿਆਂ ਤੋਂ ਪਰੇ ਆਜ਼ਾਦ ਜੀਵਨ ਬਤੀਤ ਕਰਨ ਦੇ ਇੱਛੁਕ ਹੁੰਦੇ ਹਨ, ਹਰਜ਼ਲ ਮਾਪਿਆਂ ਦੇ ਹੋਰ ਨੇੜੇ ਹੋ ਕੇ ਇਕਾਂਤ ਤੋਂ ਬਚਣ ਲੱਗਾ। ਮਾਪਿਆਂ ਨੇ ਉਸ ਦੀ ਹਰ ਇੱਛਾ ਪੂਰੀ ਕੀਤੀ। ਪੈਸੇ-ਟਕੇ ਪੱਖੋਂ ਪਿਤਾ ਕੋਲ ਕੋਈ ਘਾਟ ਨਹੀਂ ਸੀ। ਬਗੈਰ ਕਿਸੇ ਤਜਰਬੇ ਦੇ ਕਹਿ ਦਿੱਤਾ ਕਿ ਅਖਬਾਰ ਕੱਢਣਾ ਹੈ, ਪਿਤਾ ਨੇ ਪੈਸੇ ਦੇ ਦਿੱਤੇ। ਅਖਬਾਰ ਦੇ ਕਿਸੇ ਵੱਡੇ ਅਦਾਰੇ ਨੇ ਉਸ ਦੀ ਪ੍ਰਤਿਭਾ ਪਛਾਣ ਕੇ ਉਸ ਵਾਸਤੇ ਖਾਸ ਆਸਾਮੀ ਪੈਦਾ ਕਰ ਕੇ ਨੌਕਰੀ 'ਤੇ ਰੱਖ ਲਿਆ। ਯਹੂਦੀਆਂ ਦੇ ਹੱਕ ਵਿਚ ਤਿਆਰ ਕੀਤੀਆਂ ਖਬਰਾਂ ਅਤੇ ਲੇਖ ਅਖਬਾਰ ਦੇ ਮਾਲਕਾਂ ਵਾਸਤੇ ਖਤਰਨਾਕ ਸਨ, ਪਰ ਉਸ ਦੀ ਬੌਧਿਕ ਤੀਖਣਤਾ ਅੱਗੇ ਝੁਕ ਜਾਂਦੇ। ਪ੍ਰਧਾਨ ਮੰਤਰੀ ਨੇ ਪੇਸ਼ਕਸ਼ ਕੀਤੀ, ਜੇ ਰਤਾ ਕੁ ਸਰਕਾਰੀ ਪਾਲਿਸੀ ਮੁਤਾਬਕ ਚੱਲੇਂ, ਸਰਕਾਰ ਅਖਬਾਰ ਦੀ ਛਪਾਈ ਦਾ ਖਰਚਾ ਝੱਲਣ ਲਈ ਤਿਆਰ ਹੈ।

ਹਰਜ਼ਲ ਦੇ ਜਿਸ ਮੁਢਲੇ ਲੇਖ ਦਾ ਪਾਠਕਾਂ ਨੇ ਨੋਟਿਸ ਲਿਆ, ਉਸ ਦਾ ਸਿਰਲੇਖ ਸੀ- ਯਹੂਦੀ ਸਵਾਲ ਤੇ ਇਸ ਦਾ ਹੱਲ। ਇਸ ਵਿਚ ਉਸ ਨੇ ਕਿਹਾ, ਮੈਂ ਪੋਪ ਪਾਸ ਜਾ ਕੇ ਬੇਨਤੀ ਕਰਾਂਗਾ ਕਿ ਵੱਡੀ ਗਿਣਤੀ ਵਿਚ ਯਹੂਦੀ ਕਾਫਲੇ ਦੀ ਸ਼ਕਲ ਵਿਚ ਖੁਸ਼ੀ-ਖੁਸ਼ੀ ਈਸਾਈ ਧਰਮ ਵਿਚ ਸ਼ਾਮਲ ਹੋਣ ਵਾਸਤੇ ਚਰਚ ਵੱਲ ਤੁਰਨ। ਯਹੂਦੀ ਪੁਜਾਰੀਆਂ ਸਮੇਤ ਮੈਂ ਸੜਕ ਦੇ ਨਾਲ-ਨਾਲ ਕਤਾਰ ਵਿਚ ਖਲੋਵਾਂਗਾ। ਐਤਵਾਰ ਦੁਪਹਿਰ ਨੂੰ ਦੁਨੀਆਂ ਇਹ ਸ਼ਾਨਦਾਰ ਰਸਮ ਦੇਖੇ। ਵੱਜਦੀਆਂ ਘੰਟੀਆਂ ਦੌਰਾਨ ਇਹ ਕਾਰਵਾਂ ਸੇਂਟ ਸਟੀਫਨ ਦੇ ਚਰਚ ਵੱਲ ਤੁਰੇ; ਜਿਵੇਂ ਹੁਣ ਤਕ ਤੁਰਦੇ ਰਹੇ। ਇਸ ਕਾਰਵਾਂ ਵਿਚ ਯਹੂਦੀ ਸ਼ਰਮਿੰਦਗੀ ਨਾਲ ਸਿਰ ਝੁਕਾ ਕੇ ਨਾ ਤੁਰਨ, ਫਖਰ ਨਾਲ ਸਿਰ ਉਚਾ ਕਰ ਕੇ, ਛਾਤੀ ਤਾਣ ਕੇ ਚੱਲਣ। ਯਹੂਦੀ ਲੀਡਰ ਅਤੇ ਪੁਜਾਰੀ ਸ਼ਾਂਤੀ ਨਾਲ ਇਹ ਕਾਰਵਾਈ ਦੇਖਦੇ ਰਹਿਣ ਤਾਂ ਇਸ ਜਸ਼ਨ ਦੀਆਂ ਸੰਸਾਰ ਵਿਚ ਧੁੰਮਾਂ ਪੈ ਜਾਣ। ਇਹ ਸਾਰਾ ਜਸ਼ਨ ਪੂਰਨ ਸ਼ਾਂਤੀ ਤੇ ਜਲੌਅ ਨਾਲ ਸਮਾਪਤ ਹੋਵੇ। ਯਹੂਦੀ ਮਸਲੇ ਦਾ ਇਹ ਸਰਬ ਪ੍ਰਵਾਨਿਤ ਹੱਲ ਹੋਵੇਗਾ।

ਤੁਹਾਡੇ ਵਿਚੋਂ ਕਈਆਂ ਨੇ ਸੁਣਿਆ ਹੋਵੇਗਾ, ਹਰਜ਼ਲ ਨਾਮ ਦਾ ਇਹ ਬੰਦਾ ਯਹੂਦੀ ਸਟੇਟ ਲੱਭਦਾ ਫਿਰਦਾ ਹੈ। ਤੁਸੀਂ ਇਸ ਵਿਚਿਤਰ ਦਿਲਚਸਪ ਬੰਦੇ ਨੂੰ ਦੇਖਣ ਇਸ ਹਾਲ ਵਿਚ ਆ ਗਏ। ਕਈਆਂ ਨੇ ਜ਼ਿਓਨਿਜ਼ਮ ਲਹਿਰ ਬਾਰੇ ਵੀ ਸ਼ਾਇਦ ਸੁਣਿਆ ਹੋਵੇ। ਕਿਹਾ ਜਾਂਦਾ ਹੈ ਕਿ ਇਸ ਲਹਿਰ ਦੇ ਸਹਾਰੇ ਇਕ ਦਿਨ ਦੁਨੀਆਂ ਦੇ ਸਾਰੇ ਯਹੂਦੀ ਸਭ ਦੇਸਾਂ ਵਿਚੋਂ ਆਪੋ-ਆਪਣਾ ਬੋਰੀਆ-ਬਿਸਤਰ ਚੁੱਕਣਗੇ ਤੇ ਕਿਸੇ ਅਜਨਬੀ ਦੇਸ ਵਿਚ ਵਸਣ ਵਾਸਤੇ ਤੁਰ ਪੈਣਗੇ। ਸੱਜਣੋ ਤੇ ਸਹੇਲੀਓ! ਦੁਸ਼ਮਣਾਂ ਦਾ ਦਿਲ ਦੁਖਾਉਣ ਦਾ ਮੇਰਾ ਕੋਈ ਇਰਾਦਾ ਨਹੀਂ। ਜੇ ਯਹੂਦੀ ਚੁੱਪ-ਚਾਪ ਲੋਪ ਹੋ ਗਏ, ਫਿਰ ਤੁਸੀਂ ਮਜ਼ਾਕ ਕਿਸ ਦਾ ਉਡਾਇਆ ਕਰੋਗੇ? ਫਿਰ ਕਿਸ ਦੇ ਖਿਲਾਫ ਸ਼ੋਰ-ਸ਼ਰਾਬਾ ਹੋਇਆ ਕਰੇਗਾ? ਮਸਖਰਿਆਂ ਦੀ ਗੈਰ ਹਾਜ਼ਰੀ ਨਾਲ ਤੁਹਾਡੇ ਦੇਸ ਨੀਰਸ ਨਾ ਹੋ ਜਾਣਗੇ?

ਹਰਜ਼ਲ ਦੀਆਂ ਟਿੱਪਣੀਆਂ ਇਸ ਤਰ੍ਹਾਂ ਦੀਆਂ ਹੁੰਦੀਆਂ: ਮੈਂ ਨਾਟਕ ਲਿਖਿਆ। ਪਾਤਰਾਂ ਨੇ ਆਪੋ-ਆਪਣੇ ਕਿਰਦਾਰਾਂ ਵਾਸਤੇ ਰਿਹਰਸਲ ਕੀਤੀ। ਇਹ ਤਾਂ ਸਰਕਾਰ ਇੰਨੀ ਮਿਹਰਬਾਨ ਹੋ ਗਈ ਕਿ ਇਸ ਦੇ ਖੇਡਣ ਉਪਰ ਪਾਬੰਦੀ ਲਾ ਕੇ ਇਸ ਨੂੰ ਫਲਾਪ ਹੋਣੋਂ ਬਚਾ ਲਿਆ।

ਫਰਾਂਸੀਸੀਆਂ ਬਾਰੇ ਲਿਖਿਆ: ਕੋਈ ਸਮਾਂ ਸੀ, ਯਹੂਦੀਆਂ ਨੂੰ ਭੀੜਾਂ ਅੱਗੇ ਸੁੱਟ ਦਿੱਤਾ ਜਾਂਦਾ। ਇਥੇ ਫਰਾਂਸ ਦੇ ਲੋਕ ਚੁੱਪ-ਚਾਪ ਤੁਰੇ ਜਾਂਦੇ ਯਹੂਦੀਆਂ ਨੂੰ ਦੇਖ ਕੇ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਇਨ੍ਹਾਂ ਨੂੰ ਪਤਾ ਹੀ ਨਹੀਂ, ਯਹੂਦੀਆਂ ਨਾਲ ਕੀ ਕਰਨਾ ਹੁੰਦੈ! ਇਨ੍ਹਾਂ ਨਾਲ ਨਫਰਤ ਕਰਨ ਦੀ ਅਕਲ ਫਰਾਂਸੀਸੀਆਂ ਨੂੰ ਕਦੋਂ ਆਏਗੀ?

ਇਕ ਹੋਰ ਲਿਖਤ: ਸ਼ੁਕਰ ਹੈ, ਫਰਾਂਸੀਸੀ ਲੋਕ ਯਹੂਦੀਆਂ ਨੂੰ ਆਦਮ ਜਾਤ ਵਿਚੋਂ ਮੰਨਦੇ ਹਨ। ਯਹੂਦੀ ਦੀ ਜੇਬ ਖਾਲੀ ਹੈ ਤਾਂ ਉਸ ਨਾਲ ਝਗੜਾ ਨਹੀਂ ਕਰਦੇ। ਯਹੂਦੀਆਂ ਦੀਆਂ ਲਿਸ਼ਕਦੀਆਂ ਸੁਹਣੀਆਂ ਅੱਖਾਂ ਨਾਲ ਇਨ੍ਹਾਂ ਨੂੰ ਈਰਖਾ ਹੁੰਦੀ ਹੈ, ਪਰ ਜਦ ਇਹ ਅੱਖਾਂ ਸਦਾ ਲਈ ਬੰਦ ਹੋ ਜਾਣ ਤਾਂ ਲਾਸ਼ ਨੂੰ ਆਗਿਆ ਦੇ ਦਿੰਦੇ ਹਨ, ਭਾਵੇਂ ਸਾਡੇ ਈਸਾਈ ਕਬਰਿਸਤਾਨ ਵਿਚ ਦਫਨਾ ਦਿਉ। ਕਬਰਿਸਤਾਨ ਵਿਚ ਪੂਰਾ ਮਿਲਵਰਤਣ। ਕਬਰਿਸਤਾਨ ਵਿਚ ਕੋਈ ਦੇਖੇ, ਲਾਸ਼ਾਂ ਦਾ ਕਿੰਨਾ ਸਤਿਕਾਰ ਹੁੰਦਾ ਹੈ; ਫਿਰ ਸੋਚੇ, ਜਿਉਂਦੇ ਯਹੂਦੀਆਂ ਦਾ ਵੀ ਈਸਾਈ ਇਸੇ ਤਰ੍ਹਾਂ ਆਦਰ ਕਰਦੇ ਹੋਣਗੇ, ਦੋਹਾਂ ਵਿਚ ਜਿਵੇਂ ਕੋਈ ਫਰਕ ਨਹੀਂ।

ਆਪਣੀ ਡਾਇਰੀ ਵਿਚ ਲਿਖਿਆ, ਕਿਸੇ ਵੱਡੀ ਜ਼ਿੰਮੇਵਾਰੀ ਨੇ ਮੈਨੂੰ ਘੇਰਿਆ ਹੋਇਆ ਹੈ। ਕੁਝ ਕਰ ਸਕਾਂਗਾ ਕਿ ਨਾ, ਨਹੀਂ ਪਤਾ। ਸੁਫਨੇ ਵਰਗਾ ਹੈ ਇਹ। ਜਿਥੇ ਜਾਂਦਾ ਹਾਂ, ਨਾਲ-ਨਾਲ ਤੁਰਦਾ ਹੈ। ਲਿਖਦਾ ਹਾਂ ਤਾਂ ਮੇਰੇ ਮੋਢੇ ਉਪਰ ਦੀ ਕਮਜ਼ੋਰ ਹਾਸੋ-ਹੀਣੀ ਲਿਖਤ ਦੇਖ ਕੇ ਸ਼ਰਾਰਤ ਨਾਲ ਮੁਸਕਾਉਂਦਾ ਹੈ। ਮੈਨੂੰ ਬੇਚੈਨ ਵੀ ਕਰਦਾ ਹੈ, ਝੂਮਣ ਵੀ ਲਾ ਦਿੰਦਾ ਹੈ।

ਪਿਤਾ ਨੇ 30 ਸਾਲ ਦੇ ਹਰਜ਼ਲ ਨੂੰ ਸਲਾਹ ਦਿੱਤੀ, ਅਮੀਰਾਂ, ਰਸੂਖਵਾਨ ਬੰਦਿਆਂ ਉਪਰ ਆਸ ਨਾ ਰੱਖੀਂ। ਆਮ ਆਦਮੀ ਨਾਲ ਗੱਲ ਕਰੀਂ, ਆਮ ਆਦਮੀ ਵਾਸਤੇ ਲਿਖੀਂ। ਅਮੀਰਾਂ ਨੂੰ ਗਾਹੇ-ਬਗਾਹੇ ਅਹਿਸਾਸ ਵੀ ਕਰਵਾਉਂਦਾ ਰਹੀਂ ਕਿ ਤੈਨੂੰ ਉਨ੍ਹਾਂ ਦੀ ਕੋਈ ਲੋੜ ਨਹੀਂ; ਕਿ ਤੂੰ ਉਨ੍ਹਾਂ ਦੇ ਆਸਰੇ ਨਹੀਂ। ਅਮੀਰਾਂ ਨੂੰ ਤੇਰੀ ਅਤੇ ਤੇਰੀ ਯਹੂਦੀ ਸਟੇਟ ਦੀ ਕੋਈ ਲੋੜ ਨਹੀਂ। ਆਮ ਆਦਮੀ ਕੋਲ ਜਾਏਂਗਾ, ਤੈਨੂੰ ਉਸ ਦੀ ਤਾਕਤ ਦਾ ਪਤਾ ਲੱਗੇਗਾ।

ਲੰਮਾ ਲੇਖ 'ਯਹੂਦੀ ਸਵਾਲ ਅਤੇ ਇਸ ਦਾ ਹੱਲ' ਛਪਿਆ ਤਾਂ ਯੂਰਪ ਵਿਚ ਹਿਲਜੁਲ ਹੋਈ। ਜ਼ਿੰਮੇਵਾਰ ਦੋਸਤਾਂ ਨੇ ਸਲਾਹ ਦਿੱਤੀ, ਬਜਾਏ ਇਸ ਦੇ ਕਿ ਅਖਬਾਰ ਦੇ ਮਾਲਕ ਤੈਨੂੰ ਨੌਕਰੀਓਂ ਜਵਾਬ ਦੇਣ, ਤੂੰ ਅਸਤੀਫਾ ਦੇਹ। ਹਰਜ਼ਲ ਨੇ ਅਸਤੀਫਾ ਨਹੀਂ ਦਿੱਤਾ। ਅਖਬਾਰ ਦੇ ਮਾਲਕਾਂ ਨੇ ਸਲਾਹ ਦਿੱਤੀ, ਇਕ ਹੋਰ ਲੇਖ ਲਿਖ ਜਿਸ ਵਿਚ ਭੁੱਲਾਂ ਦੀ ਸੋਧ ਹੋਵੇ। ਹਰਜ਼ਲ ਨੇ ਕਿਹਾ, ਮੈਂ ਬੱਚਾ ਨਹੀਂ ਹਾਂ, ਮੈਂ ਭੁੱਲਾਂ ਨਹੀਂ ਕੀਤੀਆਂ। ਜਿਨ੍ਹਾਂ ਨੂੰ ਤੁਸੀਂ ਭੁੱਲਾਂ ਆਖਦੇ ਹੋ, ਉਹ ਗੁਸਤਾਖੀਆਂ ਹੋ ਸਕਦੀਆਂ, ਸਜ਼ਾ ਲਈ ਤਿਆਰ ਹਾਂ। ਮਾਲਕ ਚੁੱਪ। ਆਲੋਚਕਾਂ ਨੇ ਟਿੱਪਣੀ ਦਿੱਤੀ, ਹੁਣ ਤੱਕ ਚਿੰਤਕ ਬਿਮਾਰੀ ਦੇ ਕਾਰਨ ਅਤੇ ਲੱਛਣ ਲੱਭਦੇ ਰਹੇ ਹਨ, ਹਰਜ਼ਲ ਨੇ ਇਲਾਜ ਲੱਭਿਆ ਹੈ। ਇਸ ਲੇਖ ਦੀਆਂ 17 ਐਡੀਸ਼ਨਾਂ ਹਰਜ਼ਲ ਦੇ ਜਿਉਂਦੇ ਜੀਅ 1896 ਤੋਂ 1904 ਤਕ ਛਪ ਕੇ ਵਿਕ ਚੁੱਕੀਆਂ ਸਨ। ਇਸ ਵਿਚ ਅਜਿਹੇ ਵਾਕ ਸਨ: ਯਹੂਦੀਆਂ ਦੀ ਕਹਾਣੀ ਪੁਰਾਣੀ ਹੈ। ਉਨ੍ਹਾਂ ਨਾਲ ਹਮਦਰਦੀ ਨਾ ਜਤਾਉ। ਮੈਨੂੰ ਦਾਨੀ ਅਮੀਰ ਚੰਗੇ ਨਹੀਂ ਲਗਦੇ ਜਿਨ੍ਹਾਂ ਦੀ ਬਦੌਲਤ ਯਹੂਦੀ ਮੰਗਤੇ ਹੋ ਜਾਣ। ਰੱਬ ਤੋਂ ਇਲਾਵਾ ਯਹੂਦੀ ਦਾ ਕੋਈ ਮਾਲਕ ਨਹੀਂ। ਉਨ੍ਹਾਂ ਨੂੰ ਆਪਣੇ ਗੁਲਾਮ ਸਮਝਣ ਦੀ ਗਲਤੀ ਨਾ ਕਰੋ। ਉਜੜ ਕੇ ਜਾ ਰਹੇ ਹਨ, ਚੰਗਾ ਹੈ। ਜਿਨ੍ਹਾਂ ਦੇਸਾਂ ਵਿਚੋਂ ਕੂਚ ਕਰਨਗੇ, ਉਨ੍ਹਾਂ ਖਾਲੀ ਥਾਵਾਂ ਉਪਰ ਈਸਾਈ ਕਾਬਜ਼ ਹੋਣਗੇ ਤੇ ਵਧੀਕ ਖੁਸ਼ਹਾਲੀ ਆਵੇਗੀ। ਨਵੀਂ ਥਾਂ ਰਾਸ ਨਾ ਆਈ, ਤੁਹਾਡੇ ਦੇਸ ਜਿਹੜੇ ਵਾਪਸ ਪਰਤਣ, ਉਨ੍ਹਾਂ ਦਾ ਆਦਰ ਕਰਿਓ, ਜਿਵੇਂ ਸਭਿਅਕ ਕੌਮਾਂ ਵਿਦੇਸੀ ਮਹਿਮਾਨਾਂ ਦਾ ਕਰਦੀਆਂ ਹਨ। ਮੇਰੀ ਗੱਲ ਯਹੂਦੀਆਂ ਨੂੰ ਅਜੇ ਨਾ ਸਮਝ ਆਈ, ਕੋਈ ਗੱਲ ਨਹੀਂ; ਅਗਲੀ ਪੀੜ੍ਹੀ ਸਮਝ ਲਵੇਗੀ। ਜਿਹੜੇ ਯਹੂਦੀ ਆਪਣੇ ਰਾਜ ਦੇ ਇੱਛੁਕ ਹੋਏ, ਉਨ੍ਹਾਂ ਨੂੰ ਕਿਤੇ ਕੋਈ ਦੇਸ ਮਿਲ ਜਾਵੇਗਾ।

ਹਰਜ਼ਲ ਦੇ ਮਨ ਉਪਰ ਆਪਣੇ ਹਮਧਰਮੀ ਲੋਕਾਂ ਦੇ ਪ੍ਰਭਾਵ ਇਸ ਤਰ੍ਹਾਂ ਦੇ ਸਨ: ਯਹੂਦੀਆਂ ਨੂੰ ਸੰਸਾਰ ਵਿਚ ਹਰ ਥਾਂ ਤ੍ਰਿਸਕਾਰਿਆ ਕਿਉਂ ਜਾਂਦੈ? ਹੋਇਆ ਇਹ ਕਿ ਭਾਰੀ ਦਬਾਉ ਦੇ ਬਾਵਜੂਦ ਮੱਧ ਯੁਗ ਵਿਚ ਯਹੂਦੀ ਵੱਡੀਆਂ ਕੌਮਾਂ ਵਿਚ ਜਜ਼ਬ ਨਾ ਹੋਏ। ਅੱਜ ਸਾਡੇ ਅਮੀਰ ਕਾਰੋਬਾਰੀ ਬੇਚੈਨ ਹਨ। ਮੱਧਵਰਗ ਵਿਚ ਉਤਸੁਕਤਾ ਹੈ, ਉਮੀਦਾਂ ਹਨ। ਹੇਠਲਾ ਤਬਕਾ ਘੋਰ ਨਿਰਾਸਾ ਵਿਚ ਹੈ। ਕਾਰਨ ਇਹ ਕਿ ਅਸੀਂ ਦਰਮਿਆਨੇ ਦਰਜੇ ਦੇ ਬੁੱਧੀਜੀਵੀ ਪੈਦਾ ਕਰ ਰਹੇ ਹਾਂ ਜਿਨ੍ਹਾਂ ਨੂੰ ਪਤਾ ਨਹੀਂ ਲਗਦਾ, ਅੱਗੇ ਜਾਈਏ ਕਿ ਪਿਛੇ ਮੁੜੀਏ। ਸਾਡੇ ਵਿਚ ਆਪਸੀ ਮਿਲਵਰਤਣ ਕੇਵਲ ਇਸ ਕਰ ਕੇ ਹੋਇਆ ਕਿਉਂਕਿ ਹਰ ਇਕ ਤੋਂ ਮਾਰ ਖਾਧੀ। ਦੁਸ਼ਮਣ ਨੇ ਸਾਡੀ ਸਲਾਹ ਲੈਣ ਤੋਂ ਬਗੈਰ ਸਾਨੂੰ ਇਕਜੁਟ ਕਰ ਦਿੱਤਾ। ਸਾਨੂੰ ਕਿਹਾ ਜਾ ਰਿਹੈ, ਦਫਾ ਹੋਵੋ। ਦਫਾ ਹੋਣ ਲਈ ਤਿਆਰ ਹਾਂ, ਪਰ ਪਤਾ ਨਹੀਂ ਲਗਦਾ, ਜਾਈਏ ਕਿਥੇ? ਜਦੋਂ ਯਹੂਦੀ ਡੁੱਬਣ ਲਗਦੇ ਹਨ, ਉਹ ਹਕੂਮਤਾਂ ਦੇ ਸਲਾਹਕਾਰ ਲੱਗ ਜਾਂਦੇ ਹਨ। ਜਦੋਂ ਉਨਤੀ ਕਰਨ ਲੱਗਣ, ਨੋਟਾਂ ਦੀਆਂ ਬੋਰੀਆਂ ਭਰਨ ਲਗਦੇ ਹਨ। ਸੁਖ-ਸਹੂਲਤਾਂ ਖਾਤਰ ਇਨ੍ਹਾਂ ਨੇ ਬਹੁ-ਗਿਣਤੀ ਵਿਚ ਘੁਲ ਜਾਣਾ ਸੀ, ਬੁਰਾ ਹੋਵੇ ਇਨ੍ਹਾਂ ਦੇ ਸ਼ਾਨਦਾਰ ਇਤਿਹਾਸ ਦਾ ਜੋ ਇਸ ਰਸਤੇ ਵਿਚ ਰੁਕਾਵਟ ਬਣਦਾ ਰਿਹਾ। ਉਜੜ-ਉਖੜ ਕੇ ਇਹ ਇੰਨੀ ਮਿਹਨਤ ਕਰਦੇ ਹਨ ਕਿ ਫਿਰ ਖੁਸ਼ਹਾਲ ਹੋ ਜਾਂਦੇ ਹਨ ਤੇ ਈਰਖਾਲੂ ਗੁਆਂਢੀ ਇਨ੍ਹਾਂ ਨੂੰ ਫਿਰ ਉਜਾੜ ਦਿੰਦਾ ਹੈ। ਇਸ ਮੁਸ਼ਕਿਲ ਦਾ ਇਕੋ ਹੱਲ ਹੈ, ਪ੍ਰਚੂਨ ਵਿਚ ਨਹੀਂ, ਥੋਕ ਵਿਚ ਉਜੜ ਜਾਣ। ਵੱਖ-ਵੱਖ ਥਾਵਾਂ ਉਪਰ ਨਹੀਂ, ਇਕ ਦੇਸ ਵਿਚ ਵੱਸਣ।

ਉਸ ਦੀ ਸਟੇਟ ਦਾ ਨਕਸ਼ਾ ਨੁਕਸ ਰਹਿਤ ਹੈ, ਸਿਆਸੀ ਅਤੇ ਤਕਨੀਕੀ ਹਰ ਪੱਖ ਸ਼ਾਨਦਾਰ। ਮਕਾਨ ਉਸਾਰੀ ਘੱਟ ਪੈਸਿਆਂ ਨਾਲ ਹੋਵੇਗੀ, ਪਰ ਯਹੂਦੀ ਇਮਾਰਤਸਾਜ਼ ਆਪਣੀ ਹੁਣ ਤਕ ਦਬੀ ਪਈ ਕਲਾ ਪ੍ਰਗਟ ਕਰਨਗੇ। ਵਸੋਂ ਬਾਗਾਂ ਵਿਚਕਾਰ ਘਿਰੀ ਹੋਵੇਗੀ ਤੇ ਹਰ ਬਸਤੀ 'ਚ ਉਚਾ ਮੰਦਰ ਹੋਵੇਗਾ ਜੋ ਦੂਰੋਂ ਦਿਸੇ... ਮੰਦਰ ਸਦਕਾ ਜੀਵਨ ਬਚ ਸਕੇਗਾ। ਮਜਬੂਰ ਪਰਵਾਸੀਆਂ ਨੂੰ ਜਬਰਨ ਨਹੀਂ ਵਸਾਵਾਂਗੇ, ਮਾੜੀ ਜ਼ਮੀਨ ਵਿਚੋਂ ਗਾਚੀ ਕੱਢ ਕੇ ਜਿਵੇਂ ਉਪਜਾਊ ਜ਼ਮੀਨ 'ਚ ਲਾਉਣ ਨਾਲ ਬੂਟਾ ਫੈਲਦਾ ਹੈ, ਯਹੂਦੀ ਇਉਂ ਫੈਲਣਗੇ।

ਹਰਜ਼ਲ ਨੇ ਆਪਣੀ ਯੋਜਨਾ ਵਿਚ ਪਰਵਾਸ ਵਾਸਤੇ ਮਨਮਰਜ਼ੀ ਦਾ ਦੇਸ ਨਹੀਂ ਠੋਸਿਆ। ਉਸ ਨੇ ਅਰਜਨਟਾਈਨਾ, ਦੱਖਣੀ ਅਮਰੀਕਾ ਅਤੇ ਇਜ਼ਰਾਈਲ ਦੇ ਨਾਮ ਸੁਝਾਏ। ਇਹ ਫੈਸਲਾ ਕੌਮਾਂਤਰੀ ਯਹੂਦੀ ਸੰਗਤ ਕਰੇ, ਕਿਥੇ ਵਸਣਾ ਠੀਕ ਰਹੇਗਾ! ਚੁਣੇ ਹੋਏ ਨੁਮਾਇੰਦੇ ਇਨ੍ਹਾਂ ਤਿੰਨ ਦੇਸਾਂ ਦੀਆਂ ਸਰਕਾਰਾਂ ਨੂੰ ਇਹ ਸਮਝਾਉਣ ਵਿਚ ਕਾਮਯਾਬ ਹੋ ਜਾਣਗੇ ਕਿ ਤੁਹਾਡੇ ਦੇਸ ਵਿਚ ਵਸਣ ਵਾਲੇ ਯਹੂਦੀ ਦੇਸ ਦੀ ਆਰਥਿਕ ਸਥਿਤੀ ਸ਼ਾਨਦਾਰ ਬਣਾਉਣਗੇ ਤੇ ਜਿਨ੍ਹਾਂ ਦੇਸਾਂ ਵਿਚੋਂ ਹਿਜਰਤ ਕਰਨਗੇ, ਉਨ੍ਹਾਂ ਨੂੰ ਵੀ ਲਾਭ ਹੋਵੇਗਾ। ਹਰਜ਼ਲ ਨੇ ਕਿਹਾ ਕਿ ਮੇਰਾ ਮਨ ਇਜ਼ਰਾਈਲ ਵਿਚ ਵਸਣ ਦੇ ਹੱਕ ਵਿਚ ਹੈ, ਬੇਸ਼ਕ ਉਥੇ ਬੰਜਰ ਪਥਰੀਲੀ ਜ਼ਮੀਨ ਹੈ ਤੇ ਯੂਰਪੀ ਪਰਵਾਸੀਆਂ ਦੇ ਰਹਿਣ ਯੋਗ ਆਬੋ-ਹਵਾ ਨਹੀਂ ਹੈ, ਪਰ ਕਿਉਂਕਿ ਇਸ ਨਾਲ ਸਾਡੇ ਨਬੀ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ, ਇਥੋਂ ਦੀ ਸਖਤ ਜ਼ਿੰਦਗੀ ਵੀ ਸੁਖਦਾਈ ਹੋਏਗੀ। ਤੁਰਕੀ ਦੀ ਮਾਇਕ ਹਾਲਤ ਮਾੜੀ ਹੈ, ਜੇ ਸੁਲਤਾਨ ਸਾਨੂੰ ਵਸਣ ਦੀ ਆਗਿਆ ਦੇ ਦਏ, ਅਸੀਂ ਕਾਇਆ ਕਲਪ ਕਰ ਸਕਦੇ ਹਾਂ।

ਇਕ ਮਿੱਤਰ ਨੂੰ ਖ਼ਤ ਵਿਚ ਲਿਖਿਆ, ਮੈਂ ਹਵਾ ਵਿਚੋਂ ਤਿਣਕੇ ਫੜ-ਫੜ ਆਲ੍ਹਣਾ ਬਣਾ ਰਿਹਾਂ। ਜਦੋਂ ਦਾ ਯਹੂਦੀ ਸਵਾਲ ਵਾਲਾ ਲੇਖ ਛਪਿਆ ਹੈ, ਉਦੋਂ ਦੇ ਅਣਗਿਣਤ ਵਿਰੋਧੀ ਅਤੇ ਪਿਆਰ ਕਰਨ ਵਾਲੇ ਪ੍ਰਗਟ ਹੋ ਗਏ ਹਨ। ਯਹੂਦੀਆਂ ਦੇ ਦੁਸ਼ਮਣਾਂ ਤੋਂ ਵਧੀਕ ਮੇਰੀ ਆਲੋਚਨਾ ਧਨਾਢ ਯਹੂਦੀਆਂ ਨੇ ਕੀਤੀ ਹੈ। ਇੰਨਾ ਹੀ ਕਾਫੀ ਹੈ ਕਿ ਜਿਹੜੀ ਗੱਲ ਤੁਰੀ ਹੈ, ਉਹ ਦੇਸਾਂ ਦੀਆਂ ਪਾਰਲੀਮੈਂਟਾਂ ਵਿਚ ਵਿਚਾਰੀ ਜਾਏਗੀ।

ਯਹੂਦੀ ਪੁਜਾਰੀਆਂ ਅਤੇ ਵਿਦਵਾਨਾਂ ਨੇ ਇਸ ਲਿਖਤ ਦਾ ਡਟ ਕੇ ਵਿਰੋਧ ਕੀਤਾ। ਲਿਓਨ ਨੇ ਸਮਰਥਨ ਪੱਤਰ ਵਿਚ ਲਿਖਿਆ: ਤੇਰੀ ਲਿਖਤ ਦੋ ਵਾਰ ਪੜ੍ਹੀ, ਕਲਾਸਿਕ ਰਚਨਾ ਹੈ। ਤੂੰ ਹੁਣ ਤਕ ਪਹਿਲਾਂ ਇਕ ਸਤਰ ਨਾ ਲਿਖੀ ਹੁੰਦੀ, ਅੱਗਿਉਂ ਇਕ ਸਤਰ ਵੀ ਨਾ ਲਿਖੇਂ, ਤੂੰ ਵੱਡੇ ਨਾਇਕ ਵਜੋਂ ਸਰਬ ਕਾਲ ਵਿਚ ਥਿਰ ਹੋ ਗਿਆ ਹੈਂ। ਤਾਕਤਵਰ ਦਲੀਲ ਕਿਸ ਸੁਹਜ ਅਤੇ ਸਹਿਜ ਨਾਲ ਪ੍ਰਗਟ ਕਰਨੀ ਹੈ, ਕੋਈ ਤੈਥੋਂ ਸਿੱਖੇ। ਤੂੰ ਜਰਮਨ ਲੇਖਕ ਨਹੀਂ ਰਿਹਾ, ਵਿਸ਼ਵਾਤਮਾ ਹੋ ਗਿਆ ਹੈਂ। ਸਾਡੀਆਂ ਦੱਬੀਆਂ ਆਸਾਂ ਉਮੀਦਾਂ ਤੇਰੀ ਕਲਮ ਰਾਹੀਂ ਪ੍ਰਗਟ ਹੋਣੀਆਂ ਸਨ। ਲਿਖਤ ਕਿੰਨੀ ਕੁ ਅਸਰ ਅੰਦਾਜ਼ ਹੁੰਦੀ ਜਾਏਗੀ, ਅਜੇ ਕਹਿ ਨਹੀਂ ਸਕਦਾ, ਤੂੰ ਅਸਰ ਅੰਦਾਜ਼ ਹੋ ਗਿਐਂ।

ਸਨਾਤਨੀ ਯਹੂਦੀਆਂ ਨੇ ਇਸ ਤਰ੍ਹਾਂ ਆਲੋਚਨਾ ਵੀ ਕੀਤੀ: ਹਰਜ਼ਲ ਮੁਤਾਬਕ ਇਜ਼ਰਾਈਲ ਵਿਚ ਵਸ ਜਾਓ ਭਾਵੇਂ ਅਰਜਨਟਾਈਨਾ ਵਿਚ, ਇਕੋ ਗੱਲ ਹੈ। ਜਿਸ ਬੰਦੇ ਨੂੰ ਇਜ਼ਰਾਈਲ ਦੀ ਅਹਿਮੀਅਤ ਦਾ ਪਤਾ ਨਹੀਂ, ਜਿਹੜਾ ਇਜ਼ਰਾਈਲ ਤੇ ਅਰਜਨਟਾਈਨਾ ਨੂੰ ਇਕੋ ਸਮਝਦਾ ਹੈ, ਉਹ ਯਹੂਦੀਆਂ ਨੂੰ ਕੀ ਸਿਖਾਏਗਾ?

ਪੇਪਰ ਤੋਂ ਪੈਦਾ ਹੋਏ ਵਿਵਾਦਾਂ ਦੌਰਾਨ ਹਰਜ਼ਲ ਨੇ ਕਿਹਾ, ਜੇ ਅਸੀਂ ਥੋੜ੍ਹੀ-ਥੋੜ੍ਹੀ ਕਰ ਕੇ ਜ਼ਮੀਨ ਖਰੀਦਦੇ ਗਏ, ਜ਼ਮੀਨ ਦੇ ਭਾਅ ਵਧ-ਵਧ ਕੇ ਅਸਮਾਨ ਛੋਹਣ ਲੱਗਣਗੇ, ਸਾਡੀ ਖਰੀਦ ਸਮਰੱਥਾ ਮੁੱਕ ਜਾਏਗੀ। ਜੇ ਇਜ਼ਰਾਈਲ ਉਪਰ ਸਿਆਸੀ ਦਾਅਵਾ ਕਰਦਿਆਂ ਹੱਕ ਜਤਾਇਆ ਤਾਂ ਸੰਸਾਰ ਸ਼ਕਤੀਆਂ ਸਮਰਥਨ ਨਹੀਂ ਦੇਣਗੀਆਂ।

***'ਯਹੂਦੀ ਸਵਾਲ ਅਤੇ ਇਸ ਦਾ ਹੱਲ' ਛਪਿਆ ਤਾਂ ਹਿਲਜੁਲ ਹੋਈ। ਦੋਸਤਾਂ ਨੇ ਸਲਾਹ ਦਿੱਤੀ- ਬਜਾਏ ਇਸ ਦੇ ਕਿ ਅਖਬਾਰ ਦੇ ਮਾਲਕ ਨੌਕਰੀਓਂ ਜਵਾਬ ਦੇਣ, ਤੂੰ ਅਸਤੀਫਾ ਦੇਹ। ਹਰਜ਼ਲ ਨੇ ਅਸਤੀਫਾ ਨਹੀਂ ਦਿੱਤਾ। ਅਖਬਾਰ ਦੇ ਮਾਲਕਾਂ ਨੇ ਸਲਾਹ ਦਿੱਤੀ- ਇਕ ਹੋਰ ਲੇਖ ਲਿਖ ਜਿਸ ਵਿਚ ਭੁੱਲਾਂ ਦੀ ਸੋਧ ਹੋਵੇ। ਹਰਜ਼ਲ ਨੇ ਕਿਹਾ- ਜਿਨ੍ਹਾਂ ਨੂੰ ਤੁਸੀਂ ਭੁੱਲਾਂ ਆਖਦੇ ਹੋ, ਉਹ ਗੁਸਤਾਖੀਆਂ ਹੋ ਸਕਦੀਆਂ, ਸਜ਼ਾ ਲਈ ਤਿਆਰ ਹਾਂ। ਆਲੋਚਕਾਂ ਨੇ ਟਿੱਪਣੀ ਦਿੱਤੀ- ਹੁਣ ਤੱਕ ਚਿੰਤਕ ਬਿਮਾਰੀ ਦੇ ਕਾਰਨ ਅਤੇ ਲੱਛਣ ਲੱਭਦੇ ਰਹੇ ਹਨ, ਹਰਜ਼ਲ ਨੇ ਇਲਾਜ ਲੱਭਿਆ ਹੈ। ਲੇਖ ਦੀਆਂ 17 ਐਡੀਸ਼ਨਾਂ ਹਰਜ਼ਲ ਦੇ ਜਿਉਂਦੇ ਜੀਅ 1896 ਤੋਂ 1904 ਤਕ ਛਪ ਕੇ ਵਿਕ ਚੁੱਕੀਆਂ ਸਨ।***



ਹਰਜ਼ਲ

(ਬਾਕੀ ਅਗਲੇ ਸਫੇ 'ਤੇ)

ਯੋਰੋਸ਼ਲਮ ਸ਼ਹਿਰ ਦੀ ਪਵਿੱਤਰ ਭੂਮੀ ਉਪਰ ਆਪਣਾ ਧਰਮੀ ਹੱਕ ਜਤਾਉਣਾ ਚਾਹੀਦਾ ਹੈ ਤੇ ਕੌਮਾਂਤਰੀ ਸ਼ਕਤੀਆਂ ਦੀ ਨਿਗਰਾਨੀ ਹੇਠ ਸਾਨੂੰ ਮੰਦਰਾਂ ਦੀ ਸੇਵਾ ਦਾ ਹੱਕ ਮਿਲਣਾ ਚਾਹੀਦਾ ਹੈ। ਮੇਰੇ ਪਾਸ ਅਜਿਹੀਆਂ ਦਲੀਲਾਂ ਹਨ ਕਿ ਇਸ ਮਕਸਦ ਲਈ ਦੁਨੀਆਂ ਨੂੰ ਮਨਾ ਸਕਦਾ ਹਾਂ।

ਲੇਖ ਛਪਣ ਤੋਂ ਸਾਲ ਬਾਅਦ ਬੋਦਨਹੀਮਰ ਉਸ ਨੂੰ ਮਿਲਣ ਪਿਛੋਂ ਲਿਖਦਾ ਹੈ, ਦੇਖਦਿਆਂ ਹੀ ਜਾਣ ਗਿਆ, ਇਹ ਸਾਡਾ ਨਾਇਕ ਹੈ। ਉਸ ਦੀ ਹਾਜ਼ਰੀ ਵਿਚ ਮੈਂ ਖੁਸ਼ੀ ਅਤੇ ਸਵੈਮਾਨ ਨਾਲ ਤ੍ਰਿਪਤ ਹੋ ਗਿਆ। ਸਕੂਲੀਆ ਕਿਤਾਬਾਂ ਪੜ੍ਹਦਿਆਂ ਜਿਹੋ ਜਿਹਾ ਟਰਾਏ ਦਾ ਹੀਰੋ ਹੈਕਟਰ ਲਗਦਾ ਹੁੰਦਾ, ਇਸ ਤਰ੍ਹਾਂ ਦਾ ਹੈ ਹਰਜ਼ਲ। ਸਖਤੀ ਤੇ ਨਰਮਾਈ, ਹਮਦਰਦੀ ਤੇ ਹੌਸਲਾ; ਉਸ ਵਿਚ ਸਾਰੇ ਉਤਮ ਗੁਣ ਹਨ।

ਆਲੋਚਕਾਂ ਨੇ ਸਵਾਲ ਕੀਤਾ, ਤੁਹਾਡਾ ਕਿਸੇ ਦੇਸ ਉਪਰ ਕਬਜ਼ਾ ਕਰ ਕੇ ਸਰਕਾਰ ਸਥਾਪਤ ਕਰਨ ਦਾ ਇਰਾਦਾ ਹੈ? ਉਸ ਨੇ ਕਿਹਾ, ਮੇਰਾ ਮਤਲਬ ਹੈ, ਯਹੂਦੀ ਸਟੇਟ ਕਾਇਮ ਹੋਵੇ ਜਿਸ ਦਾ ਬਾਦਸ਼ਾਹ ਹੋਵੇ, ਪਾਰਲੀਮੈਂਟ ਹੋਵੇ, ਵਿਧਾਨ ਹੋਵੇ, ਅਫਸਰ ਹੋਣ, ਪਰਜਾ ਹੋਵੇ; ਮਤਲਬ, ਆਧੁਨਿਕ ਸਟੇਟ ਦੇ ਸਾਰੇ ਗੁਣ-ਲੱਛਣ ਹੋਣ।

ਵਿਰੋਧੀਆਂ ਨੇ ਦੇਖਿਆ, ਹਰਜ਼ਲ ਤੁਰਕੀ ਦੇ ਸੁਲਤਾਨ, ਫਰਾਂਸ, ਜਰਮਨੀ, ਇੰਗਲੈਂਡ ਅਤੇ ਰੂਸ ਦੀਆਂ ਹਕੂਮਤਾਂ ਨਾਲ ਆਪਣੇ ਮਨੋਰਥ ਦੀ ਸਿੱਧੀ ਵਾਸਤੇ ਰਾਬਤਾ ਕਾਇਮ ਕਰਨ ਲੱਗਾ ਹੈ। ਉਨ੍ਹਾਂ ਕਿਹਾ, ਹਰਜ਼ਲ ਦੀ ਵਿਉਂਤ ਸਾਰੇ ਯਹੂਦੀਆਂ ਨੂੰ ਸੰਸਾਰ ਵਿਚੋਂ ਉਜਾੜ ਕੇ ਇਜ਼ਰਾਈਲ ਵਿਚ ਵਸਾਉਣ ਦੀ ਹੈ। ਉਸ ਦੀ ਗੱਲ ਮੰਨ ਕੇ ਯਹੂਦੀ ਜੇ ਪਰਵਾਸ ਕਰਨ ਲੱਗ ਪਏ ਤਾਂ ਦੁਨੀਆਂ ਦੇਖੇਗੀ ਤੇ ਕਹੇਗੀ, ਇਹ ਜਿਹੜੇ ਆਪੋ-ਆਪਣੀ ਮਾਤਭੂਮੀ ਦੇ ਦੇਸ ਭਗਤ ਅਖਵਾਉਂਦੇ ਸਨ, ਗੱਦਾਰ ਨਿਕਲੇ। ਯਹੂਦੀ ਸਟੇਟ ਬਣੇਗੀ ਕਿ ਨਾ, ਪਤਾ ਨਹੀਂ; ਯਹੂਦੀ ਸੰਸਾਰ ਵਿਚ ਬਦਨਾਮੀ ਖੱਟਣਗੇ। ਹੁਣ ਤਕ ਮੁਸਲਮਾਨਾਂ ਨਾਲ ਚੰਗੇ ਸਬੰਧ ਹਨ, ਜਦੋਂ ਦੇਖਣਗੇ, ਜ਼ਮੀਨ 'ਤੇ ਕਬਜ਼ਾ ਕਰਨ ਆ ਰਹੇ ਨੇ, ਉਹ ਵੀ ਦੁਸ਼ਮਣ ਹੋ ਜਾਣਗੇ।

ਹਰਜ਼ਲ ਸੁਲਤਾਨ ਦੇ ਦਰਬਾਰ ਤੱਕ ਪੁੱਜਣ ਤੇ ਗੁਫਤਗੂ ਕਰਨ ਵਿਚ ਕਾਮਯਾਬ ਹੋ ਗਿਆ। ਇਹ ਸਹੂਲਤ ਇਸ ਕਰ ਕੇ ਨਹੀਂ ਮਿਲੀ ਕਿ ਉਹਨੂੰ ਯਹੂਦੀਆਂ ਦਾ ਲੀਡਰ ਮੰਨਿਆ, ਉਹ ਵੱਡੇ ਅਖ਼ਬਾਰ ਦਾ ਪੱਤਰਕਾਰ ਸੀ, ਇਸ ਕਰ ਕੇ ਮੌਕਾ ਮਿਲਿਆ। ਸਿਵਾਇ ਟਾਲ-ਮਟੋਲ, ਕੂਟਨੀਤਕ ਲਾਰੇ-ਲੱਪੇ ਦੇ ਹੋਰ ਕੁਝ ਨਹੀਂ ਮਿਲਿਆ।

ਬਿਨਾਂ ਕਿਸੇ ਪ੍ਰਾਪਤੀ ਦੇ ਉਹ ਵਾਪਸੀ ਵਕਤ ਗੱਡੀ ਫੜਨ ਲਈ ਸਟੇਸ਼ਨ 'ਤੇ ਪੁੱਜਾ। ਸੋਫੀਆ ਕਸਬੇ ਵਿਚੋਂ ਦੀ ਗੱਡੀ ਲੰਘਣੀ ਸੀ। ਦੋ-ਤਿੰਨ ਦੋਸਤਾਂ ਨੂੰ ਦੱਸਿਆ ਹੋਇਆ ਸੀ ਕਿ ਲੰਘਣ ਵੇਲੇ ਮਿਲਾਂਗੇ। ਉਸ ਦੇਖਿਆ, ਹਜ਼ਾਰਾਂ ਯਹੂਦੀ, ਛੋਟੇ-ਵੱਡੇ, ਪੜ੍ਹੇ-ਅਨਪੜ੍ਹ, ਸਵਾਗਤ ਲਈ ਖਲੋਤੇ ਸਨ। ਉਹ ਅਚਾਨਕ ਯਹੂਦੀ ਜਹਾਨ ਦਾ ਲੀਡਰ ਹੋ ਗਿਆ। ਜੋ ਵਿਸ਼ੇਸ਼ਣ ਉਸ ਦੀ ਇੱਜ਼ਤ ਵਿਚ ਕਹੇ ਗਏ, ਸੁਣ ਕੇ ਅਵਾਕ ਰਹਿ ਗਿਆ।

ਹਰਜ਼ਲ ਵਾਪਸ ਪੁੱਜਿਆ, ਕੁਝ ਦਿਨਾਂ ਬਾਅਦ ਤੁਰਕ ਸੁਲਤਾਨ ਦੇ ਮੁਨਸ਼ੀ ਦਾ ਫਰਮਾਨ ਮਿਲਿਆ। ਲਿਖਿਆ ਸੀ: ਸੁਲਤਾਨ ਨੇ ਕਿਹੈ, ਹਰਜ਼ਲ ਨੂੰ ਕਹੋ- ਇਹੀ ਗੱਲ ਦੁਹਰਾਉਣ ਵਾਸਤੇ ਨਾ ਆਵੇ। ਯੋਰੋਸ਼ਲਮ ਤਾਂ ਕੀ, ਮੈਂ ਤੁਰਕੀ ਦੀ ਕਿਧਰੇ ਹੋਰ ਵੀ ਇਕ ਗਿਠ ਜ਼ਮੀਨ ਦੇਣ ਵਾਸਤੇ ਤਿਆਰ ਨਹੀਂ। ਦੇਸ ਮੇਰਾ ਨਹੀਂ, ਮੇਰੇ ਲੋਕਾਂ ਦਾ ਹੈ। ਮੇਰੀ ਪਰਜਾ ਨੇ ਆਪਣੇ ਖੂਨ ਨਾਲ ਇਹ ਧਰਤੀ ਹਾਸਲ ਕੀਤੀ, ਖੂਨ ਨਾਲ ਸਿੰਜ ਕੇ ਉਪਜਾਊ ਬਣਾਈ। ਜੇ ਸਾਥੋਂ ਇਹ ਧਰਤੀ ਕੋਈ ਖੋਹਣ ਦਾ ਯਤਨ ਕਰੇਗਾ, ਅਸੀਂ ਮੁੜ ਇਸ ਨੂੰ ਖੂਨ ਨਾਲ ਰੰਗ ਦਿਆਂਗੇ। ਸੀਰੀਆ ਅਤੇ ਫਲਸਤੀਨ ਦੀਆਂ ਮੇਰੀਆਂ ਦੋ ਰਜਮੈਂਟਾਂ ਪੂਰੀਆਂ ਖਪ ਗਈਆਂ ਸਨ, ਇਕ ਵੀ ਸਿਪਾਹੀ ਨਹੀਂ ਬਚਿਆ, ਪਰ ਹਥਿਆਰ ਨਹੀਂ ਸੁੱਟੇ। ਤੁਰਕੀ ਸਲਤਨਤ ਤੁਰਕਾਂ ਦੀ ਹੈ, ਮੈਂ ਇਸ ਦਾ ਕੋਈ ਹਿੱਸਾ ਵੰਡ ਕੇ ਨਹੀਂ ਦੇ ਸਕਦਾ। ਆਪਣੇ ਕਰੋੜਾਂ ਡਾਲਰ ਯਹੂਦੀ ਆਪਣੇ ਕੋਲ ਸੰਭਾਲ ਕੇ ਰੱਖਣ। ਜਦੋਂ ਮੇਰੀ ਸਲਤਨਤ ਦੇ ਟੁਕੜੇ ਹੋਣਗੇ, ਫਿਰ ਵੰਡ ਕੇ ਆਪਣੇ ਹਿੱਸੇ ਦਾ ਫਲਸਤੀਨ ਯਹੂਦੀ ਭਾਵੇਂ ਮੁਫਤ ਮੱਲ ਲੈਣ। ਚੇਤੇ ਰੱਖਣਾ, ਜੇ ਵੰਡ ਹੋਈ ਤਾਂ ਕੇਵਲ ਲਾਸ਼ਾਂ ਵੰਡੀਆਂ ਜਾਣਗੀਆਂ। ਮੈਂ ਦੇਸ ਦੇ ਟੁਕੜੇ ਵੰਡਣ ਨਹੀਂ ਦਿਆਂਗਾ।

ਖਤ ਪੜ੍ਹ ਕੇ ਹਰਜ਼ਲ ਖੁਸ਼ ਹੋ ਗਿਆ। ਇਸ ਖਤ ਵਿਚ ਸ਼ਾਇਰੀ ਵਰਗਾ ਰੰਗ ਹੈ। ਉਹ ਚੰਗੀ ਤਰ੍ਹਾਂ ਜਾਣ ਗਿਆ ਸੀ, ਸਿਪਾਹੀ ਤੋਂ ਲੈ ਕੇ ਸੁਲਤਾਨ ਤੱਕ, ਹਰ ਅਰਬ ਭ੍ਰਿਸ਼ਟ ਹੈ। ਖ਼ਤ ਵਿਚਲੀ ਸ਼ੇਖੀ ਗੁੱਝੀ ਨਾ ਰਹੀ ਜਦੋਂ ਸੁਲਤਾਨ ਦੇ ਏਲਚੀਆਂ ਨੇ ਕਰਜ਼ੇ ਦੀ ਵੱਡੀ ਰਕਮ ਮੰਗੀ। ਕਰਜ਼ਾ ਤਾਂ ਕਹਿਣ-ਸੁਣਨ ਦਾ ਲਫਜ਼ ਸੀ, ਰਿਸ਼ਵਤ ਮੰਗੀ ਗਈ ਸੀ ਜਿਸ ਨੂੰ ਅਰਬ ਬਖਸ਼ੀਸ਼ ਕਹਿੰਦੇ ਸਨ। ਵੀਹ ਲੱਖ ਪੌਂਡ ਮੰਗੇ ਸਨ। ਕਿਹਾ ਸੀ, ਬੰਦਰਗਾਹਾਂ ਤੋਂ ਚੁੰਗੀ ਦੀ ਉਗਰਾਹੀ ਨਾਲ ਕਰਜ਼ਾ ਮੋੜ ਦਿਆਂਗੇ। ਸੁਲਤਾਨ ਨੇ ਆਰਮੀਨੀਆਂ 'ਤੇ ਜ਼ੁਲਮ ਕੀਤੇ ਸਨ। ਬਹੁਤ ਸਾਰੇ ਆਰਮੀਨੀ ਦੇਸ ਛਡ ਗਏ ਜਿਸ ਕਾਰਨ ਹਕੂਮਤ ਦੀ ਬਦਨਾਮੀ ਹੋਈ। ਸੁਲਤਾਨ ਨੇ ਚਾਹਿਆ, ਹਰਜ਼ਲ ਆਰਮੀਨੀਆਂ ਨੂੰ ਦੇਸ ਵਾਪਸੀ ਲਈ ਮਨਾਵੇ ਅਤੇ ਯੂਰਪੀ ਪ੍ਰੈਸ ਨੂੰ ਕਹੇ ਕਿ ਸੁਲਤਾਨ ਵਿਰੁਧ ਭੰਡੀ ਪੂਰਨ ਸਮੱਗਰੀ ਨਾ ਛਾਪਣ।

ਦੱਸਣਾ ਜ਼ਰੂਰੀ ਹੈ ਕਿ 19ਵੀਂ ਸਦੀ ਦੇ ਆਖਰੀ ਦਹਾਕੇ, ਜਦੋਂ ਇਹ ਗੱਲਬਾਤ ਹੋਈ, ਤੇਲ ਦੇ ਭੰਡਾਰ ਨਹੀਂ ਮਿਲੇ ਸਨ। ਅਰਬ ਦੇਸਾਂ ਦੀ ਪਰਜਾ ਗਰੀਬ ਸੀ ਤੇ ਸੁਲਤਾਨ ਪੈਸੇ ਲੈ ਕੇ ਕਈ ਕਿਸਮ ਦੇ ਸੌਦੇ ਕਰ ਲੈਂਦੇ ਸਨ।

ਹਰਜ਼ਲ ਸੋਚਣ ਲੱਗਾ, ਮੈਂ ਸੁਲਤਾਨ ਨਾਲ ਬਿਨਾਂ ਕਿਸੇ ਤਾਕਤ ਦੇ ਯਹੂਦੀਆਂ ਦੇ ਹੱਕਾਂ ਲਈ ਗੱਲ ਚਲਾਈ। ਮੇਰਾ ਮਜ਼ਾਕ ਨਹੀਂ ਉਡਾਇਆ ਗਿਆ, ਗੱਲ ਕਰਨ ਵਾਸਤੇ ਲੋੜੀਂਦੀ ਮੇਰੀ ਔਕਾਤ ਦਾ ਜ਼ਿਕਰ ਨਹੀਂ ਹੋਇਆ। ਜੋ ਮਸਲਾ ਵਿਚਾਰਨ ਲਈ ਪੇਸ਼ ਕੀਤਾ, ਉਹ ਰੱਦ ਨਹੀਂ ਹੋਇਆ, ਸੁਲਤਾਨ ਨੇ ਪੈਸੇ ਮੰਗੇ ਹਨ। ਪੈਸੇ ਦੇ ਕੇ ਜੇ ਸਿਆਸੀ ਤਾਕਤ ਖਰੀਦੀ ਜਾ ਸਕੀ, ਯਹੂਦੀ ਖਰੀਦ ਲੈਣਗੇ। ਹੁਣ ਧਨਾਢ ਦਾਨੀ ਸਾਹਮਣੇ ਗਰੀਬ ਯਹੂਦੀ ਮੰਗਤੇ ਨਹੀਂ ਹੋਣਗੇ; ਹੁਣ ਦਾਨੀ ਯਹੂਦੀ ਕੌਮ ਅੱਗੇ ਸੁਲਤਾਨ ਮੰਗਤਾ ਹੋਵੇਗਾ। ਜਿਹੜੇ ਅਮੀਰ ਯਹੂਦੀਆਂ ਨੂੰ ਭੀੜਾਂ ਲੁੱਟ ਲੈਂਦੀਆਂ ਸਨ, ਹੋ ਸਕਦੈ, ਉਹ ਆਪਣੇ ਇਸ ਧਨ ਨਾਲ ਆਜ਼ਾਦੀ ਖਰੀਦ ਲੈਣ। ਸੁਲਤਾਨ ਨਾਲ ਗੁਫਤਗੂ ਸ਼ੁਰੂ ਹੋਣ ਪਿਛੋਂ ਯੂਰਪੀ ਤਾਕਤਾਂ ਨਾਲ ਗਲ ਕਰਨ ਦੇ ਸਮਰੱਥ ਹੋ ਗਏ ਹਾਂ। ਹਰਜ਼ਲ ਜਾਣਦਾ ਸੀ, ਪ੍ਰਾਪਤ ਕੀ ਕੀਤਾ। ਹਰਜ਼ਲ ਕੋਲ ਅਮੀਰ ਸਿਆਸੀ ਸਮਰੱਥਾ ਸੀ।

ਸਲਾਹਕਾਰਾਂ ਨੇ ਹਰਜ਼ਲ ਨੂੰ ਕਿਹਾ, ਬਰਤਾਨੀਆ ਕੋਲ ਕੇਸ ਰੱਖਣ ਦਾ ਕੋਈ ਫਾਇਦਾ ਨਹੀਂ ਹੋਣਾ, ਇਹ ਕੱਖ ਨਹੀਂ ਦਿਵਾਏਗਾ। ਹਰਜ਼ਲ ਨੇ ਕਿਹਾ, ਗੱਲ ਤੋਰਾਂਗਾ। ਬਰਤਾਨੀਆ ਨਾਲ ਹੀ ਨਹੀਂ, ਫਰਾਂਸ ਤੇ ਜਰਮਨੀ ਨਾਲ ਵੀ। ਬਗੈਰ ਖਰਚ ਯਹੂਦੀਆਂ ਨੂੰ ਦੇਸ ਦੀ ਮਾਲਕੀ ਲੈ ਕੇ ਦਿਆਂਗਾ।

ਉਸ ਨੇ ਕੁਝ ਅੰਗਰੇਜ਼ ਸੰਸਦ ਮੈਂਬਰਾਂ ਨਾਲ ਗੱਲ ਕੀਤੀ। ਉਤਰ ਮਿਲਿਆ, ਨਾ ਯਹੂਦੀਆਂ ਨੂੰ ਕਿਸੇ ਸਟੇਟ ਦੀ ਲੋੜ ਹੈ, ਨਾ ਉਨ੍ਹਾਂ ਨੂੰ ਮਿਲਣੀ ਹੈ। ਅਸੰਭਵ ਬਾਰੇ ਮਗਜ਼ ਖਪਾਈ ਕੀ ਕਰਨੀ ਹੋਈ! ਉਸ ਨੇ ਲੰਮਾ ਬਿਆਨ ਪ੍ਰੈਸ ਵਿਚ ਭੇਜਿਆ। ਪਾਠਕਾਂ ਨੇ ਹੁੰਗਾਰਾ ਦਿੱਤਾ। ਉਹਨੇ ਲਿਖਿਆ, ਅੱਜ ਪਤਾ ਲੱਗ ਗਿਆ, ਜਹਾਨ ਕੱਲ੍ਹ ਨੂੰ ਜਾਣ ਜਾਏਗਾ ਕਿ ਆਜ਼ਾਦ ਨਾਗਰਿਕਾਂ ਵਜੋਂ ਜਿਉਣ ਵਾਸਤੇ ਯਹੂਦੀਆਂ ਨੂੰ ਖੁਦ ਮੁਖਤਾਰ ਸਟੇਟ ਦੀ ਜ਼ਰੂਰਤ ਹੈ।

ਸਮਰਥਕਾਂ ਨੇ ਦੇਖਿਆ ਕਿ ਜਿੰਨੀ ਗਤੀ ਹਰਜ਼ਲ ਦੀ ਲਹਿਰ ਨੂੰ ਮਿਲਣੀ ਚਾਹੀਦੀ ਸੀ, ਨਹੀਂ ਮਿਲ ਰਹੀ। ਸੁਝਾਅ ਆਇਆ, ਹਜ਼ਾਰ ਆਤਮਘਾਤੀ ਜਵਾਨਾਂ ਦਾ ਦਸਤਾ ਇਜ਼ਰਾਈਲ ਵਿਚ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਏ, ਤਾਂ ਦੁਨੀਆਂ ਦਾ ਧਿਆਨ ਖਿੱਚਿਆ ਜਾਵੇਗਾ। ਹਰਜ਼ਲ ਨੇ ਕਿਹਾ, ਹਜ਼ਾਰ ਤਾਂ ਕੀ, ਲੱਖ ਜਵਾਨ ਮਰਨ ਲਈ ਤਿਆਰ ਹੋ ਜਾਣਗੇ, ਪਰ ਅੱਠ ਪਹਿਰ ਵਿਚ ਅਰਬਾਂ ਹੱਥੋਂ ਇਉਂ ਝੰਬੇ ਜਾਣਗੇ ਜਿਵੇਂ ਸਕੂਲੀ ਛੋਕਰੇ ਚੁੱਪ-ਚਾਪ ਮਾਸਟਰਾਂ ਦੀ ਮਾਰ ਖਾ ਲੈਂਦੇ ਹਨ। ਮੈਂ ਸੁਗਲ ਮੇਲਾ ਦਿਖਾਉਣ ਨਹੀਂ ਆਇਆ। ਪਤਾ ਲੱਗਾ ਕਿ ਇਕੱਲਾ ਬੇਰੋਨ ਦਸ ਲੱਖ ਪੌਂਡ ਦਾਨ ਰਾਸ਼ੀ ਦੇਣ ਵਾਸਤੇ ਤਿਆਰ ਹੈ। ਹੋਰ ਵੀ ਬਥੇਰੇ ਹਨ। ਹਰਜ਼ਲ ਨੇ ਕਿਹਾ, ਪੈਸੇ ਨਾਲ ਆਜ਼ਾਦੀ ਖਰੀਦੀ ਜਾ ਸਕਦੀ, ਤਾਂ ਇਹ ਬੜਾ ਸੌਖਾ ਤੇ ਸਸਤਾ ਸੌਦਾ ਹੈ, ਪਰ ਮੈਨੂੰ ਸੁਲਤਾਨ ਦੇ ਕਿਰਦਾਰ ਉਪਰ ਭਰੋਸਾ ਨਹੀਂ, ਉਹ ਪੈਸੇ ਵੀ ਲੈ ਲਏ ਤੇ ਫਿਰ ਮੁੱਕਰ ਜਾਏ? ਸੰਸਾਰ ਦੀਆਂ ਵੱਡੀਆਂ ਸਿਆਸੀ ਤਾਕਤਾਂ ਜ਼ਾਮਨ ਹੋ ਜਾਣ, ਆਪਾਂ ਦੇਸ ਖਰੀਦ ਲਵਾਂਗੇ।

ਇੰਗਲੈਂਡ ਵਿਚ ਕਈ ਥਾਂ ਸਭਾਵਾਂ ਵਿਚ ਬੋਲਿਆ, ਇਸ ਨਤੀਜੇ 'ਤੇ ਪੁੱਜਾ ਹਾਂ, ਕੇਵਲ ਇਜ਼ਰਾਈਲ ਸਾਡਾ ਮੁਲਕ ਹੋਵੇਗਾ। ਬੰਜਰ ਹੈ ਤਾਂ ਕੀ, ਕਦੀ ਉਪਜਾਊ ਹੁੰਦਾ ਸੀ। ਫਿਰ ਉਪਜਾਊ ਕਰ ਲਵਾਂਗੇ। ਦੁਨੀਆਂ ਦੀ ਇਹ ਗਲਤਫਹਿਮੀ ਵੀ ਦੂਰ ਹੋ ਜਾਏਗੀ ਕਿ ਯਹੂਦੀ ਹੱਥੀਂ ਕੰਮ ਕਰਨ ਤੋਂ ਕਤਰਾਉਂਦੇ ਹਨ। ਜਦੋਂ ਮੈਨੂੰ ਵਿਸ਼ਵਾਸ ਹੋ ਗਿਆ, ਮੈਥੋਂ ਵਧੀਆ ਲੀਡਰ ਤੁਹਾਨੂੰ ਮਿਲ ਗਿਆ, ਮੈਂ ਪਿਛੇ ਹਟ ਜਾਵਾਂਗਾ। ਮੈਨੂੰ ਪਤਾ ਹੈ, ਤੁਹਾਡੇ ਵਿਚੋਂ ਬਹੁਤੇ ਮੈਨੂੰ ਜਾਣਦੇ ਨਹੀਂ। ਮੇਰੀਆਂ ਸਾਰੀਆਂ ਗੱਲਾਂ ਨਹੀਂ ਸਮਝਦੇ, ਤਾਂ ਵੀ ਮੇਰੇ ਉਪਰ ਇਤਬਾਰ ਕਰਦਿਆਂ ਮੈਨੂੰ ਆਪਣਾ ਹੀਰੋ ਮੰਨ ਲਿਆ ਹੈ। ਮੈਨੂੰ ਡਰ ਹੈ, ਇਸੇ ਤਰ੍ਹਾਂ ਕਿਤੇ ਤੁਸੀਂ ਬਿਨਾਂ ਸੋਚੇ ਸਮਝੇ, ਕਿਸੇ ਦਗੇਬਾਜ਼ ਨੂੰ ਆਪਣਾ ਹੀਰੋ ਜਾਣ ਕੇ ਉਸ ਦੇ ਪਿਛੇ ਨਾ ਲੱਗ ਤੁਰੋ।



ਬੋਦਨਹੀਮਰ

***ਲੇਖ ਛਪਣ ਤੋਂ ਸਾਲ ਬਾਅਦ ਬੋਦਨਹੀਮਰ ਉਸ ਨੂੰ ਮਿਲਣ ਪਿਛੋਂ ਲਿਖਦਾ ਹੈ- ਦੇਖਦਿਆਂ ਮੈਂ ਜਾਣ ਗਿਆ, ਇਹ ਸਾਡਾ ਨਾਇਕ ਹੈ। ਉਸ ਦੀ ਹਾਜ਼ਰੀ ਵਿਚ ਮੈਂ ਖੁਸ਼ੀ ਅਤੇ ਸਵੈਮਾਨ ਨਾਲ ਤ੍ਰਿਪਤ ਹੋ ਗਿਆ। ਸਕੂਲੀਆ ਕਿਤਾਬਾਂ ਪੜ੍ਹਦਿਆਂ ਜਿਹੋ ਜਿਹਾ ਟਰਾਏ ਦਾ ਹੀਰੋ ਹੈਕਟਰ ਲਗਦਾ ਹੁੰਦਾ, ਇਸ ਤਰ੍ਹਾਂ ਦਾ ਹੈ ਹਰਜ਼ਲ। ਸਖਤੀ, ਨਰਮਾਈ, ਹਮਦਰਦੀ ਤੇ ਹੌਸਲਾ, ਉਸ ਵਿਚ ਸਾਰੇ ਉਤਮ ਗੁਣ ਹਨ। ਸਰਬ ਕਲਾ ਭਰਪੂਰ ਇਹ ਯੂਰਪੀ ਬੱਚਾ ਆਰਾਮ ਨਾਲ ਮਾਂ ਦੀ ਛਾਤੀ ਨਾਲ ਜਾ ਲੱਗਾ।***

ਇਸ ਦਿਨ ਸ਼ਾਮ ਨੂੰ ਡਾਇਰੀ ਵਿਚ ਲਿਖਿਆ, ਮੇਰੀ ਕੌਮ ਮੈਥੋਂ ਧੋਖਾ ਨਹੀਂ ਖਾਏਗੀ, ਮੇਰਾ ਕ੍ਰਿਸ਼ਮਾ ਚੱਲ ਪਿਆ ਹੈ। ਸਰੋਤਿਆਂ ਦੀਆਂ ਅੱਖਾਂ ਵਿਚ ਇਤਬਾਰਾਂ ਦੀ ਰੌਸ਼ਨੀ ਦੇਖੀ, ਉਨ੍ਹਾਂ ਦਾ ਵਿਸ਼ਵਾਸ ਕਾਇਮ ਰਹੇਗਾ।

18 ਜੁਲਾਈ 1896 ਨੂੰ ਉਸ ਨੇ ਪੈਰਿਸ ਦੇ ਧਨਾਢਾਂ ਅੱਗੇ ਭਾਸ਼ਣ ਦਿੱਤਾ। ਸਿੱਧਮ-ਸਿੱਧੀਆਂ ਗੱਲਾਂ ਆਮ ਆਦਮੀ ਦੇ ਦਿਲ ਨੂੰ ਧੂੰਹਦੀਆਂ ਗਈਆਂ। ਅਮੀਰ ਸਰੋਤੇ ਬੇਚੈਨ ਹੋ ਕੇ ਇਸ ਨਵੇਂ ਸੰਤ ਬਰਨਰਡ ਨੂੰ ਸੁਣਦੇ ਰਹੇ। ਇਕ-ਦੂਜੇ ਨੂੰ ਕਹਿੰਦੇ ਸੁਣੇ ਗਏ, ਇਸ ਪਾਗਲ ਦੇ ਆਖੇ ਲੱਗ ਕੇ ਮੰਨ ਲਉ, ਲੱਖ ਡੇਢ ਲੱਖ ਹੋਰ ਯਹੂਦੀ ਇਜ਼ਰਾਈਲ ਵਿਚ ਚਲੇ ਜਾਣ, ਇੰਨੇ ਮੰਗਤਿਆਂ ਨੂੰ ਰੋਟੀ ਕੌਣ ਖੁਆਏਗਾ?

ਹਰਜ਼ਲ ਨੇ ਮੇਜ਼ ਤੋਂ ਆਪਣੀ ਛਤਰੀ ਚੁੱਕ ਕੇ ਹਵਾ ਵਿਚ ਲਹਿਰਾਈ ਤੇ ਕਿਹਾ, ਤੁਸੀਂ ਮੇਰੀ ਫੌਲਾਦੀ ਤਾਕਤ ਹੋ, ਮੇਰੀਆਂ ਮਜ਼ਬੂਤ ਬੁਨਿਆਦਾਂ। ਤੁਸੀਂ ਹਿੱਲ ਗਏ ਤਾਂ ਮੇਰਾ ਮਹਿਲ ਤਿੜਕ ਜਾਏਗਾ। ਸਿੱਧਾ ਉਤਰ ਦਿਉ, ਹਾਂ ਜਾਂ ਨਾਂਹ। ਧਨੀ ਲੋਕ ਨੀਵੀਂ ਪਾਈ ਅਹਿਲ ਖਾਮੋਸ਼ ਬੈਠੇ ਰਹੇ, ਸੋਚਦੇ ਰਹੇ- ਇਹ ਮੁੰਡਾ ਕੋਈ ਬਿਪਤਾ ਖੜ੍ਹੀ ਕਰੇਗਾ। ਸ਼ਾਂਤ ਬੈਠੇ ਯਹੂਦੀਆਂ ਵਿਚ ਤਕੜੀ ਹਿਲਜੁਲ ਹੋਏਗੀ ਜਿਸ ਨਾਲ ਸੁਰੱਖਿਅਤ ਸੰਤੁਲਨ ਵਿਗੜੇਗਾ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਲੱਗਾ ਇਸ ਜੁਆਨ ਤੋਂ ਡਰ ਕਿਸ ਗੱਲ ਦਾ?

ਪਹਿਲੇ ਜ਼ਾਰ ਦੀ ਮੌਤ ਪਿਛੋਂ ਉਸ ਦਾ ਸ਼ਹਿਜ਼ਾਦਾ ਨਿਕੋਲਸ ਦੂਜਾ ਗੱਦੀ 'ਤੇ ਬੈਠਾ ਤਾਂ ਹਰਜ਼ਲ ਨੇ ਯਹੂਦੀਆਂ ਨੂੰ ਯਿਦਿਸ਼ ਜ਼ੁਬਾਨ ਦਾ ਅਖਾਣ ਸੁਣਾਇਆ, ਨਵੇਂ ਬਾਦਸ਼ਾਹ ਦੀ ਤਾਜਪੋਸ਼ੀ ਵਕਤ ਖੁਸ਼ ਨਾ ਹੋਵੋ; ਜਿਹੋ ਜਿਹਾ ਪਹਿਲਾ, ਉਹੋ ਜਿਹਾ ਅਗਲਾ।

ਇਸ ਦੌਰ ਵਿਚ ਰੂਸੀ ਯਹੂਦੀਆਂ ਵਿਚੋਂ ਕਰੀਬ ਇਕ ਦਰਜਨ ਲੇਖਕ, ਚਿੰਤਕ ਅਤੇ ਲੀਡਰ ਪੈਦਾ ਹੋਏ ਜਿਹੜੇ ਹਰਜ਼ਲ ਦੇ ਪਰਛਾਵਿਆਂ ਵਾਂਗ ਸਨ। ਹਰਜ਼ਲ ਜਾਣਦਾ ਸੀ ਕਿ ਫੈਸਲਾਕੁਨ ਘੜੀ ਵਕਤ ਪੱਛਮੀ ਵਿੰਗ ਦੇ ਯਹੂਦੀ ਲੀਡਰ ਅਸਰ ਅੰਦਾਜ਼ ਹੋਣਗੇ, ਪੂਰਬੀਆਂ ਦੀ ਵੱਡੀ ਗਿਣਤੀ ਪ੍ਰਭਾਵ ਪਾਏਗੀ। ਰੂਸੀ ਕਾਮਿਆਂ ਦੀ ਦਸ਼ਾ ਬਦ ਤੋਂ ਬਦਤਰ ਹੋ ਰਹੀ ਸੀ। ਮਜ਼ਦੂਰ, ਮੰਗਤੇ ਹੋ ਰਹੇ ਸਨ। ਦਾਨੀਆਂ ਦੇ ਰਹਿਮੋ-ਕਰਮ ਉਤੇ ਸਨ। ਇਸੇ ਸਮੇਂ ਕਮਿਊਨਿਸਟ, ਮਜ਼ਦੂਰ ਜਥੇਬੰਦੀਆਂ ਵਿਚ ਦਖਲ ਦੇ ਕੇ ਚੇਤੰਨ ਕਰਨ ਲੱਗੇ। ਬਾਕੀ ਰੂਸੀ ਕਾਮਿਆਂ ਦੀ ਦਸ਼ਾ ਵੀ ਬੇਸ਼ਕ ਉਹੀ ਸੀ ਜੋ ਯਹੂਦੀਆਂ ਦੀ, ਤਾਂ ਵੀ ਉਨ੍ਹਾਂ ਨੂੰ ਦੰਗਿਆਂ ਦਾ ਡਰ ਨਹੀਂ ਸੀ। ਖੱਬੀ ਲਹਿਰ ਵਿਚ ਯਹੂਦੀਆਂ ਨੂੰ ਵੀ ਆਸ ਦੀ ਕਿਰਨ ਨਜ਼ਰ ਆਈ।

ਰੂਸੀ ਲੀਡਰ ਸਕੋਲੋਵ ਨੂੰ ਹਰਜ਼ਲ ਦੇ ਕੰਮ-ਕਾਜ ਸ਼ੱਕੀ ਲੱਗੇ। ਉਸ ਨੂੰ ਲੱਗਾ ਜਿਵੇਂ ਕੋਈ ਰਾਹੀ ਆਖੇ- ਮੈਥੋਂ ਨ੍ਹੀਂ ਹੋਰ ਤੁਰਿਆ ਜਾਂਦਾ; ਪਰ ਮੈਂ ਪਹੁੰਚਣਾ ਬਹੁਤ ਜਲਦੀ ਹੈ। ਇਸ ਮਹਾਂਪੁਰਖ ਨੂੰ ਪਤਾ ਨਹੀਂ, ਇਜ਼ਰਾਈਲ ਜਾਣਾ ਹੈ ਕਿ ਅਰਜਨਟਾਈਨਾ, ਪਰ ਚੱਲ ਪਿਆ ਹੈ। ਇਸ ਬੰਦੇ ਦੀ ਕਹਿਣੀ ਅਤੇ ਕਥਨੀ ਵਿਚ ਸਿਆਸਤ ਹੈ। ਸਿਆਸਤ ਕਰਨਾ ਸਰਕਾਰਾਂ ਦਾ ਕੰਮ ਹੈ, ਇਸ ਨੂੰ ਸਿਆਸਤ ਕਰਨ ਦਾ ਹੱਕ ਕਿਵੇਂ ਮਿਲ ਗਿਆ? ਹਰਜ਼ਲ ਪੱਕੇ ਖੇਤ ਖਲਿਹਾਨਾਂ ਵਿਚਕਾਰ ਆਤਿਸ਼ਬਾਜ਼ੀ ਚਲਾ ਰਿਹਾ ਹੈ, ਮਰੇਗਾ ਤੇ ਮਰਵਾਏਗਾ। ਅਰਬ ਪਹਿਲੋਂ ਹੀ ਇਧਰ-ਉਧਰ ਦੀਆਂ ਬਗਾਵਤਾਂ ਕਾਰਨ ਤਪੇ ਪਏ ਹਨ, ਰਹਿੰਦੀ ਕਸਰ ਇਹ ਨਵਾਂ ਨੇਤਾ ਪੂਰੀ ਕਰ ਦਏਗਾ। ਇਸ ਵਕਤ ਲੋੜ ਇਸ ਗੱਲ ਦੀ ਹੈ, ਅਰਬਾਂ ਨੂੰ ਯਕੀਨ ਦਿਵਾਈਏ ਕਿ ਸਾਡਾ ਸਿਆਸਤ ਨਾਲ ਕੋਈ ਲਾਗਾ-ਦੇਗਾ ਨਹੀਂ। ਤੁਸੀਂ ਰਾਜ ਕਰੋ, ਸਾਨੂੰ ਮਜ਼ਦੂਰੀ ਕਰਨ ਦਿਉ। ਹਰਜ਼ਲ ਵੱਡਾ ਲੇਖਕ ਹੋ ਸਕਦਾ ਹੈ, ਪਰ ਸਾਨੂੰ ਮੂਰਖ ਨਾ ਬਣਾਏ। ਉਹ ਸੁਲਤਾਨ ਤੇ ਹੋਰ ਧਨਾਢਾਂ ਨੂੰ ਮਿਲਦਾ ਫਿਰਦਾ ਹੈ, ਸਾਡੇ ਨਾਲ ਹੱਥ ਮਿਲਾਉਣ ਦੀ ਕੀ ਲੋੜ?

ਇਕ ਹੋਰ ਆਲੋਚਕ ਲੁਦਵੀ ਪੋਲ ਨੇ ਲਿਖਿਆ, ਕੁਸਤੁਨਤੁਨੀਆਂ, ਲੰਡਨ ਅਤੇ ਪੈਰਿਸ ਵਿਚ ਝਖ ਮਾਰਨ ਦਾ ਉਸ ਨੂੰ ਕੀ ਮਿਲਿਆ? ਝੂਠੀਆਂ ਅਫਵਾਹਾਂ ਉਡਾਈਆਂ ਕਿ ਸੁਲਤਾਨ ਨੂੰ ਮਿਲ ਕੇ ਆਇਐ। ਮੈਨੂੰ ਤਾਂ ਲਗਦੈ, ਕਿਸੇ ਵਜ਼ੀਰ ਨੇ ਵੀ ਉਸ ਨੂੰ ਮੂੰਹ ਨਹੀਂ ਲਾਇਆ। ਜੇ ਉਹ ਯਹੂਦੀ ਹੈ ਤਾਂ ਯਹੂਦੀ ਮੁਖ ਧਾਰਾ ਵਿਚ ਆ ਕੇ ਸਾਡੀ ਗੱਲ ਸੁਣੇ, ਹੋਰ ਚੰਗਾ ਯਹੂਦੀ ਬਣੇ। ਜੇ ਯਹੂਦੀ ਨਹੀਂ ਹੈ ਤਾਂ ਸਾਡਾ ਭਲਾ ਕਰਨ ਦਾ ਕਸ਼ਟ ਕਿਉਂ ਉਠਾ ਰਿਹੈ ਖਾਹਮਖਾਹ?

ਹਰਜ਼ਲ ਦੁਨੀਆਂ ਦੇ ਹਰ ਕੋਨੇ ਦੀ ਖਬਰ ਰੱਖਦਾ, ਉਸ ਬਾਰੇ ਕੀ ਕਿਹਾ-ਸੁਣਿਆ ਜਾ ਰਿਹੈ। ਅਹਿਮ ਤੱਥ ਸਪਸ਼ਟ ਕਰਨ ਦੀ ਲੋੜ ਪੈਂਦੀ, ਉਤਰ ਦੇ ਦਿੰਦਾ। ਜੋ ਉਸ ਦਾ ਆਪਣਾ ਸਟੈਂਡ ਸੀ, ਉਹ ਥਿਰ ਸੀ। ਮੁਲਾਕਾਤੀਆਂ ਤੇ ਖਤਾਂ ਦੀ ਗਿਣਤੀ ਬੇਸ਼ੁਮਾਰ ਹੋ ਗਈ। ਖਤਾਂ ਦੇ ਜਵਾਬਾਂ ਅਤੇ ਮੁਲਾਕਾਤੀਆਂ ਨੂੰ ਭੁਗਤਾਉਣ ਵਾਸਤੇ ਵਾਲੰਟੀਅਰ ਆ ਗਏ। ਬੈਲਕੋਵਸਕੀ ਦਾ ਖਤ ਪੜ੍ਹਿਆ, ਲਿਖਿਆ ਸੀ, ਰੂਸੀ ਯਹੂਦੀਆਂ ਨੂੰ ਤੁਹਾਡੇ 'ਤੇ ਭੋਰਾ ਇਤਬਾਰ ਨਹੀਂ, ਕੀ ਕਰਾਂ? ਹਰਜ਼ਲ ਨੇ ਉਤਰ ਦਿੱਤਾ, ਉਨ੍ਹਾਂ ਦਾ ਸ਼ੁਕਰਾਨਾ ਕਰ। ਹੱਥ ਵਿਚ ਫੜਿਆ ਕੰਮ ਕਰਦਾ ਰਹਾਂਗਾ। ਜੇ ਮੇਰੇ ਉਤੇ ਭਰੋਸਾ ਰੱਖੋਗੇ ਤਾਂ ਦੱਸਦਾ ਰਹਾਂਗਾ ਕਿ ਕੀ ਕਰ ਰਿਹਾ ਹਾਂ। ਹੁਣ ਤਕ ਵੱਡੇ ਬੰਦਿਆਂ ਨੂੰ ਮਿਲਦਾ ਰਿਹਾ, ਹੁਣ ਸੰਗਤ ਵਿਚ ਜਾਵਾਂਗਾ।

ਫਿਰ ਵੀ, ਸੰਗਤ ਦੀ ਥਾਂ ਅਜੇ ਉਸ ਨੇ ਖਾਸ ਬੰਦਿਆਂ ਨੂੰ ਮਿਲਣਾ ਸੀ। ਸ਼ਹਿਜ਼ਾਦੇ ਫਰਦੀਨੰਦ (ਜੋ ਬਾਅਦ ਵਿਚ ਬਾਦਸ਼ਾਹ ਬੁਲਗਾਰੀਆ ਹੋਇਆ) ਨਾਲ ਸਫਲ ਮੀਟਿੰਗ ਹੋਈ, ਓਟੋਮਾਨ ਦੇ ਸੁਲਤਾਨ ਦਾ ਰਾਜਦੂਤ ਆਇਆ ਤੇ ਕਿਹਾ, ਸੁਲਤਾਨ ਨਾਲੋਂ ਗੱਲਬਾਤ ਤੋੜੋ ਨਾ। ਸਤੰਬਰ 1896 ਵਿਚ ਕੈਸਰ ਨੂੰ ਮਿਲਿਆ, ਉਸ ਦੇ ਜੰਗੀ ਵਜ਼ੀਰ ਨੂੰ ਮਿਲਣਾ ਚਾਹਿਆ, ਨਹੀਂ ਮਿਲ ਸਕਿਆ। ਜਰਮਨੀ ਦੇ ਪ੍ਰਧਾਨ ਮੰਤਰੀ ਬਿਸਮਾਰਕ ਨੇ ਉਸ ਦਾ ਪੇਪਰ 'ਯਹੂਦੀ ਸਟੇਟ' ਪੜ੍ਹ ਲਿਆ ਸੀ, ਕਿਹਾ, ਨਿਰੋਲ ਕਲਪਨਾ, ਸੁਫਨਸਾਜ਼ੀ। ਬਿਸਮਾਰਕ ਨੂੰ ਜਦੋਂ ਪਤਾ ਲੱਗਾ ਕਿ ਯਹੂਦੀ ਧਨਾਢ ਤੁਰਕੀ ਵਿਚ ਪੈਸਾ ਲਾ ਰਹੇ ਹਨ ਤਾਂ ਬੇਚੈਨ ਹੋਇਆ। ਫਿਰ ਪਤਾ ਲੱਗਾ ਕਿ ਇਸ ਵਿਚ ਕੋਈ ਸਿਆਸਤ ਨਹੀਂ, ਵਪਾਰੀ ਮਹਿਜ਼ ਵਪਾਰ ਕਰ ਰਹੇ ਹਨ।

ਪੈਸੇ ਦੀ ਘਾਟ ਮਹਿਸੂਸ ਹੋਣ ਲੱਗੀ, ਦੋਸਤ ਹਾਸ ਨੂੰ ਲਿਖਿਆ, ਬੁਰਾ ਫੰਧਾ ਹੈ ਇਹ। ਪੈਸੇ ਬਿਨਾਂ ਪ੍ਰਚਾਰ ਨਹੀਂ ਤੇ ਪ੍ਰਚਾਰ ਬਗੈਰ ਪੈਸਾ ਨਹੀਂ। ਆਪਣਾ ਅਖਬਾਰ ਚਾਹੀਦੈ, ਬੇਗਾਨਾ ਅਖਬਾਰ ਦਿਲ ਦੀ ਗੱਲ ਨਹੀਂ ਕਰਨ ਦਿੰਦਾ। ਮੇਰੇ ਵਰਗੇ ਬੰਦੇ ਨੂੰ ਮਾਲਕ ਬਰਦਾਸ਼ਤ ਕਰਦੇ ਹਨ, ਤਾਂ ਰੋਟੀ ਪਾਣੀ ਚੱਲ ਰਿਹੈ। ਸਰਕਾਰਾਂ ਵੱਡੇ ਅਖਬਾਰ ਨਾਲ ਇਸ ਤਰ੍ਹਾਂ ਗੱਲ ਕਰਦੀਆਂ ਹਨ ਜਿਵੇਂ ਕਿਸੇ ਵੱਡੇ ਦੇਸ ਨਾਲ ਗੁਫਤਗੂ ਹੋਵੇ। ਵਧੀਆ ਅਖਬਾਰ ਵਾਸਤੇ ਦਸ ਲੱਖ ਡਾਲਰ ਚਾਹੀਦੈ। ਪਿਤਾ ਨੇ ਕਿਹਾ, ਚਾਰ ਲੱਖ ਮੈਂ ਦਿੰਨਾਂ, ਬਾਕੀ ਹਮਦਰਦਾਂ ਤੋਂ ਇਕੱਠਾ ਕਰ, ਪਰ ਕੋਈ ਹਮਦਰਦ ਨਹੀਂ ਪੈਸੇ ਦੇ ਮਸਲੇ ਵਿਚ! ਦਿਨ ਤਾਂ ਕੰਮ ਕਰਨ ਵਾਸਤੇ ਹੁੰਦਾ, ਮੈਨੂੰ ਸੌਣਾ ਪੈ ਰਿਹੈ।

ਦੋਸਤ ਦਾ ਖਤ ਆਇਆ, ਨਿਰਾਸ ਨਾ ਹੋਈਂ ਹਰਜ਼ਲ! ਤੇਰੇ ਕਾਰਨ ਅਸੀਂ ਦੌੜੇ ਫਿਰਦੇ ਹਾਂ। ਤੈਨੂੰ ਪਤੈ, ਜਦੋਂ ਯਹੂਦੀ ਆਪਣੇ ਦੁਸ਼ਮਣ ਵਿਰੁਧ ਕੈਨਾਨ ਵਿਚ ਲੜ ਰਹੇ ਸਨ, ਹੌਸਲਾ ਦੇਣ ਵਾਸਤੇ ਨਬੀ ਦੀਆਂ ਕਮਜ਼ੋਰ ਬਾਹਵਾਂ ਉਠ ਨਾ ਸਕੀਆਂ। ਮੁਰੀਦਾਂ ਨੇ ਉਦੋਂ ਤੱਕ ਪਾਕਿ ਬਾਹਵਾਂ ਸਿਰਾਂ ਉਪਰ ਉਚੀਆਂ ਚੁੱਕੀ ਰੱਖੀਆਂ ਜਦੋਂ ਤਕ ਫਤਿਹਯਾਬ ਨਹੀਂ ਹੋਏ। ਅਸੀਂ ਜਿੱਤਾਂਗੇ।

(ਚਲਦਾ)

## ਨਵੀਂ ਕਹਾਣੀ ਹੋ ਗਈ

ਪੁਰਾਣੇ ਕਿੱਸੇ ਛੇੜ ਨਾ ਚਾਚਾ!
ਐਵੇਂ ਈ ਤੰਦ ਉਧੇੜ ਨਾ ਚਾਚਾ!
ਹੁਣ ਨੀ ਕੋਈ ਟਿਕਾਊ ਲੀਡਰ,
ਸਭ ਨੇ ਹੁਣ ਬਿਕਾਊ ਲੀਡਰ।
ਬੇਈਮਾਨ ਸਭ ਢਾਣੀ ਹੋ ਗਈ,
ਚਾਚਾ! ਨਵੀਂ ਕਹਾਣੀ ਹੋ ਗਈ।

ਓਡਵਾਇਰ ਤਾਂ ਗ਼ੈਰ ਸੀ ਬੰਦਾ।
ਇੱਥੇ ਕਰਨ ਸੀ ਆਏ ਧੰਦਾ।
ਜਲ੍ਹਿਆਂਵਾਲੇ ਬਾਗ਼ ਦਾ ਸਾਕਾ,
ਹੁਣ ਤਾਂ ਭੁੱਲਦਾ ਜਾਂਦਾ ਚਾਚਾ!
ਉਸ ਤੋਂ ਗੱਲ ਡਰਾਣੀ ਹੋ ਗਈ,
ਚਾਚਾ! ਨਵੀਂ ਕਹਾਣੀ ਹੋ ਗਈ।

ਸੁਣ ਤੈਨੂੰ ਇਕ ਗੱਲ ਸੁਣਾਵਾਂ।
ਤਾਜ਼ਾ-ਤਾਜ਼ਾ ਏ ਕਾਰਨਾਮਾ।
ਗੁਰੂ ਗ੍ਰੰਥ ਦੇ ਅੰਗ ਨੇ ਪਾੜੇ,
ਪਿੰਡ ਬਰਗਾੜੀ ਕਿਸੇ ਖਿਲਾਰੇ।
ਭੈੜੀ ਗੱਲ, ਘਿਨਾਣੀ ਹੋ ਗਈ,
ਚਾਚਾ! ਨਵੀਂ ਕਹਾਣੀ ਹੋ ਗਈ।

ਸਾਰੇ ਲੋਕਾਂ ਦੇਖ ਇਹ ਸਾਕਾ।
ਪਿੰਡ ਬੁਟਰ ਸੀ ਲਾਇਆ ਨਾਕਾ।
ਖੇਲ੍ਹੀ ਗਈ ਫਿਰ ਖੂਨ ਦੀ ਹੋਲੀ,
ਆਣ ਕੇ ਪੁਲਿਸ ਵਰ੍ਹਾਈ ਗੋਲੀ।
ਪੁਲਿਸ ਬੜੀ ਜਰਵਾਣੀ ਹੋ ਗਈ,
ਚਾਚਾ! ਨਵੀਂ ਕਹਾਣੀ ਹੋ ਗਈ।

ਸੰਨ ਚੁਰਾਸੀ ਅਜੇ ਨਾ ਭੁੱਲਿਆ।
ਸਿੰਘਾਂ ਦਾ ਮੁੜ ਖੂਨ ਹੈ ਡੁਲ੍ਹਿਆ।
ਦੁੱਖ-ਦਰਦ ਜੋ ਹੋਰ ਨੀ ਸਹਿਣਾ,
'ਕੱਠੇ ਹੁਣ ਸਭ ਨੂੰ ਹੋਣਾ ਪੈਣਾ।
ਰੱਤ 'ਬਚਨੇ' ਦੀ ਪਾਣੀ ਹੋ ਗਈ,
ਚਾਚਾ! ਨਵੀਂ ਕਹਾਣੀ ਹੋ ਗਈ।

ਸਾਧ-ਸੰਤ ਕੋਈ ਗੱਲ ਨਹੀਂ ਏ।
ਇਹ ਮਸਲੇ ਦਾ ਹੱਲ ਨਹੀਂ ਏ।
ਲੀਡਰਾਂ ਸਬਕ ਸਿਖਾਉਣਾ ਪੈਣਾ,
ਬੁਰਕਾ ਇਨ੍ਹਾਂ ਦਾ ਲਾਹੁਣਾ ਪੈਣਾ।
'ਰਾਠੀ' ਚਾਲ, ਪੁਰਾਣੀ ਹੋ ਗਈ,
ਚਾਚਾ! ਨਵੀਂ ਕਹਾਣੀ ਹੋ ਗਈ।

-ਰਾਠੇਸ਼ਵਰ ਸਿੰਘ ਸੂਰਾਪੁਰੀ
ਕੈਲੀਫੋਰਨੀਆ।

## ਡਾਲਰ

ਨੋਟ ਕਮਾਓ, ਨੋਟ ਖੁਆਓ,
ਰਿਸ਼ਵਤ ਪਚਾਓ, ਐਬ ਲੁਕਾਓ,
ਉਂਗਲ ਘੁਮਾਓ, ਦੁਨੀਆਂ ਨਚਾਓ।
ਤਿਲਾਂਜਲੀ ਦਿਓ ਈਮਾਨ ਨੂੰ ਪਾਸੇ,
ਵਫਾਦਾਰੀ ਬਦਲੋ, ਝੂਠ ਵਰਤਾਓ।
ਵੋਟ, ਜ਼ਮੀਰਾਂ, ਜਿਸਮ ਖਰੀਦੋ,
ਰੰਗਰਲੀਆਂ ਮਨਾਓ, ਦੁੱਧੀਂ ਨਹਾਓ।
ਨੇਤਾ ਬਣਨ ਦਾ ਨਿਆਰਾ ਸੂਤਰ,
ਨੋਟ ਦਿਖਾਓ, ਆਪ ਮੁਸਕਰਾਓ,
ਜਨਤਾ ਭਰਮਾਓ, ਲਾਰੇ ਲਗਾਓ।
ਸ਼ਰੇਆਮ ਬਾਜ਼ਾਰੀਂ ਵਿਕਦੀ,
ਜਿਸ ਭਾਅ ਮਿਲੇ ਸੱਤਾ ਹਥਿਆਓ।
ਕਰਾਮਾਤ ਡਾਲਰ ਰੁਪਈਏ ਦੀ,
ਮਿਰਗ ਤ੍ਰਿਸ਼ਨਾ ਭਉਲਾ ਪਾਓ।
ਲੋੜਵੰਦ ਵਿਕਾਊ ਦੁਨੀਆਂ,
ਠੁਕਰਾਈ ਜਾਓ ਪੈਰੀਂ ਪੁਆਓ,
ਡੁਗਡੁਗੀ ਵਜਾਓ, ਪਿੱਛੇ ਲਾਓ।
ਪੰਨੂ ਮਾਇਆ ਦਾ ਕ੍ਰਿਸ਼ਮਾ ਸਾਰਾ,
ਨਾਮ ਕਮਾਓ, ਅਮਰ ਹੋ ਜਾਓ।

-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ

# ਜ਼ਿੰਦਗੀ ਸਿੱਧੀ ਕੋਈ ਲਕੀਰ ਨਾਹੀਂ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਤਰਸੇਮ ਜਦੋਂ ਵੀ ਮਿਲਦਾ, ਲੰਮਾ ਹਉਕਾ ਭਰ ਕੇ ਕਹਿੰਦਾ, "ਜੱਗਿਆ, ਸਾਨੂੰ ਇਥੇ ਆਇਆਂ ਦਸ ਸਾਲ ਹੋ ਗਏ, ਪਰਿਵਾਰ ਛੱਡੀ ਬੈਠੇ ਹਾਂ। ਹੋਰ ਕਿੰਨਾ ਚਿਰ ਵਿਛੋੜੇ ਦੀ ਭੱਠੀ ਵਿਚ ਭੁੱਜਾਂਗੇ। ਹੋਰ ਨਹੀਂ ਜਰਿਆ ਜਾਂਦਾ। ਮੈਂ ਐਤਕੀਂ ਦੀਵਾਲੀ ਨੂੰ ਪਿੰਡ ਜਾ ਵੜਨੈਂ, ਆਪਣੇ ਬੱਚਿਆਂ ਕੋਲ, ਟੱਬਰ ਕੋਲ। ਬੱਸ ਤੂੰ ਰੋਕੀਂ ਨਾ।" ਉਹ ਰੋਣ ਲੱਗ ਪੈਂਦਾ।

ਮੈਂ ਤੇ ਤਰਸੇਮ ਪਹਿਲੀ ਵਾਰ ਲੁਧਿਆਣੇ ਬੱਸ ਅੱਡੇ 'ਤੇ ਮਿਲੇ ਸਾਂ। ਦੋਵਾਂ ਦਾ ਏਜੰਟ ਇਕੋ ਸੀ। ਉਹ ਸੰਗਰੂਰੀਆ ਤੇ ਮੈਂ ਲੁਧਿਆਣਵੀ। ਏਜੰਟ ਵੱਲੋਂ ਦਿਖਾਈਆਂ ਫੋਟੋਆਂ ਤੋਂ ਹੀ ਅਸੀਂ ਇਕ-ਦੂਜੇ ਨੂੰ ਪਛਾਣ ਲਿਆ ਸੀ। ਦੋਵੇਂ ਕਬੀਲਦਾਰ ਸਾਂ। ਇਕ-ਦੂਜੇ ਦਾ ਦੁੱਖ ਸਮਝ ਤੇ ਵੰਡਾ ਸਕਦੇ ਸਾਂ। ਪਹਿਲੀ ਮੁਲਾਕਾਤ ਤੋਂ ਹੀ ਭਰਾਵਾਂ ਵਾਲਾ ਪਿਆਰ ਬਣ ਗਿਆ। ਦਿੱਲੀ ਤੱਕ ਦੇ ਅੱਠ ਘੰਟਿਆਂ ਦੇ ਸਫਰ ਵਿਚ ਅਸੀਂ ਇਕ-ਦੂਜੇ ਦੇ ਬਹੁਤ ਨੇੜੇ ਆ ਗਏ। ਦਿੱਲੀ ਹੋਰ ਮੁੰਡਿਆਂ ਨੂੰ ਮਿਲੇ ਤੇ ਫਿਰ ਏਜੰਟਾਂ ਨੂੰ। ਬਿਜ਼ਨਸ ਵੀਜ਼ੇ 'ਤੇ ਚਾਰ-ਚਾਰ ਮੁੰਡਿਆਂ ਦਾ ਗਰੁਪ ਸਿੱਧਾ ਅਮਰੀਕਾ ਆ ਰਿਹਾ ਸੀ। ਜਦੋਂ ਸਾਡੀ ਵਾਰੀ ਆਈ, ਏਜੰਟ ਨੇ ਮੈਨੂੰ ਤੇ ਤਰਸੇਮ ਨੂੰ ਵੱਖ ਕਰ ਦਿੱਤਾ, ਪਰ ਦੋਵਾਂ ਦੀ ਬੇਨਤੀ ਉਤੇ ਅਸੀਂ ਇਕੱਠੇ ਹੋ ਗਏ ਤੇ ਦੋ ਮੁੰਡੇ ਹਰਿਆਣੇ ਤੋਂ ਸਾਡੇ ਨਾਲ ਅਮਰੀਕਾ ਪਹੁੰਚੇ। ਅਮਰੀਕਾ ਅਸੀਂ ਮੇਰੇ ਇਕ ਰਿਸ਼ਤੇਦਾਰ ਨੂੰ ਫੋਨ ਕਰ ਕੇ ਮਦਦ ਮੰਗੀ। ਉਸ ਨੇ ਪਹਿਲਾਂ ਤਾਂ ਲੰਮਾ ਭਾਸ਼ਣ ਦਿੱਤਾ, ਫਿਰ ਕਿਸੇ ਨੂੰ ਭੇਜ ਕੇ ਏਅਰਪੋਰਟ ਤੋਂ ਚੁੱਕਿਆ। ਚੌਥੇ ਦਿਨ ਉਹ ਸਾਨੂੰ ਕਿਸੇ ਪਾਕਿਸਤਾਨੀ ਰੈਸਟੋਰੈਂਟ ਛੱਡ ਆਇਆ।

ਰੈਸਟੋਰੈਂਟ ਦੇ ਮਾਲਕ ਜਮਾਲ ਨੇ ਬੜੀ ਮਦਦ ਕੀਤੀ, ਕੰਮ ਦਿੱਤਾ, ਰਹਿਣ ਲਈ ਛੱਤ ਦਿੱਤੀ ਤੇ ਖਾਣਾ-ਪਾਣੀ ਮੁਫਤ। ਜਿਥੇ ਰਹਿੰਦੇ ਸਾਂ, ਉਥੇ ਚਾਰ ਹੋਰ ਪਾਕਿਸਤਾਨੀ ਮੁੰਡੇ ਵੀ ਸਨ।

ਸਾਡੇ ਮੁਲਕ ਦੇ ਸਬੰਧ ਪਾਕਿਸਤਾਨ ਨਾਲ ਕਦੇ ਵੀ ਚੰਗੇ ਨਹੀਂ ਰਹੇ। ਡਰ ਸੀ ਕਿ ਇਥੇ ਸਾਡੀ ਇਨ੍ਹਾਂ ਮੁੰਡਿਆਂ ਨਾਲ ਖੜਕ ਨਾ ਪਵੇ, ਪਰ ਇੰਜ ਕਦੇ ਨਾ ਹੋਇਆ। ਅਸੀਂ ਇਕ-ਦੂਜੇ ਦੇ ਧਰਮਾਂ ਨੂੰ ਸੀਸ ਝੁਕਾਉਂਦੇ ਸੀ। ਜਮਾਲ ਭਾਈਜਾਨ ਦੀ ਮਦਦ ਨਾਲ ਅਸੀਂ ਦੋਵਾਂ ਨੇ ਅਸਾਇਲੀਮ ਦਾ ਕੇਸ ਕਰ ਦਿੱਤਾ। ਮੇਰਾ ਕੇਸ ਤਿੰਨ ਮਹੀਨਿਆਂ ਵਿਚ ਹੀ ਪਾਸ ਹੋ ਗਿਆ, ਪਰ ਤਰਸੇਮ ਦਾ ਕੇਸ ਲਟਕ ਗਿਆ। ਉਸ ਨੂੰ ਵਰਕ ਪਰਮਿਟ ਵੀ ਨਾ ਮਿਲਿਆ ਤੇ ਉਹ ਜਮਾਲ ਕੋਲ ਟਿਕਿਆ ਰਿਹਾ। ਵਰਕ ਪਰਮਿਟ ਮਿਲਦਿਆਂ ਹੀ ਮੈਂ ਟਰੱਕ ਦਾ ਲਾਇਸੰਸ ਲੈ ਲਿਆ। ਕੱਪੜਿਆਂ ਵਾਲਾ ਬੈਗ ਟਰੱਕ ਵਿਚ ਹੀ ਰੱਖ ਲਿਆ। ਹਫਤੇ ਬਾਅਦ ਆਉਂਦਾ ਤਾਂ ਤਰਸੇਮ ਕੋਲ ਠਹਿਰ ਜਾਂਦਾ। ਸਾਲ ਪਿਛੋਂ ਮੇਰੀ ਘਰਵਾਲੀ ਦੋਹਾਂ ਪੁੱਤਰਾਂ ਸਮੇਤ ਅਮਰੀਕਾ ਪਹੁੰਚ ਗਈ। ਮੈਂ ਵੱਖ ਅਪਾਰਟਮੈਂਟ ਲੈ ਲਈ ਤੇ ਪਰਿਵਾਰ ਵਿਚ ਬਿਜ਼ੀ ਹੋ ਗਿਆ। ਹੌਲੀ-ਹੌਲੀ ਦੋਵਾਂ ਦੀ ਮੁਲਾਕਾਤ ਵਿਚ ਵਕਫਾ ਪੈਣ ਲੱਗਾ।

ਜਮਾਲ ਭਾਈਜਾਨ ਨੇ ਤਰਸੇਮ ਨੂੰ ਵਧੀਆ ਕੁੱਕ ਬਣਾ ਦਿੱਤਾ। ਪਰਿਵਾਰ ਨਾਲ ਮੇਰੇ ਖਰਚੇ ਜ਼ਿਆਦਾ ਸਨ, ਪਰ ਤਰਸੇਮ ਦੀ ਸਾਰੀ ਤਨਖਾਹ ਬਚ ਜਾਂਦੀ ਸੀ, ਉਹ ਪਿੰਡ ਵੀਹ ਕਿੱਲੇ ਜ਼ਮੀਨ ਬਣਾ ਗਿਆ, ਕੋਠੀ ਪਾ ਲਈ। ਹੁਣ ਉਹ ਪੈਸਿਆਂ ਵੱਲੋਂ ਸੌਖਾ ਸੀ, ਪਰ ਪੇਪਰਾਂ ਦੀ ਘਾਟ ਉਸ ਨੂੰ ਅੱਠੇ ਪਹਿਰ ਚਿੰਤਾ ਵਿਚ ਪਾਈ ਰੱਖਦੀ। ਅਦਾਲਤ ਦੀਆਂ ਤਰੀਕਾਂ 'ਤੇ ਜਾਂਦਾ ਤੇ ਵਾਪਸ ਮੂੰਹ ਲਟਕਾ ਕੇ ਆ ਜਾਂਦਾ। ਮੇਰੇ ਬੱਚੇ ਪੜ੍ਹਨ ਲੱਗ ਗਏ ਸਨ, ਪਰ ਘਰਵਾਲੀ ਨੂੰ ਦਿਲ ਦੀ ਬਿਮਾਰੀ ਨੇ ਘੇਰ ਲਿਆ।

ਤਰਸੇਮ ਦਾ ਪੁੱਤ ਤੇ ਧੀ ਵਧੀਆ ਸਕੂਲ ਵਿਚ ਪੜ੍ਹਦੇ। ਜਦੋਂ ਵੀ ਮੈਂ ਤਰਸੇਮ ਨੂੰ ਮਿਲਣ ਜਾਂਦਾ, ਉਹ ਤਿੰਨਾਂ ਪਾਕਿਸਤਾਨੀ ਮੁੰਡਿਆਂ ਨੂੰ ਬੁੱਕਲ ਵਿਚ ਲੈ ਕੇ ਕਹਿੰਦਾ, "ਜੱਗਿਆ, ਹੋਰ ਕਿੰਨਾ ਚਿਰ ਅਸੀਂ ਤੜਫਾਂਗੇ ਪਰਿਵਾਰਾਂ ਤੋਂ ਬਿਨਾਂ, ਸਾਨੂੰ ਵਾਪਸ ਮੁੜ ਜਾਣਾ ਚਾਹੀਦਾ ਹੈ। ਤੂੰ ਮੈਨੂੰ ਐਤਕੀਂ ਨਾ ਰੋਕੀਂ ਬੱਸ।"

ਤਰਸੇਮ ਨੇ ਪੱਕੀ ਠਾਣ ਲਈ ਸੀ ਕਿ ਐਤਕੀਂ ਦੀਵਾਲੀ ਨੂੰ ਪਿੰਡ ਜਾਣਾ ਹੈ। ਉਸ ਨੇ ਜਮਾਲ ਭਾਈਜਾਨ ਨੂੰ ਦੱਸ ਦਿੱਤਾ ਸੀ। ਜਾਣ ਤੋਂ ਦਸ ਦਿਨ ਪਹਿਲਾਂ ਉਸ ਨੇ ਕੰਮ ਛੱਡ ਦਿੱਤਾ। ਪਰਿਵਾਰ ਲਈ ਸਾਮਾਨ ਖਰੀਦਿਆ। ਜਿਸ ਦਿਨ ਜਾਣਾ ਸੀ, ਰੈਸਟੋਰੈਂਟ ਗਿਆ, ਸਾਰੇ ਮਿੱਤਰਾਂ ਨੂੰ ਮਿਲਿਆ ਜਿਨ੍ਹਾਂ ਨਾਲ ਕਦੇ ਈਦ ਤੇ ਦੀਵਾਲੀ ਮਨਾਈ ਸੀ। ਬੇਗਾਨੇ ਮੁਲਕ ਦੇ ਹੁੰਦਿਆਂ ਵੀ ਉਸ ਨੂੰ ਭਰਾਵਾਂ ਤੋਂ ਵੱਧ ਪਿਆਰ ਮਿਲਿਆ ਸੀ। ਜਮਾਲ ਭਾਈਜਾਨ ਦੀ ਗਲਵੱਕੜੀ ਨੇ ਤਾਂ ਸਭ ਨੂੰ ਰੁਆ ਦਿੱਤਾ ਸੀ। ਉਸ ਨੇ ਪੰਜ ਸੌ ਡਾਲਰ ਤਰਸੇਮ ਦੀ ਜੇਬ ਵਿਚ ਪਾਉਂਦਿਆਂ ਕਿਹਾ ਸੀ, "ਤਰਸੇਮ ਸਿਆਂ! ਤੇਰੀ ਇਮਾਨਦਾਰੀ ਤੇ ਵਫਾ ਦਾ ਮੁੱਲ ਤਾਂ ਮੈਂ ਉਤਾਰ ਨਹੀਂ ਸਕਦਾ, ਪਰ ਵੱਡੇ ਭਾਈਜਾਨ ਦਾ ਪਿਆਰ ਨਾ ਮੋੜੀਂ।" ਅਸੀਂ ਗਿੱਲੀਆਂ ਅੱਖਾਂ ਨਾਲ ਕਾਰ ਵਿਚ ਬੈਠ ਗਏ। ਸਾਡੇ ਨਾਲ ਦੋ ਹੋਰ ਪਾਕਿਸਤਾਨੀ ਮੁੰਡੇ ਵੀ ਆ ਗਏ।

ਜਮਾਲ ਭਾਈਜਾਨ ਕਈ ਵਾਰ ਕਹਿੰਦਾ ਹੁੰਦਾ ਸੀ, "ਮੈਨੂੰ ਵੀਹ ਸਾਲ ਹੋ ਗਏ ਹਨ, ਰੈਸਟੋਰੈਂਟ 'ਤੇ ਬਹੁਤ ਮੁੰਡੇ ਆਏ ਤੇ ਗਏ। ਮੈਂ ਹਮੇਸ਼ਾ ਆਪਣਾ ਸਟਾਫ ਦੋਵਾਂ ਮੁਲਕਾਂ ਦਾ ਸਾਂਝਾ ਰੱਖਦਾ ਆਇਆਂ ਤਾਂ ਕਿ ਇੰਜ ਲੱਗੇ ਕਿ ਸਰਹੱਦ ਦੀ ਕੰਡਿਆਲੀ ਤਾਰ ਵੀ ਸਾਨੂੰ ਵੰਡ ਨਹੀਂ ਸਕੀ ਤੇ ਅਸੀਂ ਅੱਜ ਵੀ ਇਕ ਹਾਂ।"

ਇਕ-ਦੂਜੇ ਦੇ ਗਲ ਲੱਗ ਰੋਂਦਿਆਂ ਅਸੀਂ ਤਰਸੇਮ ਨੂੰ ਜਹਾਜ਼ ਬਿਠਾ ਆਏ। ਕਈ ਦਿਨ ਮੇਰਾ ਦਿਲ ਨਾ ਲੱਗਾ। ਉਸ ਨੇ ਪਹੁੰਚ ਕੇ ਫੋਨ ਕੀਤਾ, ਖੁਸ਼ੀ ਉਸ ਦੇ ਬੋਲਾਂ ਤੋਂ ਝਲਕਦੀ ਸੀ। ਮੈਂ ਸੋਚਦਾ, ਤਰਸੇਮ ਨੇ ਸਹੀ ਫੈਸਲਾ ਕੀਤਾ ਸੀ। ਕਾਸ਼! ਮੈਂ ਵੀ ਇੰਜ ਕਰ ਸਕਦਾ। ਉਂਜ ਮੈਂ ਦੋ ਵਾਰ ਪਿੰਡ ਜਾ ਆਇਆ ਸੀ, ਪਰ ਪਿੰਡ ਕੁਝ ਬਣਾ ਨਾ ਸਕਿਆ। ਭਰਾਵਾਂ ਦੀ ਖਿੱਚ-ਧੂਹ ਨੇ ਇਕੱਠਿਆਂ ਨਾ ਹੋਣ ਦਿੱਤਾ। ਮੈਂ ਨਵਾਂ ਟਰੱਕ ਲੈ ਲਿਆ ਤੇ ਫਿਰ ਘਰ ਖਰੀਦ ਲਿਆ। ਬੱਸ, ਕਿਸ਼ਤਾਂ ਲਾਹੁੰਦਾ ਰਿਹਾ ਸਾਰੀ ਉਮਰ।

ਤਰਸੇਮ ਦੇ ਦੋਵੇਂ ਬੱਚੇ ਕਾਲਜ ਜਾਣ ਲੱਗੇ। ਕਦੇ ਸੋਚਿਆ ਵੀ ਨਹੀਂ ਸੀ ਕਿ ਕਬਾਬ ਭੁੰਨਣ ਵਾਲਾ ਤੇ ਕੁੱਕੜ ਤੇ ਬੱਕਰੇ ਨੂੰ ਤੜਕਾ ਲਾਉਣ ਵਾਲਾ ਤਰਸੇਮ ਕਦੇ ਗੁਰੂ ਦਾ ਸਿੰਘ ਬਣ ਜਾਵੇਗਾ। ਉਸ ਨੇ ਦਾੜ੍ਹੀ-ਕੇਸ ਰੱਖ ਲਏ। ਦੋਵਾਂ ਜੀਆਂ ਨੇ ਅੰਮ੍ਰਿਤ ਛਕ ਲਿਆ। ਜ਼ਮੀਨ ਉਸ ਨੇ ਮਾਮਲੇ 'ਤੇ ਦਿੱਤੀ ਹੋਈ ਸੀ। ਆਪ ਉਹ ਗੁਰਦੁਆਰੇ ਜਾ ਕੇ ਸੇਵਾ ਕਰ ਲੈਂਦਾ। ਤਰਸੇਮ ਦੀ ਧੀ ਨੇ ਆਈਲੈਟਸ ਕਰ ਲਿਆ ਤੇ ਉਸ ਨੂੰ ਕੈਨੇਡਾ ਦਾ ਸਟੂਡੈਂਟ ਵੀਜ਼ਾ ਮਿਲ ਗਿਆ। ਉਹ ਆਪਣੇ ਮਾਸੜ ਕੋਲ ਪਹੁੰਚ ਗਈ। ਦੋ ਸਾਲ ਪਿਛੋਂ ਤਰਸੇਮ ਦਾ ਪੁੱਤ ਵੀ ਆਪਣੀ ਭੈਣ ਵਾਂਗ ਹੀ ਕੈਨੇਡਾ ਦਾ ਵੀਜ਼ਾ ਲੈ ਕੇ ਆਪਣੀ ਭੈਣ ਕੋਲ ਆ ਗਿਆ।

ਤਰਸੇਮ ਦੀ ਸਾਂਢੂ ਨਾਲ ਸਾਂਢੂ ਵਾਲੀ ਨਹੀਂ, ਸਗੋਂ ਭਰਾਵਾਂ ਵਰਗੀ ਸਾਂਝ ਸੀ। ਧੀ ਦੀ ਪੜ੍ਹਾਈ ਖਤਮ ਹੁੰਦਿਆਂ ਹੀ ਉਸ ਦੇ ਮਾਸੜ ਨੇ ਆਪਣੇ ਮਿੱਤਰ ਦੇ ਪੁੱਤ ਨਾਲ ਉਸ ਦਾ ਰਿਸ਼ਤਾ ਪੱਕਾ ਕਰ ਦਿੱਤਾ। ਦੋਵੇਂ ਪਰਿਵਾਰ ਪਿੰਡ ਜਾ ਕੇ ਵਿਆਹ ਕਰਨ ਬਾਰੇ ਸਹਿਮਤ ਹੋ ਗਏ। ਤਰਸੇਮ ਦੇ ਪੁੱਤ ਨੂੰ ਵੀ ਪੀ.ਆਰ. ਮਿਲ ਗਈ। ਮੈਂ ਤਰਸੇਮ ਦੇ ਸੱਦੇ ਉਤੇ ਵਿਆਹ ਵਿਚ ਪਰਿਵਾਰ ਸਮੇਤ ਪਹੁੰਚਿਆ। ਤਰਸੇਮ ਨੂੰ ਚੜ੍ਹਦੀ ਕਲਾ ਵਿਚ ਦੇਖ ਕੇ ਮੈਂ ਬੜਾ ਖੁਸ਼ ਹੋਇਆ। ਦਿਲ ਵਿਚ ਸੋਚਿਆ, ਜੇ ਤਰਸੇਮ ਦਾ ਕੇਸ ਮੇਰੇ ਵਾਂਗ ਝੱਟ ਪਾਸ ਹੋ ਜਾਂਦਾ, ਸ਼ਾਇਦ ਹੁਣ ਵਾਲੀ ਕਹਾਣੀ ਨਾ ਬਣਦੀ। ਉਹਨੇ ਵੀ ਬੱਸ, ਮੇਰੇ ਵਾਂਗ ਗਿਣਤੀਆਂ-ਮਿਣਤੀਆਂ ਦੇ ਚੱਕਰਾਂ ਵਿਚ ਪਿਆ ਰਹਿਣਾ ਸੀ। ਤਰਸੇਮ ਦੀ ਧੀ ਦੇ ਵਿਆਹ ਵਿਚ ਅਗਲਿਆਂ ਦਾਜ ਵਿਚ ਇਕ ਰੁਪਏ ਦੀ ਚੀਜ਼ ਵੀ ਨਾ ਲਈ।

ਮੈਂ ਵਾਪਸ ਅਮਰੀਕਾ ਆ ਗਿਆ। ਅਜੇ ਚਾਰ ਮਹੀਨੇ ਹੀ ਹੋਏ ਸਨ, ਘਰ ਵਾਲੀ ਸਦੀਵੀ ਵਿਛੋੜਾ ਦੇ ਗਈ। ਦੋਵੇਂ ਪੁੱਤਰ ਵਿਆਹੁਣ ਵਾਲੇ ਸਨ। ਮੈਂ ਘਰ ਵਾਲੀ ਦੇ ਫੁੱਲ ਲੈ ਕੇ ਪਿੰਡ ਪਹੁੰਚਿਆ। ਮੈਂ ਤੇ ਤਰਸੇਮ ਇਕ-ਦੂਜੇ ਦੇ ਗਲ ਲੱਗ ਕੇ ਧਾਹੀਂ ਰੋਏ। ਕੋਈ ਸੱਚ ਨਾ ਮੰਨੇ ਕਿ ਜੋ ਚਾਰ ਮਹੀਨੇ ਪਹਿਲਾਂ ਹਸੂੰ-ਹਸੂੰ ਕਰਦੀ ਗਈ ਸੀ, ਅੱਜ ਪੋਟਲੀ ਵਿਚ ਵਾਪਸ ਆ ਗਈ ਹੈ। ਮੈਂ ਤੇ ਤਰਸੇਮ ਕੀਰਤਪੁਰ ਸਾਹਿਬ ਗਏ। ਬਿਤਾਈ ਜ਼ਿੰਦਗੀ ਫਿਲਮ ਵਾਂਗ ਅੱਖਾਂ ਅੱਗੇ ਆ ਗਈ।

ਵੱਡੇ ਪੁੱਤ ਨਾਲ ਰਾਏ ਕੀਤੀ, ਵਿਆਹ ਕਰ ਦੇਈਏ। ਉਹ ਕਹਿੰਦਾ, ਮੇਰੀ ਤਾਂ ਗੋਰੀ ਨਾਲ ਗੱਲਬਾਤ ਹੈ। ਛੋਟਾ ਕਹਿੰਦਾ, ਕੁੜੀ ਲੱਭੀ ਹੋਈ ਹੈ। ਜ਼ੋਰ ਪਾਉਣ 'ਤੇ ਉਹ ਵਿਆਹ ਲਈ ਮੰਨ ਗਿਆ। ਫਿਰ ਇਥੇ ਹੀ ਉਸ ਪੰਜਾਬਣ ਕੁੜੀ ਨਾਲ ਵਿਆਹ ਕਰ ਦਿੱਤਾ। ਵੱਡਾ ਪੁੱਤ ਗੋਰੀ ਨਾਲ ਬਾਹਰ ਹੀ ਰਹਿਣ ਲੱਗ ਪਿਆ। ਛੋਟਾ ਪੁੱਤ ਤੇ ਨੂੰਹ ਵੀ ਕਹਿਣੇ ਤੋਂ ਬਾਹਰ ਹੋ ਗਏ। ਮੈਂ ਪਹਿਲਾਂ ਘਰ ਤੇ ਫਿਰ ਟਰੱਕ ਵੇਚ ਕੇ ਪਿੰਡ ਪਹੁੰਚ ਗਿਆ। ਤਰਸੇਮ ਨੂੰ ਸਾਰੀ ਕਹਾਣੀ ਸੁਣਾਈ। ਉਸ ਨੇ ਰਾਏ ਦਿੱਤੀ, ਦੁਬਾਰਾ ਵਿਆਹ ਕਰਵਾ ਲਵਾਂ। ਮੈਂ ਤਰਸੇਮ ਦੇ ਜ਼ੋਰ ਦੇਣ 'ਤੇ ਮੰਨ ਗਿਆ। ਚਾਲੀ ਸਾਲ ਦੀ ਤਲਾਕਸ਼ੁਦਾ ਔਰਤ ਮਿਲ ਗਈ ਜਿਸ ਦੇ ਬੱਚਾ ਨਹੀਂ ਸੀ ਹੁੰਦਾ। ਤਲਾਕ ਵੀ ਸ਼ਾਇਦ ਤਾਂਹੀਓਂ ਹੋਇਆ ਸੀ!

ਫਿਰ ਤਰਸੇਮ ਨੇ ਮੇਰਾ ਵਿਆਹ ਕਰਵਾ ਦਿੱਤਾ। ਸਾਲ ਬਾਅਦ ਅਸੀਂ ਅੰਮ੍ਰਿਤ ਛਕ ਲਿਆ। ਦੋਹਾਂ ਬੱਚਿਆਂ ਨਾਲ ਪਿਆਰ ਟੁੱਟਦਾ ਗਿਆ। ਨਵੀਂ ਘਰਵਾਲੀ ਨੂੰ ਸਾਰੀ ਕਹਾਣੀ ਸੁਣਾਈ। ਮੈਂ ਸਿਟੀਜ਼ਨ ਹੋਣ ਕਰ ਕੇ ਉਸ ਨੂੰ ਇਥੇ ਲੈ ਆਇਆ। ਉਹ ਦੋਹਾਂ ਪੁੱਤਰਾਂ ਨੂੰ ਮਿਲੀ। ਪਤਾ ਨਹੀਂ, ਉਸ ਨੇ ਦੋਹਾਂ ਨੂੰ ਕੀ ਸਮਝਾਇਆ, ਉਹ ਵਾਪਸ ਮੇਰੇ ਕੋਲ ਆ ਗਏ ਤੇ ਇਕੱਠੇ ਰਹਿਣਾ ਵੀ ਮੰਨ ਗਏ। ਵੱਡੇ ਨੇ ਗੋਰੀ ਛੱਡ ਦਿੱਤੀ ਤੇ ਪਿੰਡ ਜਾ ਕੇ ਵਿਆਹ ਕਰਵਾਉਣਾ ਮੰਨ ਗਿਆ। ਉਸ ਦਾ ਵਿਆਹ ਕਰ ਦਿੱਤਾ। ਫਿਰ ਦੋਹਾਂ ਪੁੱਤਰਾਂ ਨੂੰ ਘਰ ਲੈ ਦਿੱਤਾ। ਦੋਵੇਂ ਖੁਸ਼ ਨੇ। ਮੈਂ ਤੇ ਘਰਵਾਲੀ ਨੇ ਪੱਕੇ ਡੇਰੇ ਪਿੰਡ ਹੀ ਲਾ ਲਏ। ਟੁੱਟੀ ਮਾਲਾ ਦੇ ਮਣਕੇ ਫਿਰ ਪਰੋ ਲਏ। ਹੁਣ ਮੈਂ ਤੇ ਤਰਸੇਮ ਆਪੋ-ਆਪਣੇ ਪਰਿਵਾਰਾਂ ਨਾਲ ਖੁਸ਼ ਹਾਂ।

# ਸਿਆਸੀ ਸਵਾਰੀ ਦਾ ਧਰਮ ਸੰਕਟ



ਟੈਕਸੀਨਾਮਾ 9

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

*'ਸਿਆਸੀ ਸਵਾਰੀ ਦਾ ਸੰਕਟ' ਵਿਚ ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਪਰਦੇਸੀਆਂ ਦਾ ਇਕ ਹੋਰ ਪੱਖ ਉਜਾਗਰ ਕੀਤਾ ਹੈ। ਬੰਦਾ ਕਿਵੇਂ ਆਪਣਾ ਕਸਬ ਭੁੱਲ ਕੇ ਮਨ-ਆਈਆਂ ਕਰਦਾ ਹੈ, ਇਸ ਦਾ ਸਹਿਜ ਵਰਨਣ ਇਸ ਲੇਖ ਵਿਚ ਹੋਇਆ ਹੈ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ*

ਉਸ ਦੇ ਕਾਲਾ ਲੰਮਾ ਕੋਟ ਪਾਇਆ ਹੋਇਆ ਸੀ। ਉਸ ਕੋਲ ਕੋਈ ਸੂਟਕੇਸ ਜਾਂ ਕੋਈ ਹੋਰ ਸਾਮਾਨ ਨਹੀਂ ਸੀ। ਉਸ ਨੇ ਹੱਥ ਚੁੱਕ ਕੇ ਇਸ਼ਾਰਾ ਕੀਤਾ। 'ਮਿਲਗੀ ਸ਼ੌਰਟੀ' ਸੋਚ ਕੇ ਮੈਂ ਬੇਦਿਲੀ ਨਾਲ ਟੈਕਸੀ ਦਰਵਾਜ਼ੇ ਦੇ ਨੇੜੇ ਉਸ ਆਦਮੀ ਕੋਲ ਲੈ ਗਿਆ। ਟੈਕਸੀ 'ਹੋਟਲ ਵੈਨਕੂਵਰ' ਦੇ ਮੂਹਰੇ ਲਾਈ ਹੋਈ ਸੀ। ਸਵੇਰ ਦੇ ਪੰਜ ਵਜੇ ਦਾ ਟਾਈਮ ਸੀ। ਉਸ ਨੂੰ ਦੇਖ ਕੇ ਮੈਨੂੰ ਹੈਰਾਨੀ ਹੋਈ। ਉਹ ਕੋਈ ਹੋਰ ਨਹੀਂ, ਸਗੋਂ ਬੀ.ਸੀ. ਦਾ ਸਾਬਕਾ ਪ੍ਰੀਮੀਅਰ ਤੇ ਮੈਂਬਰ ਪਾਰਲੀਮੈਂਟ ਉਜਲ ਦੁਸਾਂਝ ਸੀ। ਉਸ ਨੇ ਪਿਛਲਾ ਦਰਵਾਜ਼ਾ ਖੋਲ੍ਹ ਕੇ ਵਿਚ ਬੈਠਦੇ ਨੇ ਸਾਊਥ ਵੈਨਕੂਵਰ ਦਾ ਪਤਾ ਦੱਸਿਆ। ਮੇਰੇ ਲਈ ਅਚੇਤ ਹੀ ਉਹ ਖਾਸ ਸਵਾਰੀ ਬਣ ਗਈ। ਮੈਂ ਰਾਜਨੀਤਕ ਨੇਤਾਵਾਂ ਜਾਂ ਹੋਰ ਮਸ਼ਹੂਰ ਲੋਕਾਂ ਨਾਲ ਹੱਥ ਮਿਲਾਉਣ ਜਾਂ ਫੋਟੋ ਖਿਚਵਾਉਣ ਲਈ ਤੀਂਘੜ ਕੇ ਅਗਾਂਹ ਨਹੀਂ ਹੁੰਦਾ, ਸਗੋਂ ਇਕ-ਦੂਜੇ ਨੂੰ ਪਿਛਾਂਹ ਧੱਕ ਕੇ ਮੂਹਰੇ ਹੋਣ ਵਾਲਿਆਂ 'ਤੇ ਚਿੱਤ 'ਚ ਹੱਸਦਾ ਹਾਂ; ਪਰ ਉਜਲ ਦੁਸਾਂਝ ਦਾ ਟੈਕਸੀ 'ਚ ਬੈਠਣਾ ਪਤਾ ਨਹੀਂ ਕਿਉਂ ਮੈਨੂੰ ਅਚੰਭਿਤ ਕਰ ਰਿਹਾ ਸੀ। ਜਦੋਂ ਤੋਂ ਉਹ ਖੱਬੇਪੱਖੀ ਸਮਝੀ ਜਾਂਦੀ ਐਨ.ਡੀ.ਪੀ. ਛੱਡ ਕੇ ਸੈਂਟਰਲ ਅਖਵਾਉਂਦੀ ਲਿਬਰਲ ਪਾਰਟੀ 'ਚ ਚਲਾ ਗਿਆ ਸੀ, ਮੇਰੇ ਲਈ ਉਨਾ ਸਤਿਕਾਰਯੋਗ ਨਹੀਂ ਸੀ ਰਿਹਾ। ਫਿਰ ਵੀ ਪਤਾ ਨਹੀਂ ਕਿਉਂ, ਮੈਂ ਉਤੇਜਿਤ ਹੋ ਰਿਹਾ ਸੀ; ਸਗੋਂ ਮੈਂ ਤਾਂ ਕਿਰਾਏ ਵਾਲਾ ਮੀਟਰ ਚਲਾਉਣਾ ਵੀ ਭੁੱਲ ਗਿਆ। ਛੇਤੀ ਵਿਚ ਮੈਂ ਸੋਚਿਆ, ਉਸ ਨਾਲ ਕੀ ਗੱਲ ਕੀਤੀ ਜਾਵੇ; ਉਸ ਦਾ ਪਾਰਟੀ ਬਦਲਣਾ ਜਾਂ ਕੁਝ ਹਫਤੇ ਪਹਿਲਾਂ ਕਿਤਾਬ ਦੇ ਰਿਲੀਜ਼ ਸਮਾਰੋਹ ਮੌਕੇ ਦਿੱਤੀ ਉਸ ਦੀ ਤਕਰੀਰ ਜਿਸ ਨੂੰ ਸੁਣ ਕੇ ਮੈਨੂੰ ਦੁੱਖ ਹੋਇਆ ਸੀ। ਮੈਂ ਫੈਸਲਾ ਕੀਤਾ ਕਿ ਤਕਰੀਰ ਵਾਲੀ ਗੱਲ ਹੀ ਕਰਾਂ। ਪਾਰਟੀ ਬਦਲਨ ਵਾਲੀ ਗੱਲ ਬਾਰੇ ਉਹ ਕੋਈ ਰਾਜਨੀਤਕ ਜਿਹਾ ਜਵਾਬ ਹੀ ਦੇਵੇਗਾ, ਜੋ ਉਹ ਕਈ ਵਾਰ ਰੇਡੀਓ, ਟੀ.ਵੀ. ਵਾਲਿਆਂ ਨੂੰ ਦੇ ਚੁੱਕਾ ਸੀ।

ਹਾਓ ਸਟਰੀਟ 'ਤੇ ਟੈਕਸੀ ਮੋੜਦਿਆਂ ਮੈਂ ਬਿਨਾਂ ਕਿਸੇ ਭੂਮਿਕਾ ਦੇ ਆਖ ਦਿੱਤਾ, "ਦੁਸਾਂਝ ਸਾਹਿਬ, ਕੁਝ ਹਫਤੇ ਪਹਿਲਾਂ ਤੁਸੀਂ ਸੋਹਣ ਪੂੰਨੀ ਦੀ ਕਿਤਾਬ 'ਕਨੇਡਾ ਦੇ ਗਦਰੀ ਯੋਧੇ' ਦੇ ਰਿਲੀਜ਼ ਸਮਾਗਮ ਮੌਕੇ ਕਿਹਾ ਸੀ ਕਿ ਉਹ ਪੰਜਾਬੀ ਦੀ ਪਹਿਲੀ ਕਿਤਾਬ ਹੈ ਜਿਹਨੂੰ ਲੇਖਕ ਨੇ ਪੱਲਿਓਂ ਖਰਚ ਕੇ ਨ੍ਹੀਂ ਛਪਵਾਇਆ, ਸਗੋਂ ਪਬਲਿਸ਼ਰ ਨੇ ਰੌਇਲਟੀ ਦਿੱਤੀ ਆ?"

"ਮੈਂ ਨਾਰਥ ਅਮੇਰਿਕਾ ਵਿਚ ਕਿਹਾ ਸੀ।"


"ਨਾਰਥ ਅਮੇਰਿਕਾ ਵਿਚ ਵੀ ਇਹ ਗੱਲ ਸਹੀ ਨ੍ਹੀਂ। ਇਹਦੇ 'ਚ ਸ਼ੱਕ ਨ੍ਹੀਂ ਬਈ ਉਹ ਵਧੀਆ ਕਿਤਾਬ ਐ। ਮੇਰੀ ਕਿਤਾਬ ਤਿੰਨ ਸਾਲ ਪਹਿਲਾਂ ਛਪੀ ਸੀ। ਮੈਨੂੰ ਰੌਇਲਟੀ ਵਜੋਂ ਪੰਜਾਹ ਕਿਤਾਬਾਂ ਮਿਲੀਆਂ ਸੀ। ਇਹਦੀ ਤਸਦੀਕ ਤੁਸੀਂ ਆਪਣੇ ਦੋਸਤ ਦਰਸ਼ਨ ਗਿੱਲ ਕੋਲੋਂ ਕਰਵਾ ਸਕਦੇ ਓ। ਹੋਰ ਵੀ ਦੋਸਤਾਂ ਨੂੰ ਮੈਂ ਜਾਣਦੈਂ ਜਿਨ੍ਹਾਂ ਨੇ ਪੱਲਿਓਂ ਖਰਚ ਕੇ ਨਹੀਂ ਛਪਵਾਈਆਂ। ਗਿਆਨੀ ਕੇਸਰ ਸਿੰਘ ਹੋਰਾਂ ਨੂੰ ਵੀ ਮੇਰਾ ਖਿਆਲ ਨ੍ਹੀਂ, ਬਈ ਪਬਲਿਸ਼ਰਾਂ ਨੂੰ ਕੁਛ ਦੇਣਾ ਪਿਆ ਹੋਊ।" (ਬਾਅਦ ਵਿਚ ਮੈਂ ਪਛਤਾਇਆ ਕਿ ਕਾਹਲੀ ਵਿਚ ਮੈਂ ਆਪਣੀ ਹੀ ਗੱਲ ਕਰ ਗਿਆ। ਉਹ ਮੇਰੇ ਬਾਰੇ ਕੀ ਸੋਚਦਾ ਹੋਵੇਗਾ! ਮੈਨੂੰ ਸਗੋਂ ਕਿਸੇ ਹੋਰ ਲੇਖਕ ਦੇ ਹਵਾਲੇ ਨਾਲ ਗੱਲ ਕਰਨੀ ਚਾਹੀਦੀ ਸੀ।)

"ਮੇਰੀ ਜਾਣਕਾਰੀ 'ਚ ਨਹੀਂ ਸੀ ਇਹ ਗੱਲ। ਆਈ ਐਮ ਸੌਰੀ।" ਉਸ ਨੇ ਕਿਹਾ।

"ਮੈਨੂੰ ਲੱਗਦਾ ਹੁੰਦੈ, ਬਈ ਜਦੋਂ ਅਸੀਂ ਕਿਸੇ ਕਿਤਾਬ ਨੂੰ ਸੈਲੀਬਰੇਟ ਕਰ ਰਹੇ ਹੁੰਨੇ ਆਂ, ਉਦੋਂ ਅਚੇਤ ਹੀ ਹੋਰ ਕਿਤਾਬਾਂ ਨੂੰ ਛੁਟਿਆਉਣ ਲੱਗ ਪੈਨੇ ਆਂ।"

"ਤੁਹਾਡੀ ਇਸ ਗੱਲ ਨਾਲ ਮੈਂ ਸਹਿਮਤ ਹਾਂ, ਪਰ ਮੈਂ ਆਪ ਵਹਾਅ 'ਚ ਆ ਕੇ ਕਦੇ ਤਕਰੀਰ ਨਹੀਂ ਕਰਦਾ ਹੁੰਦਾ। ਅਸਲ 'ਚ ਮੈਂ ਇਹ ਗੈਸ ਕੀਤਾ ਸੀ। ਉਹ ਕਿਤਾਬ ਬਹੁਤ ਵਧੀਆ। ਆਈ ਐਮ ਸੌਰੀ ਅਗੇਨ ਤੁਹਾਨੂੰ ਠੇਸ ਪਹੁੰਚੀ ਆ; ਸਗੋਂ ਮੈਨੂੰ ਹੋਰ ਬੰਦਿਆਂ ਦੇ ਨਾਂ ਵੀ ਦੱਸੋ, ਜਿਹੜੇ ਤੁਹਾਡੇ ਵਾਂਗ ਸੋਚਦੇ ਆ, ਮੈਂ ਉਨ੍ਹਾਂ ਕੋਲੋਂ ਵੀ ਸੌਰੀ ਮੰਗਾਂਗਾ।"

ਉਸ ਦਾ ਫੋਨ ਵੱਜਣ ਲੱਗਾ। ਤੇ ਮੇਰੀ ਨਿਗ੍ਹਾ ਮੀਟਰ 'ਤੇ ਪਈ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਮੈਂ ਮੀਟਰ ਚਲਾ ਦਿੱਤਾ। ਮੈਂ ਸੋਚਣ ਲੱਗਾ ਕਿ ਫੋਨ ਬੰਦ ਹੁੰਦਿਆਂ ਹੀ ਕਿਹੜੀ ਗੱਲ ਸ਼ੁਰੂ ਕਰਾਂ। ਫੋਨ ਉਸ ਨੇ ਛੇਤੀ ਹੀ ਬੰਦ ਕਰ ਦਿੱਤਾ। ਮੈਂ ਫਿਰ ਛੇੜ ਲਿਆ, "ਤੁਸੀਂ ਪਹਿਲਾਂ ਤਾਂ ਐਚ.ਐਸ.ਟੀ. (ਨਵਾਂ ਟੈਕਸ) ਦੇ ਖਿਲਾਫ ਬੜੇ ਧੜੱਲੇ ਨਾਲ ਬਿਆਨ ਦਿੰਦੇ ਸੀ, ਜਦੋਂ ਥੋਡੇ ਲੀਡਰ ਨੇ ਇਸ ਦੇ ਹੱਕ 'ਚ ਸਟੈਂਡ ਲੈ ਲਿਆ। ਤੁਸੀਂ ਵੀ ਪਾਰਲੀਮੈਂਟ ਵਿਚ ਇਸ ਟੈਕਸ ਦੇ ਹੱਕ 'ਚ ਵੋਟ ਪਾ ਦਿੱਤੀ।" "ਪਾਰਟੀ 'ਚ ਰਹਿੰਦਿਆਂ ਤੁਸੀਂ ਪਾਰਟੀ ਲੀਡਰ ਦੇ ਉਲਟ ਨ੍ਹੀਂ ਜਾ ਸਕਦੇ। ਮਿਸਟਰ ਇਗਨਾਟੀਅਫ ਨੇ ਜਦੋਂ ਵ੍ਹਿੱਪ ਜਾਰੀ ਕਰ ਦਿੱਤਾ ਤਾਂ ਪਾਰਟੀ ਮੈਂਬਰ ਹੋਣ ਦੇ ਨਾਤੇ ਮੇਰਾ ਫਰਜ਼ ਸੀ ਕਿ ਮੈਂ ਉਸ ਦੇ ਆਦੇਸ਼ ਦਾ ਪਾਲਣ ਕਰਦਾ... ਆਈ ਐਮ ਸੌਰੀ, ਮੈਂ ਕਾਲ ਕਰਨੀ ਆ।" ਅਤੇ ਉਹ ਆਪਣੇ ਬਲੈਕ ਬੈਰੀ ਉਪਰ ਉਂਗਲਾਂ ਮਾਰਨ ਲੱਗਾ। ਮੈਨੂੰ ਲੱਗਾ ਕਿ ਉਹ ਮੇਰੇ ਪ੍ਰਸ਼ਨ ਦਾ ਜਵਾਬ ਦੇਣ ਤੋਂ ਕਤਰਾ ਰਿਹਾ ਹੈ। ਮੈਨੂੰ ਖਿਝ ਚੜ੍ਹਨ ਲੱਗੀ। "ਫਿਰ ਜਿਹੜਾ ਬਿਆਨ ਤੁਸੀਂ ਪਹਿਲਾਂ ਐਚ.ਐਸ.ਟੀ. ਦੇ ਵਿਰੋਧ ਵਿਚ ਦਿੱਤਾ ਸੀ, ਉਹ ਆਪਣੀ ਪਾਰਟੀ ਦੇ ਸਟੈਂਡ ਨੂੰ ਜਾਣੇ ਬਿਨਾਂ ਹੀ ਪਬਲਿਕ ਸਪੋਰਟ ਲੈਣ ਲਈ ਦਿੱਤਾ ਸੀ?" ਉਸ ਦੇ ਫੋਨ ਨੂੰ ਕੰਨ ਨਾਲ ਲਾਉਂਦਿਆਂ-ਲਾਉਂਦਿਆਂ ਹੀ ਮੈਂ ਇੱਕ ਹੋਰ ਗੋਲਾ ਦਾਗ ਦਿੱਤਾ। ਮੈਂ ਉਡੀਕ ਕਰਨ ਲੱਗਾ ਕਿ ਕਦੋਂ ਉਹ ਫੋਨ ਤੋਂ ਵਿਹਲਾ ਹੁੰਦਾ ਹੈ। ਉਸ ਦੇ ਫੋਨ 'ਤੇ ਗੱਲ ਕਰਦਿਆਂ ਹੀ ਉਸ ਨੂੰ ਵਿਚੇ ਹੋਰ ਕਾਲ ਆ ਗਈ। ਉਸ ਦਾ ਟਿਕਾਣਾ ਨੇੜੇ ਆ ਰਿਹਾ ਸੀ, ਪਰ ਉਸ ਦਾ ਫੋਨ ਬੰਦ ਨਹੀਂ ਸੀ ਹੋ ਰਿਹਾ। ਮੈਨੂੰ ਇਹ ਸਮਾਂ ਅਜਾਈਂ ਜਾਂਦਾ ਲੱਗ ਰਿਹਾ ਸੀ। ਟਿਕਾਣੇ 'ਤੇ ਪਹੁੰਚ ਕੇ ਜਦ ਉਸ ਨੇ ਫੋਨ ਕੰਨ ਨਾਲੋਂ ਲਾਹਿਆ ਤਾਂ ਮੈਂ ਕਿਹਾ, "ਤੁਸੀਂ ਮੇਰੇ ਐਚ. ਐਸ. ਟੀ. ਵਾਲੇ ਸਵਾਲ ਦਾ ਜਵਾਬ ਤਾਂ ਦਿੱਤਾ ਨ੍ਹੀਂ।"



ਉੱਜਲ ਦੁਸਾਂਝ

"ਓ, ਆਈ ਐਮ ਸੌਰੀ। ਕੁਝ ਇੰਪੋਰਟੈਂਟ ਟੈਲੀਫੋਨ ਆ ਗਏ। ਤੁਸੀਂ ਕਦੇ ਫਿਰ ਸਮਾਂ ਕੱਢ ਕੇ ਮਿਲ ਲਿਓ।" ਉਸ ਨੇ ਕਿਹਾ। ਫਿਰ ਪੂਰਾ ਕਿਰਾਇਆ ਦਿੰਦਿਆਂ ਬੋਲਿਆ, "ਮੈਨੂੰ ਪਤੈ ਐਨੇ ਕੁ ਚੱਲ ਜਾਂਦੇ ਆ। ਮੈਂ ਆਮ ਹੀ ਟੈਕਸੀ ਲੈਨਾ ਉਥੋਂ।" ਮੀਟਰ ਲੇਟ ਚਲਾਇਆ ਹੋਣ ਕਰ ਕੇ ਉਸ ਉਪਰ ਘੱਟ ਭਾੜਾ ਬਣਿਆ ਸੀ। ਪੂਰਾ ਕਿਰਾਇਆ ਲੈ ਕੇ ਵੀ ਮੈਨੂੰ ਕੋਈ ਖੁਸ਼ੀ ਨਾ ਹੋਈ।

ਇਸ ਬਾਰੇ ਮੈਂ ਕਾਫੀ ਦੇਰ ਸੋਚਦਾ ਰਿਹਾ। ਕੁਝ ਸਮੇਂ ਬਾਅਦ ਮੈਨੂੰ ਖਿਆਲ ਆਇਆ ਕਿ ਟੈਕਸੀ ਚਾਲਕ ਵਜੋਂ ਸਵਾਰੀ ਕੋਲ ਆਪਣੇ ਨਿੱਜੀ ਗਿਲੇ-ਸ਼ਿਕਵੇ ਕਰਨੇ ਜਾਇਜ਼ ਹਨ? ਮੈਨੂੰ ਕੁਝ ਹਫਤੇ ਪਹਿਲਾਂ ਪੜ੍ਹੀ ਪੀਟਰ ਮਕਸ਼ੈਰੀ ਦੀ ਕਿਤਾਬ 'ਮੀਨ ਸਟਰੀਟਸ: ਕਨਫੈਸ਼ਨਸ ਆਫ ਏ ਨਾਈਟ ਟਾਈਮ ਟੈਕਸੀ ਡਰਾਈਵਰ' ਯਾਦ ਆਈ। ਉਸ ਵਿਚ ਲੇਖਕ ਨੇ ਕਿਹਾ ਹੈ ਕਿ ਟੈਕਸੀ ਡਰਾਈਵਰ ਨੂੰ ਮਸ਼ਹੂਰ ਹਸਤੀਆਂ ਨੂੰ ਸਵਾਰੀ ਵਜੋਂ ਬਣਦੀ ਸਰਵਿਸ ਦੇਣੀ ਚਾਹੀਦੀ ਹੈ, ਨਾ ਕਿ ਉਨ੍ਹਾਂ ਪ੍ਰਤੀ ਆਪਣੇ ਗਿਲੇ ਜ਼ਾਹਰ ਕਰਨੇ ਚਾਹੀਦੇ ਹਨ। ਮੈਨੂੰ ਲੇਖਕ ਦੀ ਇਹ ਗੱਲ ਚੰਗੀ ਲੱਗੀ। ਮੈਂ ਸੋਚਣ ਲੱਗਾ ਕਿ ਉਜਲ ਦੁਸਾਂਝ ਨੇ ਇਸ ਰਾਈਡ ਦੀ ਕੀਮਤ ਤਾਰਨੀ ਸੀ, ਫਿਰ ਕੀ ਉਸ ਦਾ ਹੱਕ ਨਹੀਂ ਕਿ ਇਸ ਬਦਲੇ ਉਹ ਚੰਗੇ ਤੇ ਖੁਸ਼ਗਵਾਰ ਮਾਹੌਲ ਵਿਚ ਸਫਰ ਕਰਦਾ। ਮੈਂ ਬਾਕੀ ਸਵਾਰੀਆਂ ਨੂੰ ਖੁਸ਼ ਰੱਖਣ ਲਈ ਵੀ ਤਾਂ ਉਹੋ ਜਿਹੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ ਹਾਂ ਜਿਸ ਨਾਲ ਉਨ੍ਹਾਂ ਦਾ ਟੈਕਸੀ ਵਿਚਲਾ ਸਫਰ ਚੰਗਾ ਹੋਵੇ। ਜੇ ਉਹ ਫੋਨ ਵਗੈਰਾ 'ਤੇ ਰੁੱਝੇ ਹੋਣ ਤਾਂ ਮੈਂ ਚੁੱਪ ਕਰ ਜਾਂਦਾ ਹਾਂ। ਤੇ ਫਿਰ ਮੈਂ ਰਾਜਨੀਤੀਵਾਨ ਤੋਂ ਕਿਉਂ ਆਸ ਰੱਖੀ ਕਿ ਉਹ ਮੇਰੇ ਸਵਾਲਾਂ ਦਾ ਜ਼ਰੂਰ ਹੀ ਜਵਾਬ ਦੇਵੇ? ਉਸ ਨੇ ਸਵਾਰੀ ਵਜੋਂ ਮੇਰੇ ਕੀ ਮਾਂਹ ਮਾਰੇ ਸਨ?

## ਪਿਛਲੇ ਪੰਨੇ

# ਸਾਹਿਰ ਅਤੇ ਜਾਦੂ

ਇਹ ਸਾਹਿਰ ਦੀ ਮੱਈਅਤ ਉਠਣ ਤੋਂ ਪਹਿਲਾਂ ਦੀ ਗੱਲ ਹੈ। ਮੈਂ ਗੱਲ ਜਾਦੂ ਦੀ ਕਰ ਰਿਹਾ ਹਾਂ ਅਤੇ ਜ਼ਿਕਰ ਸਾਹਿਰ ਲੁਧਿਆਣਵੀ ਦਾ ਹੈ। ਜਾਦੂ ਅਤੇ ਸਾਹਿਰ ਦਾ ਰਿਸ਼ਤਾ ਬੜਾ ਅਜੀਬ ਸੀ। ਜਾਦੂ ਜਾਵੇਦ ਅਖ਼ਤਰ ਦਾ ਨਿਕ ਨਾਂ ਹੈ, ਲਾਡ ਦਾ ਨਾਂ। ਮਿਜਾਜ ਸ਼ਾਇਰਾਨਾ ਵੀ ਹੈ, ਬਾਗ਼ੀਆਨਾ ਵੀ...ਪੂਰਾ ਕੋਠਾ ਹੀ ਅਜਿਹਾ ਹੈ। ਬਾਪ ਜਾਂ ਨਿਸਾਰ ਅਖ਼ਤਰ। ਮਾਮਾ ਮਿਜਾਜ਼ ਅਤੇ ਹੁਣ ਸਹੁਰਾ ਕੈਫ਼ੀ ਆਜ਼ਮੀ।

ਉਸ ਨੇ ਬਾਪ ਦੀ ਇੱਜ਼ਤ ਤਾਂ ਕਦੇ ਕੀਤੀ ਨਹੀਂ। ਕੋਈ ਗੁੱਸਾ ਸੀ। ਨਾਰਾਜ਼ਗੀ ਸੀ, ਜਿਹੜੀ ਜਾਦੂ ਦੀ ਰਗ-ਰਗ ਵਿਚ ਭਰੀ ਹੋਈ ਸੀ। ਆਪਣੇ ਬਾਪ ਦੇ ਖਿਲਾਫ਼। ਮਾਂ ਦੇ ਜਿਉਂਦੇ ਜੀਅ ਤਾਂ

ਮੂਲ: ਗੁਲਜ਼ਾਰ
ਅਨੁਵਾਦ: ਭਜਨਬੀਰ ਸਿੰਘ
ਫੋਨ:91-98556-75724

ਬਰਦਾਸ਼ਤ ਵੀ ਕਰ ਲੈਂਦਾ ਸੀ ਪਰ ਉਸ ਦੇ ਗੁਜ਼ਰ ਜਾਣ ਪਿਛੋਂ ਗੱਲ-ਗੱਲ 'ਤੇ ਘਰੋਂ ਨਿਕਲ ਜਾਂਦਾ ਅਤੇ ਸਿੱਧਾ ਸਾਹਿਰ ਕੋਲ ਜਾ ਪਹੁੰਚਦਾ। ਉਸ ਦੀ ਸ਼ਕਲ ਦੇਖਦਿਆਂ ਹੀ ਸਾਹਿਰ ਵੀ ਸਮਝ ਜਾਂਦੇ ਸਨ ਕਿ ਫ਼ਿਰ ਬਾਪ ਨਾਲ ਝਗੜਾ ਕਰਕੇ ਆਇਆ ਹੈ। ਪਰ ਉਹ ਇਸ ਗੱਲ ਦਾ ਬਿਲਕੁਲ ਵੀ ਜ਼ਿਕਰ ਨਾ ਕਰਦੇ। ਜਾਣਦੇ ਸਨ ਪਹਿਲਾਂ ਤਾਂ ਜਾਦੂ ਭੜਕ ਪਵੇਗਾ ਅਤੇ ਫਿਰ ਰੋ ਪਵੇਗਾ। ਦੋਵਾਂ ਹਾਲਤਾਂ ਵਿਚ ਉਸ ਨੂੰ ਸੰਭਾਲਣਾ ਮੁਸ਼ਕਲ ਸੀ।

ਥੋੜ੍ਹੀ ਦੇਰ ਬਾਅਦ ਕਹਿੰਦੇ, "ਜਾਦੂ ਚੱਲ ਆ, ਰੋਟੀ ਖਾਈਏ।"

ਅਤੇ ਰੋਟੀ ਖਾਂਦਿਆਂ ਜਾਦੂ ਖੁਦ ਹੀ ਬੋਲ-ਬਾਲ ਕੇ ਭੜਾਸ ਕੱਢ ਲੈਂਦਾ ਅਤੇ ਵਿਲਕਦਾ ਹੋਇਆ ਉਹ ਦਿਨ ਉਥੇ ਹੀ ਕੱਢ ਦਿੰਦਾ। ਪਰ ਕਦੇ-ਕਦੇ ਇੰਜ ਵੀ ਹੁੰਦਾ ਕਿ ਸਾਹਿਰ ਉਸ ਨੂੰ ਦੱਸ ਦਿੰਦੇ, "ਅਖ਼ਤਰ ਆ ਰਿਹਾ ਹੈ। ਦੁਪਹਿਰ ਦੇ ਖਾਣੇ 'ਤੇ।"

ਜਾਦੂ ਨਜ਼ਰ ਚੁੱਕ ਕੇ ਦੇਖਦਾ ਕਿ ਇੱਥੇ ਵੀ ਚੈਨ ਨਹੀਂ। ਉਸ ਦਾ ਵੱਸ ਚੱਲਦਾ ਤਾਂ ਸਾਹਿਰ ਦੇ ਸਾਹਮਣੇ ਕਹਿ ਦਿੰਦਾ, "ਇਹ ਬਾਪ, ਹਰ ਥਾਂ! ਹਰ ਵੇਲੇ ਕਿਉਂ?"

ਜਾਦੂ ਬੇਟਾ ਜਾਂ ਨਿਸਾਰ ਅਖ਼ਤਰ ਦਾ ਸੀ ਪਰ ਉਸ ਦਾ ਸੁਭਾ ਆਪਣੇ ਮਾਮੇ ਮਜਾਜ 'ਤੇ ਸੀ। ਬਹੁਤ ਜਜ਼ਬਾਤੀ ਅਤੇ ਬਹੁਤ ਗੁੱਸੇਖੋਰ...ਸਾਹਿਰ ਨੇ ਉਸ ਨੂੰ ਪੁੱਤਰ ਵਾਂਗ ਪਾਲਿਆ ਅਤੇ ਦੋਸਤ ਵਾਂਗ ਸੰਭਾਲਿਆ। ਸਾਹਿਰ ਕਹਿੰਦੇ, "ਜਾਦੂ 'ਏਰੋਜ਼' ਵਿਚ ਬਹੁਤ ਚੰਗੀ ਫ਼ਿਲਮ ਲੱਗੀ ਹੈ ਯਾਰ। ਉਹ ਕੀ ਨਾਂ ਹੈ ਉਸਦਾ...ਜਾ ਕੇ ਦੇਖ ਆ...।"

ਅਤੇ ਇਸ ਤਰ੍ਹਾਂ ਉਹ ਬਾਪ ਬੇਟੇ ਦਾ ਸਾਹਮਣਾ ਹੋਣ ਤੋਂ ਬਚਾ ਦਿੰਦੇ। ਬੜਾ ਅਨੋਖਾ ਰਿਸ਼ਤਾ ਸੀ, ਸਾਹਿਰ ਅਤੇ ਜਾਦੂ ਦਾ। ਅਤੇ ਇਕ ਦਿਨ ਉਹ ਸਾਹਿਰ ਦੇ ਘਰੋਂ ਵੀ ਨਿਕਲ ਗਿਆ।

"ਤੁਸੀਂ ਮੇਰੇ ਬਾਪ ਨੂੰ ਜ਼ਿਆਦਾ ਹੀ ਸਿਰ ਚੜ੍ਹਾਇਆ ਹੋਇਆ ਹੈ।"

ਸਾਹਿਰ ਹੱਸ ਪਏ ਤਾਂ ਜਾਦੂ ਬੋਲਿਆ, "ਮੇਰਾ ਬਾਪ ਵੀ ਮੇਰੇ ਤੇ ਇੰਜ ਹੀ ਹੱਸਦਾ ਹੈ। ਮੈਨੂੰ ਕੋਈ ਨਹੀਂ ਚਾਹੀਦਾ। ਨਾ ਉਹ ਨਾ ਤੁਸੀਂ। ਅਤੇ ਲੜ ਕੇ ਘਰੋਂ ਨਿਕਲ ਗਿਆ।"

ਕੁਝ ਦਿਨ ਗਾਇਬ ਰਿਹਾ। ਖ਼ੁਦਦਾਰੀ ਬਹੁਤ ਸੀ। ਨੱਕ ਬਹੁਤ ਉਚਾ ਸੀ ਅਤੇ ਮਿਜਾਜ਼ ਉਸ ਤੋਂ ਵੀ ਉਚਾ। ਪਤਾ ਨਹੀਂ ਕਿੱਥੇ ਸੁੱਤਾ! ਕੀ ਖਾਧਾ!

ਕਮਾਲ ਸਾਹਿਬ, ਕਮਾਲ ਅਮਰੋਹੀ ਦੇ ਪ੍ਰੋਡਕਸ਼ਨ ਮੈਨੇਜਰ ਨਾਲ ਦੋਸਤੀ ਸੀ। ਉਸ ਦੇ ਨਾਲ ਹੀ ਸ਼ਾਮ ਲੰਘਾ ਦਿੰਦਾ ਅਤੇ ਰਾਤ ਨੂੰ ਉਥੇ ਹੀ ਸਟੂਡੀਓ ਵਿਚ, ਪ੍ਰੋਡਕਸ਼ਨ ਸਟੋਰ ਵਿਚ ਸੌਂ ਜਾਂਦਾ। ਉਸ ਸਟੋਰ ਵਿਚ ਜਿੱਥੇ ਹਰ ਤਰ੍ਹਾਂ ਦਾ ਪ੍ਰੋਡਕਸ਼ਨ ਦਾ ਸਮਾਨ ਭਰਿਆ ਪਿਆ ਸੀ। ਮੀਨਾ ਕੁਮਾਰੀ ਦੀਆਂ ਫ਼ਿਲਮ ਫ਼ੇਅਰ ਦੀਆਂ ਦੋ ਟ੍ਰਾਫ਼ੀਆਂ ਵੀ ਉਥੇ ਪਈਆਂ ਸਨ। ਉਹ ਇੱਕ ਆਦਮ ਕੱਦ ਸ਼ੀਸ਼ੇ ਦੇ ਸਾਹਮਣੇ ਖੜ੍ਹਾ ਹੋ ਕੇ, ਖੁਦ ਨੂੰ ਟ੍ਰਾਫ਼ੀ ਪੇਸ਼ ਕਰਦਾ, ਫ਼ਿਰ ਇਹ ਟ੍ਰਾਫ਼ੀ ਰਿਸੀਵ ਕਰਦਾ, ਫ਼ਿਰ ਹਾਜ਼ਰੀਨ ਵੱਲੋਂ ਤਾੜੀਆਂ ਵੀ ਵਜਾਉਂਦਾ ਅਤੇ ਫਿਰ ਝੁਕ ਕੇ ਲੋਕਾਂ ਦਾ ਸ਼ੁਕਰੀਆ ਕਰਦਾ। ਇਹ ਘਟਨਾ ਜਾਦੂ ਨੇ ਇੱਕ ਇੰਟਰਵਿਊ ਵਿਚ ਦੱਸੀ ਸੀ ਕਿ ਉਹ ਤਕਰੀਬਨ ਹਰ ਰੋਜ਼ ਸੌਣ ਤੋਂ ਪਹਿਲਾਂ ਇਹੀ ਰੀਹਰਸਲ ਕਰਦਾ ਸੀ। ਕਈ ਦਿਨ ਉਸ ਨੇ ਸਟੂਡੀਓ ਵਿਚ ਲੰਘਾਏ।

ਫ਼ਿਰ ਜਦ ਸਾਹਿਰ ਦੇ ਘਰ ਨਜ਼ਰ ਆਇਆ ਤਾਂ ਮੂੰਹ ਉਤਰਿਆ ਹੋਇਆ ਸੀ। ਸਾਹਿਰ ਨੇ ਲਾਡ ਨਾਲ ਬੁਲਾਇਆ ਪਰ ਜਾਦੂ ਦਾ ਗੁੱਸਾ ਅਜੇ ਉਤਰਿਆ ਨਹੀਂ ਸੀ।

"ਸਿਰਫ਼ ਨਹਾਉਣ ਲਈ ਤੁਹਾਡਾ ਬਾਥਰੂਮ ਅਤੇ ਸਾਬਣ ਵਰਤਣਾ ਚਾਹੁੰਦਾ ਹਾਂ।"

"... ... ..."

"ਜੇ ਤੁਹਾਨੂੰ ਬੁਰਾ ਨਾ ਲੱਗੇ ਤਾਂ..."

'ਜ਼ਰੂਰ' ਸਾਹਿਰ ਨੇ ਇਜਾਜ਼ਤ ਦਿੱਤੀ ਫ਼ਿਰ ਕਿਹਾ, "ਕੁਝ ਖਾ ਲੈ।"

"ਖਾ ਲਵਾਂਗਾ ਕਿਤੇ ਵੀ। ਤੁਹਾਡੇ ਇੱਥੇ ਨਹੀਂ ਖਾਣਾ ਮੈਂ।"

ਜਦ ਨਹਾ ਕੇ ਆਇਆ ਤਾਂ ਸਾਹਿਰ ਡਰੈਸਿੰਗ ਟੇਬਲ ਤੇ ਸੌ ਦਾ ਨੋਟ ਰੱਖ ਕੇ ਲਗਾਤਾਰ ਆਪਣੇ ਵਾਲਾਂ ਵਿਚ ਕੰਘੀ ਫ਼ੇਰ ਰਹੇ ਸਨ ਅਤੇ ਸ਼ਬਦ ਲੱਭ ਰਹੇ ਸਨ ਕਿ ਜਾਵੇਦ ਨੂੰ ਸੌ ਰੁਪਏ ਲੈਣ ਲਈ ਕਿਵੇਂ ਕਿਹਾ ਜਾਵੇ। ਜਾਵੇਦ ਦੀ ਖ਼ੁਦਦਾਰੀ ਤੋਂ ਡਰਦੇ ਵੀ ਸਨ, ਇੱਜ਼ਤ ਵੀ ਕਰਦੇ ਸਨ। ਆਖਰ ਡਰਦਿਆਂ ਡਰਦਿਆਂ ਕਹਿ ਦਿੱਤਾ,

"ਜਾਦੂ ਇਹ ਸੌ ਰੁਪਏ ਰੱਖ ਲੈ, ਮੈਂ ਤੇਰੇ ਕੋਲੋਂ ਲੈ ਲਵਾਂਗਾ।"

ਸੌ ਰੁਪਏ ਉਸ ਸਮੇਂ ਬਹੁਤ ਵੱਡੀ ਰਕਮ ਹੁੰਦੀ ਸੀ। ਸੌ ਰੁਪਏ ਦਾ ਨੋਟ ਤੁੜਵਾਉਣ ਲਈ ਲੋਕ ਬੈਂਕ ਜਾਂਦੇ ਸਨ, ਜਾਂ ਪੈਟਰੋਲ ਪੰਪ।

ਜਾਦੂ ਨੇ ਇੰਜ ਨੋਟ ਲਿਆ ਜਿਵੇਂ ਸਾਹਿਰ



ਸਾਹਿਰ ਲੁਧਿਆਣਵੀ

'ਤੇ ਅਹਿਸਾਨ ਕਰ ਰਿਹਾ ਹੋਵੇ, "ਲੈ ਲੈਂਦਾ ਹਾਂ। ਮੋੜ ਦਿਆਂਗਾ, ਜਿਸ ਦਿਨ ਤਨਖ਼ਾਹ ਮਿਲੇਗੀ।"

ਜਾਵੇਦ ਸ਼ੰਕਰ ਮੁਕਰਜੀ ਨਾਲ ਅਸਿਸਟੈਂਟ ਲੱਗ ਗਿਆ ਸੀ, ਜਿੱਥੇ ਉਸ ਦੀ ਮੁਲਾਕਾਤ ਸਲੀਮ ਖਾਨ ਨਾਲ ਹੋਈ ਸੀ। ਬਹੁਤ ਕਮਾਇਆ ਉਸ ਨੇ। ਸ਼ਰਾਬ ਮਾਮੇ ਵਾਂਗ ਪੀਂਦਾ ਸੀ ਅਤੇ ਪੀ ਕੇ ਬਾਪ ਤੇ ਭੜਾਸ ਕਢਦਾ ਸੀ, ਸਾਹਿਰ ਦੇ ਅੰਦਾਜ਼ ਵਿਚ। ਪਰ ਉਹ ਸੌ ਰੁਪਏ ਉਸ ਨੇ ਕਦੇ ਵਾਪਸ ਨਾ ਕੀਤੇ। ਹਜ਼ਾਰਾਂ ਕਮਾਏ, ਫ਼ਿਰ ਲੱਖਾਂ ਵੀ ਆਏ, ਪਰ ਹਮੇਸ਼ਾ ਇਹੀ ਕਿਹਾ ਸਾਹਿਰ ਨੂੰ:

"ਤੁਹਾਡਾ ਸੌ ਰੁਪਇਆ ਤਾਂ ਮੈਂ ਖਾ ਗਿਆ।"

ਅਤੇ ਸਾਹਿਰ ਵੀ ਹਮੇਸ਼ਾ ਇਹੀ ਕਹਿੰਦੇ, "ਉਹ ਤਾਂ ਮੈਂ ਤੇਰੇ ਕੋਲੋਂ ਕਢਵਾ ਲਵਾਂਗਾ ਪੁੱਤਰਾ...।"

ਇਹ ਨੋਕ-ਝੋਕ ਸਾਹਿਰ ਅਤੇ ਜਾਦੂ ਵਿਚ ਆਖ਼ਰੀ ਦਿਨਾਂ ਤੱਕ ਚਲਦੀ ਰਹੀ ਅਤੇ ਦੋਸਤੀ ਬਦਸਤੂਰ ਕਾਇਮ ਰਹੀ। ਸਾਹਿਰ ਦੇ ਬਹੁਤ ਜ਼ਿਆਦਾ ਦੋਸਤ ਤਾਂ ਨਹੀਂ ਸਨ, ਉਹ ਦੋਸਤਾਂ ਦੇ ਦੋਸਤ ਸਨ ਅਤੇ ਸ਼ਾਮ ਨੂੰ ਸ਼ਰਾਬ ਪੀ ਕੇ ਬਹੁਤ ਲੋਕਾਂ ਦੀ ਐਸੀ-ਤੈਸੀ ਕਰ ਦਿੰਦੇ ਸਨ। ਉਨ੍ਹੀਂ ਦਿਨੀਂ ਕ੍ਰਿਸ਼ਨ ਚੰਦਰ ਵਾਲੇ ਮਕਾਨ ਵਿਚ ਰਹਿੰਦੇ ਸਨ, ਉਨ੍ਹਾਂ ਦੇ ਪੁਰਾਣੇ ਦੋਸਤ ਓਮ ਪ੍ਰਕਾਸ਼ ਅਸ਼ਕ ਸਾਲਾਂ ਬੱਧੀ ਉਨ੍ਹਾਂ ਦੇ ਨਾਲ ਰਹੇ। ਇੱਕ ਵਾਰ ਮੇਰੇ ਸਾਹਮਣੇ ਹੀ ਅਸ਼ਕ ਸਾਹਿਬ ਨੇ ਪੰਜਾਬੀ ਵਿਚ ਕਿਹਾ ਸੀ, 'ਸਾਹਿਰ, ਸ਼ਰਾਬ ਪੀਣ ਤੋਂ ਬਾਅਦ ਤੂੰ ਗਾਲੀ ਗਲੋਚ 'ਤੇ ਕਿਉਂ ਉਤਰ ਆਉਂਦੈਂ?"

ਸਾਹਿਰ ਨੇ ਪੰਜਾਬੀ ਵਿਚ ਹੀ ਜਵਾਬ ਦਿੱਤਾ, "ਸ਼ਰਾਬ ਨਾਲ ਨਮਕੀਨ ਵੀ ਤਾਂ ਚਾਹੀਦਾ ਹੈ ਨਾ ਯਾਰ!"

ਸਾਹਿਰ ਦੇ ਦੋਸਤਾਂ ਵਿਚ ਇੱਕ ਡਾਕਟਰ ਕਪੂਰ ਵੀ ਸਨ, ਜਿਹੜੇ ਖੁਦ ਦਿਲ ਦੇ ਮਰੀਜ਼ ਸਨ ਪਰ ਸਾਹਿਰ ਦੇ ਡਾਕਟਰ। ਸਾਹਿਰ ਕਹਿੰਦੇ ਹੁੰਦੇ ਸਨ, "ਕਪੂਰ, ਮੈਂ ਦੇਖਣ ਆਵਾਂ ਤੈਨੂੰ ਜਾਂ ਖੁਦ ਨੂੰ ਦਿਖਾਉਣ ਆਵਾਂ?"

ਉਸ ਸ਼ਾਮ...ਉਸ ਆਖ਼ਰੀ ਸ਼ਾਮ ਵੀ ਇਹੀ ਹੋਇਆ। ਇੰਨੇ ਸਾਲਾਂ ਵਿਚ ਸਾਹਿਰ ਆਪਣਾ ਮਕਾਨ ਬਣਾ ਚੁੱਕੇ ਸਨ, 'ਪਰਛਾਈਆਂ'। ਡਾ. ਕਪੂਰ ਵਰਸੋਵਾ ਦੇ ਇੱਕ ਬੰਗਲੇ ਵਿਚ ਸ਼ਿਫ਼ਟ ਹੋ ਗਏ ਸਨ। ਜਾਦੂ ਇੱਕ ਬਹੁਤ ਕਾਮਯਾਬ ਰਾਈਟਰ ਬਣ ਚੁੱਕਾ ਸੀ। ਉਸ ਸ਼ਾਮ ਸਾਹਿਰ ਡਾ. ਕਪੂਰ ਨੂੰ ਦੇਖਣ ਗਏ ਸਨ। ਖ਼ਬਰ ਮਿਲੀ ਸੀ, ਉਨ੍ਹਾਂ ਦੀ ਤਬੀਅਤ ਠੀਕ ਨਹੀਂ। ਹਾਰਟ ਸਪੈਸ਼ਲਿਸਟ ਡਾ. ਸੇਠ ਉਨ੍ਹਾਂ ਨੂੰ ਦੇਖਣ ਆ ਰਹੇ ਸਨ। ਸ਼ਾਇਦ ਰਾਮਾਨੰਦ ਸਾਗਰ ਵੀ ਉਥੇ ਸਨ ਜਾਂ ਬਾਅਦ ਵਿਚ ਆਏ। ਸਾਹਿਰ ਨੇ ਕਪੂਰ ਦਾ ਦਿਲ ਬਹਿਲਾਉਣ ਲਈ ਤਾਸ਼ ਮੰਗਵਾਈ ਅਤੇ ਉਨ੍ਹਾਂ ਦੇ ਬਿਸਤਰੇ 'ਤੇ ਬੈਠ ਕੇ ਹੀ ਖੇਡਣ ਲੱਗੇ। ਪੱਤੇ ਵੰਡਦਿਆਂ ਅਚਾਨਕ ਡਾਕਟਰ ਕਪੂਰ ਨੇ ਦੇਖਿਆ, ਸਾਹਿਰ ਦਾ ਚਿਹਰਾ ਸਖ਼ਤ ਹੁੰਦਾ ਜਾ ਰਿਹਾ ਸੀ। ਸ਼ਾਇਦ ਉਹ ਦਰਦ ਦਬਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਕਪੂਰ ਨੇ ਬੁਲਾਇਆ, "ਸਾਹਿਰ!"

ਅਤੇ ਨਾਲ ਹੀ ਸਾਹਿਰ ਬਿਸਤਰੇ ਤੇ ਲੁੜਕ ਗਏ। ਡਾ. ਸੇਠ ਦਾਖ਼ਲ ਹੋਏ। ਬਹੁਤ ਕੋਸ਼ਿਸ਼ ਕੀਤੀ ਦਿਲ ਬਹਾਲ ਕਰਨ ਦੀ। ਪਰ ਸਾਹਿਰ ਜਾ ਚੁੱਕੇ ਸਨ। ਡਾ. ਕਪੂਰ ਦੀ ਘਬਰਾਹਟ ਦੇਖ ਕੇ ਰਾਮਾਨੰਦ ਸਾਗਰ ਤੁਰੰਤ ਉਨ੍ਹਾਂ ਨੂੰ ਆਪਣੇ ਘਰ ਲੈ ਗਏ।

ਸਾਹਿਰ ਦਾ ਡਰਾਈਵਰ ਅਨਵਰ ਭੱਜਾ ਆਇਆ। ਉਸ ਨੇ ਲਾਸ਼ ਸੰਭਾਲ ਲਈ। ਯਸ਼ ਚੋਪੜਾ ਉਨ੍ਹਾਂ ਦੇ ਬਹੁਤ ਨੇੜਲੇ ਸਨ। ਉਨ੍ਹਾਂ ਕੋਲ ਖ਼ਬਰ ਭੇਜੀ ਤਾਂ ਉਹ ਸ੍ਰੀਨਗਰ ਗਏ ਹੋਏ ਸਨ। ਇਸ ਪਿੱਛੋਂ ਜਾਦੂ ਨੂੰ ਖ਼ਬਰ ਦਿੱਤੀ ਗਈ। ਡਰਾਈਵਰ ਨਹੀਂ ਸੀ, ਉਹ ਟੈਕਸੀ ਲੈ ਕੇ ਪਹੁੰਚਿਆ ਅਤੇ ਇਸ ਟੈਕਸੀ ਵਿਚ ਜਾਦੂ, ਸਾਹਿਰ ਨੂੰ ਉਨ੍ਹਾਂ ਦੇ ਘਰ 'ਪਰਛਾਈਆਂ' ਲੈ ਗਿਆ। ਅਨਵਰ ਅਤੇ ਟੈਕਸੀ ਵਾਲੇ ਦੀ ਮਦਦ ਨਾਲ ਉਨ੍ਹਾਂ ਨੂੰ ਉਪਰ ਲੈ ਗਏ। ਫ਼ਸਟ ਫ਼ਲੋਰ 'ਤੇ, ਜਿੱਥੇ ਉਹ ਰਹਿੰਦੇ ਸਨ।

ਜਾਦੂ ਕਿਸੇ ਸੰਨਾਟੇ ਵਿਚ ਸੀ। ਪਰ ਘਰ ਪਹੁੰਚ ਕੇ ਉਨ੍ਹਾਂ ਦੇ ਗਲੇ ਲਗ ਕੇ ਜਿਵੇਂ ਰੋਇਆ, ਜ਼ਿੰਦਗੀ ਵਿਚ ਕਦੇ ਨਹੀਂ ਰੋਇਆ ਸੀ। ਉਸ ਵੇਲੇ ਰਾਤ ਦਾ ਇੱਕ ਵੱਜਿਆ ਹੋਵੇਗਾ, ਕਿੱਥੇ ਜਾਵੇ? ਕਿਸ ਨੂੰ ਬੁਲਾਵੇ? ਕੁਝ ਨਹੀਂ ਕੀਤਾ ਜਾਦੂ ਨੇ। ਇਕੱਲਾ ਬੈਠਾ ਰਿਹਾ ਉਨ੍ਹਾਂ ਦੇ ਕੋਲ, ਆਂਢੀ-ਗੁਆਂਢੀ ਪਹੁੰਚ ਗਏ ਸਨ। ਇੱਕ ਗੁਆਂਢੀ ਨੇ ਕਿਹਾ, 'ਥੋੜ੍ਹੀ ਦੇਰ ਵਿਚ ਲਾਸ਼ ਆਕੜਨ ਲੱਗੇਗੀ। ਦੋਵੇਂ ਹੱਥ ਸੀਨੇ ਤੇ ਲਿਜਾ ਕੇ ਬੰਨ੍ਹ ਦਿਓ। ਬਾਅਦ ਵਿਚ ਮੁਸ਼ਕਲ ਹੋਵੇਗੀ। ਜਾਦੂ ਰੋਂਦਾ ਰਿਹਾ ਅਤੇ ਉਹ ਸਭ ਕਰਦਾ ਰਿਹਾ ਜੋ ਲੋਕ ਦੱਸਦੇ ਰਹੇ।

ਫ਼ਿਰ ਸਵੇਰ ਹੁੰਦਿਆਂ ਲੋਕਾਂ ਨੂੰ ਫ਼ੋਨ ਕਰਨੇ ਸ਼ੁਰੂ ਕੀਤੇ। ਜਿਵੇਂ-ਜਿਵੇਂ ਖ਼ਬਰ ਫ਼ੈਲਦੀ ਗਈ, ਲੋਕ ਆਉਣੇ ਸ਼ੁਰੂ ਹੋਏ। ਬੈਠਣ ਲਈ ਚਾਦਰਾਂ ਕੱਢੋ। ਇੱਧਰੋਂ ਕੁਰਸੀਆਂ ਚੁੱਕ ਦਿਓ। ਉਧਰਲਾ ਬੂਹਾ ਖੋਲ੍ਹ ਦਿਓ। ਬੱਚਿਆਂ ਵਾਂਗੂੰ, ਜਾਦੂ ਦੇ ਹੰਝੂ ਵਹਿ ਰਹੇ ਸਨ ਤੇ ਉਹ ਇਹ ਕੰਮ ਕਰ ਰਿਹਾ ਸੀ। ਮੱਈਅਤ ਦੇ ਪ੍ਰਬੰਧ ਲਈ ਹੇਠਾਂ ਆਇਆਂ ਤਾਂ ਦੇਖਿਆ, ਟੈਕਸੀ ਵਾਲਾ ਉਥੇ ਹੀ ਖੜ੍ਹਾ ਹੈ।

"ਉਫ਼! ਦੱਸਿਆ ਕਿਉਂ ਨਹੀਂ? ਕਿੰਨੇ ਪੈਸੇ ਹੋਏ ਤੇਰੇ?"

ਉਹ ਕੋਈ ਬਹੁਤ ਚੰਗਾ ਇਨਸਾਨ ਸੀ। ਝੱਟ ਹੱਥ ਜੋੜ ਦਿੱਤੇ।

"ਮੈਂ ਸਾਹਿਬ...ਨਹੀਂ ਪੈਸਿਆਂ ਲਈ ਨਹੀਂ ਰੁਕਿਆ। ਇਸ ਪਿੱਛੋਂ ਮੈਂ ਕਿੱਥੇ ਜਾਂਦਾ ਰਾਤ ਨੂੰ?"

ਜਾਦੂ ਨੇ ਜੇਬ੍ਹ 'ਚੋਂ ਬਟੂਆ ਕੱਢਿਆ।

ਟੈਕਸੀ ਵਾਲਾ ਫ਼ਿਰ ਬੋਲਿਆ, "ਨਹੀਂ ਸਾਹਿਬ, ਰਹਿਣ ਦਿਉ ਸਾਹਿਬ।"

ਜਾਦੂ ਤਕਰੀਬਨ ਚੀਕ ਕੇ ਬੋਲਿਆ, "ਇਹ ਲੈ ਰੱਖ ਲੈ ਸੌ ਰੁਪਏ। ਮਰ ਕੇ ਵੀ ਕਢਵਾ ਲਏ ਰੁਪਏ ਆਪਣੇ...।"

ਅਤੇ ਫੁੱਟ-ਫੁੱਟ ਕੇ ਰੋ ਪਿਆ।

ਇਹ ਸਾਹਿਰ ਦਾ ਜਨਾਜ਼ਾ ਉਠਣ ਤੋਂ ਪਹਿਲਾਂ ਦੀ ਗੱਲ ਹੈ।

## ਕਹਾਣੀ

# ਚਟਣੀ

ਬਹੁਤ ਦਿਨਾਂ ਦੀ ਮਿਹਨਤ ਮਗਰੋਂ ਵਾਰ ਵਾਰ ਕੱਟ-ਵੱਢ ਕਰ ਕੇ ਮਸਾਂ ਸਿਰੇ ਚੜ੍ਹਾਈ ਆਪਣੀ ਇੱਕ ਰਚਨਾ ਵਖ ਵਖ ਮੈਗਜ਼ੀਨਾਂ ਨੂੰ ਭੇਜਣ ਲਈ ਕੁੱਝ ਲਿਫਾਫਿਆਂ 'ਤੇ ਸਿਰਨਾਂਵੇਂ ਲਿਖ ਕੇ ਹਾਲੇ ਉਹ ਲਾਲ ਡੱਬੇ ਦੇ ਹਵਾਲੇ ਕਰਨ ਦੀ ਤਿਆਰੀ ਕਰ ਹੀ ਰਿਹਾ ਸੀ ਕਿ ਰਸੋਈ ਵਿਚੋਂ ਸਬਜ਼ੀ ਕੱਟਦੀ ਕਰਦ ਫੜੀ ਅਚਾਨਕ ਕਿਸੇ ਕੰਮ ਲਈ ਬਾਹਰ ਆਉਂਦੀ ਲੇਖਕ ਦੀ ਘਰ ਵਾਲੀ ਨੇ ਲਿਫਾਫਿਆਂ ਵੱਲ ਝਾਕਦਿਆਂ ਬੜੇ ਮਖੌਲੀਆ ਅੰਦਾਜ਼ ਵਿਚ ਕਿਹਾ, ਕਿਹੜੇ ਯਾਰਾਂ ਬੇਲੀਆਂ ਵੱਲ ਭੇਜ ਰਹੇ ਹੋ

ਰਵੇਲ ਸਿੰਘ ਇਟਲੀ

ਇਹ ਚਿੱਠੀਆਂ ਦਰਦ ਵਿਛੋੜੇ ਦੀਆਂ, ਜ਼ਰਾ ਸਾਨੂੰ ਵੀ ਕੁੱਝ ਦੱਸ ਦਿਆ ਕਰੋ।

ਉਸ ਦੀ ਗੱਲ ਸੁਣ ਕੇ ਲੇਖਕ ਬੋਲਿਆ, ਬੜੀ ਮਿਹਨਤ ਨਾਲ ਅੱਜ ਇਹ ਇੱਕ ਰਚਨਾ ਸਿਰੇ ਚੜ੍ਹੀ ਸੀ, ਸੋਚਿਆ ਕੁੱਝ ਮੈਗਜ਼ੀਨਾਂ ਨੂੰ ਭੇਜ ਹੀ ਦਿਆਂ। ਕੀ ਪਤਾ ਕਿਤੇ ਛਪ ਹੀ ਜਾਵੇ।

ਆਹੋ ਜੀ ਛਪੇਗੀ ਕਿਉਂ ਨਾ, ਕਿੰਨੇ ਕੁ ਕਾਗਜ਼ ਕੱਟ-ਵੱਢ ਕੇ ਰੱਦੀ ਕੀਤੇ ਅਤੇ ਆਪਣੀ ਤਾਂ ਕੀ, ਸਾਰੇ ਟੱਬਰ ਦੀ ਨੀਂਦ ਵੀ ਹਰਾਮ ਕਰੀ ਰੱਖੀ, ਬਿਜਲੀ ਦੇ ਬਿੱਲ ਦਾ ਚੇਤਾ ਵੀ ਭੁਲਾਇਆ, ਘਰ ਦੇ ਕਈ ਕੰਮ ਆਪਣੀ ਲਿਸਟ ਵਿਚੋਂ ਹੀ ਕੱਢ ਦਿੱਤੇ, ਤੇ ਜੇ ਹੁਣ ਪੰਝੀ ਤੀਹ ਰੁਪਈਏ ਡਾਕ ਦੇ ਲੇਖੇ ਲਾ ਦਿੱਤੇ। ਇਥੇ ਹੀ ਬੱਸ ਨਹੀਂ, ਫਿਰ ਇਹ ਲੇਖ ਕਿਸੇ ਮੈਗਜ਼ੀਨ ਵਿਚ ਛਪਿਆ ਦੇਖਣ ਲਈ ਬੁੱਕ ਸਟਾਲਾਂ ਦੇ ਗੇੜੇ ਤੇ ਗੇੜੇ ਕੱਢਣੇ ਨੇ। ਤੇ ਜੇ ਕਿਤੇ ਕਿਸੇ ਸਸਤੇ ਜਿਹੇ ਰਸਾਲੇ ਵਿਚ ਭੁਲ-ਭੁਲੇਖੇ ਕੋਈ ਚੀਜ਼ ਛਪ ਵੀ ਗਈ ਤਾਂ ਉਹ ਮੈਗਜ਼ੀਨ ਖਰੀਦਣ 'ਤੇ ਹੋਰ ਫ਼ਜ਼ੂਲ ਖਰਚੀ ਹੋਊ। ਪਰ ਇਹ ਲਿਖਣ ਦਾ ਭੁੱਸ ਕਿਸੇ ਅਮਲ ਨਾਲੋਂ ਕਿਹੜਾ ਘੱਟ ਹੈ, ਪਰ ਤੁਹਾਨੂੰ ਇਸ ਨਾਲ ਕੀ ਲੱਗੇ ਕਰੀ ਜਾਓ, ਜਿਸ ਤਰ੍ਹਾਂ ਮਰਜ਼ੀ ਤੁਹਾਡੀ। ਤੁਹਾਨੂੰ ਕੌਣ ਹੈ ਰੋਕਣ ਵਾਲਾ? ਇਸ ਬੇਸਿਰ ਪੈਰ ਲਿਖਣ ਯੁੱਧ ਤੋਂ। ਜੇ ਕਿਤੇ ਪੈਂਤੀ ਸਾਲ ਦੀ ਨੌਕਰੀ ਪਿੱਛੋਂ ਮਿਲੇ ਜੀ ਪੀ ਫੰਡ ਦੇ ਚਾਰ ਛਿੱਲੜ ਅਤੇ ਪੈਨਸ਼ਨ ਦੀ ਰਕਮ ਹਰ ਮਹੀਨੇ ਬੱਝੇ ਨਾ ਆਉਂਦੇ ਹੁੰਦੇ ਤਾਂ ਫਿਰ ਆਪੇ ਪਤਾ ਲੱਗ ਜਾਣਾ ਸੀ, ਇਸ ਕਲਮ ਦੀ ਕਮਾਈ ਦਾ, ਪਰ ਤੁਹਾਨੂੰ ਕੀ? ਤੁਸੀ ਤਾਂ ਨੌਕਰੀ ਦੇ ਦਿਨ ਪੂਰੇ ਕਰਕੇ ਆਰਾਮ ਕਰਨ ਲਈ ਘਰ ਪਰਤ ਆਏ, ਪਰ ਸਾਨੂੰ ਔਰਤਾਂ ਨੂੰ ਪੈਨਸ਼ਨ ਤਾਂ ਕੀ ਛੁੱਟੀ ਵੀ ਕਦੇ ਮਿਲੇਗੀ? ਇਸ ਦੀ ਵੀ ਆਸ ਨਹੀਂ।

ਘਰ ਵਾਲੀ ਇਹ ਕਹਿੰਦੀ ਰਸੋਈ ਵਿਚ ਸਬਜ਼ੀ ਨੂੰ ਤੜਕਾ ਲੱਗਣ ਵਾਲੇ ਧੂੰਏਂ ਤੋਂ ਅੱਖਾਂ ਦਾ ਪਾਣੀ ਚੁੰਨੀ ਦੇ ਪੱਲੇ ਨਾਲ ਪੂੰਝਣ ਲੱਗੀ। ਬਾਹਰ ਗੁਮ-ਸੁਮ ਬੈਠਾ ਅੱਖਾਂ ਮੀਟੀ ਲੇਖਕ ਕੁੱਝ ਸੋਚੀ ਜਾ ਰਿਹਾ ਸੀ, ਉਸ ਦੀਆਂ ਸੋਚਾਂ ਵਿਚ ਘਰ ਵਾਲੀ ਦੀਆਂ ਅੱਕ ਵਰਗੀਆਂ ਕੌੜੀਆਂ ਪਰ ਸੱਚੀਆਂ ਗੱਲਾਂ, ਛੱਤ ਤੇ ਜਾਲਾ ਬਣਾਉਂਦੀ ਮਕੜੀ ਵਾਂਗ ਮੁੜ ਮੁੜ ਹੇਠਾਂ ਡਿਗਦੀਆਂ-ਉਠਦੀਆਂ ਲੱਗ ਰਹੀਆਂ ਸਨ। ਨਾਲੇ ਉਸ ਦੀ ਅੱਜ ਦੀ ਇਨ੍ਹਾਂ ਲਿਫਾਫਿਆਂ ਵਿਚ ਬੰਦ ਪਈ ਕਹਾਣੀ ਵੀ ਤਾਂ ਔਰਤ ਦੀ ਇਸ ਨਾਬਰਾਬਰੀ, ਤੇ ਉਸ ਨਾਲ ਹੁੰਦੀਆਂ ਵਧੀਕੀਆਂ ਅਤੇ ਨੈਤਿਕ ਕਮਰਤੋੜ ਜ਼ਿੰਮੇਵਾਰੀਆਂ ਨਾਲ ਸਬੰਧਤ ਹੀ ਤਾਂ ਸੀ, ਪਰ ਉਹ ਆਪਣੀ ਇਸ ਕਹਾਣੀ ਬਾਰੇ ਆਪਣੇ ਵਿਚਾਰ ਉਸ ਨਾਲ ਸਾਂਝੇ ਕਰਨ ਤੋਂ ਅਸਮਰਥ ਸੀ। ਕੁੱਝ ਦੇਰ ਬਾਅਦ ਉਹ ਜੱਕੋ-ਤੱਕੇ ਵਿਚ ਹੰਭਲਾ ਮਾਰ ਕੇ ਉਠਿਆ ਤੇ ਪੰਜੇ ਲਿਫਾਫੇ ਡਾਕਖਾਨੇ ਦੇ ਲਾਲ ਬੁੱਝਕੜ ਨੂੰ ਭੇਟ ਕਰ ਆਇਆ।

ਘਰ ਆਇਆ ਤਾਂ ਜ਼ਰਾ ਧੀਰਜ ਨਾਲ ਘਰ ਵਾਲੀ ਨੂੰ ਪੁੱਛਣ ਲੱਗਾ, ਚੰਗਾ ਹੁਣ ਤੂੰ ਹੀ ਮੈਨੂੰ ਦੱਸ ਕਿ ਮੈਂ ਇਨ੍ਹਾਂ ਲਿਖਤਾਂ ਨਾਲ ਮੱਥਾ ਮਾਰਨ ਵਾਲਾ ਆਪਣਾ ਸਮਾਂ ਤੇ ਇਸ ਵਾਧੂ ਖਰਚੇ ਨੂੰ ਬਚਾ ਕੇ ਕਿਸ ਪਾਸੇ ਲਾਵਾਂ? ਘਰ ਵਾਲੀ ਸਹਿਜ ਸੁਭਾ ਹੀ ਬੋਲੀ, ਲਾਉਣਾ ਕਿੱਥੇ ਹੈ, ਮੈਂ ਤਾਂ ਕਹਿਨੀ ਆਂ, ਇਨ੍ਹਾਂ ਲਿਫਾਫਿਆਂ ਤੇ ਮੈਗਜ਼ੀਨਾਂ 'ਤੇ ਖਰਚੇ ਗਏ ਪੈਸਿਆਂ ਦੀ ਥਾਂ ਜੇ ਕਿਤੇ ਗੰਢੇ, ਅਨਾਰ ਦਾਣਾ ਜਾਂ ਇਮਲੀ ਆਦਿ ਹੀ ਲੈ ਆਇਆ ਕਰੋ ਤਾਂ ਜੋ ਕਿਸੇ ਵੇਲੇ ਡੰਗ ਬਚਾਉਣ ਲਈ ਜਾਂ ਰੋਟੀ ਸੁਆਦ ਨਾਲ ਖਾਣ ਲਈ ਕਿਤੇ ਚਟਣੀ ਕੁਟ ਲਿਆ ਕਰੀਏ! ਤੁਹਾਥੋਂ ਤਾਂ ਤੁਹਾਡੇ ਕਾਗਜ਼ਾਂ ਦੀ ਰੱਦੀ ਲੈ ਕੇ ਵੇਚਣ ਵਾਲੇ ਹੀ ਚੰਗੇ ਹਨ, ਜੋ ਇਸ



ਮਹਿੰਗਾਈ ਵਿਚ ਰੱਦੀ ਦੀ ਕਮਾਈ ਵਿਚੋਂ ਹੀ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਹਨ। ਜੇ ਕਿਤੇ ਬਦਕਿਸਮਤੀ ਨਾਲ ਤੁਹਾਡੀ ਕੋਈ ਕਵਿਤਾ-ਸੁਵਿਤਾ ਦਾ ਕੋਈ ਪੈਸਾ ਤੁਹਾਨੂੰ ਆ ਵੀ ਜਾਏ ਤਾਂ ਇਹ ਪੈਸਾ ਤੁਸੀਂ ਲਾਟਰੀ ਪਾਉਣ ਵਾਲਿਆਂ ਵਾਂਗ ਮੁੜ ਲਫ਼ਾਫ਼ਿਆਂ 'ਤੇ ਹੀ ਖਰਚ ਛਡਣੈ। ਜਦੋਂ ਵੀ ਕਦੇ ਤੁਹਾਨੂੰ ਕਿਤੇ ਜ਼ਰੂਰੀ ਕੰਮ ਜਾਣ ਲਈ ਕਹੀਦਾ ਹੈ, ਤੁਹਾਡਾ ਕਿਸੇ ਨਾ ਕਿਸੇ ਸਭਾ ਦੀ ਬੈਠਕ ਵਿਚ ਜਾਣ ਦਾ ਬਹਾਨਾ ਹੁੰਦਾ ਹੈ। ਬੱਸ ਜੀ, ਕਵੀ ਦਰਬਾਰ ਸੀ, ਫਲਾਣਾ ਅੱਜ ਮੁੱਖ ਮਹਿਮਾਨ ਬਣਨ ਲਈ ਆ ਰਿਹਾ ਹੈ, ਬੱਸ ਉਹੋ 'ਢਾਈ ਟੋਟਰੂ ਤੇ ਮੀਆਂ ਠਾਕਰ ਦੁਆਰੇ', 'ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੜੇ ਜੀਉਣ' ਵਾਲੀ ਗੱਲ ਤੁਹਾਡੇ ਲੇਖਕਾਂ 'ਤੇ ਢੁਕਦੀ ਹੈ। ਬੱਸ ਕਿਸੇ ਅਖ਼ਬਾਰ ਵਿਚ ਕਿਤੇ ਆਪਣੀ ਫ਼ੋਟੋ ਛਪੀ ਵੇਖ ਕੇ ਫੁੱਲੇ ਫਿਰਦੇ ਓ। ਪੈਨਸ਼ਨ ਦਾ ਕਿੰਨਾ ਹਿੱਸਾ ਤਾਂ ਤੁਹਾਡੀਆਂ ਸਭਾਵਾਂ ਦੇ ਚੰਦਿਆਂ 'ਤੇ ਰੁੜ ਜਾਂਦਾ ਹੈ, ਬਾਕੀ ਸਕੂਟਰੀ ਦੇ ਪੈਟਰੋਲ 'ਤੇ। ਇਹ ਫ਼ਜ਼ੂਲ ਦਾ ਖਰਚਾ ਪਤਾ ਨ੍ਹੀਂ ਤੁਸੀ ਕਿਵੇਂ ਅਣਵੇਖਿਆ ਕਰਦੇ ਹੋ? ਜੇ ਮੈਂ ਕੁੱਝ ਕਹਾਂ ਤਾਂ ਤੁਸੀਂ ਅਲਫ਼ ਲੈਲਾ ਦੀਆਂ ਕਹਾਣੀਆਂ ਸੁਣਾਉਣ ਤੁਰ ਪੈਂਦੇ ਓ, ਮੇਰੇ ਤਾਂ ਕੁੱਝ ਪੱਲੇ ਨਹੀਂ ਪੈਂਦਾ। ਪਤਾ ਨਹੀਂ ਉਹ ਕੈਸੇ ਲੋਕ ਹੋਣਗੇ ਜੋ ਤੁਹਾਡੀਆਂ ਬੇਤੁੱਕੀਆਂ ਕਹਾਣੀਆਂ ਪੜ੍ਹ ਕੇ ਸਮਾਂ ਖਰਾਬ ਕਰਦੇ ਹੋਣਗੇ। ਅੱਜ ਕੱਲ ਟੀ ਵੀ 'ਤੇ ਚਲਦੇ ਸੀਰੀਅਲ ਤੇ ਤੜਕ-ਫੜਕ ਗਾਣੇ ਵੇਖਣੇ-ਸੁਣਨੇ ਛੱਡ ਕੇ ਕੌਣ ਪੜ੍ਹਦਾ ਹੋਊ, ਤੁਹਾਡੀਆਂ ਕਵਿਤਾ-ਕਹਾਣੀਆਂ ਨੂੰ।

ਲੇਖਕ ਬੈਡ 'ਤੇ ਲੇਟਿਆ ਛੱਤ ਵੱਲ ਟਿਕ ਟਿਕੀ ਲਾਈ ਇਹ ਸਭ ਸੁਣ ਕੇ ਸੋਚਾਂ ਦੇ ਵਹਿਣਾਂ ਵਿਚ ਪਿਆ ਮੰਝਦਾਰ ਵਿਚ ਡੱਕੇ-ਡੋਲੇ ਖਾਂਦੀ ਕਿਸੇ ਬੇੜੀ ਵਾਂਗ ਲੱਗ ਰਿਹਾ ਸੀ। ਅਚਾਨਕ ਕਬੀਲਦਾਰੀ ਦੇ ਵੱਡੇ ਬੋਝ ਅਤੇ ਨਿਸ਼ਕਾਮ ਸਾਹਿਤ ਲਿਖਣ ਦੇ ਧਰਮ ਸੰਕਟ 'ਚੋਂ ਬਾਹਰ ਨਿਕਲ ਕੇ ਉਹ ਕਲਮ ਲੈ ਕੇ ਕਿਸੇ ਲਿਖਤ ਨੂੰ ਸਿਰੇ ਚਾੜ੍ਹਨ ਵਿਚ ਜੁੱਟ ਗਿਆ। ਘਰ ਵਾਲੀ ਕਹਿ ਰਹੀ ਸੀ, ਹੁਣ ਹੱਥਲਾ ਕੰਮ ਛੱਡੋ ਤੇ ਪਹਿਲਾਂ ਰੋਟੀ ਖਾ ਲਓ ਆ ਕੇ, ਤੇ ਵੇਖੋ ਨਾਲੇ ਅੱਜ ਮੈਂ ਰੋਟੀ ਨਾਲ ਕਿੰਨੀ ਸੁਆਦੀ ਚਟਣੀ ਵੀ ਬਣਾਈ ਹੈ। ਰੋਟੀ ਖਾਂਦੇ ਲੇਖਕ ਦਾ ਖਿਆਲ ਕਦੇ ਘਰ ਵਾਲੀ ਦੀਆਂ ਗੱਲਾਂ ਤੇ ਕਦੇ ਉਸ ਦੀ ਬਣਾਈ ਸੁਆਦੀ ਖੱਟੀ ਮਿੱਠੀ ਚਟਣੀ ਵੱਲ, ਅਤੇ ਕਦੇ ਆਪਣੀ ਇਸੇ ਵਿਸ਼ੇ 'ਤੇ ਹੀ ਲਿਖੀ ਜਾਂ ਰਹੀ ਕਿਸੇ ਅਧੂਰੀ ਕਹਾਣੀ ਨੂੰ ਸਿਰੇ ਚਾੜ੍ਹਨ ਵੱਲ ਜਾ ਰਿਹਾ ਸੀ।

## ਦੀਵਾਲੀ ਦੂਰ ਏ

ਸੇਠ ਦੀਨ ਦਿਆਲ ਨਵੇਂ ਸਿਰਿਉਂ ਆਪਣੇ ਘਰ ਦੀ ਮੁਰੰਮਤ ਕਰਵਾਉਣੀ ਚਾਹੁੰਦੇ ਸਨ। ਮੁਰੰਮਤ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਤੋੜ-ਤੁੜਵਾਈ ਦਾ ਕੰਮ ਚਲ ਰਿਹਾ ਸੀ, ਜਿਸ ਨੂੰ ਦੀਪਕ ਨਾਂ ਦਾ ਮਜ਼ਦੂਰ ਕਰ ਰਿਹਾ ਸੀ। ਦੀਵਾਲੀ ਵਾਲੇ ਦਿਨ ਜਦੋਂ ਦੀਪਕ ਕੰਮ ਖਤਮ ਕਰਕੇ ਜਾਣ ਦੀ ਤਿਆਰੀ ਕਰਨ ਲੱਗਾ ਤਾਂ ਸੇਠ ਦੀਨ ਦਿਆਲ ਇਕ ਪਲੇਟ 'ਚ ਇਕ ਰਸਗੁੱਲਾ ਤੇ ਇਕ ਗੁਲਾਬ-ਜਾਮਣ ਰੱਖ ਕੇ ਉਹਦੇ ਕੋਲ ਆ ਕੇ ਬੋਲੇ, 'ਆਹ ਲੈ, ਮਠਿਆਈ ਖਾ ਲੈ! ਅੱਜ ਦੀਵਾਲੀ ਦਾ ਸ਼ੁਭ ਦਿਹਾੜਾ ਏ। ਤੂੰ ਵੀ ਕੀ ਯਾਦ ਕਰੇਂਗਾ?'

'ਨਹੀਂ, ਸੇਠ ਜੀ! ਮੈਂ ਮਠਿਆਈ ਨਹੀਂ ਖਾਣੀ।' ਉਹਨੇ ਨਾਂਹ ਕਰਦਿਆਂ ਆਖਿਆ।

'ਪਰ ਕਿਉਂ?' ਸੇਠ ਜੀ ਹੈਰਾਨ ਹੋਏ।

'ਤੁਸੀਂ ਮੇਰੀ ਮਜ਼ਦੂਰੀ ਦੇ ਪੂਰੇ ਪੈਸੇ ਹੀ ਦੇ ਦਿਆ ਕਰੋ, ਮੇਰੇ ਲਈ ਇੰਨਾ ਹੀ ਕਾਫ਼ੀ ਏ।'

-ਨੂਰ ਸੰਤੋਖਪੁਰੀ, ਜਲੰਧਰ

# ਹਮੈਂ ਤਾਂ ਜਹਾਜ ਖਰੀਦਣੇ ਨੂੰ ਫਿਰਾਂ

## ਬਾਤਾਂ ਪੁਆਧ ਦੀਆਂ

*ਪੁਆਧ ਜਾਂ ਪੁਆਤ ਭਾਰਤੀ ਪੰਜਾਬ ਦਾ ਭਾਸ਼ਾਈ ਖਿੱਤਾ ਹੈ। ਵਰਤਮਾਨ ਪੰਜਾਬ ਦੇ ਮਾਝਾ, ਦੁਆਬਾ, ਮਾਲਵਾ ਤੇ ਪੁਆਧ ਚਾਰ ਭਾਸ਼ਾਈ ਖਿੱਤੇ ਮੰਨੇ ਜਾਂਦੇ ਹਨ। ਜ਼ਿਲ੍ਹਾ ਰੋਪੜ, ਪਟਿਆਲੇ ਦਾ ਪੂਰਬੀ ਹਿੱਸਾ, ਜ਼ਿਲ੍ਹਾ ਸੰਗਰੂਰ ਦੇ ਮਲੇਰਕੋਟਲਾ ਦਾ ਖੇਤਰ, ਸਤਲੁਜ ਦੇ ਨਾਲ ਲੱਗਦੀ ਜ਼ਿਲ੍ਹਾ ਲੁਧਿਆਣੇ ਦੀ ਗੁੱਠ, ਅੰਬਾਲੇ ਦਾ ਕੁਝ ਹਿੱਸਾ ਅਤੇ ਜ਼ਿਲ੍ਹਾ ਜੀਂਦ ਦੇ ਕੁਝ ਪਿੰਡ। ਦਰਿਆ ਘੱਗਰ ਦੇ ਅੰਬਾਲੇ ਵਾਲੇ ਪਾਸੇ ਦੀ ਪੁਆਧੀ ਉਤੇ ਬਾਗੜੀ ਦਾ ਵੱਧ ਅਸਰ ਹੈ। ਪੁਆਧੀ ਵਿਚ ਦੋ ਸਵਰਾਂ ਵਿਚਲਾ 'ਵ' ਅਕਸਰ 'ਮ' ਵਿਚ ਬਦਲਦਾ ਹੈ, ਜਿਵੇਂ: ਸਬੇਰਾ (ਸਵੇਰਾ), ਸੰਬਾਰ ਕੇ (ਸੰਵਾਰ ਕੇ), ਕਾਮਾ ਰੌਲੀ, ਕੈਮਾਂ (ਕਿੰਨਵਾਂ), ਜਾਮਾਂਗਾ, ਐਮੇ, ਸਮਗਾ (ਸਗਵਾਂ), ਸਿਰਨਾਮਾ, ਜਮਾਈ ਅਤੇ ਤੀਮੀ ਆਦਿ। ਇਸੇ ਤਰ੍ਹਾਂ ਦੇ ਹੋਰ ਵੀ ਬਥੇਰੇ ਵਖਰੇਵੇਂ ਹਨ। ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ ਪੁਆਧ ਦੀ ਧਰਤੀ 'ਤੇ ਹੀ ਵੱਸੇ ਹਨ। ਜਦੋਂ ਚੰਡੀਗੜ੍ਹ ਬਣਿਆ ਤਾਂ ਜ਼ਮੀਨਾਂ ਕੌਡੀਆਂ ਦੇ ਭਾਅ ਸਨ। 1980ਵਿਆਂ ਵਿਚ ਜ਼ਮੀਨ ਦੇ ਭਾਅ ਬਹੁਤੇ ਨਹੀਂ ਸਨ ਪਰ 1990ਵਿਆਂ ਵਿਚ ਖਾੜਕੂ ਲਹਿਰ ਦੇ ਮਾਂਦੇ ਪੈਣ ਉਪਰੰਤ ਜ਼ਮੀਨਾਂ ਦੇ ਭਾਅ ਅਸਮਾਨੀਂ ਜਾ ਚੜ੍ਹੇ। ਜਿਹੜੀਆਂ ਜ਼ਮੀਨਾਂ 50 ਹਜ਼ਾਰ ਰੁਪਏ ਕਿੱਲੇ ਤੋਂ ਵੱਧ ਨਹੀਂ ਸੀ ਵਿਕਦੀਆਂ, ਉਹ ਕਰੋੜਾਂ 'ਚ ਚਲੀਆਂ ਗਈਆਂ। ਪਰ ਇਸ ਦਾ ਮਾੜਾ ਨਤੀਜਾ ਇਹ ਨਿਕਲਿਆ ਕਿ ਲੋਕ ਨਵੀਂ ਮਿਲੀ ਅਮੀਰੀ ਵਿਚ ਵਹਿ ਤੁਰੇ, ਨਸ਼ਿਆਂ ਦਾ ਦਰਿਆ ਵਗ ਤੁਰਿਆ ਅਤੇ ਜਵਾਨੀ ਰੁਲਣ ਲੱਗੀ। ਇਸ ਲੇਖ ਵਿਚ ਭੁਪਿੰਦਰ ਸਿੰਘ ਮਟੌਰ ਵਾਲੇ ਨੇ ਇਨ੍ਹਾਂ ਗੱਲਾਂ ਨੂੰ ਹੀ ਪੁਆਧੀ ਵਿਚ ਕਲਮਬੰਦ ਕੀਤਾ ਹੈ। -ਸੰਪਾਦਕ*

ਸਰਕਾਰ ਹਵਾਈ ਅੱਡੇ ਨੂੰ ਬੜਾ ਕਰਨਾ ਚਾਹੈ'ਤੀ। ਗੈਲ ਗਲਦੇ ਗਰੌਆਂ ਕੇ ਕਈ ਪਰਿਵਾਰਾਂ ਕੀਆਂ ਝੋਟੇ ਕੇ ਸਿਰ ਬਰਗੀਆਂ ਵੈਂਹਦਤ ਜਮੀਨਾਂ ਏਰੀਏ ਮਾ ਲੇਣੈ ਬਾਸਤੈ ਤਿਆਰੀਆਂ ਕਰਨ ਲਗ'ਪੀ। ਲੋਕ ਪੈਹਲਾਂ ਬਰਗੇ ਨੀ ਰਹੇ। ਹੁਣ ਜਾਗ'ਗੇ। ਉਰੈ ਤਾਂ ਉਨ੍ਹਾਂ ਗਰੌਆਂ ਕੇ ਲੋਕਾਂ ਦਾ ਹਾਲ ਬੀ ਦੇਖਿਆ ਬਾ ਜਿਹੜੇ ਗਰੌਂ ਸ਼ੈਹਰ ਨੂੰ ਬਸਾਣੇ ਬਾਸਤੈ ਅਜਾੜੇ ਤੇ। ਹਲੀ ਤੱਕ ਵੀ ਰਾਸ ਨੀ ਆਏ। ਸਰਕਾਰ ਬੀ ਦੋਗਲੀ ਚਾਲ ਚਲਾ। ਜਿਹੜੇ ਉਰੇ ਕੇ ਅਸਲੀ ਬਸਿੰਦੇ ਉਜੜੇ ਤੇ ਉਨ੍ਹਾਂ ਕੀ ਸਾਰ ਬੀ ਨੀ ਲਈ। ਬਾਹਰ ਤੇ ਆ ਕੈ ਸਰਕਾਰੀ ਜਮੀਨਾਂ ਪਰ ਧੱਕੇ ਗੈਲ ਝੁੱਗੀਆਂ ਝੋਂਪੜੀਆਂ ਬਣਾ ਕੈ ਰੈਂਹਣੇ ਆਲਿਆਂ ਨੂੰ ਘਰ ਬਣਾ ਕੈ ਦਈ ਜਾਹਾ।



ਭੁਪਿੰਦਰ ਸਿੰਘ ਮਟੌਰ ਵਾਲਾ
ਫੋਨ: 91-98148-22451

ਪੈਹਲਾਂ ਬੀ ਜਿਹੜੀਆਂ ਜਮੀਨਾਂ ਲਈਆਂ ਉਹ ਕੌਡੀਆਂ ਦੇ ਭੌਅ ਮਾ ਲੇ'ਗੀ। ਹੁਣ ਬੀ ਲੋਕ ਅੰਦਰ ਤੇ ਡਰੇ ਪਏ ਤੇ। ਪਰ ਜਿਥੈ ਸਰਕਾਰ ਨੂੰ ਖਾਸ ਲੋੜ ਹੋਆ ਉਥੈ ਤਾਂ ਚਕਮੀ ਕੀਮਤ ਦੇ ਕੈ ਕੰਮ ਨਬੇੜ ਦਿਹਾ। ਲੋਕ ਬੋਲਣੇ ਜੋਗੇ ਬੀ ਨਾ ਛੱਡੇ।

ਗੈਲੇ ਯੌਹ ਬੀ ਹੁਕਮ ਕਰਦੇ ਬਈ ਜਿਹੜਾ ਉਰੇ ਤੇ ਉਠ ਕੈ ਹੋਰ ਥੌਂ ਜਾ ਕੈ ਪੰਜਾਬ ਮਾ ਜਮੀਨ ਖਰੀਦੂਗਾ ਉਸ ਨੂੰ ਰਜਿਸਟਰੀ ਕਾ ਖਰਚ ਬੀ ਨੀ ਦੇਣਾ ਪਊਗਾ। ਲੋਕਾਂ ਨੂੰ ਗਾਹਾਂ ਅਪੀਲ ਕਰਨੇ ਜੋਗਾ ਬੀ ਨੀ ਛੱਡਿਆ। ਪੈਹਲਾਂ ਈ ਲਿਖਾ ਕੈ ਗੂਠੇ ਲੁਆ ਲੇ। ਲੋਕ ਤਾਂ ਖੁਸ਼ ਹੋ'ਗੇ ਬਈ ਚਾਹੈ ਸਾਰੀ ਜਮੀਨ ਸਣੈਂ ਗਰੌਂ ਮਾ ਬਣੇ ਘਰ ਕਾ ਮੁੱਲ ਬੀ ਪਾ ਦਹੈ। ਬਿੱਲੀ ਕੇ ਭਮਾ ਛਿੱਕਾ ਟੁੱਟ ਗਿਆ।

ਇਨ੍ਹਾਂ ਲੋਕਾਂ ਕੀ ਸੋਚ ਤਾਂ ਪੈਹਲਾਂ ਈ ਹੋਰ ਹੋਈ ਬੀ ਤੀ। ਬੈਦਵਾਣਾਂ ਕੇ ਗਰੌਆਂ ਕੰਨੀ ਜਮੀਨਾਂ ਕਾ ਭੌਅ ਤਾਂ ਕਰੋੜਾਂ ਪਰ ਪੌਂਹਚਿਆ ਬਾ ਤਾ। ਪਰ ਉਰੈ ਤਾਂ ਜਮੀਨਾਂ ਬੀ ਨੀ ਬਿਕੈ'ਤੀਆਂ। ਕੋਈ ਕਲੋਨੀ ਕੱਟਣੇ ਆਲਾ ਬੀ ਇੱਧਰ ਨੂੰ ਮੂੰਹ ਨੀ ਕਰੈ ਤਾ। ਇਬ ਜਿਨ੍ਹਾਂ ਕੀਆਂ ਜ਼ਮੀਨਾਂ ਬਚੀਆਂ ਬੀਆਂ, ਉਹ ਯੌਹੀ ਸੋਚੀ ਜਾਹਾਂ ਬਈ ਇਬ ਏਰੀਆ ਅੱਗੈ ਕਦ ਬਧੂਗਾ। ਜਿੱਥੈ ਸਰਕਾਰ ਕੀ ਮਰਜੀ ਨੀ ਹੁੰਦੀ ਉਥੈ ਤਾ ਗਮਾਡਾ ਆਲਾ ਹਾਲ ਹੋ ਜਹਾ। ਸਾਲਾਂ ਬਾਅਦ ਬੀ ਇਬ ਤੱਕ ਅਲਾਟੀਆਂ ਨੂੰ ਪਲਾਟ ਨੀ ਦੇ ਸਕੀ। ਲੋਕਾਂ ਨੂੰ ਆਪਸ ਮਾ ਈ ਲੜਾਈ ਜਾਹਾ। ਹੋਰ ਤਾਂ ਹੋਰ ਆਪਣੀ ਜਮੀਨ ਕਾ ਕਬਜ਼ਾ ਬੀ ਨੀ ਲੈਂਦੀ। ਪਲਾਟਾਂ ਆਲੇ ਮਕਾਨ ਬਣਾਣੇ ਤੇ ਬੈਠੇ ਐਂ। ਸਰਕਾਰੀ ਜਮੀਨ ਪਰੇ ਖੇਤੀ ਕਰੀ ਜਾਹਾਂ। ਜਿਹੜਾ ਮਕਾਨ ਅੱਗੈ ਸਸਤੇ ਮਾ ਬਣ ਜਹੈ ਤਾ ਹੁਣ ਕੰਨਾਂ ਨੂੰ ਹੱਥ ਲੁਆ ਦਿਹਾ। ਲੋਕਾਂ ਨੂੰ ਮੰਗਾਈ ਕੀ ਮਾਰ ਝੱਲਣੀ ਪਵਾ।

ਸਰਕਾਰ ਨੈ ਲੋਕਾਂ ਨੂੰ ਨੋਟਾਂ ਗੈਲ ਰਜਾ ਦਿਆ, ਬਚਨੇ ਕੇ ਬੀ ਕਈ ਕਿੱਲੇ ਏਰੀਏ ਮਾ ਆ'ਗੇ ਤੇ। ਉਸ ਨੂੰ ਬੀ ਪੰਦਰਾਂ ਕਰੋੜ ਤੇ ਉਪਰ ਕਾ ਚੈਕ ਮਿਲ ਗਿਆ। ਉਸ ਨੈ ਤਾਂ ਸੋਚਿਆ ਤਾ ਬਈ ਇੰਨੇ ਪੈਸੇ ਬੋਰੀਆਂ ਮਾ ਬੀ ਨੀ ਆਣੇ। ਉਰੈ ਤਾਂ ਇਕ ਪਰਚੀ ਜੀ ਦੇ ਕੈ ਕੰਮ ਸਾਰ ਦਿਆ। ਉਸ ਨੂੰ ਬਸਵਾਸ ਨਾ ਆਬੈ। ਪਰ ਜਦ ਉਸ ਕੇ ਛੋਕਰਿਆਂ ਨੇ ਤਸੱਲੀ ਦਈ ਤਾਂ ਜਾ ਕੈ ਮਨ ਟਿਕਿਆ। ਬੈਂਕਾਂ ਆਲੇ ਬੀ ਆਪਣੇ ਆਪਣੇ ਬੈਂਕਾਂ ਮਾ ਰਕਮਾਂ ਜਮ੍ਹਾਂ ਕਰਾਣੇ ਬਾਸਤੈ ਲੋਕਾਂ ਨੂੰ ਭਰਮਾਣ ਲਗ ਪੇ। ਕਾਰਾਂ, ਗੱਡੀਆਂ ਕੇ ਡੀਲਰ ਬੀ ਲੋਕਾਂ ਪਾ ਪੈਸਾ ਦੇਖ ਕੈ ਆਪਣੇ ਆਪਣੇ ਚੱਕਣ ਚਲਾਣ ਲਗ ਪੇ। ਬੜੀਆਂ ਬੜੀਆਂ ਨਵੀਆਂ ਨਕੋਰ ਕਾਰਾਂ ਗਰੌਂ ਮਾ ਰੁੜੀਆਂ, ਢੇਰਾਂ ਪਰ ਲਿਆ ਕੈ ਖੜਾ ਦੀਆਂ। ਬਾਤ ਕਿਆ ਪੈਸੇ ਆਲੇ ਕੇ ਪਿਛੈ ਸਾਰੇ ਈ ਲਗ ਜਹਾਂ।

ਬਚਨੇ ਨੈ ਸਭ ਤੇ ਪੈਹਲਾਂ ਚੈਕ ਆਪਣੇ ਬਜੁਰਗ ਨੂੰ ਫੜਾ ਦਿਆ, "ਬਾਪੂ ਸਰਕਾਰ ਨੈ ਜਿਹੜੀ ਜਮੀਨ ਲਈ ਐ ਉਸ ਕੇ ਬਦਲੇ ਮਾ ਯੌਹ ਪਰਚੀ ਜੀ ਦਈ ਐ।" ਚੈਕ ਫੜ ਕੈ ਇੰਦਰ ਸੈਂ ਨੈ ਪੈਹਲਾਂ ਮੱਥੇ ਨੂੰ ਲਾਇਆ ਫੇਰ ਬਚਨੇ ਨੂੰ ਫੜਾ ਕੈ ਕੈਹਣ ਲਗਿਆ, "ਇਸ ਨੂੰ ਸਾਂਭ ਕੈ ਰੱਖੀਂ। ਕੱਲ੍ਹ ਨੂੰ ਛੋਕਰਿਆਂ ਨੂੰ ਗੈਲ ਲੇਜੀਂ। ਬੈਂਕ ਮਾ ਖਾਤਾ ਖੋਲ ਕੈ ਜਮ੍ਹਾਂ ਕਰਾ'ਦੀਂ। ਜੇ ਹੋ ਸਕੈ ਤਾਂ ਆਪਣੇ ਸਾਲੇ ਸਤਨਾਮ ਸੈਂ ਨੂੰ ਗੈਲ ਲੇ'ਜੀਂ। ਉਂ ਜੇ ਮੇਰੀ ਮੰਨੈ ਤਾਂ ਤਕੜੇ ਬੈਂਕ ਮਾ ਈ ਖਾਤਾ ਖੋਲੀਂ। ਮਾੜਾ ਸ਼ਾਹੂਕਾਰ, ਮਾੜੀ ਮਸ਼ੀਨਰੀ, ਮਾੜਾ ਮਿੱਤਰ, ਮਾੜੇ ਕਾ ਸਾਥ ਕੰਮ ਨੂੰ ਸਿਰੇ ਨੀ ਲਾਂਦੇ। ਬਾਕੀ ਥਮੇਂ ਆਪ ਬੀ ਸਿਆਣੇ ਐਂ।"

ਬਚਨੇ ਨੇ ਚੈਕ ਬੇਬੇ ਆਲੇ ਸੰਦੂਕ ਮਾ ਬਣੇ ਚੋਰਖਾਨੇ ਮਾ ਸਾਂਭ ਕੈ ਰੱਖ ਦਿਆ। ਮਖਾਂ ਕਿਤੀ ਗੁੰਮ ਏ ਨਾ ਹੋ ਜੈ। ਪੈਹਰਾ ਲਾ ਕੇ ਬੈਠ ਗਿਆ। ਕੋਈ ਚੋਰ ਏ ਨਾ ਪੈ ਜਹੈ। ਸਾਰੀ ਰਾਤ ਨੀਂਦ ਨਾ ਆਈ।

ਮਸਾਂ ਦਿਨ ਚੜ੍ਹਿਆ। ਸਵੇਰ ਕਾ ਕੰਮ ਬੀ ਛੇਤੀ ਨਬੇੜ ਕੈ ਨਾਹ ਧੋ ਕੈ ਤਿਆਰ ਹੋ ਗਿਆ। ਹਾਜਰੀ ਮਾ ਬੇਰੜੇ ਕੀਆਂ ਰੋਟੀਆਂ ਕੀਆਂ ਬੀ ਕਾਹਲੀ ਕਾਹਲੀ ਮਾ ਦੋ ਦੋ ਬੁਰਕੀਆਂ ਈ ਕਰੀਆਂ। ਦੱਬ ਕੈ ਚਾਹ ਪੀ ਕੈ ਛੋਕਰਿਆਂ ਨੂੰ ਕਹੈ, "ਐਂ ਕਰੋ ਬਈ ਇਕ ਜਣਾ ਤਾਂ ਮੋਟਰਸੈਕਲ ਪਰ ਅਰ ਦੂਆ ਮੇਰੇ ਗੈਲ ਟਰੈਕਟਰ ਪਰ ਬੈਠ ਕੈ ਬੈਂਕ ਨੂੰ ਚਲੈ। ਇਸੀ ਕੇ ਸਿਰ ਪਰ ਏ ਕੰਮ ਚਲਾ। ਇਸ ਬੋਲਦਾਂ ਗੈਲ ਤਾਂ ਖੇਤੀ ਹੁੰਦੀ ਨੀ। ਪੁੱਤਾਂ ਬਰਗਾ ਪਿਆਰਾ। ਮਿਨ੍ਹੂੰ ਤਾਂ ਲਗਾ ਮੇਰੇ ਹੱਡਾਂ ਗੈਲ ਏ ਜਾਊਗਾ। ਬੇਚਦਾ ਮੈਂ ਬੀ ਨੀ। ਸੁੱਖ ਗੈਲ ਉਰੈ ਇਬ ਬੀ ਚਾਰ ਪੰਜ ਕਿੱਲੇ ਪਏ ਐਂ। ਬਾਹਰ ਜਾ ਕੈ ਬੀ ਬਸਣਾ ਔਖਾ। ਬਗਾਨੇ ਪੈਰ ਨੀ ਲਗਨ ਦੰਦੇ। ਜੇਬ ਮਾ ਤੇ ਪੁਰਜਾ ਜਾ ਕੱਢ ਕੈ ਆਪਣੇ ਮਾਮੇ ਨੂੰ ਕੈਹ ਦੇ ਬਈ ਸਿੱਧਾ ਈ ਬੈਂਕ ਮਾ ਪੌਂਹਚ ਜਹੈ।"

ਲੇ ਕੈ ਰੱਬ ਕਾ ਨੌਂ ਘਰਾਂ ਤੇ ਚਲ ਪੇ। ਬੈਂਕ ਮਾ ਬਚਨਾ ਅਰ ਦੋਏ ਛੋਕਰੇ ਪੱਖੇ ਹੇਠਾਂ ਕਰੁਸੀਆਂ ਮੱਲ ਕੈ ਬੈਠ'ਗੇ। ਹੌਲੀ ਹੌਲੀ ਹੋਰ ਲੋਕ ਬੀ ਆਣ ਲਗ'ਪੇ। ਥੋੜੀ ਦੇਰ ਮਾ ਮਨੇਜਰ ਨੈ ਹਾਕ ਮਾਰੀ, "ਸਰਦਾਰ ਸੈਹਬ ਅੰਦਰ ਆ ਜੋ।" ਬਚਨਾ ਆਲੇ ਦੁਆਲੇ ਦੇਖੈ। ਯੌਹ ਸਰਦਾਰ ਕਿਸ ਨੂੰ ਕਹਾ। ਉਰੈ ਤਾਂ ਮਾਰ੍ਹੇ ਤੇ ਬਿਨਾਂ ਕੋਈ ਪਗੜੀ ਆਲਾ ਈ ਨੀ ਹੈ। ਇੰਨੇ ਮਾ ਮਨੇਜਰ ਉਠ ਕੈ ਬਾਹਰ ਆ ਕੇ ਮਿਨ੍ਹੂੰ ਕਹੈ, "ਸਰਦਾਰ ਬਚਨ ਸੈਂ ਅੰਦਰ ਆ ਜਾ।" ਮੈਂ ਹਰਾਨ ਪਰਸਾਨ ਕਿਸੀ ਜਹਾਂ ਬਈ ਮਿਨ੍ਹੂੰ ਤਾਂ ਲੋਕ ਬਚਨਾ, ਬੱਧ ਤੇ ਬੱਧ ਬਚਨ ਸੈਂ ਕਹਾਂ। ਯੌਹ ਪੈਸੇ ਕੀਓ ਕਰਾਮਾਤ ਲਗਾ। ਪੰਦਰਾਂ ਕਰੋੜ ਕੋਈ ਛੋਟੀ ਰਕਮ ਹੋਵਾ! ਪੈਸੇ ਬੰਦੇ ਨੂੰ ਕੁਸ਼ ਤੇ ਕੁਸ਼ ਬਣਾ ਦਿਹਾ।

ਬਚਨਾ ਆਪਣੇ ਦੋਹੇ ਛੋਕਰਿਆਂ ਗੈਲ ਅੰਦਰ ਮਨੇਜਰ ਕੇ ਸਾਮ੍ਹਣੈ ਕੁਰਸੀਆਂ ਪਰ ਜਾ ਬੈਠਿਆ। ਅੰਦਰ ਕਮਰਾ ਠੰਡਾ ਠਾਰ। ਗਰਮੀ ਕਿਥੈ ਲਗੈ'ਤੀ। ਮਨੇਜਰ ਨੈ ਮਾਨ੍ਹੂੰ ਪੁਛਿਆ, "ਦੱਸੋ ਬਈ ਚਾਹ ਪੀਉਗੇ ਯਾ ਫੇਰ ਠੰਡਾ ਚਲੂਗਾ।" ਅੱਗੇ ਤੇ ਬਚਨਾ ਕਹੈ, "ਥਾਰੀ ਮਿਹਰਬਾਨੀ ਐ। ਠੰਡੇ ਠੁੰਡੇ ਕਾ ਤਾਂ ਮਾਨ੍ਹੂੰ ਸ਼ੌਕ ਨਈਂ। ਬਾਕੀ ਚਾਹ ਤਾਂ ਹਮੈਂ ਗੜਬੀ ਗਲਾਸਾਂ ਗੈਲ ਪੀਣੇ ਆਲੇ ਐਂ। ਕੱਪੀਆਂ ਜੀਆਂ ਗੈਲ ਮਾਰ੍ਹਾ ਕਿੱਥੈ ਸਰਾ। ਗੈਲੇ ਸਵਾਦ ਬੀ ਨੀ ਆਂਦਾ। ਯੌਹੀ ਬੌਹਤ ਐ, ਜੇ ਮਾਰ੍ਹਾ ਕੰਮ ਛੇਤੀ ਨਬੇੜ ਦਹੈਂ।"

ਮਨੇਜਰ ਨੇ ਬਚਨੇ ਕੇ ਨੌਂ ਪਰ ਖਾਤਾ ਖੋਲਣੇ ਕੇ ਫਾਰਮ ਭਰਨੇ ਸ਼ੁਰੂ ਕਰਦੇ। ਥੋੜੀ ਦੇਰ ਬਾਅਦ ਕਹੈ, "ਨੌਮੀਨੇਸ਼ਨ ਕਿਸ ਕੇ ਨੌਂ ਕੀ ਕਰਾਂ।" ਬੜਾ ਛੋਕਰਾ ਅੱਗੇ ਤੇ ਕਹੈ, "ਬਾਪੂ ਯੌਹ ਪੁੱਛਾ ਬਈ ਜੇ ਤਿਨ੍ਹੂੰ ਕੁਸ਼ ਹੋ ਜਹੈ ਯਾ ਐਂ ਸਮਝ ਬਈ ਤੇਰੇ ਤੇ ਬਾਅਦ ਰਕਮ ਕਾ ਕੌਣ ਬਾਲੀਬਾਰਸ ਐ।"

ਬਚਨਾ ਕਹੈ, "ਮਨੇਜਰ ਸੈਹਬ ਮੇਰੇ ਤੇ ਬਾਅਦ ਮੇਰੀ ਘਰਵਾਲੀ ਭਗਵਾਨ ਕੁਰ ਏ ਬਾਰਸ ਐ। ਛੋਕਰਿਆਂ ਕਾ ਕਿਆ, ਘੜੀ ਮਾਂ ਬਿੱਟਰ ਜਹਾਂ। ਬਾਅਦ ਮਾ ਕੋਈ ਨੀ ਪੁੱਛਦਾ। ਟੈਮ ਟੈਮ ਗੈਲ ਛੋਕਰਿਆਂ ਕੀ ਪੁੱਛ ਪਊਗੀ। ਇਹ ਕਿਹੜੇ ਬਿਗਾਨੇ ਐਂ। ਇਨੀ ਕਾ ਈ ਐਂ ਸਭ ਕੁਸ਼।" ਫੇਰ ਮਨੇਜਰ ਕਹੈ, "ਲੈ ਬਈ ਬਚਨ ਸੈਂ ਗੂਠਾ ਲਾਦੇ।"

"ਮਨੇਜਰ ਸੈਹਬ ਕਿਹੜੀ ਬਾਤ ਐ। ਚਾਰ ਪੜ੍ਹਿਆ ਬਾਂ। ਖਬਾਰ ਰੋਜ਼ ਪੜ੍ਹਾਂ ਪੰਜਾਬੀ ਕਾ। ਪੰਜਾਬੀ ਮਾ ਸੈਨ ਕਰ ਦਿਹਾਂ।"

ਮਨੇਜਰ ਨੇ ਫੇਰ ਪੁਛਿਆ, "ਥਾਰੀ ਯੌਹ ਪਾ ਤਾਂ ਹੁਣ ਬੌਹਤ ਪੈਸੇ ਹੋ'ਗੇ। ਥਾਰੇ ਗੈਲ ਕੇ ਕਈ ਤਾਂ ਬੜੀਆਂ ਬੜੀਆਂ ਕਾਰਾਂ ਖਰੀਦਨ ਲਗ'ਪੇ। ਥਮੇਂ ਬੀ ਦੱਸੋ ਕਿਹੜੀ ਕਾਰ ਖਰੀਦਣੀ ਚਾਹੇਂਗੇ।"

ਬਚਨੇ ਨੈ ਉਸ ਕੀ ਬਾਤ ਗੌਰ ਗੈਲ ਸੁਣ ਕੈ ਜੁਆਬ ਮਾਰਿਆ, "ਬਾਬੂ ਜੀ ਥਮੇਂ ਕਾਰ ਕੀ ਕਿਆ ਬਾਤ ਕਰਾਂ, ਹਮੈਂ ਤਾਂ ਇਬ ਕੋਈ ਬੜੀ ਚੀਜ਼ ਦੇਖੂੰਗੇ।" ਬਚਨੇ ਕੀ ਬਾਤ ਨੇ ਇਕ ਬਾਰੀ ਤਾਂ ਸਾਰਿਆਂ ਨੂੰ ਸੋਚਾਂ ਮਾ ਪਾ ਦਿਆ। ਅੱਧੇ ਤਾਂ




ਰਕਮ ਕਿੰਨੇ ਸਮੇਂ ਬਾਸਤੇ ਫਿਕਸ ਕਰ ਦਿਆਂ। ਚੰਗਾ ਬਿਆਜ ਮਿਲ ਜੂਗਾ। ਖੇਤੀ ਕਰਨੇ ਮਾ ਇੰਨੀ ਕਮਾਈ ਨੀ ਹੋਣੀ। ਸੌਖਾ ਰੈਹਜੂੰਗਾ।"

ਬਚਨਾ ਅੱਗੇ ਤੇ ਕਹੈ, "ਯੌਅ ਬਾਤ ਝੂਠ ਐ। ਰਕਮ ਖੁੱਲੀ ਰੱਖ ਦੇ। ਜਦ ਮਰਜੀ ਕਢਾ ਲਹੈਂ, ਹਮੈਂ ਨੀ ਦੇਰ ਲਾਣੀ। ਦਿਨਾਂ ਮਾ ਈ ਜਮੀਨ ਲੇ ਕੈ ਪਰਾਂ ਕਰਨੀ ਐਂ, 'ਝੱਟ ਰੋਟੀਆਂ, ਪਟੱਕ ਦਾਲ, ਚੱਕ ਮੁੰਡਾ ਹੋ ਜਾ ਨਾਲ।' ਇਕ ਬਾਰੀ ਤਾਂ ਉਥੈ ਬੈਠੇ ਸਾਰੇ ਈ ਹੱਸ ਪੇ। "ਮਨੇਜਰ ਸੈਹਬ ਪੈਸਾ ਤਾਂ ਸਾਂਭਣਾ ਔਖਾ ਐ। ਜਮੀਨਾਂ ਕੀਆਂ ਕੀਮਤਾਂ ਬੀ ਤਾਂ ਬਧੀ ਜਾਹਾਂ। ਗੈਲੇ ਜੱਟ ਤਾਂ ਜਮੀਨ ਗੈਲੇ ਚੰਗਾ ਲਗਾ।"

ਮਨੇਜਰ ਕੀ ਗੈਲ ਲਗਦੀ ਕੁਰਸੀ ਪਰ ਟੌਅਰ ਕੱਢੀ ਇਕ ਹੋਰ ਬਾਬੂ ਬੀ ਬੈਠਿਆ ਸਾਰੀਆਂ ਬਾਤਾਂ ਸੁਣੀ ਗਿਆ। ਉਹ ਕੋਈ ਕਾਰਾਂ ਆਲੀ ਕੰਪਨੀ ਕਾ ਡੀਲਰ ਲਗੈ'ਤਾ। ਉਸ ਨੇ ਬੀ ਆਪਣੀ ਛੱਡਦੀ, "ਸਰਦਾਰ ਸੈਹਬ ਥਾਰੇ ਲੋਕਾਂ ਮਾਰੇ ਲੋਕ ਇਨ੍ਹਾਂ ਨੈ ਪੱਟ ਦਏ। ਭਲਾਂ ਕਾਰਾਂ ਗੈਲ ਢਿੱਡ ਭਰਜੂੰਗੇ। ਕਈਆਂ ਕੇ ਘਰਾਂ ਮਾਂ ਝਗੜੇ ਇਨ੍ਹਾਂ ਨੈ ਈ ਪਾਏ ਬੇ ਐਂ। ਹਰ ਕੋਈ ਕੱਪੜੇ ਤਾਰਨੇ ਨੂੰ ਫਿਰਾ। ਲੁੱਟ ਲਿਓ ਜਿਸ ਨੂੰ ਲੁੱਟ ਹੋਆ। ਗਰੌਂ ਮਾ ਹਲੀ ਕਈਆਂ ਨੂੰ ਚੈਕ ਮਿਲੇ ਬੀ ਨੀ, ਘਰਾਂ ਮਾ ਲੜਾਈਆਂ ਪੈਹਲਾਂ ਈ ਸ਼ੁਰੂ ਹੋ'ਗੀਆਂ। ਕੋਈ ਕਹੈ, 'ਮੈਂ ਨੀ ਜ਼ਮੀਨ ਲੇਣੀ।' ਕੋਈ ਕਹੈ, 'ਮਿਨ੍ਹੂੰ ਮੇਰਾ ਹਿੱਸਾ ਦੇ ਦਿਓ ਮੈਂ ਜਿਥੇ ਮਰਜੀ ਰਹਾਂ।' ਜਿੰਨੇ ਮੂੰਹ ਉਨੀਆਂ ਈ ਬਾਤਾਂ। ਭੈਣਾਂ-ਭਾਈਆਂ ਮਾ ਫਰਕ ਪੈ'ਗੇ। ਜਿਸ ਪਾ ਹੋਆ ਉਹ ਬੀ ਰੋਆ, ਜਿਸ ਪਾ ਹੈ ਨੀ ਉਹ ਬੀ ਰੋਆ। ਬੰਦੇ ਨੂੰ ਸਬਰ ਨੀ, ਟਕੌਅ ਨੀ। ਦੁਨੀਆਂ ਕਾ ਯੌਹ ਰੰਗ ਤਮਾਸ਼ਾ ਲੋਕ ਦੇਖੀ ਜਾਹਾਂਗੇ।

ਬੈਂਕ ਕਾ ਕੰਮ ਨਬੇੜ ਕੈ ਤਿੰਨੇ ਬਾਪ ਪੁੱਤ ਘਰਾਂ ਆ'ਗੇ। ਸੈਡ ਤਲ੍ਹੈ ਖੜਾ ਕੈ ਮੋਟਰਸੈਕਲ ਅਰ ਟਰੈਕਟਰ ਬਚਨਾ ਬਰਾਂਡੇ ਮਾ ਛੋਕਰਿਆਂ ਗੈਲ ਮੰਜਿਆਂ ਪਰ ਜਾ ਬੈਠਿਆ। ਹਾਕ ਮਾਰ ਕੈ ਘਰ ਆਲੀ ਨੂੰ ਕਹੈ, "ਭਗਵਾਨ ਕੁਰੇ ਕੈੜੀ ਜੀ ਚਾਹ ਬਣਾ ਲਿਆ, ਸਰੀਰ ਕੁਸ਼ ਕੰਡੇ ਪਰ ਨੀ ਲਗਦਾ।" ਇੰਨੇ ਮਾ ਉਸ ਕਾ ਸਾਲਾ ਸਤਨਾਮ ਸੈਂ ਬੀ ਮੋਟਰਸੈਕਲ ਪਰ ਬਿਹੜੇ ਮਾ ਆ ਬੜਿਆ। ਉਸ ਨੂੰ ਦੇਖ ਕੈ ਫੇਰ ਵਾਜ ਮਾਰ ਦੀ, "ਤੇਰਾ ਭਾਈ ਬੀ ਆ ਗਿਆ, ਪਤੀਲੇ ਮਾ ਹੋਰ ਦੁੱਧ ਪਾ'ਦੀਂ। ਸਤਨਾਮ ਸੈਂ ਬੜੀ ਦੇਰ ਕਰ'ਦੀ। ਹਮੈਂ ਤਾਂ ਡੀਕ ਡੀਕ ਕੈ ਗਏ ਐਂ। ਉਥੈ ਬੀ ਬੌਹਤ ਡੀਕਿਆ। ਯੌਹ ਤੇਰੇ ਹੱਥ ਮਾ ਪੁਰਜਾ ਫੜਿਆ ਬਾ ਇਸ ਨੈ ਬੀ ਕੰਮ ਨੀ ਕਰਿਆ। ਛੋਕਰਿਆਂ ਨੈ ਬੜੀ ਟਰਾਈ ਮਾਰੀ। ਘਰਾਂ ਸੁੱਖ ਬੀ ਐ।" ਇਕੋ ਸਾਹ ਖਾਸਾ ਕੁਸ਼ ਪੁੱਛ ਲਿਆ।

ਸਤਨਾਮ ਸੈਂ ਕਹੈ, "ਸਭ ਠੀਕ ਐ। ਚੜ੍ਹਦੀ ਕਲਾ ਐ। ਕਿਸਾਨ ਕਮੇਟੀ ਆਲੇ ਆ'ਗੇ ਤੇ ਉਨ੍ਹਾਂ ਗੈਲ ਤੁਰਨਾ ਪਿਆ। ਤਿੰਨ੍ਹੂੰ ਪਤਾ ਈ ਐ ਕੱਠੇ ਹੋ ਕੈ ਈ ਸਰਕਾਰ ਗੈਲ ਲੜਾਈ ਲੜ ਹੋਆ। ਬਿਨਾਂ ਰੋਏ ਤੇ ਮਾਂ ਬੀ ਦੁੱਧ ਨੀ ਦੰਦੀ। ਮਾਸੜ ਨੀ ਦਿਖਦਾ। ਕਿਥੈ? ਠੀਕ ਬੀ ਐ?"

"ਬਾਪੂ ਠੀਕ ਐ, ਤੰਦਰੁਸਤ ਐ। ਲਾਲੇ ਪਾ ਬੈਠਿਆ ਹੋਣਾ। ਜਦ ਤਕ ਉਸ ਗੈਲ ਗੱਲ ਸਾਂਝੀ ਨਾ ਕਰ ਲਹੈ, ਰੋਟੀ ਹਜਮ ਨੀ ਹੁੰਦੀ। ਪੱਕੀ ਆੜੀ ਐ ਦੋਹਾਂ ਕੀ।" ਬਚਨੇ ਨੇ ਗਾਹਾਂ ਬਾਤ ਤੋਰ ਲੀ, "ਸਤਨਾਮ ਸੈਂ ਯੌਹ ਬੈਠੇ ਐਂ ਤੇਰੇ ਦੋਏ ਭਾਣਜੇ। ਬੈਂਕ ਮਾ ਰਕਮ ਜਮ੍ਹਾਂ ਕਰਾ ਕੈ ਆਏ ਐਂ। ਦੋਏ ਗੈਲ ਤੇ। ਹੁਣ ਤੇਰੇ ਪਰ ਗੱਲ ਐ। ਛੇਤੀ ਤੇ ਛੇਤੀ ਜਮੀਨ ਕਾ ਟੱਕ ਲੇ ਦੇ। ਕੀਮਤਾਂ ਬੀ ਛਾਲਾਂ ਮਾਰੀ ਜਾਹਾਂ। ਕੁਸ਼ ਮਾਰੇ ਲੋਕ ਬੀ ਇਕ ਦੂਏ ਕੇ ਉਪਰ ਨੂੰ ਗਿਰੀ ਜਾਹਾਂ। ਮਾਨ੍ਹੂੰ ਤਾਂ ਮਨੇਜਰ ਨੈ ਬੀ ਲਾਲਚ ਦਿਆ। ਜੋ ਖੁੰਝਗੇ 'ਯਾਹਾਂ ਕੇ ਘਰ ਤਾਹਾਂ' ਆਲੀ ਹੋਜੂ'ਗੀ। ਜਮੀਨ ਇਨ੍ਹਾਂ ਦੋਏ ਛੋਕਰਿਆਂ ਕੇ ਨੌਂ ਪਰ ਲੇਣੀ ਐਂ। ਇਨ੍ਹਾਂ ਨੂੰ ਬੀ ਕੋਈ ਭਰਮ ਨਾ ਰੈਹ'ਜੈ ਕਿਤੀ। ਮੈਂ ਬੀ ਬੇਹਲਾ ਹੋ ਜੂੰਗਾ। ਅੱਗੈ ਇਨ੍ਹਾਂ ਕੀ ਮਰਜੀ ਐ, ਸੇਵਾ ਕਰੈਂ ਭਮਾ ਨਾ ਕਰੈਂ। ਹਮੈਂ ਭੁੱਖੇ ਨੀ ਮਰਦੇ। ਲੋਕ ਇਨ੍ਹਾਂ ਨੂੰ ਏ ਕਹੂੰਗੇ। ਮਾਰੇ ਪਾ ਚਾਰ-ਪੰਜ ਕਿੱਲੇ ਹੋਰ ਹੈਂਗੇ। ਜਿਹੜੀ ਬਾਤ ਮੇਰੇ ਮਨ ਮਾ ਤੀ ਉਹ ਕੈਹ ਦੀ। ਗੋਡੇ ਲਗੈ ਭਮਾ ਗਿੱਟੇ ਲਗੈ। ਅਰ ਯੌਹ ਬੀ ਬਾਤ ਐ। ਜਮੀਨ ਲੇਣੇ ਤੇ ਬਾਅਦ ਜਿੱਤਰਾਂ ਕੀ ਕਾਰ ਇਹ ਮੰਗੂਗੇ ਉਹ ਬੀ ਲੇ ਦੀਂ। ਇਨ੍ਹਾਂ ਕਾ ਸ਼ੌਕ ਬੀ ਪੂਰਾ ਕਰ ਦੀਂ। ਭਲਾ ਮਾਨ੍ਹੂੰ ਇਨ੍ਹਾਂ ਤੇ ਉਪਰ ਐ ਕੌਣੀ।"

ਇੰਨੇ ਨੂੰ ਬਾਪੂ ਬੀ ਆ ਗਿਆ। "ਮਾਸੜ ਸਾਸਰੀ ਕਾਲ" ਸਤਨਾਮ ਨੈ ਗੋਡੀਂ ਹੱਥ ਲਾ ਕੈ ਮੰਜੇ ਪਰ ਸਰ੍ਹਾਣੇ ਕੰਨੀ ਆਪਣੇ ਗੈਲ ਏ ਬਠਾ ਲਿਆ। ਬਾਪੂ ਕਹੈ, "ਭਾਈ ਮੈਂ ਤਾਂ ਥਾਰੀਆਂ ਬਾਤਾਂ ਬਾਹਰ ਖੜਿਆ ਸੁਣੈਂ ਤਾ। ਜੇ ਬੰਦਾ ਮਿਹਨਤ ਕਰੈ, ਸੱਚ ਪਰ ਰਹੈ, ਨਸ਼ੇ ਪੱਤੇ ਤੇ ਦੂਰ ਰਹੈ ਤਾਂ ਨੌਂ ਨਿਧੀਆਂ ਬਾਰਾਂ ਸਿਧੀਆਂ ਪਿਛੈ ਲੱਗ ਤੁਰਾਂ। ਕੋਈ ਘਾਟ ਨੀ ਰੈਂਹਦੀ।"

ਸਤਨਾਮ ਕਹੈ, "ਮਾਸੜ ਲਾਲੇ ਨੂੰ ਗੈਲ ਲੇ ਕੈ ਚਲੈਂ ਫੇਰ ਸ਼ੈਹਰ ਨੂੰ। ਭਾਣਜਿਆਂ ਨੂੰ ਨਮੀ ਕਾਰ ਪੈਹਲਾਂ ਈ ਲਿਆ ਦਹੈਂ।"

ਬਾਪੂ ਅੱਗੇ ਤੇ ਬੋਲ ਪਿਆ, "ਤੌਂਹ ਬੀ ਹਲੀ ਕਾਰ ਕੀਆਂ ਬਾਤਾਂ ਕਰਾ। ਛੋਕਰੇ ਤਾਂ ਉਡੂੰ ਉਡੂੰ ਕਰਦੇ ਫਿਰਾਂ। ਹਮੈਂ ਤਾਂ ਇਬ ਜਹਾਜ ਖਰੀਦਣੇ ਨੂੰ ਫਿਰਾਂ।" ਬਰਾਂਡੇ ਮਾ ਹਾਸੇ ਕੀ ਫੁਹਾਰ ਛਿੜਪੀ।

*('ਪੁਆਧ ਕੇ ਘਰਾਟਾਂ ਕਾ ਆਟਾ' ਵਿਚੋਂ)*

## ਮਿਰਾਸੀਆਂ ਬਾਰੇ ਹਸਾਉਣੀਆਂ

ਇਕ ਮਿਰਾਸੀ ਵਿਆਹ ਖੁਣੋਂ ਰਹਿ ਗਿਆ। ਉਸ ਨੇ ਪਿੰਡ ਦੀ ਪੰਚਾਇਤ ਨੂੰ ਨਿਹੋਰਾ ਮਾਰਿਆ, "ਮੈਂ ਤੁਹਾਡੇ ਮੁੰਡਿਆਂ ਦੇ ਘੋੜੀ ਚੜ੍ਹਨ ਦਾ ਬੰਦੋਬਸਤ ਹੀ ਕਰਦਾ ਰਹਿ ਗਿਆ। ਤੁਸੀਂ ਵੀ ਕਦੇ ਸੋਚਿਆ ਕਿ ਮਿਰਾਸੀ ਨੂੰ ਵੀ ਕਦੇ ਘੋੜੀ ਚੜ੍ਹਾਈਏ?"

ਪੰਚਾਇਤ ਦੇ ਕਹਿਣ 'ਤੇ ਨਾਈ ਨੇ ਨੇੜਲੇ ਪਿੰਡਾਂ ਦਾ ਗੇੜਾ ਮਾਰਿਆ ਤੇ ਰਿਸ਼ਤਾ ਲੈ ਆਂਦਾ। ਪਿੰਡ ਵਾਲਿਆਂ ਮਿਰਾਸੀ ਨੂੰ ਘੋੜੀ ਚਾੜ੍ਹਨ ਦਾ ਧੂਮ ਧਾਮ ਨਾਲ ਬੰਦੋਬਸਤ ਕੀਤਾ। ਵਿਆਹ ਤੋਂ ਬਾਅਦ ਮਿਰਾਸੀ ਕਈ ਮਹੀਨੇ ਨਜ਼ਰ ਹੀ ਨਾ ਆਇਆ। ਇਕ ਦਿਨ ਦਿਸਿਆ ਤਾਂ ਲੋਕਾਂ ਨੇ ਉਹਨੂੰ ਪੁੱਛਿਆ, "ਓ ਮਿਰਾਸੀਆ, ਤੈਨੂੰ ਘੋੜੀ ਕੀ ਚਾੜ੍ਹਿਆ, ਤੂੰ ਤਾਂ ਦਿਸਣੋਂ ਹੀ ਹਟ ਗਿਐਂ।"

ਮਿਰਾਸੀ ਬੋਲਿਆ, "ਕੀ ਪੁੱਛਦੇ ਹੋ ਜਜਮਾਨੋ, ਮੈਂ ਤਾਂ ਬਸ ਇਕੋ ਦਿਨ ਘੋੜੀ ਚੜ੍ਹਿਆ, ਮੁੜ ਘੋੜੀ ਹੀ ਮੇਰੇ 'ਤੇ ਚੜ੍ਹੀ ਰਹੀ ਏ।"

---

ਇਕ ਮਿਰਾਸੀ ਦੇ ਘਰ ਚੋਰ ਆ ਵੜਿਆ। ਮਿਰਾਸੀ ਤੇ ਮਿਰਾਸਣ ਦੋਵੇਂ ਜਾਗਦੇ ਸਨ। ਸੋ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਚੋਰ ਆ ਗਿਆ ਹੈ। ਮਿਰਾਸੀ ਨੇ ਮਿਰਾਸਣ ਨੂੰ ਝੂਠੀ-ਮੂਠੀ ਗੱਲ ਬਣਾ ਕੇ ਪੁੱਛਿਆ, ਉਹ ਸੋਨੇ ਦੀ ਮੁੰਦਰੀ ਕਿੱਥੇ ਰੱਖੀ ਊ?"

ਚੋਰ ਦੇ ਕੰਨ ਖੜ੍ਹੇ ਹੋ ਗਏ। ਮਿਰਾਸਣ ਸਮਝ ਗਈ, ਮਿਰਾਸੀ ਨੇ ਕਿਉਂ ਉਸ ਨੂੰ ਸੋਨੇ ਦੀ ਮੁੰਦਰੀ ਬਾਰੇ ਪੁੱਛਿਆ ਹੈ। ਉਹ ਬੋਲੀ, "ਓਹੋ, ਮੁੰਦਰੀ ਤਾਂ ਬਾਹਰ ਆਲੇ ਵਿਚ ਰਹਿ ਗਈ ਏ।" (ਆਲੇ ਵਿਚ ਦਰਅਸਲ ਭੂੰਡਾਂ ਦਾ ਖੱਖਰ ਲੱਗਾ ਹੋਇਆ ਸੀ) ਮਿਰਾਸੀ ਵਿਚਲੀ ਗੱਲ ਜਾਣ ਗਿਆ ਤੇ ਕਹਿਣ ਲੱਗਾ, "ਚੱਲ ਪਈ ਰਹਿਣ ਦੇ, ਏਥੇ ਕਿਹੜਾ ਚੋਰ ਪੈ ਚੱਲੇ ਨੇ?"

ਚੋਰ ਨੇ ਇਹ ਗੱਲ ਸੁਣੀ ਤੇ ਬਾਹਰ ਵਾਲੇ ਆਲੇ ਵਿਚੋਂ ਮੁੰਦਰੀ ਚੁੱਕਣ ਚਲਾ ਗਿਆ। ਜਾਂ ਉਹਨੇ ਆਲੇ ਵਿਚ ਹੱਥ ਪਾਇਆ ਤਾਂ ਉਸ ਨੂੰ ਭੂੰਡ ਲੜ ਗਏ। ਉਸ ਦੀ 'ਹਾਏ' ਨਿਕਲ ਗਈ। ਅੰਦਰੋਂ ਮਿਰਾਸਣ ਬੋਲੀ, "ਭਾਊ, ਜੇ ਤੰਗ ਹੈ ਤਾਂ ਜ਼ਰਾ ਥੁੱਕ ਲਾ ਕੇ ਚੜ੍ਹਾ ਲੈ।"

---

ਇਕ ਮਿਰਾਸੀ ਸਵੇਰੇ ਸਵੇਰੇ ਉਠਿਆ, ਮੂੰਹ 'ਤੇ ਹੱਥ ਫੇਰਿਆ ਤੇ ਕਹਿਣ ਲੱਗਾ, "ਯਾ ਖੁਦਾ, ਸਾਨੂੰ ਮਿਰਾਸੀਆਂ ਨੂੰ ਦੇਣ 'ਤੇ ਆਇਓਂ ਵੀ ਤੇ ਦਿੱਤੀ ਵੀ ਗਰੀਬੀ। ਅੱਜ ਤੈਨੂੰ ਆਪਣੀ ਇਹ ਭੁੱਲ ਸੁਧਾਰਨ ਦਾ ਮੌਕਾ ਦੇਂਦੇ ਹਾਂ। ਕੋਈ ਐਸਾ ਜਜਮਾਨ ਟਕਰਾ ਦੇ ਤੇ ਮੈਥੋਂ ਉਸ ਦੀ ਐਸੀ ਸਿਫਤ ਕਰਵਾ ਦੇ ਕਿ ਮੇਰੀ ਗਰੀਬੀ ਕੱਟੀ ਜਾਵੇ।"

ਲਾਗੋਂ ਕਿਸੇ ਨੇ ਕਿਹਾ, "ਤੂੰ ਜਜਮਾਨਾਂ ਦੀ ਸਿਫਤ ਛੋੜ ਕੇ ਸਿੱਧੀ ਰੱਬ ਦੀ ਸਿਫਤ ਕਿਉਂ ਨਹੀਂ ਕਰਦਾ ਕਿ ਗਰੀਬੀ ਕੱਟੀ ਜਾਵੇ?"

"ਓਏ ਰੱਬ ਕੋਲ ਤਾਂ ਜੋ ਸੀ, ਉਹ ਤਾਂ ਉਸ ਨੇ ਜਜਮਾਨਾਂ ਨੂੰ ਦੇ ਦਿੱਤਾ। ਸਾਡੀ ਵਾਰੀ ਆਈ ਤਾਂ ਉਸ ਪਾਸ ਰਿਹਾ ਈ ਕੁਝ ਨਾ। ਜੇ ਹੁਣ ਕੁਝ ਹੈ ਸੂ ਤਾਂ ਜਜਮਾਨ ਬਣ ਕੇ ਆ ਜਾਏ, ਤੇ ਸਿਫਤ ਕਰਵਾ ਲਵੇ। ਪਰ ਲਾਗ ਪੇਸ਼ਗੀ ਲਵਾਂਗੇ।"

*-ਡਾ. ਜਸਵੰਤ ਸਿੰਘ ਨੇਕੀ*

# ਪੰਜਾਬ ਵਿਚਲਾ ਆਬ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਾਣੀ ਦੇ ਅਰਥਾਂ ਵਾਲੇ ਆਬ ਸ਼ਬਦ ਬਾਰੇ ਬਥੇਰੇ ਪੰਜਾਬੀ ਜਾਣਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਖੁਦ ਪੰਜਾਬ ਸ਼ਬਦ ਪੰਜ+ਆਬ ਯਾਨਿ ਪੰਜ ਪਾਣੀ ਤੋਂ ਬਣਿਆ ਹੈ। ਇਸ ਸੂਬੇ ਦੀਆਂ ਭੂਗੋਲਿਕ ਸਰਹੱਦਾਂ ਬਦਲਦੀਆਂ ਰਹੀਆਂ ਹਨ। ਕਿਸੇ ਵੇਲੇ ਇਹ ਸਪਤ-ਸਿੰਧੂ ਕਹਾਉਂਦਾ ਸੀ, ਜੋ ਜਮੁਨਾ ਤੋਂ ਸਿੰਧ ਤੱਕ ਸੱਤ ਨਦੀਆਂ ਵਾਲਾ ਇਲਾਕਾ ਸੀ। ਫਿਰ ਇਹ ਪੰਚ-ਨਦ ਕਹਾਉਣ ਲੱਗਾ। ਇਹੀ ਪੰਚ-ਨਦ ਫਾਰਸੀ ਵਿਚ ਪੰਜ-ਆਬ ਕਹਾਇਆ।

ਇਥੋਂ ਸਾਨੂੰ ਇਹ ਸੰਕੇਤ ਵੀ ਮਿਲਦਾ ਹੈ ਕਿ ਅਜੋਕੀ ਪੰਜਾਬੀ ਵਿਚ ਆਬ ਸ਼ਬਦ ਬਹੁਤਾ ਸਮਾਸੀ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ। ਪਰ ਫਿਰ ਵੀ ਮਧਕਾਲੀ ਪੰਜਾਬੀ ਕਵਿਤਾ ਵਿਚ ਆਬ ਸ਼ਬਦ ਸੁਤੰਤਰ ਤੌਰ 'ਤੇ ਪਾਣੀ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ, 'ਅਮੁਲ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥' ਅਤੇ 'ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥' (ਗੁਰੂ ਨਾਨਕ ਦੇਵ)। ਕਿੱਸਿਆਂ ਵਿਚ ਆਬ ਸ਼ਬਦ ਦੀ ਕਾਫੀ ਆਬਾਦੀ ਹੈ! ਰਾਂਝਾ ਆਪਣੀਆਂ ਭਰਜਾਈਆਂ ਨੂੰ ਆਖਦਾ ਹੈ,

ਭਾਈ ਸਾਕ ਸਨ ਸੋ ਤੁਸਾਂ ਵੱਖ ਕੀਤੇ,
ਤੁਸੀਂ ਸਾਕ ਕੀ ਸਾਡੀਆਂ ਲਗਦੀਆਂ ਹੋ।
ਅਸੀਂ ਕੁੱਜੜੇ ਰੂਪ ਕਰੂਪ ਵਾਲੇ,
ਤੁਸੀਂ ਜੋਬਨੇ ਦੀਆਂ ਨੈਂਈਂ ਵਗਦੀਆਂ ਹੋ।
ਅਸਾਂ ਆਬ ਤੇ ਤੁਆਮ ਹਰਾਮ ਕੀਤਾ,
ਤੁਸੀਂ ਠਗਣੀਆਂ ਸਾਰਤੇ ਜੱਗ ਦੀਆਂ ਹੋ।
ਵਾਰਸ ਸ਼ਾਹ ਇਕੱਲੜੇ ਕੀ ਕਰਨਾ,
ਤੁਸੀਂ ਸਤ ਇਕੱਠੀਆਂ ਵਗਦੀਆਂ ਹੋ।

ਹੋਰ ਸੁਣੋ, "ਕਾਬਲ ਗਏ ਮੁਗਲ ਹੋ ਆਏ, ਬੋਲੇ ਬੋਲ ਪਠਾਣੀ; ਆਬ ਆਬ ਕਰ ਪੂਤਾ ਮਰ ਗਏ ਧਰਾ ਸਿਰਹਾਣੇ ਪਾਣੀ।" ਇਸ ਦਾ ਇਕ ਹੋਰ ਰੂਪ ਹੈ, "ਆਬ ਆਬ ਕਰ ਮੋਇਓਂ ਬੱਚਾ, ਫਾਰਸੀਆਂ ਘਰ ਗਾਲੇ। ਜੇ ਜਾਣਾ ਤੂੰ ਪਾਣੀ ਮੰਗਦੋਂ ਤਾਂ ਭਰ ਦਿਆਂ ਪਿਆਲੇ।" ਆਬ ਸ਼ਬਦ ਪੰਜਾਬੀ ਵਿਚ ਭਾਰਤ ਦੇ ਉਤਰ-ਪੱਛਮੀ ਖੇਤਰ ਵਿਚ ਮੁਸਲਮਾਨੀ ਚੜ੍ਹਤ ਨਾਲ ਮਧਕਾਲ ਦੌਰਾਨ ਫਾਰਸੀ ਵਲੋਂ ਆਇਆ। ਮੁਸਲਮਾਨੀ ਸੱਤਾ ਕਾਇਮ ਹੋਣ ਨਾਲ ਹਾਕਮਾਂ ਨੇ ਦੇਸ਼ ਵਿਚ ਫਾਰਸੀ ਲਾਗੂ ਕਰ ਦਿੱਤੀ। ਸਿੱਟੇ ਵਜੋਂ ਹੋਰ ਫਾਰਸੀ ਸ਼ਬਦਾਂ ਦੀ ਤਰ੍ਹਾਂ ਨਾ ਸਿਰਫ ਪੰਜਾਬੀ ਸਾਹਿਤ ਵਿਚ ਹੀ ਬਲਕਿ ਹੋਰ ਹਰ ਤਰ੍ਹਾਂ ਦੀ ਸ਼ਬਦਾਵਲੀ ਵਿਚ ਵੀ ਆਬ ਸ਼ਬਦ ਦੀ ਆਭਾ ਫੈਲਣ ਲੱਗੀ। ਜ਼ਮੀਨ ਦੇ ਰਿਕਾਰਡ ਫਾਰਸੀ-ਉਰਦੂ ਵਿਚ ਲਿਖੇ ਜਾਂਦੇ ਸਨ। ਜ਼ਮੀਨ ਨਾਲ ਪਾਣੀ ਦਾ ਸਿੱਧਾ ਸਬੰਧ ਹੈ।

ਆਬ ਦੇ ਪਾਣੀ ਵਾਲੇ ਅਰਥ ਕਈ ਸਮਾਸੀ ਜਾਂ ਸੰਯੁਕਤ ਸ਼ਬਦਾਂ ਵਿਚ ਮਿਲਦੇ ਹਨ। ਸਭ ਤੋਂ ਵਧ ਪ੍ਰਚਲਿਤ ਸ਼ਬਦ ਹੈ ਪੌਣ-ਪਾਣੀ ਦੇ ਅਰਥਾਂ ਵਾਲਾ ਆਬੋ-ਹਵਾ ਜੋ ਲਾਖਣਿਕ ਤੌਰ 'ਤੇ ਮਾਹੌਲ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਝਰਨੇ ਲਈ ਆਬਸ਼ਾਰ ਸ਼ਬਦ ਵੀ ਸਾਹਿਤਕ ਪੰਜਾਬੀ ਵਿਚ ਖੂਬ ਵਰਤਿਆ ਮਿਲਦਾ ਹੈ। ਆਬ ਤੋਂ ਬਣੇ ਮੁਰਗਾਬ ਦਾ ਅਰਥ ਪਾਣੀ ਵਿਚ ਰਹਿਣ ਵਾਲਾ ਹੁੰਦਾ ਹੈ। ਇਸ ਤੋਂ ਅੱਗੇ ਮੁਰਗਾਬੀ ਆਈ ਜੋ ਜਲ ਵਿਚ ਰਹਿਣ ਵਾਲਾ ਇਕ ਨਿੱਕਾ ਪੰਛੀ ਹੁੰਦਾ ਹੈ। ਮੁਰਗ ਦਾ ਫਾਰਸੀ ਵਿਚ ਅਰਥ 'ਪੰਛੀ' ਹੁੰਦਾ ਹੈ। ਆਫਤਾਬਾ ਕੁੱਜਾ ਹੁੰਦਾ ਹੈ। ਆਬਖੋਰਾ ਇਕ ਤਰ੍ਹਾਂ ਦਾ ਕਟੋਰਾ ਜਾਂ ਗਲਾਸ ਹੁੰਦਾ ਹੈ। ਰੋਣੀ ਕਰਨ ਜਾਂ ਜਲ ਛਿੜਕਣ ਦੇ ਅਰਥਾਂ ਵਿਚ ਇਕ ਸ਼ਬਦ ਹੈ, ਆਬਪਾਸ਼ੀ। ਇਸ ਦੇ ਟਾਕਰੇ 'ਤੇ ਗੁਰਬਾਣੀ ਵਿਚ ਆਪਾਉ ਸ਼ਬਦ ਆਉਂਦਾ ਹੈ ਜਿਸ ਦਾ ਮਤਲਬ ਵੀ ਸਿੰਜਣਾ ਹੀ ਹੁੰਦਾ ਹੈ, "ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥" (ਗੁਰੂ ਨਾਨਕ ਦੇਵ)

ਨਹਿਰੀ ਪਾਣੀ ਦੇ ਕਰ ਨੂੰ ਆਬਿਆਨਾ ਕਿਹਾ ਜਾਂਦਾ ਹੈ। ਸ਼ਰਾਬ ਕੱਢਣ ਵਾਲਾ ਆਬਕਾਰ ਹੈ ਤੇ ਆਬਕਾਰੀ ਹੈ, ਸ਼ਰਾਬ ਕੱਢਣ ਦਾ ਧੰਦਾ ਜਾਂ ਸ਼ਰਾਬਖਾਨਾ। ਸ਼ਰਾਬ ਇਕ ਤਰ੍ਹਾਂ ਦਾ ਪਾਣੀ ਹੀ ਹੈ, ਅਸੀਂ ਨਸ਼ਾ-ਪਾਣੀ ਸ਼ਬਦ ਵਰਤਦੇ ਹਾਂ। ਆਮ ਧਾਰਨਾ ਹੈ, ਸ਼ਰਾਬ ਸ਼ਬਦ ਸ਼ਰ+ਆਬ ਤੋਂ ਬਣਿਆ ਹੈ ਅਰਥਾਤ ਐਸਾ ਪਾਣੀ ਜਿਸ ਦੇ ਪੀਣ ਨਾਲ ਮਨ ਵਿਚ ਸ਼ਰਾਰਤ ਉਪਜੇ। ਪਰ ਇਹ ਸਹੀ ਨਹੀਂ ਹੈ। ਸ਼ਰਾਬ ਅਰਬੀ ਮੂਲ ਦਾ ਸ਼ਬਦ ਹੈ ਜਿਸ ਦੇ ਧਾਤੂ ਸ਼ਰਬ ਦਾ ਅਰਥ ਪੀਣਾ ਹੁੰਦਾ ਹੈ। ਆਬ ਨਰੋਆ ਦਾ ਮਤਲਬ ਨਰੋਆ ਅਰਥਾਤ ਸਿਹਤ ਲਈ ਚੰਗਾ ਪਾਣੀ ਹੁੰਦਾ ਹੈ। ਆਬੋਦਾਨਾ ਸ਼ਬਦ ਦਾਣਾ-ਪਾਣੀ ਜਾਂ ਰਿਜ਼ਕ ਦੇ ਅਰਥਾਂ ਵਿਚ ਲਿਆ ਜਾਂਦਾ ਹੈ, "ਆਬਦਾਨਾ ਨਾ ਮਿਰਜ਼ੇ ਦਾ ਖੁੱਟਿਆ ਈ।" (ਕਿਸ਼ਨ ਸਿੰਘ ਆਰਿਫ) ਆਬੇ-ਹਯਾਤ ਦਾ ਸ਼ਾਬਦਿਕ ਅਰਥ ਹੁੰਦਾ ਹੈ, ਜੀਵਨ ਦਾ ਪਾਣੀ ਪਰ ਵਿਸਤ੍ਰਿਤ ਅਰਥ ਅਮਰਤਾ ਹੈ। ਇਕ ਮਿਥਿਕ ਚਸ਼ਮੇ ਦਾ ਨਾਂ ਵੀ ਆਬੇ-ਹਯਾਤ ਹੁੰਦਾ ਹੈ। ਇਸ ਦਾ ਪਾਣੀ ਪੀਣ ਨਾਲ ਆਦਮੀ ਅਮਰ ਹੋ ਜਾਂਦਾ ਦੱਸਿਆ ਜਾਂਦਾ ਹੈ। ਮੀਆਂ ਮੁਹੰਮਦ ਬਖਸ਼ ਨੇ ਇਹ ਸ਼ਬਦ ਇਸ ਤਰ੍ਹਾਂ ਵਰਤਿਆ ਹੈ:

ਜੇ ਤੂੰ ਸ਼ਾਹ ਇਕਬਾਲਾਂ ਵਾਲਾ
ਕੱਢਣ ਲੱਗੋਂ ਸਮੁੰਦਰ।
ਆਬ-ਹੱਯਾਤੀ ਵੀ ਕਮ ਹੋਸੀ
ਮਰਸੇਂ ਵਾਂਗ ਸਿਕੰਦਰ।



ਪ੍ਰਸਿਧ ਨਿਰੁਕਤਕਾਰ ਅਜਿਤ ਵਡਨੇਰਕਰ ਨੇ ਆਬਾ ਸ਼ਬਦ ਵੀ ਆਬ ਤੋਂ ਬਣਿਆ ਦੱਸਿਆ ਹੈ। ਪ੍ਰਾਚੀਨ ਖੇਤੀ ਪ੍ਰਧਾਨ ਜ਼ਮਾਨੇ ਵਿਚ ਜਦ ਕਿਸੇ ਨਵੇਂ ਥਾਂ 'ਤੇ ਵਸਿਆ ਜਾਂਦਾ ਸੀ ਤਾਂ ਸਭ ਤੋਂ ਪਹਿਲਾਂ ਇਸ ਨੂੰ ਪਾਣੀ ਨਾਲ ਸਿੰਜਣ ਦੇ ਪ੍ਰਬੰਧ ਕੀਤੇ ਜਾਂਦੇ ਸਨ। ਇਸ ਲਈ ਉਸ ਅਨੁਸਾਰ ਆਬਾਦ ਕਰਨ ਦਾ ਮੁਢਲਾ ਅਰਥ ਸਿੰਜੀ ਜ਼ਮੀਨ ਜਾਂ ਵਾਹੀਯੋਗ ਬਣਾਈ ਜ਼ਮੀਨ ਹੈ। ਇਸ ਤੋਂ ਆਬਾਦ ਸ਼ਬਦ ਸ਼ਹਿਰਾਂ ਨਗਰਾਂ ਦੇ ਨਾਂ ਪਿਛੇ ਵੀ ਲੱਗਣ ਲੱਗ ਪਿਆ। ਪਰ ਹਾਲ ਦੀ ਘੜੀ ਮੈਂ ਉਸ ਨਾਲ ਸਹਿਮਤ ਨਹੀਂ ਹਾਂ। ਸ਼ਾਇਦ ਇਹ ਸ਼ਬਦ ਸੰਸਕ੍ਰਿਤ 'ਆਵਾਸ' ਸ਼ਬਦ ਦਾ ਸੁਜਾਤੀ ਹੈ ਜੋ ਵਸ ਧਾਤੂ ਤੋਂ ਬਣਿਆ ਹੈ ਤੇ ਜਿਸ ਵਿਚ ਵੱਸਣ ਦੇ ਭਾਵ ਹਨ।

ਆਬ ਨੂੰ ਵਿਸ਼ੇਸ਼ ਦ੍ਰਵਾਂ ਜਿਵੇਂ ਪਸੀਨਾ, ਅੱਥਰੂ, ਅਰਕ, ਖਾਲਸ ਸ਼ਰਾਬ ਆਦਿ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਆਬ ਦੇ ਵਿਸਤ੍ਰਿਤ ਅਤੇ ਲਾਖਣਿਕ ਅਰਥ ਵੀ ਹਨ। ਆਬ ਜਾਂ ਪਾਣੀ ਇਕ ਪਾਰਦਰਸ਼ਕ ਚਮਕਦਾ ਹੋਇਆ ਪਦਾਰਥ ਹੁੰਦਾ ਹੈ, ਇਸ ਲਈ ਇਸ ਤੋਂ ਚਮਕਣ ਦੇ ਭਾਵਾਂ ਵਾਲੇ ਸ਼ਬਦ ਵੀ ਬਣੇ ਹਨ। ਚਿਹਰੇ ਦੇ ਆਬ ਤੋਂ ਬੰਦੇ ਦੀ ਸ਼ਖਸੀਅਤ ਪਰਖੀ ਜਾਂਦੀ ਹੈ, ਇਸ ਲਈ ਇੱਜ਼ਤ ਦੇ ਅਰਥਾਂ ਵਾਲਾ ਆਬਰੂ ਸ਼ਬਦ ਬਣ ਗਿਆ ਹੈ, 'ਕੱਟ ਵਾਂਗੂੰ ਮੁਸਾਫਰਾਂ ਰਾਤ ਏਥੇ, ਕਿਸ ਵਾਸਤੇ ਦੇਸ ਭੁਲਾਵਨਾ ਏਂ। ਜਾਏਂ ਆਬਰੂ ਨਾਲ ਤਾਂ ਲੱਖ ਪਾਏਂ, ਕਿਸ ਵਾਸਤੇ ਸ਼ਾਨ ਬਣਾਉਣਾ ਏਂ।' (ਹਾਸ਼ਮ ਸ਼ਾਹ) ਇੱਜ਼ਤ-ਆਬਰੂ ਸ਼ਬਦ-ਜੁੱਟ ਵੀ ਖੂਬ ਚਲਦਾ ਹੈ। ਆਬਰੂ ਤੋਂ ਹੀ ਬੇਆਬਰੂ ਬਣ ਗਿਆ। ਉਂਜ ਆਬਰੂ ਦੀ ਵਿਉਤਪਤੀ ਇਕ ਹੋਰ ਤਰ੍ਹਾਂ ਵੀ ਕੀਤੀ ਜਾਂਦੀ ਹੈ। ਫਾਰਸੀ ਵਿਚ ਆਬਰੂ ਦਾ ਅਰਥ ਭਰਵੱਟੇ ਵੀ ਹੁੰਦਾ ਹੈ। ਚਿਹਰੇ ਦੇ ਅੰਗ ਮਨੁੱਖ ਦੇ ਸ਼ਖਸੀਅਤ ਦਾ ਸ਼ੀਸ਼ਾ ਹੁੰਦੇ ਹਨ। ਚੜ੍ਹੇ ਭਰਵੱਟਿਆਂ (High Brow) ਵਾਲਾ ਬੰਦਾ ਘੁਮੰਡੀ ਹੁੰਦਾ ਹੈ; ਨੱਕ-ਚੜ੍ਹਿਆ ਕਿਸੇ ਨੂੰ ਕੁਝ ਸਮਝਦਾ ਹੀ ਨਹੀਂ। ਨੱਕ ਲਾਖਣਿਕ ਤੌਰ 'ਤੇ ਇਜ਼ਤ ਜਾਂ ਨਾਮਣਾ ਦਾ ਬੋਧਕ ਹੈ ਜਿਵੇਂ 'ਨੱਕ-ਨਮੂਜ ਨਾ ਰਹਿਣਾ'।

ਆਬਦਾਰ ਦਾ ਮਤਲਬ (ਹੀਰਾ ਆਦਿ) ਚਮਕੀਲਾ, ਲਿਸ਼ਕਾਇਆ ਅਤੇ (ਲੋਹਾ ਆਦਿ) ਚੰਗੀ ਪਾਣ ਚੜ੍ਹੀ ਵਾਲਾ ਹੁੰਦਾ ਹੈ। ਧਿਆਨ ਦਿਉ, ਪਾਣ ਸ਼ਬਦ ਵੀ ਪਾਣੀ ਤੋਂ ਹੀ ਬਣਿਆ ਹੈ। 'ਸ਼ੀਸ਼ੇ ਦਾ ਪਾਣੀ' ਉਕਤੀ ਇਸ ਦੇ ਚਮਕੀਲੇ ਗੁਣ ਕਰਕੇ ਹੀ ਵਰਤੀ ਜਾਂਦੀ ਹੈ। ਆਬਤਾਬ ਦਾ ਅਰਥ ਚਮਕ, ਲਿਸ਼ਕ-ਪੁਸ਼ਕ ਤੋਂ ਅੱਗੇ ਵਧਦਾ ਸ਼ਾਨ-ਸ਼ੌਕਤ, ਤੇਜ ਪ੍ਰਤਾਪ ਵੀ ਹੋ ਗਿਆ ਹੈ।

ਉਰਦੂ ਫਾਰਸੀ ਵਿਚ ਬੱਦਲ ਨੂੰ ਅਬ੍ਰ ਜਾਂ ਅਬਰ ਕਿਹਾ ਜਾਂਦਾ ਹੈ, 'ਆਏ ਕੁਛ ਅਬਰ, ਕੁਛ ਸ਼ਰਾਬ ਆਏ।' (ਫੈਜ਼) ਬਸੰਤ ਰੁੱਤ ਦੇ ਮੇਘ ਨੂੰ ਅਬਰੇ ਬਹਾਰਾਂ ਕਿਹਾ ਜਾਂਦਾ ਹੈ। ਇਸ ਵਿਚ ਆਬ ਸਪਸ਼ਟ ਝਲਕਦਾ ਹੈ। ਬੱਦਲ ਪਾਣੀ ਵਾਹਕ ਹੀ ਹੁੰਦਾ ਹੈ। ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਵਿਚ ਵੀ ਬੱਦਲ ਲਈ ਅਭ੍ਰ (ਅਪ+ਭ੍ਰ) ਸ਼ਬਦ ਹੈ। ਅਭ੍ਰ ਦਾ ਇਕ ਅਰਥ ਆਕਾਸ਼ ਵੀ ਹੈ ਜੋ ਬੱਦਲ ਦਾ ਹੀ ਵਿਸਤ੍ਰਿਤ ਅਰਥ ਹੈ। ਸਪਸ਼ਟ ਹੈ ਕਿ ਇਥੇ ਪਾਣੀ ਦੇ ਅਰਥਾਂ ਵਾਲੇ ਸੰਸਕ੍ਰਿਤ ਪਿਛੋਕੜ ਦੇ ਅਪ ਅਤੇ ਫਾਰਸੀ ਪਿਛੋਕੜ ਵਾਲੇ ਆਬ ਘੁਲੇ ਹੋਏ ਹਨ। ਦਰਅਸਲ ਪੁਰਾਣੀ ਫਾਰਸੀ ਅਬਰ ਦਾ ਰੂਪ ਅਵਰ ਸੀ। ਸਕੂਲੇ ਪੜ੍ਹਦਿਆਂ ਤਿਰਵਰੇ ਉਪਰ ਰੰਗ ਛਿੜਕ ਕੇ ਤੇ ਉਪਰ ਕੋਰਾ ਕਾਗਜ਼ ਰੱਖ ਕੇ ਅਮਰੀ (ਫਾਰਸੀ ਅਬਰੀ) ਬਣਾਈ ਜਾਂਦੀ ਸੀ ਜਿਸ ਨੂੰ ਕਿਤਾਬਾਂ ਦੀਆਂ ਜਿਲਦਾਂ 'ਤੇ ਲਾਉਂਦੇ ਸਾਂ। ਇਹ ਸ਼ਬਦ ਅਬਰ ਨਾਲ ਸਬੰਧਤ ਹੈ। ਇਥੇ ਬੱਦਲਾਂ ਦੀ ਵੰਨ-ਸਵੰਨਤਾ ਦੀ ਸਾਂਝ ਹੈ। ਚਿੱਟੇ ਰੰਗ ਦੇ ਇਕ ਖਣਿਜ ਨੂੰ ਅਬਰਕ ਕਿਹਾ ਜਾਂਦਾ ਹੈ। ਅਬਰਕ ਚਮਕਦਾਰ ਅਤੇ ਪਰਤਦਾਰ ਹੁੰਦਾ ਹੈ, ਇਸ ਲਈ ਇਹ ਬੱਦਲ ਦਾ ਇਕ ਰੂਪਕ ਬਣਦਾ ਹੈ।

ਹਿੰਦ-ਇਰਾਨੀ ਭਾਸ਼ਾਵਾਂ ਵਿਚ ਅਸੀਂ ਆਬ ਦੇ ਸੁਜਾਤੀ ਸ਼ਬਦਾਂ ਦਾ ਸੰਖੇਪ ਜ਼ਿਕਰ ਕਰ ਲਿਆ ਹੈ। ਆਬ ਸ਼ਬਦ ਦਾ ਜ਼ੰਦ ਵਿਚ ਰੂਪ ਵੀ 'ਅਪ' ਹੀ ਮਿਲਦਾ ਹੈ, ਇਹ ਪਹਿਲਵੀ ਵਿਚ 'ਆਪ' ਹੈ ਅਤੇ ਪੁਰਾਣੀ ਫਾਰਸੀ ਵਿਚ 'ਆਵ'। ਇਹ ਸੰਸਕ੍ਰਿਤ 'ਅਪ' ਦਾ ਤਾਂ ਸਕਾ ਹੈ ਹੀ, ਪਰ ਇਸ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ Akwa ਨਿਸ਼ਚਿਤ ਕੀਤਾ ਗਿਆ ਹੈ ਜਿਸ ਵਿਚ ਪਾਣੀ ਦੇ ਭਾਵ ਹਨ। ਸ਼ਬਦ-ਵਿਗਿਆਨੀਆਂ ਅਨੁਸਾਰ ਪਾਣੀ ਦੇ ਅਰਥਾਂ ਵਾਲਾ ਲਾਤੀਨੀ ਸ਼ਬਦ Aqua ਇਸੇ ਦਾ ਭਰਾ ਭਾਈ ਹੈ। ਇਹ ਸ਼ਬਦ ਅੰਗਰੇਜ਼ੀ ਨੇ ਵੀ ਅਪਨਾਇਆ ਹੋਇਆ ਹੈ। ਇਸ ਤੋਂ Aquatic, Aquarium ਆਦਿ ਸ਼ਬਦ ਵੀ ਬਣੇ ਹਨ। ਪੁਰਾਤਨ ਜਰਮੈਨਿਕ ਵਿਚ ਇਸ ਦਾ ਸੁਜਾਤੀ ਸ਼ਬਦ ਸੀ Akhwo ਜਿਸ ਤੋਂ ਦਰਿਆ ਦੇ ਅਰਥਾਂ ਵਾਲਾ ਪੁਰਾਤਨ ਅੰਗਰੇਜ਼ੀ ਦਾ ਸ਼ਬਦ ਬਣਿਆ Ea. ਗੋਥਿਕ ਵਿਚ ਇਸ ਦਾ ਸਕਾ ਹੈ Ahua ਜਿਸ ਦਾ ਅਰਥ ਦਰਿਆ, ਪਾਣੀ ਹੈ। ਪੁਰਾਣੀ ਨੌਰਸ ਭਾਸ਼ਾ ਦਾ ਸ਼ਬਦ Aegir ਇਕ ਜਲ-ਦੇਵ ਦਾ ਨਾਂ ਹੈ। ਪੁਰਾਣੀ ਅੰਗਰੇਜ਼ੀ ਦਾ ਹੀ ਇਕ ਸ਼ਬਦ ਹੈ Ieg ਜਿਸ ਦਾ ਅਰਥ ਦੀਪ, ਟਾਪੂ ਹੁੰਦਾ ਹੈ। ਅਸਲ ਵਿਚ Island ਵਿਚਲਾ I (ਆਈ) ਵੀ ਇਸੇ ਦਾ ਵਿਕਸਿਤ ਰੂਪ ਹੈ। ਪਰ S (ਐਸ) ਅੱਖਰ ਦੀ ਸ਼ਮੂਲੀਅਤ ਭੁਲੇਖਾ ਪਾਉਂਦੀ ਹੈ। ਦਰਅਸਲ Island ਦੇ ਅੰਸ਼ Is ਨੂੰ ਗਲਤੀ ਨਾਲ ਫਰਾਂਸੀਸੀ Isle ਤੋਂ ਬਣਿਆ ਸਮਝਦਿਆਂ ਇਸ ਵਿਚ S (ਐਸ) ਵਾੜ ਦਿੱਤਾ ਗਿਆ ਜਦ ਕਿ ਫਰਾਂਸੀਸੀ Isle ਦਾ ਚਰਚਾ ਅਧੀਨ ਭਾਰੋਪੀ ਮੂਲ ਨਾਲ ਕੋਈ ਸਬੰਧ ਨਹੀਂ। ਹਿੱਤੀ ਭਾਸ਼ਾ ਦੇ Akwanzi ਦਾ ਮਤਲਬ 'ਉਹ ਪੀਂਦੇ ਹਨ' ਹੁੰਦਾ ਹੈ ਅਤੇ ਲਿਥੂਏਨੀਅਨ ਵਿਚ Uppe ਦਾ ਮਤਲਬ ਹੈ, ਦਰਿਆ। ਰੁਮਾਨੀਆ ਦੇ ਮਿਥਿਹਾਸ ਵਿਚ ਇਕ Apa Vie ਸ਼ਬਦ ਆਉਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਜਿਉਂਦਾ ਪਾਣੀ ਜਾਂ ਜੀਵਨ ਦਾ ਪਾਣੀ ਹੁੰਦਾ ਹੈ। ਦੱਸਿਆ ਜਾਂਦਾ ਹੈ ਕਿ ਇਸ ਪਾਣੀ ਵਿਚ ਜ਼ਖਮਾਂ ਨੂੰ ਸੁਕਾਉਣ ਦੀ ਸ਼ਕਤੀ ਹੈ। ਕਥਾਵਾਂ ਅਨੁਸਾਰ ਮੁਰਦੇ ਦੇ ਜ਼ਖਮਾਂ 'ਤੇ ਮੌਤ ਦਾ ਪਾਣੀ ਛਿੜਕਿਆ ਜਾਂਦਾ ਹੈ ਤੇ ਉਹ ਠੀਕ ਹੋ ਜਾਂਦੇ ਹਨ। ਫਿਰ ਜੀਵਨ ਦਾ ਪਾਣੀ ਛਿੜਕ ਕੇ ਮੁਰਦਿਆਂ ਨੂੰ ਸੁਰਜੀਤ ਕੀਤਾ ਜਾਂਦਾ ਹੈ। ਟਾਕਰਾ ਕਰੋ ਫਾਰਸੀ ਆਬੇ-ਹਯਾਤ ਨਾਲ।

## ਧੰਨ ਧੰਨ ਗੁਰੂ ਨਾਨਕ

ਸਾਰੇ ਪਿੰਡ ਨੂੰ ਕਹਿੰਦੇ ਤਲਵੰਡੀ,
ਨਾਨਕ ਉਹ ਧਰਤੀ ਐਸੀ ਰੰਗੀ।
ਤਲਵੰਡੀ ਨਨਕਾਣਾ ਬਣਾ ਕੋਈ ਨਹੀਂ ਸਕਦਾ।
ਨਾਨਕ ਦੇ ਰੁਤਬੇ ਨੂੰ ਪਾ ਕੋਈ ਨਹੀਂ ਸਕਦਾ।

ਪਾਂਧਾ ਕਹੇ ਕੈਸਾ ਹੈ ਨਾਨਕ ਬਾਲਾ,
ਕਹੇ ਲਿਖ ਮੇਰੀ ਪੱਟੀ 'ਤੇ ਸ੍ਰੀ ਗੋਪਾਲਾ।
ਪਾਂਧੇ ਨੂੰ ਸਬਕ ਪੜ੍ਹਾ ਕੋਈ ਨਹੀਂ ਸਕਦਾ...

ਵੈਦਾ ਤੈਨੂੰ ਰੋਗ ਦੀ ਸਮਝ ਨਾ ਕਾਈ,
ਕਾਹਨੂੰ ਜਾਵੇਂ ਮੇਰੀ ਨਬਜ਼ ਦਬਾਈ।
ਤੂੰ ਕਰਕ ਕਲੇਜੇ ਦੀ ਪਾ ਨਹੀਂ ਸਕਦਾ...

ਫਨੀਅਰ ਸੱਪ ਐਸੀ ਨਜ਼ਰ ਦੁੜਾਈ,
ਨੂਰਾਨੀ ਮੁੱਖ 'ਤੇ ਧੁੱਪ ਕਿਉਂ ਆਈ।
ਸੱਪਾਂ ਤੋਂ ਛਾਂਵਾਂ ਕਰਾ ਕੋਈ ਨਹੀ ਸਕਦਾ...

ਬਾਬਾ ਚਲਾਵੇ ਮੋਦੀਖਾਨਾ,
ਲੈ ਜਾਏ ਕੋਈ ਜਿੰਨਾ ਲੈ ਜਾਣਾ।
ਤੇਰਾ ਹੀ ਤੇਰਾ ਲਗਾ ਕੋਈ ਨਹੀਂ ਸਕਦਾ...

ਸੱਜਣਾ ਸੱਜਣ ਬਣ ਮਾਰੇ ਕਿਉਂ ਠੱਗੀਆਂ,
ਬੁਰੀਆਂ ਇੱਲਤਾਂ ਤੈਨੂੰ ਕਿਉਂ ਲੱਗੀਆਂ।
ਠੱਗਾਂ ਨੂੰ ਸੱਜਣ ਬਣਾ ਕੋਈ ਨਹੀਂ ਸਕਦਾ...

ਵਲੀ ਕੰਧਾਰੀ ਵੱਡਾ ਹੰਕਾਰੀ,
ਚੁਕ ਪਹਾੜੀ ਨਾਨਕ ਵਲ ਮਾਰੀ।
ਪੱਥਰ ਵਿਚ ਪੰਜਾ ਲਗਾ ਕੋਈ ਨਹੀਂ ਸਕਦਾ...

ਬਾਬਾ ਨਾਨਕ ਜਾ ਬੈਠੇ ਜਿੱਥੇ,
ਕੌੜੇ ਰੀਠੇ ਵੀ ਹੋ ਜਾਣ ਮਿੱਠੇ।
ਰੀਠੇ ਦਾ ਰਸ ਬਦਲਾ ਕੋਈ ਨਹੀਂ ਸਕਦਾ...

ਭੇਦ-ਜਾਲ ਸਭ ਪਾ ਲਏਗਾ ਨਾਨਕ,
ਮਰਦਾਨੇ ਤਾਈਂ ਛੁਡਾ ਲਏਗਾ ਨਾਨਕ।
ਨਾਨਕ ਦੇ ਪਕੜੇ ਛੁਡਾ ਕੋਈ ਨਹੀਂ ਸਕਦਾ...

-ਅਮਰੀਕ ਸਿੰਘ ਸੰਧੂ

# ਸਦਭਾਵਨਾ ਬੀਜੋ ਤੇ ਸਦਭਾਵਨਾ ਕੱਟੋ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਰਾਜਨੀਤਿਕ ਟਿੱਪਣੀਕਾਰ ਨਹੀਂ ਪਰ ਸਾਹਿਤਕਾਰਾਂ, ਬੁੱਧੀਜੀਵੀਆਂ, ਵਿਗਿਆਨੀਆਂ ਤੇ ਖੱਬੇ ਪੱਖੀ ਪਾਰਟੀਆਂ ਦੇ ਰੋਸ ਪ੍ਰਗਟਾਵੇ ਅਤੇ ਸਦਭਾਵਨਾ ਬਣਾਈ ਰੱਖਣ ਦੇ ਸੱਦੇ ਨੇ ਹੱਥਲੀ ਟਿੱਪਣੀ ਕਰਨ ਲਈ ਝੰਜੋੜਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਮਾਹੌਲ ਕੇਂਦਰ ਵਿਚ ਮੋਦੀ ਸਰਕਾਰ ਦੀ ਸਥਾਪਨਾ ਦੀ ਉਪਜ ਹੈ। ਮਾੜੀ ਗੱਲ ਇਹ ਕਿ ਮਨਮੋਹਨ ਸਿੰਘ ਦੀ ਸਰਕਾਰ ਨੇ ਆਰਥਿਕ ਤੇ ਸਮਾਜਿਕ ਸਾਂਝ ਦਾ ਜਿਹੜਾ ਸਮਤੋਲ ਬਣਾਈ ਰੱਖਿਆ ਸੀ, ਉਹ ਵਰਤਮਾਨ ਸਰਕਾਰ ਦੀਆਂ ਟਾਹਰਾਂ ਤੇ ਨੀਤੀਆਂ ਨੇ ਖੁਰਦ-ਬੁਰਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਪਹਿਲਾਂ ਦਿੱਲੀ ਤੇ ਹੁਣ ਬਿਹਾਰ ਦੇ ਚੋਣ ਨਤੀਜਿਆਂ ਨੇ ਪ੍ਰਧਾਨ ਮੰਤਰੀ ਮੋਦੀ ਦੇ ਮੰਤਰ ਦਾ ਪਰਦਾਫਾਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਖਾਸ ਕਰਕੇ ਏਸ ਲਈ ਕਿ ਇਨ੍ਹਾਂ ਦੋਨਾਂ ਰਾਜਾਂ ਦੀ ਆਰਥਿਕਤਾ ਤੇ ਮੱਧ ਸ੍ਰੇਣੀ ਦੀ ਚਲਨ ਇੱਕ ਦੂਜੀ ਤੋਂ ਬਿਲਕੁਲ ਉਲਟ ਹੈ। ਨਿਸ਼ਚੇ ਹੀ ਆਰਥਿਕ, ਰਾਜਨੀਤਿਕ ਤੇ ਸਮਾਜਕ ਤੌਰ 'ਤੇ ਮੁਤਜ਼ਾਦ ਰਾਜਾਂ ਨੇ ਮੋਦੀ ਦੇ ਕੀਤੇ ਨੂੰ ਜੱਗ ਜ਼ਾਹਿਰ ਕਰਨ ਦੀ ਕੋਈ ਕਸਰ ਨਹੀਂ ਛੱਡੀ।

ਪੱਛਮੀ ਬੰਗਾਲ ਤੇ ਹੋਰ ਰਾਜਾਂ ਦੀਆਂ ਆਉਣ ਵਾਲੀਆਂ ਚੋਣਾਂ ਤੱਕ ਕੇਂਦਰ ਸਰਕਾਰ ਆਪਣੇ ਕੀਤੇ ਨੂੰ ਕਿੰਨਾ ਕੁ ਅਣਕੀਤਾ ਕਰ ਸਕਦੀ ਹੈ, ਸਮੇਂ ਨੇ ਦੱਸਣਾ ਹੈ। ਪਰ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਕੀ ਗਰੀਬ ਤੇ ਕੀ ਅਮੀਰ ਪੈਸੇ ਦੀ ਗੁੱਥਲੀ ਖੁੱਲ੍ਹਣ ਨਾਲ ਨਹੀਂ ਪਸੀਜਦੇ। ਅਨੇਕਤਾ ਵਿਚ ਏਕਤਾ ਬਣਾਈ ਰੱਖਣ ਦੇ ਬਾਨੀ ਜਵਾਹਰ ਲਾਲ ਨਹਿਰੂ ਨੇ ਗਰੀਬ ਤੋਂ ਗਰੀਬ ਬੰਦੇ ਵਿਚ ਸਦਭਾਵਨਾ ਸਵੈ-ਮਾਣ ਤੇ ਅਮਨ ਸ਼ਾਂਤੀ ਦਾ ਅਜਿਹਾ ਬੀਜ ਬੀਜਿਆ ਕਿ ਉਹ ਔਖੀ ਤੋਂ ਔਖੀ ਘੜੀ ਵਿਚ ਵੀ ਕਿਸੇ ਕਿਸਮ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ।

**ਹਰਿਭਜਨ ਸਿੰਘ ਸਿਮ੍ਰਤੀ ਗ੍ਰੰਥ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਮੁੱਚਾ ਜੀਵਨ ਸਾਹਿਤ ਦੀ ਸੇਵਾ ਵਿਚ ਗੁਜ਼ਾਰਨ ਵਾਲੇ ਸਾਹਿਤਕਾਰਾਂ ਦੀ ਯਾਦ ਵਿਚ ਸਿਮ੍ਰਤੀ ਗ੍ਰੰਥ ਪ੍ਰਕਾਸ਼ਿਤ ਕੀਤੇ ਗਏ ਹਨ। ਵਿਦਵਾਨ ਕਵੀ, ਆਲੋਚਕ ਤੇ ਅਧਿਆਪਕ ਹਰਿਭਜਨ ਸਿੰਘ ਉਨ੍ਹਾਂ ਵਿਚੋਂ ਇੱਕ ਹੈ। ਚਾਰ ਸੌ ਪੰਨਿਆਂ ਦੇ ਇਸ ਵੱਡ ਆਕਾਰੀ ਗ੍ਰੰਥ ਵਿਚ ਪੰਜ ਦਰਜਨ ਅਦੀਬਾਂ ਤੇ ਸਾਹਿਤ ਰਸੀਆਂ ਦੇ ਲੇਖ ਅਤੇ ਟਿੱਪਣੀਆਂ ਤੋਂ ਬਿਨਾਂ ਡੇਢ ਦਰਜਨ ਅਜਿਹੀਆਂ ਤਸਵੀਰਾਂ ਹਨ ਜੋ ਹਰਿਭਜਨ ਸਿੰਘ ਕਾਲ ਦੀ ਬਾਤ ਪਾਉਂਦੀਆਂ ਹਨ। ਸੰਪਾਦਕਾਂ ਨੇ ਇਨ੍ਹਾਂ ਲੇਖਾਂ ਨੂੰ ਹਰਿਭਜਨ ਸਿੰਘ ਦੇ ਖੁਦ ਪਸੰਦ ਨਾਂ ਦੇ ਕੇ ਸਿਮਰਤੀਆਂ, ਨਿਮਖ ਚਿਤਵੀਏ ਨਿਮਖ ਸੁਲਾਹੀਏ ਤੇ ਸਿਮਰ ਮਨਾਈ ਸਿਰਜਣਾ ਸਿਰਲੇਖਾਂ ਵਿਚ ਵੰਡਿਆ ਹੈ ਤੇ ਇਨ੍ਹਾਂ ਦੇ ਅੰਤ ਵਿਚ ਲੇਖਕ ਦੇ ਪਰਿਵਾਰਕ ਮੈਂਬਰਾਂ ਦੀਆਂ ਯਾਦਾਂ ਹੀ ਨਹੀਂ ਹਰਿਭਜਨ ਸਿੰਘ ਦੀ ਹੱਥ ਲਿਖਤ ਦੇ ਨਮੂਨੇ ਵੀ ਦਿੱਤੇ ਹਨ।

ਭਾਸ਼ਾ ਵਿਕਾਸ ਵਿਭਾਗ ਦੀ ਮੁਖੀ ਡਾ. ਜਸਵੀਰ ਕੌਰ ਤੇ ਸਾਬਕਾ ਮੁਖੀ ਡਾ. ਧਨਵੰਤ ਕੌਰ ਨੇ ਇਸ ਗ੍ਰੰਥ ਨੂੰ ਤਿਆਰ ਕਰਨ ਵਿਚ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਦੀ ਚਾਹਨਾ 'ਤੇ ਫੁੱਲ ਚੜਾਏ ਹਨ। ਨਿਸ਼ਚੇ ਹੀ ਇਹ ਗ੍ਰੰਥ ਪਿਛਲੀ ਸਦੀ ਦੇ ਦੂਜੇ ਅੱਧ ਦੀ ਸਮਾਜਕ ਤੇ ਸਭਿਆਚਾਰਕ ਤਸਵੀਰ ਦੇ ਰੂਪ ਵਿਚ ਉਭਰਿਆ ਹੈ। ਮੈਂ ਇਸ ਨੂੰ ਜਸਬੀਰ ਕੌਰ ਦੇ ਮੁਖੀ ਕਾਲ ਦੀ ਸਿਖਰਲੀ ਉਪਜ ਵਜੋਂ ਲੈਂਦਾ ਹਾਂ।

**ਸਾਹਿਤ ਸਭਿਆਚਾਰ ਦਾ ਗੜ੍ਹ ਚੰਡੀਗੜ੍ਹ:** ਪਿਛਲੇ ਦਿਨੀਂ ਚੰਡੀਗੜ੍ਹ ਵਿਚ ਸਾਹਿਤਕ ਤੇ ਸਭਿਆਚਾਰਕ ਮਹਿਫ਼ਲਾਂ ਦੀ ਛਹਿਬਰ ਲਗੀ ਰਹੀ ਹੈ। ਇਥੋਂ ਦੀ ਅਦਬ ਫਾਉਂਡੇਸ਼ਨ ਨੇ 5 ਤੋਂ 8 ਨਵੰਬਰ ਤੱਕ ਚੰਡੀਗੜ੍ਹ ਸਾਹਿਤਕ ਉਤਸਵ ਮਨਾਇਆ ਤੇ ਚੰਡੀਗੜ੍ਹ ਲਿਟਰੇਟੀ ਨੇ ਆਪਣਾ ਸਾਲਾਨਾ ਸਮਾਗਮ। ਅਦਬ ਫਾਉਂਡੇਸ਼ਨ ਵਾਲਿਆਂ ਦਾ ਉਤਸਵ ਚੰਡੀਗੜ੍ਹ ਕਲੱਬ ਵਿਚ ਸੀ ਤੇ ਚੰਡੀਗੜ੍ਹ ਲਿਟਰੇਟੀ ਵਾਲਿਆਂ ਦਾ ਲੇਕ ਕਲੱਬ ਵਿਚ। ਦੋਨਾਂ ਸਮਾਗਮਾਂ ਵਿਚ ਮੰਨੇ-ਪ੍ਰਮੰਨੇ ਸਾਹਿਤਕਾਰ ਤੇ ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ। ਇਹ ਸਬੱਬ ਦੀ ਗੱਲ ਹੈ ਕਿ ਇਹ ਸਮਾਂ ਚੰਡੀਗੜ੍ਹ ਨਾਟ ਉਤਸਵਾਂ ਲਈ ਜਾਣਿਆ ਜਾਂਦਾ ਹੈ। ਇਹ ਵੀ ਬੜੀ ਤਸੱਲੀ ਵਾਲੀ ਗੱਲ ਹੈ ਕਿ ਚੰਡੀਗੜ੍ਹ ਸੰਗੀਤ ਨਾਟਕ ਅਕਾਡਮੀ ਨੇ ਸਆਦਤ ਹਸਨ ਮੰਟੋ ਦੀ ਕਹਾਣੀ 'ਖੋਲ੍ਹ ਦੋ' ਨੂੰ ਆਧਾਰ ਬਣਾ ਕੇ ਵਧੀਆ ਨਾਟਕ ਰਚਣ ਤੋਂ ਬਿਨਾਂ ਡਾ. ਸਾਹਿਬ ਸਿੰਘ ਦਾ ਬਲਵਿੰਦਰ ਗਰੇਵਾਲ ਦੀ ਕਹਾਣੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਉਤੇ ਅਧਾਰਿਤ ਵਧੀਆ ਨਾਟਕ ਪੇਸ਼ ਕੀਤਾ। ਇੱਕ ਹੋਰ ਵਧੀਆ ਨਾਟਕ ਜਿਹੜਾ ਕੋਂਕਣੀ ਭਾਸ਼ਾ ਦਾ ਪੰਜਾਬੀਕਰਨ ਸੀ 'ਮੌਤ ਦੀ ਟੀਸੀ' ਬਹੁਤ ਹੀ ਨਾਜ਼ਕ ਵਿਸ਼ੇ ਉਤੇ ਅਧਾਰਿਤ ਸੀ ਜਿਹੜਾ ਸਾਰੇ ਦੁੱਖ ਸੁੱਖ ਭੁੱਲ ਕੇ ਜਿਉਂਦੇ ਰਹਿਣ ਦਾ ਸੰਦੇਸ਼ ਦਿੰਦਾ ਹੈ। ਕੀ ਕੋਈ ਸੋਚ ਸਕਦਾ ਹੈ ਕਿ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਸਰੋਤਿਆਂ ਤੇ ਦਰਸ਼ਕਾਂ ਦੀ ਕੋਈ ਘਾਟ ਨਹੀਂ ਰਹੀ।

**ਅੰਤਿਕਾ:** ਹਰਿਭਜਨ ਸਿੰਘ

ਤੇਰੀ ਚਿਣਗ ਲਈ ਵੀ ਜਗ੍ਹਾ ਕਰ ਲਵਾਂਗਾ,
ਮੇਰੇ ਅਰਸ਼ ਉੱਚ ਤਾਂ ਅੰਗਾਰੇ ਬੜੇ ਨੇ।
ਲਿਆਵੇਂ ਕੋਈ ਜਾ ਕੇ ਪਰਵਾਨਿਆਂ ਨੂੰ,
ਮੈਂ ਦੀਵੇ ਤਾਂ ਥਾਂ ਥਾਂ ਸ਼ਿੰਗਾਰੇ ਬੜੇ ਨੇ।

# ਸਲੀਮ ਲੰਗੜੇ ਪੇ ਮਤ ਰੋ

## ਸਾਧਾਰਨ ਬੰਦਿਆਂ ਦੀ ਨਾਬਰੀ ਦੀ ਗੱਲ


ਆਵਾਜ਼ ਦੇ ਕਹਾਂ ਹੈ... -26-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਸਲੀਮ ਲੰਗੜੇ ਪੇ ਮਤ ਰੋ' ਆਪਣੀ ਸਾਦਗੀ ਤੇ ਗਲੀਆਂ-ਮੁਹੱਲਿਆਂ ਦੀ ਹਕੀਕੀ ਪੇਸ਼ਕਾਰੀ ਨਾਲ ਕੀਲਦੀ ਹੈ। ਫਿਲਮ ਨਾਟਕਕਾਰ ਸਫਦਰ ਹਾਸ਼ਮੀ ਨੂੰ ਸਮਰਪਿਤ ਸੀ। ਸਈਦ ਅਖਤਰ ਮਿਰਜ਼ਾ ਇਸ ਫਿਲਮ ਰਾਹੀ ਸਲੀਮ ਦੀ ਜ਼ਿੰਦਗੀ ਦੀ ਨਬਜ਼ ਫੜਦਾ ਹੈ। ਸਲੀਮ ਜਿਸ ਜਗ੍ਹਾ ਪੈਦਾ ਹੋਇਆ, ਉਥੇ ਜੁਰਮ ਤੇ ਕੰਮ-ਧੰਦੇ ਵਿਚਾਲੇ ਫਰਕ ਦੀ ਪਛਾਣ ਜਿਉਂਦੇ ਰਹਿਣ ਦੀ ਕਸ਼ਮਕਸ਼ ਅੱਗੇ ਹਾਰ ਚੁੱਕੀ ਹੈ। ਸਲੀਮ ਵੀ ਅਜਿਹੇ ਮੁੰਡਿਆਂ ਵਿਚੋਂ ਇਕ ਹੈ ਜੋ ਮੁੰਬਈ ਦੇ ਮਾਫੀਆ ਲਈ ਚੋਰੀ, ਲੁੱਟ-ਖਸੁੱਟ ਅਤੇ ਠੱਗੀ-ਠੋਰੀ ਕਰ ਕੇ ਗੁਜ਼ਾਰਾ ਕਰਦੇ ਹਨ। ਫਿਲਮ ਸ਼ਹਿਰੀ ਪਿੱਠਭੂਮੀ ਵਿਚ ਘੱਟ-ਗਿਣਤੀ ਦੇ ਰੂਪ ਵਿਚ ਜਿਉਣ ਅਤੇ ਉਪਰੋਂ ਗਰੀਬ ਹੋਣ ਦੇ ਦਵੰਦਾਂ ਬਾਬਤ ਹੈ। ਫਿਲਮ ਵਿਚ ਦਿਸਦੀਆਂ ਗਲੀਆਂ, ਮੁਹੱਲੇ ਅਤੇ ਚੁਬਾਰੇ ਵੀ ਕਿਰਦਾਰ ਬਣ ਕੇ ਟੱਕਰਦੇ ਹਨ ਜਿਨ੍ਹਾਂ ਨੇ ਇਨ੍ਹਾਂ ਮੁੰਡਿਆਂ ਨੂੰ ਜ਼ਲਾਲਤ ਅਤੇ ਗੁਰਬਤ ਨਾਲ ਘੁਲਦਿਆਂ ਤੱਕਿਆ ਹੈ।

ਫਿਲਮ ਦਾ ਮੁੱਖ ਕਿਰਦਾਰ ਸਲੀਮ ਇਨ੍ਹਾਂ ਗਲੀ-ਮੁਹੱਲਿਆਂ ਵਿਚ ਖੇਡ ਕੇ ਜਵਾਨ ਹੋਇਆ ਹੈ। ਫਿਰ ਉਸ ਲਈ ਆਪਣੀ ਹੋਂਦ ਮਾਣ ਵੀ ਹੈ। ਦੂਜੇ ਪਾਸੇ ਮੁੰਬਈ ਦੇ ਜਿਹੜੇ ਮਾਫੀਆ ਨਾਲ ਜੁੜੇ ਬੰਦਿਆਂ ਲਈ ਉਹ ਕੰਮ ਕਰਦਾ ਹੈ, ਉਨ੍ਹਾਂ ਵਰਗਾ ਹੀ 'ਸਫਲ' ਖੁਦ ਬਣਨਾ ਚਾਹੁੰਦਾ ਹੈ। ਉਸ ਦੀ ਸੋਚ ਉਦੋਂ ਮੋੜ ਕੱਟਦੀ ਹੈ ਜਦੋਂ ਉਹਦੀ ਭੈਣ ਦੀ ਜ਼ਿੰਦਗੀ ਵਿਚ ਅਸਲਮ ਆਉਂਦਾ ਹੈ ਜੋ ਇਸ ਫਿਲਮ ਦੀ ਚੇਤਨਾ ਹੈ। ਅਸਲਮ ਸਲੀਮ ਨੂੰ ਹਕੀਕਤ ਸਮਝਾਉਂਦਾ ਹੈ ਤੇ ਉਹਦੀ ਜ਼ਿੰਦਗੀ ਦੇ ਨਵੇਂ ਪੰਨੇ ਖੁੱਲ੍ਹਦੇ ਹਨ। ਉਹ ਇਨ੍ਹਾਂ ਪੰਨਿਆਂ 'ਤੇ ਲਿਖੀ ਇਬਾਰਤ ਪੜ੍ਹਨ ਪਿਛੋਂ ਮਾਫੀਆ ਲਈ ਕੰਮ ਕਰਨ ਤੋਂ ਨਾਬਰ ਹੋ ਜਾਂਦਾ ਹੈ। ਉਸ ਨੂੰ ਮਿੱਲ ਬੰਦ ਹੋਣ ਤੋਂ ਬਾਅਦ ਘਰੇ ਬੇਰੁਜ਼ਗਾਰ



ਫਿਲਮ 'ਸਲੀਮ ਲੰਗੜੇ ਪੇ ਮਤ ਰੋ' ਵਿਚ ਪਵਨ ਮਲਹੋਤਰਾ ਤੇ ਹੋਰ।

ਬੈਠੇ ਪਿਉ ਦੀ ਤੜਫਾਹਟ, ਕੱਪੜੇ ਸਿਉਂ ਕੇ ਗੁਜ਼ਾਰਾ ਕਰਦੀ ਮਾਂ ਦੀ ਖਿਝ ਅਤੇ ਅਸਲਮ ਦੀ ਕੀਤੀ ਸਮਾਜਕ ਵਿਆਖਿਆ ਸਮਝ ਆਉਣ ਲੱਗਦੀ ਹੈ। ਅਸਲਮ ਪੱਤਰਕਾਰੀ ਕਰਦਾ ਹੈ। ਮੁਸਲਿਮ ਕੁੜੀਆਂ ਦੀ ਪੜ੍ਹਾਈ ਬਾਰੇ ਲਿਖੇ ਲੇਖ ਕਾਰਨ ਉਹ ਮੁਲਾਣਿਆਂ ਦੀ ਨਿਗ੍ਹਾ ਚੜ੍ਹ ਜਾਂਦਾ ਹੈ ਜਿਥੋਂ ਉਸ ਨੂੰ ਸਲੀਮ ਆਪਣੀ ਹਿੰਮਤ ਨਾਲ ਬਚਾ ਲੈਂਦਾ ਹੈ।

ਇਹ ਫਿਲਮ ਉਨ੍ਹਾਂ ਜਾਗਰੂਕ ਮਨੁੱਖਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਵੀ ਹੈ ਜਿਨ੍ਹਾਂ ਦੀ ਲੜਾਈ ਕਿਸੇ ਓਪਰੇ ਦੁਸ਼ਮਣ ਦੀ ਥਾਂ ਆਪਣਿਆਂ ਦੀ ਜੜ੍ਹਤਾ, ਮੂੜ੍ਹਮੱਤ ਅਤੇ ਨਾ-ਅਹਿਲੀਅਤ ਖਿਲਾਫ ਹੈ। ਅਸਲਮ ਇਹ ਲੜਾਈ ਤਰਕ ਅਤੇ ਸੰਵਾਦ ਨਾਲ ਲੜਦਾ ਹੈ। ਸਲੀਮ ਲਈ ਅਸਲਮ ਅੱਗੇ ਆਪਣੇ-ਆਪ ਨੂੰ ਸਾਬਤ ਕਰਨ ਦੀ ਵੰਗਾਰ ਹੈ। ਸਲੀਮ ਨੂੰ ਇਸ ਵਿਚ ਆਪਣਾ ਸਰੀਰ ਹਾਰਨਾ ਪੈਂਦਾ ਹੈ, ਪਰ ਫਿਲਮ ਨਾਬਰੀ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਦੀ ਜਿੱਤ ਦਰਜ ਕਰਦੀ ਹੈ। ਇੱਕ ਇੰਟਰਵਿਊ ਵਿਚ ਸਈਦ ਅਖਤਰ ਮਿਰਜ਼ਾ ਸਿਨੇਮਾ ਕਹਾਣੀਆਂ ਚੁਣਨ ਨੂੰ ਦੇਖਣ ਵਾਲੇ ਦੀ ਅੱਖ 'ਤੇ ਛੱਡਦਾ ਹੈ। ਉਸ ਅਨੁਸਾਰ- "ਤੁਸੀਂ ਰੋਜ਼ ਸੜਕਾਂ 'ਤੇ, ਗਲੀਆਂ ਤੇ ਘਰਾਂ ਵਿਚ ਲੋਕਾਂ ਨੂੰ ਨੀਝ ਲਾ ਕੇ ਦੇਖੋ... ਤੁਹਾਨੂੰ ਉਨ੍ਹਾਂ ਦੀ ਹਾਲਤ 'ਤੇ ਜ਼ਰੂਰ ਗੁੱਸਾ ਆਏਗਾ, ਰੰਜ ਹੋਏਗਾ। ਬੱਸ ਫਿਲਮਸਾਜ਼ ਨੇ ਇਹੀ ਗੁੱਸਾ, ਇਹੀ ਰੰਜ ਪਰਦੇ 'ਤੇ ਦਿਖਾਉਣਾ ਹੁੰਦਾ ਹੈ। ਗੁੱਸਾ ਆਉਣਾ ਹੀ ਤਾਂ ਸਭ ਤੋਂ ਵੱਧ ਜ਼ਰੂਰੀ ਹੈ।"

ਦਾ ਸਵਾਲ ਆਣ ਖੜ੍ਹਦਾ ਹੈ। ਉਸ ਦੀ ਜ਼ਿੰਦਗੀ ਦਾ ਮਕਸਦ ਕੀ ਹੈ? ਕੀ ਜਿਹੜੀ ਜ਼ਿੰਦਗੀ ਉਹ ਜੀ ਰਿਹਾ ਹੈ, ਉਹੀ ਉਸ ਦੀ ਹੋਣੀ ਹੈ? ਅਜਿਹੇ ਸਵਾਲ ਉਸ ਨੂੰ ਪ੍ਰੇਸ਼ਾਨ ਕਰਦੇ ਹਨ। ਪ੍ਰੇਸ਼ਾਨੀ ਵਧ ਕੇ ਮਕਸਦ ਦੀ ਤਲਾਸ਼ ਵੱਲ ਲੈ ਤੁਰਦੀ ਹੈ। ਦਰਸ਼ਕ ਇਸ ਫਿਲਮ ਵਿਚੋਂ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਵਾਲੇ ਪਿੰਟੋ ਦੀਆਂ ਝਲਕਾਂ ਲੱਭ ਸਕਦਾ ਹੈ। ਮੁਹੱਲੇ ਵਿਚ ਮੁੰਡਿਆਂ ਨਾਲ ਅਵਾਰਾ ਘੁੰਮਣਾ ਉਸ ਨੂੰ ਪਸੰਦ ਹੈ, ਪਰ ਅੰਦਰੋਂ ਰੜਕਦਾ ਵੀ ਹੈ। ਘਰ ਉਸ ਲਈ ਪਨਾਹਗਾਹ ਹੈ, ਪਰ ਉਥੇ ਉਹਨੂੰ ਕੋਈ ਸਿਆਣਦਾ ਨਹੀਂ। ਇਉਂ ਫਿਲਮਸਾਜ਼ ਸੁਰੱਖਿਅਤ ਮਹਿਸੂਸ ਕਰਨ ਦੀਆਂ ਭਾਵਨਾਵਾਂ ਵਿਚਲੀਆਂ ਬੇਵਸਾਹੀਆਂ ਉਤੇ ਉਂਗਲ ਧਰਦਾ ਹੈ। ਕਿਸੇ ਸੁਰੱਖਿਅਤ ਅਤੇ ਤਾਕਤਵਰ ਰਾਸ਼ਟਰ ਦੇ ਬਾਸ਼ਿੰਦੇ ਕਿੰਨੇ ਅਸੁਰੱਖਿਅਤ ਤੇ ਸੰਸਿਆਂ ਨਾਲ ਘਿਰੇ ਹੋ ਸਕਦੇ ਹਨ, ਫਿਲਮ ਇਸ ਮੁੱਦੇ ਨਾਲ ਸੰਵਾਦ ਰਚਾਉਂਦੀ ਹੈ। ਭਾਰਤ ਵਰਗੇ ਬਹੁ-ਭਾਂਤੀ ਮੁਲਕਾਂ ਵਿਚ ਇਨ੍ਹਾਂ ਬੇਵਸਾਹੀਆਂ ਤੇ ਸੰਸਿਆਂ ਦਾ ਕੀ ਅਰਥ ਹੈ? ਇਹ ਸਵਾਲ ਫਿਲਮ ਦਰਸ਼ਕ ਨੂੰ ਵਾਰ-ਵਾਰ ਪੁੱਛਦੀ ਹੈ।

ਦਿਲਚਸਪ ਮੁੱਦਾ ਇਹ ਹੈ ਕਿ ਸਲੀਮ ਦੇ ਮਨ ਦੀ ਠਾਹਰ ਬਣਦਾ ਹੈ ਇਲਾਕੇ ਦਾ ਥਾਣਾ ਜਿਥੇ ਰੋਜ਼ ਉਸ ਨੂੰ ਹਾਜ਼ਰੀ ਭਰਨੀ ਪੈਂਦੀ ਹੈ। ਇਹੀ ਰੁਟੀਨ ਉਹਦੀ ਜ਼ਿੰਦਗੀ ਨੂੰ ਲੈਅ-ਬੱਧ ਕਰਦਾ ਹੈ। ਥਾਣੇ ਦਾ ਸਟਾਫ ਉਸ ਦਾ ਜਾਣੂ ਹੈ ਤੇ ਉਹਨੂੰ ਆਪਣੇ-ਆਪ ਦਾ ਹੀ ਵਾਧਾ ਲਗਦਾ ਹੈ। ਥਾਣੇ ਨਾਲ ਲਗਾਉ 'ਤੇ ਉਹਨੂੰ

# ਬੁੱਢੀ ਮਾਈ ਬਣੇਗੀ ਕੰਗਨਾ



'ਕੁਈਨ', ਤਨੂ ਵੈੱਡਸ ਮਨੂ', 'ਸ਼ੂਟਆਊਟ ਐਟ ਵਡਾਲਾ' ਅਤੇ 'ਰੱਜੋ' ਵਰਗੀਆਂ ਫਿਲਮਾਂ ਨਾਲ ਫਿਲਮ ਜਗਤ ਵਿਚ ਪੈਂਠ ਪਾਉਣ ਵਾਲੀ ਅਦਾਕਾਰਾ ਕੰਗਨਾ ਰਣਾਵਤ ਹੁਣ ਆਪਣੀ ਅਗਲੀ ਫਿਲਮ ਲਈ 85 ਵਰ੍ਹਿਆਂ ਦੀ ਬਜ਼ੁਰਗ ਔਰਤ ਦਾ ਕਿਰਦਾਰ ਨਿਭਾਅ ਰਹੀ ਹੈ। ਇਹ ਫਿਲਮ ਮਸ਼ਹੂਰ ਫਿਲਮਸਾਜ਼ ਸ਼ੇਖਰ ਕਪੂਰ ਵੱਲੋਂ ਬਣਾਈ ਜਾ ਰਹੀ ਹੈ ਜੋ ਅੱਜ ਕੱਲ੍ਹ ਆਪਣੀ ਇਕ ਹੋਰ ਵੱਡੀ ਫਿਲਮ 'ਪਾਨੀ' ਲਈ ਪ੍ਰੋਡਿਊਸਰ ਦੀ ਤਲਾਸ਼ ਵਿਚ ਹਨ। ਬਜ਼ੁਰਗ ਔਰਤ ਵਾਲੀ ਇਸ ਫਿਲਮ ਬਾਰੇ ਗੱਲਬਾਤ ਭਾਵੇਂ ਅਜੇ ਸਿਰੇ ਨਹੀਂ ਚੜ੍ਹੀ ਹੈ ਪਰ ਕੰਗਨਾ ਰਣਾਵਤ ਅਤੇ ਸ਼ੇਖਰ ਕਪੂਰ ਨੇ ਇਸ ਫਿਲਮ ਦੇ ਨਿਰਮਾਣ ਬਾਰੇ ਖੁਲਾਸਾ ਪਿਛਲੇ ਦਿਨੀਂ ਖ਼ਤਮ ਹੋਏ ਮੁੰਬਈ ਫਿਲਮ ਮੇਲੇ ਦੌਰਾਨ ਕੀਤਾ ਹੈ। ਕੰਗਨਾ ਇਸ ਫਿਲਮ ਬਾਰੇ ਬਹੁਤ ਉਤਸੁਕ ਹੈ। ਉਹ ਉਂਝ ਵੀ ਨਵੇਂ-ਨਵੇਂ ਕਿਰਦਾਰ ਅਤੇ ਨਿਵੇਕਲੀਆਂ ਕਹਾਣੀਆਂ ਦੀ ਭਾਲ ਵਿਚ ਰਹਿੰਦੀ ਹੈ। ਉਹ ਫੁੱਲੀ ਨਹੀਂ ਸਮਾ ਰਹੀ ਕਿ ਵੱਡੀ ਉਮਰ ਦੀ ਔਰਤ ਦੇ ਕਿਰਦਾਰ ਲਈ ਸ਼ੇਖਰ ਕਪੂਰ ਨੇ ਉਸ ਕੋਲ ਪਹੁੰਚ ਕੀਤੀ ਹੈ। ਇਸ ਫਿਲਮ ਵਿਚ ਅਜਿਹੀ ਬਜ਼ੁਰਗ ਔਰਤ ਦੀ ਕਹਾਣੀ ਬਿਆਨ ਕੀਤੀ ਜਾਵੇਗੀ ਜਿਸ ਨੂੰ ਕਰੂਰ ਹਾਲਾਤ ਨਾਲ ਜੂਝਣਾ ਪੈ ਜਾਂਦਾ ਹੈ।

ਜਗਜੀਤ ਸਿੰਘ ਸੇਖੋਂ

ਚਿਰਾਂ ਬਾਅਦ ਮੁੜ ਆਰੰਭ ਹੋਏ ਮੁੰਬਈ ਫਿਲਮ ਮੇਲੇ ਦੌਰਾਨ ਕੰਗਨਾ ਰਣਾਵਤ ਨੇ ਭਰਵੀਂ ਹਾਜ਼ਰੀ ਲਵਾਈ। ਮੇਲੇ ਦੇ 'ਫਿਲਮਾਂ ਵਿਚ ਔਰਤਾਂ' ਵਾਲੇ ਭਾਗ ਵਿਚ ਕਰਵਾਏ ਬਹਿਸ-ਮੁਬਾਹਸੇ ਵਿਚ ਵੀ ਉਸ ਨੇ ਭਾਗ ਲਿਆ। ਇਸ ਬਹਿਸ ਵਿਚ ਉਸ ਤੋਂ ਇਲਾਵਾ ਸ਼ਬਾਨਾ ਆਜ਼ਮੀ, ਵਿਦਿਆ ਬਾਲਨ, ਕਿਰਨ ਰਾਓ ਅਤੇ ਫਿਲਮ 'ਸਲਮਾ' ਦੀ ਫਿਲਮਸਾਜ਼ ਐਵਾ ਡੈਵੂਨਰੀ ਨੇ ਵੀ ਸ਼ਿਰਕਤ ਕੀਤੀ। ਕੰਗਨਾ ਦਾ ਕਹਿਣਾ ਹੈ ਕਿ ਬਹੁਤ ਵਾਰ ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਅਦਾਕਾਰਾਵਾਂ ਨੂੰ ਖਾਸ ਕਿਸਮ ਦੀਆਂ ਹਦਾਇਤਾਂ ਦਿੰਦੇ ਰਹਿੰਦੇ ਹਨ। ਬਹੁਤ ਘੱਟ ਅਦਾਕਾਰਾਵਾਂ ਹਨ ਜਿਹੜੀਆਂ ਅਜਿਹੇ ਦਬਾਅ ਨੂੰ ਤੋੜਨ ਵਿਚ ਕਾਮਯਾਬ ਹੁੰਦੀਆਂ ਹਨ।

ਕੰਗਨਾ ਰਣਾਵਤ ਦੀਆਂ ਪਿਛਲੀਆਂ ਦੋ ਫਿਲਮਾਂ 'ਆਈ ਲਵ ਨਿਊਯਾਰਕ' ਤੇ 'ਕੱਟੀ ਬੱਟੀ' ਬਹੁਤੀਆਂ ਸਫਲ ਨਹੀਂ ਰਹੀਆਂ। 'ਆਈ ਲਵ ਨਿਊਯਾਰਕ' ਤਾਂ ਬਾਕਸ ਆਫਿਸ ਉਤੇ ਫਲਾਪ ਸਾਬਤ ਹੋਈ ਹੈ ਤੇ 'ਕੱਟੀ ਬੱਟੀ' ਮਸਾਂ ਹੀ ਖਰਚਾ ਪੂਰਾ ਕਰ ਸਕੀ ਹੈ। ਹੁਣ ਅਗਲੇ ਸਾਲ ਉਹਦੀਆਂ ਦੋ ਫਿਲਮਾਂ 'ਰੰਗੂਨ' ਤੇ 'ਸਿਮਰਨ' ਆ ਰਹੀਆਂ ਹਨ। ਫਿਲਮ 'ਰੰਗੂਨ' ਚਰਚਿਤ ਫਿਲਮਸਾਜ਼ ਵਿਸ਼ਾਲ ਭਾਰਦਵਾਜ ਅਤੇ 'ਸਿਮਰਨ' ਉਘੇ ਫਿਲਮਸਾਜ਼ ਹੰਸਲ ਮਹਿਤਾ ਨੇ ਬਣਾਈ ਹੈ।

# 'ਪ੍ਰੇਮ ਰਤਨ ਧਨ ਪਾਇਓ' ਦੀ ਧੰਨ ਧੰਨ



ਸੋਨਮ ਕਪੂਰ

ਫਿਲਮ 'ਪ੍ਰੇਮ ਰਤਨ ਧਨ ਪਾਇਓ' ਨੇ 12 ਨਵੰਬਰ ਨੂੰ ਰਿਲੀਜ਼ ਹੋਣ ਦੇ ਪਹਿਲੇ ਹੀ ਦਿਨ ਜਿੱਤ ਦੇ ਝੰਡੇ ਗੱਡ ਦਿੱਤੇ। ਫਿਲਮ ਨੇ ਪਹਿਲੇ ਹੀ ਦਿਨ 40.35 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਸ ਫਿਲਮ ਉਤੇ ਫਿਲਮਸਾਜ਼ ਸੂਰਜ ਆਰ. ਬੜਜਾਤੀਆ ਨੇ ਤਕਰੀਬਨ 100 ਕਰੋੜ ਰੁਪਏ ਖਰਚੇ ਹਨ। ਫਿਲਮ ਵਿਚ ਸਲਮਾਨ ਖਾਨ ਤੋਂ ਇਲਾਵਾ ਸੋਨਮ ਕਪੂਰ, ਸਵਰਾ ਭਾਸਕਰ, ਨੀਲ ਨਿਤਿਨ ਮੁਕੇਸ਼ ਅਤੇ ਅਨੂਪਮ ਖੇਰ ਦੀਆਂ ਅਹਿਮ ਭੂਮਿਕਾਵਾਂ ਹਨ।

ਸੂਰਜ ਬੜਜਾਤੀਆ ਇਸ ਤੋਂ ਪਹਿਲਾਂ 'ਮੈਨੇ ਪਿਆਰ ਕੀਆ', 'ਹਮ ਆਪ ਹੈਂ ਕੌਨ', 'ਹਮ ਸਾਥ ਸਾਥ ਹੈਂ' ਵਰਗੀਆਂ ਹਿੱਟ ਫਿਲਮਾਂ ਬਣਾ ਚੁੱਕੇ ਹਨ। ਇਨ੍ਹਾਂ ਤਿੰਨਾਂ ਹੀ ਫਿਲਮਾਂ ਵਿਚ ਸਲਮਾਨ ਖਾਨ ਹੀਰੋ ਸੀ। ਹੁਣ 'ਪ੍ਰੇਮ ਰਤਨ ਧਨ ਪਾਇਓ' ਫਿਲਮ ਤੈਲਗੂ ਅਤੇ ਤਾਮਿਲ ਵਿਚ ਵੀ ਨਾਲੋ-ਨਾਲ ਰਿਲੀਜ਼ ਕੀਤੀ ਗਈ ਹੈ ਅਤੇ ਸੰਸਾਰ ਭਰ ਵਿਚ ਕਮਾਈ ਦੇ ਢੇਰ ਲਾ ਰਹੀ ਹੈ। ਕਿਆਸਅਰਾਈਆਂ ਹਨ ਕਿ ਇਹ ਫਿਲਮ ਬਾਕਸ ਆਫਿਸ ਉਤੇ ਨਵੇਂ ਰਿਕਾਰਡ ਕਾਇਮ ਕਰੇਗੀ। ਫਿਲਮ ਨੇ ਪਹਿਲੇ ਤਿੰਨ ਦਿਨਾਂ ਵਿਚ 100 ਕਰੋੜ ਰੁਪਏ ਤੋਂ ਵੱਧ ਰੋਕੜ ਕਮਾ ਲਈ ਹੈ। ਫਿਲਮ ਵਿਚ ਸਵਰਾ ਭਾਸਕਰ ਵੱਲੋਂ ਨਿਭਾਈ ਭੂਮਿਕਾ ਦੀ ਖੂਬ ਤਾਰਫ ਹੋ ਰਹੀ ਹੈ।


REGULAR
2.09 9/10
Diesel EC Unleaded
8.88 9/10 2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Call: 844-486-9355
We have Multiple Drilling Rigs
and We Convert Pumps to Solar too
Run Your Well Without Bill
Kamaljit Dhillon
Simran Deol
Deep Grewal
Hydro Tech Solutions
One Stop Shop

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

ਸਿੱਖ ਗੁਰਦੁਆਰਾ ਸੈਨ ਹੋਜ਼ੇ ਵਿਖੇ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।



## ਪ੍ਰਭਾਤ ਫੇਰੀਆਂ

16 ਨਵੰਬਰ ਤੋਂ ਸ਼ੁਰੂ ਹਨ, 25 ਨਵੰਬਰ ਤੱਕ ਜਾਰੀ ਰਹਿਣਗੀਆਂ
ਸਮਾਂ: ਤੜਕੇ 4:30 ਤੋਂ 5:30 ਵਜੇ ਤੱਕ

## 21 ਨਵੰਬਰ 2015, ਸਨਿਚਰਵਾਰ

5 ਮੀਲ ਦੀ ਵਾਕ: ਸਵੇਰੇ 9 ਵਜੇ

## 25 ਨਵੰਬਰ 2015, ਬੁੱਧਵਾਰ

ਗੁਰਪੁਰਬ ਵਾਲੇ ਦਿਨ ਬੁੱਧਵਾਰ ਨੂੰ ਵਿਸ਼ੇਸ਼ ਸਮਾਗਮ ਹੋਣਗੇ। ਕਥਾ, ਕੀਰਤਨ ਸਵੇਰੇ 4:30 ਤੋਂ ਰਾਤ 9:30 ਵਜੇ ਤੱਕ ਚੱਲਣਗੇ।

## 29 ਨਵੰਬਰ 2015, ਐਤਵਾਰ

ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ
ਨਿਸ਼ਾਨ ਸਾਹਿਬ ਦੀ ਸੇਵਾ: ਸਵੇਰੇ 11 ਵਜੇ
ਨਗਰ ਕੀਰਤਨ: ਦੁਪਹਿਰ 12 ਵਜੇ




ਹੋਰ ਜਾਣਕਾਰੀ ਫੋਨ (408) 274-9373 ਜਾਂ ਗੁਰੂ ਘਰ ਦੀ ਵੈਬ ਸਾਈਟ www.sanjosegurdwara.org ਰਾਹੀਂ ਹਾਸਲ ਕੀਤੀ ਜਾ ਸਕਦੀ ਹੈ

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

Sikh Gurdwara San Jose: 3636 Murillo Ave, San Jose CA 95148